ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 7 | 16 February 2022 to 22 February 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ

**✪ 20 ਫਰਵਰੀ ਤੋਂ ਬਾਅਦ ਹੋਵੇਗੀ ਬੰਦੀ ਸਿੰਘਾਂ ਦੀ ਰਿਹਾਈ : ਮਨਜਿੰਦਰ ਸਿੰਘ ਸਿਰਸਾ**

**✪ ਭਾਈ ਜਗਤਾਰ ਸਿੰਘ ਹਵਾਰਾ ਨੇ ਆਪਣੇ ਖ਼ਿਲਾਫ਼ 1998 ਵਿਚ ਦਰਜ ਮਾਮਲੇ ਵਿਚ ਮੰਗੀ ਜਮਾਨਤ**



**ਮੁਹਾਲੀ/ਏ.ਟੀ.ਨਿਊਜ਼ :-** ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ 20 ਫਰਵਰੀ ਤੋਂ ਬਾਅਦ ਜੋ ਬੰਦੀ ਸਿੰਘ ਹਨ, ਉਨਾਂ ਦੀ ਰਿਹਾਈ ਹੋਵੇਗੀ ਕਿਉਂਕਿ ਬੀਜੇਪੀ ਦੀ ਸੋਚ ਹੈ ਕਿ ਪੰਜਾਬ ਦੀ ਅਮਨ-ਸ਼ਾਂਤੀ ਲਈ ਜੋ ਵੀ ਕੀਮਤ ਅਦਾ ਕਰਨੀ ਪਈ, ਉਹ ਕਰਨਗੇ। ਇਥੇ ਜ਼ਿਕਰਯੋਗ ਹੈ ਕਿ ਭਾਰਤ ਦੀਆਂ ਵੱਖ-ਵੱਖ ਜੇਲਾਂ ਵਿਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨਵੀਂ ਨਹੀਂ ਹੈ, ਇਸ ਤੋਂ ਪਹਿਲਾਂ ਵੀ ਸਮੇਂ-ਸਮੇਂ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਸਿੱਖ ਜਥੇਬੰਦੀਆਂ ਹਾਅ ਦਾ ਨਾਅਰਾ ਮਾਰਦੀਆਂ ਰਹੀਆਂ ਹਨ। ਗੁਰਬਖਸ਼ ਸਿੰਘ ਖਾਲਸਾ ਵਲੋਂ ਇਸੇ ਮੰਗ ਨੂੰ ਲੈ ਕੇ ਮਰਨ ਵਰਤ ਰੱਖਿਆ ਗਿਆ ਸੀ। ਉਨਾਂ ਦਾ ਸੰਘਰਸ਼ ਚਾਹੇ ਰੰਗ ਤਾਂ ਨਹੀਂ ਲਿਆ ਸਕਿਆ ਪਰ ਏਨਾ ਕੁ ਬੂਰ ਜ਼ਰੂਰ ਪਿਆ ਕਿ ਤਿੰਨ ਸਿੰਘਾਂ ਨੂੰ ਪੈਰੋਲ ਮਿਲਣੀ ਸ਼ੁਰੂ ਹੋ ਗਈ ਸੀ। ਹੁਣ ਫਿਰ ਇਹ ਮੰਗ ਮੁੜ ਜ਼ੋਰ ਫੜਨ ਲੱਗੀ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਇਸ ਸੰਬੰਧੀ ਆਵਾਜ਼ ਉਠਾਈ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨੇ ਭਾਜਪਾ ਨਾਲ ਗੱਠਜੋੜ ਕਰਨ ਤੋਂ ਬਾਅਦ ਪਹਿਲ ਕਰਦਿਆਂ ਦੇਸ਼ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਜੇਲਾਂ ਵਿਚ ਬੰਦ 20 ਸਿੰਘਾਂ ਦੀ ਸੂਚੀ ਸੌਂਪੀ ਸੀ, ਜਿਨਾਂ ਨੂੰ ਆਮ ਮੁਆਫ਼ੀਨਾਮਾ ਤਹਿਤ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਸਭ ਤੋਂ ਵੱਧ ਭਖਿਆ ਹੋਇਆ ਹੈ। ਕਨਸੋਆਂ ਹਨ ਕਿ ਉਨਾਂ ਦੀ ਰਿਹਾਈ ਦੀ ਫਾਈਲ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਸਤਖ਼ਤ ਨਹੀਂ ਕੀਤੇ ਅਤੇ ਉਨਾਂ ਦੀ ਫਾਈਲ ਰੱਦ ਵਾਲਾ ਪਰਚਾ ਜਨਤਕ ਜ਼ਰੂਰ ਹੋ ਗਿਆ ਹੈ। ਇਹੋ ਵਜਾ ਹੈ ਕਿ ਕੁਝ ਸਿੱਖ ਜਥੇਬੰਦੀਆਂ ਕੇਜਰੀਵਾਲ ਦੇ ਵਿਰੁੱਧ ਆਵਾਜ਼ ਉਠਾ ਰਹੀਆਂ ਹਨ।

**ਭਾਈ ਹਵਾਰਾ ਨੇ ਆਪਣੇ ਖ਼ਿਲਾਫ਼ 1998 ਵਿਚ ਦਰਜ ਮਾਮਲੇ ਵਿਚ ਮੰਗੀ ਜਮਾਨਤ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ ਨੇ 1998 ਵਿਚ ਮੁਹਾਲੀ ਦੇ ਸੋਹਾਣਾ ਥਾਣੇ ਵਿਚ ਦਰਜ ਇਕ ਮਾਮਲੇ ਵਿਚ ਅਗਾਊਂ ਜਮਾਨਤ ਦੀ ਮੰਗ ਕਰਦਿਆਂ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ, ਜਿਸ 'ਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।ਭਾਈ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ ਹਾਈਕੋਰਟ ਨੇ ਪਹਿਲਾਂ ਸਵਾਲ ਉਠਾਏ ਸਨ ਕਿ ਭਾਈ ਹਵਾਰਾ ਜੋ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿਚ ਪਹਿਲਾਂ ਹੀ ਤਿਹਾੜ ਜੇਲ ਵਿਚ ਬੰਦ ਹੈ, ਅਗਾਊਂ ਜਮਾਨਤ ਕਿਵੇਂ ਮੰਗ ਸਕਦਾ ਹੈ ਕਿਉਂਕਿ ਅਗਾਊਂ ਜਮਾਨਤ ਉਹ ਮੰਗ ਸਕਦਾ ਹੈ ਜੋ ਅਜੇ ਗ੍ਰਿਫ਼ਤਾਰ ਨਹੀਂ ਹੋਇਆ ਹੈ। ਇਸ 'ਤੇ ਸੋਮਵਾਰ ਨੂੰ ਹਾਈਕੋਰਟ ਨੇ ਦਲੀਲਾਂ ਸੁਣਨ ਤੋਂ ਬਾਅਦ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਭਾਈ ਹਵਾਰਾ ਦੇ ਖ਼ਿਲਾਫ਼ 13 ਜੂਨ 1998 ਵਿਚ ਆਈ.ਪੀ.ਸੀ ਦੀ ਧਾਰਾ 124 ਏ, 153ਏ ਦੇ ਤਹਿਤ ਐਫ.ਆਈ. ਆਰ ਵੀ ਦਰਜ ਕੀਤੀ ਗਈ ਸੀ।

ਭਾਈ ਹਵਾਰਾ ਦਾ ਕਹਿਣਾ ਹੈ ਕਿ ਉਸ ਨੂੰ ਇਸ ਐੱਫ. ਆਈ. ਆਰ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਸ ਨੂੰ ਤਿਹਾੜ ਜੇਲ ਦੀ ਇਕ ਸੂਚੀ ਦੇ ਮਾਧਿਅਮ ਨਾਲ ਇਸ ਦੀ ਜਾਣਕਾਰੀ ਮਿਲੀ ਹੈ, ਇਸ ਲਈ ਉਸ ਨੇ ਹੁਣ ਇਸ ਕੇਸ ਵਿਚ ਅਗਾਊਂ ਜਮਾਨਤ ਮੰਗੀ ਹੈ।

# ਸੱਚ ਦੀ ਅਵਾਜ਼ ਬੁਲੰਦ ਕਰਨ ਵਾਲਾ ਦੀਪ ਸਿੱਧੂ ਇਸ ਫ਼ਾਨੀ ਸੰਸਾਰ ਤੋਂ ਹੋਇਆ ਰੁਖ਼ਸਤ



**ਅੰਮ੍ਰਿਤਸਰ ਟਾਈਮਜ਼/ ਚੰਡੀਗੜ :** ਪੰਜਾਬੀ ਅਦਾਕਾਰ ਦੀਪ ਸਿੱਧੂ ਦੀ ਭਿਆਨਕ ਸੜਕ ਹਾਦਸੇ 'ਚ ਦਿਹਾਂਤ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਇਹ ਹਾਦਸਾ ਕੁੰਡਲੀ ਮਾਨੇਸਰ ਹਾਈਵੇਅ 'ਤੇ ਦਿੱਲੀ ਤੋਂ ਪੰਜਾਬ ਵਾਪਿਸ ਆਉਂਦੇ ਹੋਇਆ ਵਾਪਰਿਆ। ਖਰਖੌਦਾ ਲਾਗੇ ਉਨਾਂ ਦੀ ਗੱਡੀ ਹਾਦਸਾਗ੍ਰਸਤ ਹੋ ਗਈ। ਇਹ ਖ਼ਬਰ ਲਿਖੇ ਜਾਣ ਤੱਕ ਦੀਪ ਸਿੱਧੂ ਦੀ ਲਾਸ਼ ਨੂੰ ਖਰਖੌਦਾ ਦੇ ਹਸਪਤਾਲ 'ਚ ਰੱਖਿਆ ਗਿਆ ਸੀ। ਕਿਸਾਨ ਅੰਦੋਲਨ ਵਿੱਚ ਖ਼ਾਸ ਤੌਰ 'ਤੇ ਚਰਚਾ ਦਾ ਵਿਸ਼ਾ ਬਣੇ ਦੀਪ ਸਿੱਧੂ ਕੁੰਡਲੀ ਬਾਰਡਰ ਨੇੜੇ ਹੀ ਘਾਤਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ। ਕੁੰਡਲੀ ਬਾਰਡਰ ਕਿਸਾਨ ਅੰਦੋਲਨ ਕਾਰਨ ਪੂਰੀ ਦੁਨੀਆ 'ਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਦੀਪ ਸਿੱਧੂ ਪਹਿਲਾਂ 2019 ਦੌਰਾਨ ਗੁਰਦਾਸਪੁਰ ਹਲਕੇ ਵਿੱਚ ਬਾਲੀਵੁੱਡ ਅਦਾਕਾਰ ਸੰਨੀ ਦਿਓਲ ਨਾਲ਼ ਚੋਣ ਪ੍ਰਚਾਰ ਕਰਦੇ ਸਮੇਂ ਚਰਚਾ ਦਾ ਕੇਂਦਰ ਬਣੇ ਸਨ। ਉਸ ਤੋਂ ਬਾਅਦ ਪਿਛਲੇ ਸਾਲ 26 ਜਨਵਰੀ ਨੂੰ ਜਦੋਂ ਅੰਦੋਲਨਕਾਰੀ ਕਿਸਾਨਾਂ ਨੇ ਦਿੱਲੀ ਵਿੱਚ ਟਰੈਕਟਰ ਮਾਰਚ ਕੀਤਾ ਸੀ, ਤਦ ਉਹ ਲਾਲ ਕਿਲੇ 'ਤੇ ਝੰਡਾ ਝੁਲਾਉਣ ਦੇ ਮਾਮਲੇ ਵਿੱਚ ਡਾਢੇ ਚਰਚਿਤ ਹੋਏ ਸਨ।

# ਟਰੱਕ ਅੰਦੋਲਨ : ਓਂਟਾਰਿਓ ਵਿਚ ਲੱਗੀ ਐਮਰਜੈਂਸੀ

**✪ ਅਮਰੀਕਾ-ਕੈਨੇਡਾ ਸਰਹੱਦ 'ਤੇ ਬਣਿਆ ਪੁਲ ਮੁੜ ਖੁੱਲਿਆ**

**✪ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਪ੍ਰਦਰਸ਼ਕਾਰੀਆਂ ਨੂੰ ਘਰ ਜਾਣ ਦੀ ਕੀਤੀ ਅਪੀਲ**




**ਵਿੰਡਸਰ/ਏ.ਟੀ.ਨਿਊਜ਼ :-** ਅਮਰੀਕਾ-ਕੈਨੇਡਾ ਸਰਹੱਦ 'ਤੇ ਬਣਿਆ ਸਭ ਤੋਂ ਵੱਡਾ ਆਵਾਜਾਈ ਵਾਲਾ ਪੁਲ ਤਕਰੀਬਨ ਇਕ ਹਫਤੇ ਤੱਕ ਬੰਦ ਰਹਿਣ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਤੋਂ ਬਾਅਦ ਬੀਤੇ ਦਿਨੀਂ ਮੁੜ ਖੁੱਲ ਗਿਆ।ਕੋਵਿਡ-19 ਸਬੰਧੀ ਪਾਬੰਦੀਆਂ ਖਿਲਾਫ ਪ੍ਰਦਰਸ਼ਨ ਕਰਨ ਕਾਰਨ ਇਹ ਪੁਲ ਬੰਦ ਕਰ ਦਿੱਤਾ ਗਿਆ ਸੀ।ਪੁਲ ਦੇ ਮਾਲਕ ਡੈਟਰਾਇਟ ਇੰਟਰਨੈਸ਼ਨਲ ਬ੍ਰਿਜ ਕੰਪਨੀ ਨੇ ਦੱਸਿਆ ਕਿ ਅੰਬੈਸਡਰ ਬ੍ਰਿਜ ਹੁਣ ਪੂਰੀ ਤਰਾਂ ਖੁੱਲ ਗਿਆ ਹੈ ਜਿਸ ਨਾਲ ਕੈਨੇਡਾ ਅਤੇ ਅਮਰੀਕਾ ਦੀਆਂ ਅਰਥਵਿਵਸਥਾਵਾਂ ਵਿਚਾਲੇ ਇਕ ਵਾਰ ਮੁੜ ਤੋਂ ਵਣਜ ਸਾਮਾਨ ਦਾ ਪ੍ਰਵਾਹ ਸ਼ੁਰੂ ਹੋ ਗਿਆ ਹੈ।ਇਸ ਦੌਰਾਨ ਪੁਲਿਸ ਨੇ ਦੋ ਦਰਜਨ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤਮਈ ਢੰਗ ਨਾਲ ਹਿਰਾਸਤ ਵਿਚ ਲਿਆ ਅਤੇ ਪੁਲ ਨੇੜੇ ਸੱਤ ਵਾਹਨਾਂ ਨੂੰ ਟੋਅ ਕਰ ਕੇ ਇਕ ਪਾਸੇ ਕੀਤਾ ਜਦਕਿ ਪੰਜ ਵਾਹਨ ਕਬਜੇ ਵਿਚ ਲਏ।

ਜ਼ਿਕਰਯੋਗ ਹੈ ਕਿ ਅਮਰੀਕੀ ਅਧਿਕਾਰੀਆਂ ਨੇ ਕੈਨੇਡਾ ਦੀ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਉਹ ਕੋਵਿਡ ਪਾਬੰਦੀਆਂ ਦਾ ਵਿਰੋਧ ਕਰ ਰਹੇ ਟਰੱਕ ਵਾਲਿਆਂ ਦੁਆਰਾ ਕੀਤੀ ਗਈ ਨਾਕਾਬੰਦੀ ਨੂੰ ਖਤਮ ਕਰਨ ਲਈ ਆਪਣੀਆਂ ਸੰਘੀ ਸਕਤੀਆਂ ਦੀ ਵਰਤੋਂ ਕਰਨ।

ਕੈਨੇਡਾ ਦੀ ਰਾਜਧਾਨੀ ਓਟਵਾ ਦੀਆਂ ਸੜਕਾਂ 'ਤੇ ਮੁਜ਼ਾਹਰੇ ਹੋ ਰਹੇ ਹਨ।ਟਰੱਕ ਡਰਾਈਵਰਾਂ ਨੇ ਕੋਵਿਡ ਪਾਬੰਦੀਆਂ ਦੇ ਵਿਰੋਧ ਵਿੱਚ ਸੜਕਾਂ ਜਾਮ ਕਰ ਦਿੱਤੀਆਂ ਹਨ।ਟਰੱਕਾਂ ਵਾਲੇ ਸਰਕਾਰ ਵੱਲੋਂ ਕੋਵਿਡ ਤੇ ਵੈਕਸੀਨ ਸਬੰਧੀ ਪਾਬੰਦੀਆਂ ਹਟਾਉਣ ਦੀ ਮੰਗ ਕਰ ਰਹੇ ਹਨ। ਇਸ ਕਾਰਨ ਓਂਟਾਰਿਓ ਵਿੱਚ ਐਮਰਜੈਂਸੀ ਲਗਾ ਦਿੱਤੀ ਹੈ।ਜਰੂਰੀ ਬੁਨਿਆਦੀ ਢਾਂਚੇ ਬਲਾਕ ਕਰਨ ਨੂੰ 'ਗੈਰ-ਕਾਨੂੰਨੀ' ਠਹਿਰਾ ਦਿਤਾ ਹੈ।ਇਸ ਤਹਿਤ ਪ੍ਰਦਰਸਨਕਾਰੀਆਂ ਨੂੰ ਇੱਕ ਸਾਲ ਦੀ ਜੇਲ ਤੇ 1 ਲੱਖ ਡਾਲਰ ਦਾ ਜੁਰਮਾਨਾ ਵੀ ਹੋ ਸਕਦਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਪ੍ਰਦਰਸ਼ਨਕਾਰੀਆਂ ਨੂੰ ਘਰ ਜਾਣ ਲਈ ਅਪੀਲ ਕੀਤੀ ਹੈ।ਇਨਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਇਹ ਗੈਰਕਨੂੰਨੀ ਕਾਰਵਾਈ ਖਤਮ ਹੋਣੀ ਚਾਹੀਦੀ ਹੈ ਤੇ ਇਹ ਖਤਮ ਹੋ ਕੇ ਰਹੇਗੀ।ਸਾਨੂੰ ਉਮੀਦ ਹੈ ਕਿ ਲੋਕ ਘਰ ਜਾਣ ਦਾ ਫੈਸਲਾ ਲੈਣਗੇ ਨਹੀਂ ਤਾਂ ਪੁਲਿਸ ਦੁਆਰਾ ਕਾਰਵਾਈ ਕੀਤੀ ਜਾਵੇਗੀ।ਕੈਨੇਡਾ ਦੇ ਟਰਾਂਸਪੋਰਟ ਮੰਤਰੀ ਉਮਰ ਅਲਘਾਬਰਾ ਨੇ ਇਸ ਨੂੰ ਸਾਰੇ ਕੈਨੇਡੀਅਨਾਂ ਵਿਰੁੱਧ ਗੈਰ-ਕਾਨੂੰਨੀ ਆਰਥਿਕ ਨਾਕਾਬੰਦੀ ਕਰਾਰ ਦਿੱਤਾ ਹੈ। ਇਨਾਂ ਪ੍ਰਦਰਸ਼ਨਾਂ ਦੇ ਚਲਦਿਆਂ ਵਪਾਰ ਵਿੱਚ ਆ ਰਹੀਆਂ ਰੁਕਾਵਟਾਂ ਕਾਰਨ 300 ਮਿਲੀਅਨ ਡਾਲਰ ਪ੍ਰਤੀ ਦਿਨ ਘਾਟੇ ਦਾ ਅਨੁਮਾਨ ਹੈ।

ਬਾਕੀ ਸਫ਼ਾ 32 'ਤੇ

# ਕਰਨਾਟਕ ਵਿਚ ਹਿਜਾਬ ਵਿਵਾਦ ਭਖਿਆ

**✪ ਮੁਸਲਮਾਨ ਵਿਦਿਆਰਥਣਾਂ ਉੱਪਰ ਹਿੰਦੂਤਵੀਆਂ ਦੇ ਹਮਲੇ ਜਾਰੀ ✪ ਭਗਵੀਆਂ ਭੀੜਾਂ ਵੱਲੋਂ ਕਰਨਾਟਕ ਵਿੱਚ ਹਿਜਾਬ ਪਾ ਕੇ ਸਕੂਲ ਜਾਣ ਵਾਲੀਆਂ ਲੜਕੀਆਂ ਨੂੰ ਜਮਾਤਾਂ ਵਿੱਚ ਜਾਣੋ ਰੋਕਿਆ ✪ ਮੁਸਲਿਮ ਲੜਕੀਆਂ ਨਾਲ਼ ਹੱਥੋਪਾਈ ਕਰਨ ਦੀਆਂ ਵੀਡੀਓ ਵੀ ਸਾਹਮਣੇ ਆਈਆਂ ✪ ਹਾਲ ਦੀ ਘੜੀ ਹਾਈਕੋਰਟ ਵੱਲੋਂ ਫ਼ੈਸਲਾ ਆਉਣ ਤੱਕ ਪਾਬੰਦੀ**

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਜਿਉਂ-ਜਿਉਂ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਭਾਜਪਾ ਵੱਲੋਂ ਹਿੰਦੂ-ਮੁਸਲਿਮ ਨੂੰ ਫ਼ਿਰਕੂ ਲੀਹਾਂ ਉੱਤੇ ਵੰਡਣ ਦੀਆਂ ਕਾਰਵਾਈਆਂ ਤੇਜ਼ ਕੀਤੀਆਂ ਜਾ ਰਹੀਆਂ ਹਨ। ਭਗਵਿਆਂ ਵੱਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੀ ਮੰਗ ਤਿੱਖੀ ਹੋ ਗਈ ਹੈ। ਤਾਜ਼ਾ ਘਟਨਾਕ੍ਰਮ ਅਨੁਸਾਰ ਹੁਣ ਮੁਸਲਿਮ ਔਰਤਾਂ ਵੱਲੋਂ ਪਾਏ ਜਾਂਦੇ ਹਿਜਾਬ ਦਾ ਮੁੱਦਾ ਖੜਾ ਕਰ ਦਿੱਤਾ ਗਿਆ ਹੈ।

ਹਿਜਾਬ ਨਾ ਪਹਿਨਣ ਖ਼ਿਲਾਫ਼ ਵਿਰੋਧ ਦੀ ਸ਼ੁਰੂਆਤ ਉਡੂਪੀ ਦੇ ਸਰਕਾਰੀ ਗਰਲਜ਼ ਪੀ.ਯੂ. ਕਾਲਜ ਤੋਂ ਹੋਈ ਸੀ। ਭਗਵੀਆਂ ਭੀੜਾਂ ਵੱਲੋਂ ਕਰਨਾਟਕ ਵਿੱਚ ਹਿਜਾਬ ਪਹਿਨੀ ਸਕੂਲ ਜਾਣ ਵਾਲੀਆਂ ਲੜਕੀਆਂ ਨੂੰ ਜਮਾਤਾਂ ਵਿੱਚ ਜਾਣੋ ਰੋਕਿਆ ਗਿਆ ਹੈ। ਇਹ ਵਿਦਿਆਰਥਣਾਂ ਆਪਣੀ ਕਲਾਸ ਵਿੱਚ ਹਿਜਾਬ ਪਾ ਕੇ ਜਾਣਾ ਚਾਹੁੰਦੀਆਂ ਹਨ ਤੇ ਦੂਜੇ ਪਾਸੇ ਕਾਲਜ ਪ੍ਰਸ਼ਾਸਨ ਅਜਿਹਾ ਨਹੀਂ ਚਾਹੁੰਦਾ। ਘਟਨਾ ਬਾਰੇ ਮੁਸਕਾਨ ਨੇ ਦੱਸਿਆ, 'ਮੈਂ ਅਸਾਈਨਮੈਂਟ ਜਮਾਂ ਕਰਵਾਉਣ ਜਾ ਰਹੀ ਸੀ। ਮੇਰੇ ਕਾਲਜ ਵਿੱਚ ਵੜਨ ਤੋਂ ਪਹਿਲਾਂ ਹੀ ਕੁਝ ਵਿਦਿਆਰਥਣਾਂ ਨੂੰ ਹਿਜਾਬ ਪਾਉਣ ਕਾਰਨ ਤੰਗ ਕੀਤਾ ਗਿਆ ਸੀ। ਜਦੋਂ ਮੈਂ ਕਾਲਜ ਗਈ ਤਾਂ ਉਹ ਮੈਨੂੰ ਵੀ ਅੰਦਰ ਨਹੀਂ ਜਾਣ ਦੇ ਰਹੇ ਸਨ, ਕਿਉਂਕਿ ਮੈਂ ਬੁਰਕਾ ਪਾਇਆ ਹੋਇਆ ਸੀ। 'ਮੈਂ ਕਿਸੇ ਤਰਾਂ ਅੰਦਰ ਗਈ, ਜਿਸ ਤੋਂ ਬਾਅਦ ਹਿੰਦੂਤਵੀ ਜੈ ਸ਼੍ਰੀ ਰਾਮ ਦੇ ਨਾਅਰੇ ਲਗਾਉਣ ਲੱਗੇ। ਫਿਰ ਮੈਂ ਵੀ ਅੱਲਾ-ਹੂ-ਅਕਬਰ ਦੇ ਨਾਰੇ ਲਗਾਏ।'

ਕੁਝ ਥਾਵਾਂ ਉੱਤੇ ਗੁੰਡਾ ਅਨਸਰਾਂ ਵੱਲੋਂ ਮੁਸਲਿਮ ਲੜਕੀਆਂ ਨਾਲ਼ ਹੱਥੋਪਾਈ ਕਰਨ ਦੀਆਂ ਵੀਡੀਓ ਵੀ ਸਾਹਮਣੇ ਆਈਆਂ ਹਨ। ਬੁਰਕਾ ਜਾਂ ਹਿਜਾਬ ਪਹਿਨਣ ਬਾਰੇ ਹੁਣ ਤੱਕ ਸਕੂਲਾਂ-ਕਾਲਜਾਂ ਵਿੱਚ ਕੋਈ ਨਿਯਮ ਨਹੀਂ ਸਨ। ਹਾਲਾਂਕਿ ਦੱਖਣੀ ਰਾਜਾਂ ਕਰਨਾਟਕ, ਕੇਰਲਾ, ਮਹਾਰਾਸ਼ਟਰ ਤੇ ਗੁਜਰਾਤ ਵਿੱਚ ਬੁਰਕਾ ਜਾਂ ਹਿਜਾਬ ਪਹਿਨਣ ਦਾ ਜ਼ਿਆਦਾ ਰਿਵਾਜ ਹੈ। ਹਿਜਾਬ ਪਾਈ ਕੁੜੀਆਂ ਸਕੂਲ ਵੀ ਜਾਂਦੀਆਂ ਹਨ

ਬਾਕੀ ਸਫ਼ਾ 32 'ਤੇ

# ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਾ ਦੀਪ ਸਿੱਧੂ ਹੋਇਆ ਪੰਜ ਤੱਤਾਂ ਵਿੱਚ ਵਿਲੀਨ

**ਚੰਡੀਗੜ/ਏ.ਟੀ.ਨਿਊਜ਼:** ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਾ ਦੀਪ ਸਿੱਧੂ ਹੋਇਆ ਪੰਜ ਤੱਤਾਂ ਵਿੱਚ ਵਲੀਨ

ਸਿੱਖ ਕੌਮ ਦਾ ਇਕ ਹੋਰ ਹੀਰਾ ਸਦਾ ਲਈ ਹੋਇਆ ਗੁੰਮ

ਚੰਡੀਗੜ੍ਹ : ਸਿੱਖ ਕੌਮ ਦੇ ਹੱਕਾਂ ਦੀ ਗੱਲ ਕਰਨ ਵਾਲਾ ਅਣਖੀਲਾ ਯੋਧਾ ਦੀਪ ਸਿੱਧੂ ਅੱਜ ਪੰਜ ਤੱਤਾਂ ਵਿੱਚ ਵਲੀਨ ਹੋ ਗਿਆ ਹੈ । ਸਿੱਖ ਕੌਮ ਦਾ ਇਹ ਯੋਧਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਉੱਤੇ ਪਹਿਰਾ ਦੇ ਰਿਹਾ ਸੀ। ਜਿਸ ਦੀ ਸੋਚ ਵਿੱਚ ਹਮੇਸਾ ਸਿੱਖ ਕੌਮ ਦੀ ਹੋਂਦ ਨੂੰ ਲੈ ਕੇ ਗੱਲ ਹੁੰਦੀ ਸੀ। ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਉਸ ਦੇ ਧੁਰ ਅੰਦਰ ਵਸਿਆ ਹੋਇਆ ਸੀ ਤੇ ਇਸ ਮਤੇ ਨੂੰ ਲੈ ਕੇ ਉਸ ਨੇ ਆਪਣੀ ਸੋਚ ਵਿੱਚ ਜਜ਼ਬਾਤਾਂ ਦੀ ਲਹਿਰ ਨੂੰ ਜਨਮ ਦਿੱਤਾ ਸੀ। ਇਸ ਦੀ ਸੋਚ ਉੱਤੇ ਬਹੁਤ ਸਾਰੇ ਲੋਕ ਇਸ ਦੇ ਨਾਲ ਜੁੜੇ ਹੋਏ ਸਨ ਅਤੇ ਕੁਝ ਕੁ ਲੋਕਾਂ ਦੀਆਂ ਅੱਖਾਂ ਵਿਚ ਇਹ ਰੜਕ ਵੀ ਰਿਹਾ ਸੀ। ਰੜਕ ਉਨ੍ਹਾਂ ਲੋਕਾਂ ਦੀਆਂ ਅੱਖਾਂ ਵਿੱਚ ਰਿਹਾ ਸੀ ਜੋ ਸਿੱਖ ਕੌਮ ਦੀ ਭਲਾਈ ਨਹੀਂ ਚਾਹੁੰਦੇ ਸਨ। ਪਰ ਇਸ ਸਮੇਂ ਅਕਾਲ ਪੁਰਖ ਦੇ ਭਾਣੇ ਨੂੰ ਮੰਨਦੇ ਹੋਏ ਇਸ ਸੱਚ ਨੂੰ ਪ੍ਰਵਾਨ ਕਰਨਾ ਪੈਣਾ ਹੈ ਕਿ ਉਹ ਅੱਜ ਸਾਡੇ



ਵਿੱਚ ਨਹੀਂ ਰਿਹਾ। ਦੀਪ ਸਿੱਧੂ ਦੀ ਮ੍ਰਿਤਕ ਦੇਹ ਸਾਮੀ ਕਰੀਬ 4 ਵਜੇ ਉਨ੍ਹਾਂ ਦੀ ਲੁਧਿਆਣਾ ਵਿੱਚਲੀ ਰਿਹਾਇਸ ਵਿੱਚ ਲਿਆਂਦੀ ਗਈ ਸੀ। ਉਨ੍ਹਾਂ ਦੇ ਘਰ ਵਿੱਚ ਦੁੱਖ ਦਾ ਮਾਹੌਲ ਹੈ। ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਜਥੇਦਾਰ ਧਿਆਨ ਸਿੰਘ ਮੰਡ, ਫਿਲਮ ਨਿਰਮਾਤਾ ਅਮਰਦੀਪ ਗਿੱਲ, ਹਰਪ੍ਰੀਤ ਦੇਵਗਨ ਸਣੇ ਦੋਸਤ , ਮਿੱਤਰ ਅਤੇ ਪ੍ਰਸੰਸਕ ਪੰਜਾਬ ਭਰ ਤੋਂ ਪਹੰਚੇ ਹੋਏ ਸਨ। ਦੀਪ ਸਿੱਧੂ ਦੀ ਅੰਤਿਮ ਯਾਤਰਾ ਉਨ੍ਹਾਂ ਦੇ ਘਰ ਤੋਂ ਸੁਰੂ ਹੋਈ, ਜਿਸ ਦੌਰਾਨ ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾਏ ਅਤੇ ਫੁੱਲਾਂ ਦੀ ਵਰਖਾ ਕੀਤੀ। ਵੱਡੀ ਗਿਣਤੀ ਨੌਜਵਾਨਾਂ ਨੇ ਸਿੱਧੂ ਦੀਆਂ ਫੋਟੋਆਂ ਹੱਥਾਂ ਵਿਚ ਫੜੀਆਂ ਹੋਈਆਂ ਸਨ।

ਇਸ ਮੌਕੇ ਹਜਾਰਾਂ ਦੀ ਗਿਣਤੀ ਵਿੱਚ ਇਕੱਠ ਹੋ ਗਿਆ ਸੀ ਅਤੇ ਉਨ੍ਹਾਂ ਦੇ ਚਾਹੁਣ ਵਾਲਿਆਂ ਵੱਲੋਂ ਨਾਅਰੇ ਲਗਾਏ ਜਾ ਰਹੇ ਸਨ। ਪੰਜਾਬ ਦੇ ਨੌਜਵਾਨ ਕਹਿ ਰਹੇ ਸਨ, “ਦੀਪ ਸਿੱਧੂ ਤੇਰੀ ਸੋਚ ਉੱਤੇ ਪਹਿਰਾ ਦਿਆਂਗੇ ਠੋਕ ਕੇ ਤੇ ਦੀਪ ਸਿੱਧੂ ਅਮਰ ਰਹੇ ਦੇ ਨਾਅਰੇ ਲਗਾ ਰਹੇ ਸਨ।”

ਦੀਪ ਸਿੱਧੂ ਦੀ ਸੜਕ ਹਾਦਸੇ ਚ ਹੋਈ ਅਚਾਨਕ ਮੌਤ ਨੇ ਸਿੱਖ ਕੌਮ ਨੂੰ ਡੂੰਘਾ ਸਦਮਾ ਦਿੱਤਾ ਹੈ । ਇਸ ਨੌਜਵਾਨ ਦੀ ਮੌਤ ਨਾਲ ਸਾਰੇ ਹੀ ਦੇਸ ਵਿਦੇਸ ਦੇ ਸਿੱਖ ਭਾਈਚਾਰੇ ਨੂੰ ਡੂੰਘਾ ਸਦਮਾ ਪਹੁੰਚਿਆ ਹੈ । ਕਿਸਾਨ ਮੋਰਚੇ ਨੂੰ ਬੁਲੰਦੀਆਂ ਤੇ ਪਹੁੰਚਾਉਣ ਤੇ ਮੋਰਚੇ ਦੀ ਜਿੱਤ ਯਕੀਨੀ ਬਣਾਉਣ ਦਾ ਸਿਹਰਾ ਦੀਪ ਸਿੱਧੂ ਨੂੰ ਜਾਂਦਾ ਹੈ ਮਹਾਨ ਸਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਦੀ ਸੋਚ ਤੇ ਅਤੇ ਵਿਚਾਰਾਂ ਨੂੰ ਬੁਲੰਦ ਕਰਨ ਵਾਲੇ ਦੀਪ ਸਿੱਧੂ ਨੂੰ ਅਜਾਦੀ ਪਸੰਦ ਸਿੱਖ ਹਮੇਸ਼ਾਂ ਯਾਦ ਰੱਖਣਗੇ। ਦੀਪ ਸਿੱਧੂ ਅੱਜ ਸਾਡੇ ਵਿਚ ਬੇਸ਼ੱਕ ਸਰੀਰਿਕ ਤੌਰ ਤੇ ਮੌਜੂਦ ਨਹੀਂ ਹੈ ਪਰ ਉਸ ਦੀ ਵਿਚਾਰਧਾਰਾ ਤੇ ਸਿੱਖ ਕੌਮ ਦੇ ਪ੍ਰਤੀ ਉਸ ਦਾ ਦਰਦ ਸਦੇਵ ਸਾਡੇ ਮਨਾਂ ਵਿੱਚ ਇਕ ਦੀਪ ਦੇ ਵਾਂਗ ਜਗਦਾ ਰਹੇਗਾ ਅੰਮ੍ਰਿਤਸਰ ਟਾਈਮਜ਼ ਦੀ ਸਾਰੀ ਟੀਮ ਵੱਲੋਂ ਦੀਪ ਸਿੱਧੂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਜਾਂਦੀ ਹੈ ਤੇ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕੀ ਉਸ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਦੀਪ ਸਿੱਧੂ ਜਿਹੀਆਂ ਨੇਕ ਅਣਖੀਲੀਆਂ ਰੂਹਾਂ ਕੁਝ ਸਮੇਂ ਲਈ ਹੀ ਧਰਤੀ ਉੱਤੇ ਜਨਮ ਲੈਂਦੀਆਂ ਹਨ ਤੇ ਇਨ੍ਹਾਂ ਜਨਮ ਲੈਣ ਵਾਲੇ ਫੁੱਲਾਂ ਦੀ ਉਮਰ ਬੇਸ਼ੱਕ ਘੱਟ ਹੀ ਹੁੰਦੀ ਹੈ ਪਰ ਇਨ੍ਹਾਂ ਦੀ ਮਹਿਕ ਚਾਰ ਚੁਫੇਰੇ ਖਿਲਰ ਜਾਂਦੀ ਹੈ ।













# ਪਾਕਿਸਤਾਨੀ ਸਿੱਖ ਡਾ. ਸਾਗਰ ਸਿੰਘ ਯੂ.ਕੇ. ਵਿਚ ਬ੍ਰਿਟਿਸ਼ ਸਿੱਖ ਐਵਾਰਡ ਲਈ ਨਾਮਜ਼ਦ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਡਾਕਟਰ ਸਾਗਰ ਸਿੰਘ ਨੂੰ ਯੂ.ਕੇ. 'ਚ ਬ੍ਰਿਟਿਸ਼ ਸਿੱਖ ਐਵਾਰਡਜ਼ ਵਿੱਚ ਇੰਟਰਨੈਸ਼ਨਲ ਸਿੱਖ ਆਫ਼ ਦ ਈਅਰ 2021 ਸ਼੍ਰੇਣੀ ਲਈ ਫ਼ਾਈਨਲਿਸਟ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਇਹ ਪੁਰਸਕਾਰ ਏਸ਼ੀਆ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂਰਪ, ਅਫ਼ਰੀਕਾ ਅਤੇ ਮੱਧ ਪੂਰਬ ਸਮੇਤ ਦੁਨੀਆ ਭਰ ਤੋਂ ਚੁਣੇ ਗਏ ਜੇਤੂਆਂ ਦੇ ਨਾਲ਼ ਸਿੱਖ ਭਾਈਚਾਰੇ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਪਾਏ ਗਏ ਮਹੱਤਵਪੂਰਨ ਯੋਗਦਾਨਾਂ ਰਾਹੀਂ ਪ੍ਰੇਰਨਾਦਾਇਕ ਵਿਅਕਤੀਆਂ ਦੀਆਂ ਪ੍ਰਾਪਤੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਮਾਨਤਾ ਦਿੰਦਾ ਹੈ। ਇਸ ਵਿੱਚ ਉਹ ਲੋਕ ਸ਼ਾਮਲ ਹਨ ਜੋ ਕਾਰੋਬਾਰ, ਚੈਰਿਟੀ, ਖੇਡਾਂ, ਕਲਾ, ਸੱਭਿਆਚਾਰ, ਧਾਰਮਿਕ ਵਕਾਲਤ, ਸਿੱਖਿਆ ਅਤੇ ਦਵਾਈਆਂ ਆਦਿ ਦੇ ਖੇਤਰ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਤ ਕਰਦੇ ਹਨ।

33 ਸਾਲਾ ਡਾਕਟਰ ਸਿੰਘ ਸਿੰਧ ਦਾ ਰਹਿਣ ਵਾਲਾ ਹੈ। ਪਿਛਲੇ ਸਮੇਂ ਵਿੱਚ ਜ਼ਿਆਦਾਤਰ ਭਾਰਤ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਸਿੱਖਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਵਾਰ ਇਹ ਇੱਕ ਪਾਕਿਸਤਾਨੀ ਸਿੱਖ ਹੈ ਜਿਸ ਨੂੰ ਇਹ ਪੁਰਸਕਾਰ ਮਿਲੇਗਾ ਅਤੇ ਉਹ ਯੂ.ਕੇ. ਵਿੱਚ ਪਾਕਿਸਤਾਨੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰੇਗਾ। ਡਾ. ਸਾਗਰ ਸਿੰਘ ਨੇ ਕਿਹਾ ਕਿ ਮੈਂ ਆਪਣੇ ਆਪ ਨੂੰ ਉੱਚਾ ਮਹਿਸੂਸ ਕਰਦਾ ਹਾਂ, 'ਮੈਂ ਚੈਰਿਟੀ ਵਿੱਚ ਕੰਮ ਕੀਤਾ, ਆਪਣੇ ਦੇਸ਼ ਅਤੇ ਆਪਣੇ ਭਾਈਚਾਰੇ ਦੇ ਲੋਕਾਂ ਦੀ ਸ਼ਰਧਾ ਨਾਲ਼ ਸੇਵਾ ਕੀਤੀ।' ਮੈਨੂੰ ਆਪਣੇ ਦੇਸ਼ ਵਿੱਚ ਆਪਣੇ ਸਾਥੀਆਂ ਦੀ ਸੇਵਾ ਕਰਨ ਲਈ ਜਗਾ ਦਿੱਤੀ ਗਈ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਘੱਟਗਿਣਤੀਆਂ ਦਾ ਹਿਤੈਸ਼ੀ ਦੇਸ਼ ਹੈ। ਮੈਂ ਪਾਕਿਸਤਾਨ ਵਿੱਚ ਆਪਣੇ ਧਾਰਮਿਕ ਮਾਣ ਨਾਲ਼ ਆਪਣੀ ਪੱਗ ਬੰਨਦਾ ਹਾਂ। ਮੈਂ ਕਦੇ ਵੀ ਕਿਸੇ ਕਿਸਮ ਦਾ ਵਿਤਕਰਾ ਮਹਿਸੂਸ ਨਹੀਂ ਕੀਤਾ। ਡਾ. ਸਾਗਰ ਸਿੰਘ ਨੇ ਅੱਗੇ ਕਿਹਾ ਮੈਂ ਦੁਨੀਆ ਦੇ ਸਾਰੇ ਸਿੱਖਾਂ ਨੂੰ ਪਾਕਿਸਤਾਨ ਅਤੇ ਉਨਾਂ ਦੇ ਧਾਰਮਿਕ ਸਥਾਨਾਂ ਦਾ ਦੌਰਾ ਕਰਨ ਦਾ ਸੱਦਾ ਦਿੰਦਾ ਹਾਂ।


OCEANIC consulting

Oceanic Studios
1 Eagle Street
Glasgow
G4 9XA

Date: 09.02.2021

Dear Dr Singh,

I am delighted to inform you that **Dr. Sagar Singh (Pakistan Sikh Gurdwara Parbandhak Committee)** has been shortlisted into the finals under **International Sikh of The Year** category at **The 1st British Sikh Awards** – Congratulations!

The purpose of these awards is to recognise, celebrate and promote the contributions of the British Sikh community to a successful and prosperous United Kingdom. We are Oceanic consulting and this is the 1st year of The British Sikh Awards however we proudly operate other Awards in other cities. We deliver campaigns and not just events to promote the accomplishments of the BAME community.

You have been shortlisted into the finals due to the high number of nominations which we received from the public.
We encouraged the public to nominate through our social media channels. Some businesses have also been operating their own campaigns to encourage nominations.

# ਹਾਈਕੋਰਟ ਦੇ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਦੇ ਸਦੀਵੀ ਵਿਛੋੜੇ ਦਾ ਡੂੰਘਾ ਦੁੱਖ

## ਸਾਕਾ ਨਕੋਦਰ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਬਾਪੂ ਬਲਦੇਵ ਸਿੰਘ ਨੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਹਾਈਕੋਰਟ ਦੇ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਜੀ ਦੇ ਸਦੀਵੀ ਵਿਛੋੜੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ





**ਕੈਲੀਫ਼ੋਰਨੀਆ/ਏ.ਟੀ.ਨਿਊਜ਼ :-** ਬਾਪੂ ਬਲਦੇਵ ਸਿੰਘ, ਪਿਤਾ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਨੇ ਹਰ ਪਲ ਕੌਮ ਲਈ ਫ਼ਿਕਰਮੰਦ ਰਹਿਣ ਵਾਲੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ, ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਜੀ ਦੇ ਸਦੀਵੀ ਵਿਛੋੜੇ ਤੇ ਦੁੱਖ ਪ੍ਰਗਟ ਕਰਦਿਆਂ ਭਾਵੁਕ ਹੁੰਦਿਆਂ ਕਿਹਾ ਕਿ ਜਸਟਿਸ ਅਜੀਤ ਸਿੰਘ ਬੈਂਸ ਨੂੰ ਐਵੇਂ ਨੀ ਲੋਕਾਂ ਦਾ ਜੱਜ ਕਹਿੰਦੇ, ਸਾਕਾ ਨਕੋਦਰ **#SakaNakodar** ਬਾਰੇ ਅਜੇ ਤੱਕ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਸਰਕਾਰ ਵੱਲੋਂ ਜਾਂ ਤਤਕਾਲੀ ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵੱਲੋਂ ਬਣਾਈ ਸੀਨੀਅਰ ਮੀਤ ਪ੍ਰਧਾਨ ਕਾਬਲ ਸਿੰਘ ਅਤੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀਆਂ ਰਿਪੋਰਟਾਂ ਸਰਕਾਰ ਤੇ ਸ਼੍ਰੋਮਣੀ ਕਮੇਟੀ ਅੱਜ ਤੱਕ ਦੱਬੀ ਬੈਠੀਆਂ ਨੇ ਜਦ ਕਿ ਜਸਟਿਸ ਅਜੀਤ ਸਿੰਘ ਬੈਂਸ ਦੀ ਜਥੇਬੰਦੀ ਪੰਜਾਬ ਮਨੁੱਖੀ ਅਧਿਕਾਰ ਸਭਾ ਨੇ ਆਪਣੀ ਰਿਪੋਰਟ 'ਏ ਮਿਸਚੀਫ਼ ਐਟ ਨਕੋਦਰ - ਦੀ ਫ਼ਾਸ਼ੀਅਸ਼ਟ ਉਫ਼ਿਨਸਿਵਜ ਇਨ ਪੰਜਾਬ' **https://sikhnationalarchives.com/book/read/the-fascist-offensive-in-punjab/#page/10/mode/1up** ਵਿੱਚ 1986 ਵਿੱਚ ਹੀ ਛਾਪ ਦਿੱਤੀ ਸੀ। ਉਨਾਂ ਦੁਆਰਾ ਪੰਜਾਬ ਵਿੱਚ ਹੋ ਰਹੀ ਮਨੁੱਖੀ ਹੱਕਾਂ ਦੀ ਉਲੰਘਣਾ ਨੂੰ ਉਜਾਗਰ ਕਰਨ ਕਰਕੇ 5 ਅਪ੍ਰੈਲ 1992 ਨੂੰ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਅਜੀਤ ਸਿੰਘ ਬੈਂਸ ਨੂੰ ਗ਼ੈਰ-ਕਨੂੰਨੀ ਪੁਲਿਸ ਹਿਰਾਸਤ ਵਿੱਚ 52 ਘੰਟੇ ਤਸ਼ੱਦਦ ਕਰਨ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਸਿਰਫ਼ ਸਿੱਖ ਹੋਣ ਕਾਰਨ ਹਾਈਕੋਰਟ ਦੇ ਜੱਜ ਨੂੰ ਹੱਥਕੜੀ ਲਗਾਈ ਗਈ, ਪੁਲਿਸ ਵਾਲਿਆਂ ਨੇ ਫੜ ਕੇ ਗੱਡੀ 'ਚ ਬਿਠਾਇਆ, ਫ਼ਿੰਗਰਪਰਿੰਟ ਲਏ ਅਤੇ ਨਜਾਇਜ਼ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ। ਜਸਟਿਸ ਬੈਂਸ ਨੂੰ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ 'ਤੇ ਸਪੀਚ ਕਰਨ ਕਰਕੇ ਦੇਸ਼ਧ੍ਰੋਹ ਦੇ ਦੋਸ਼ ਅਧੀਨ 3 ਅਪ੍ਰੈਲ 1992 ਨੂੰ ਪੁਲਿਸ ਨੇ ਹਿਰਾਸਤ ਵਿੱਚ ਲਿਆ ਅਤੇ ਉਹ 18 ਅਗਸਤ 1992 ਤੱਕ ਜੇਲ 'ਚ ਰਹੇ। ਪਰ ਉਹ ਕਦੇ ਵੀ ਥਿੜਕੇ ਜਾਂ ਡੋਲੇ ਨਹੀਂ ਤੇ ਆਖ਼ਰੀ ਦਮ ਤੱਕ ਸਰਕਾਰੀ ਜ਼ਬਰ ਵਿਰੁੱਧ ਅਵਾਜ਼ ਉਠਾਉਂਦੇ ਰਹੇ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਨਾਂ ਵੱਲੋਂ ਪਾਏ ਵੱਡਮੁੱਲੇ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਮਨੁੱਖਤਾ ਨੂੰ ਧਰਮ ਸਮਝਦਿਆਂ ਹਮੇਸ਼ਾ ਮਨੁੱਖੀ ਅਧਿਕਾਰਾਂ ਦੇ ਹੱਕ ਲਈ ਸੰਘਰਸ਼ ਜਾਰੀ ਰੱਖਣ ਵਾਲੇ ਮਹਾਨ ਯੋਧੇ ਲਈ ਮੈਂ ਇਨਾਂ ਸਤਰਾਂ ਨਾਲ਼ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਬੰਦੇ ਦੀ ਹੈ ਜਾਤ ਮਨੁੱਖਤਾ। ਬੰਦੇ ਦੀ ਹੈ ਪਾਤ ਮਨੁੱਖਤਾ। ਬੰਦੇ ਦਾ ਹੈ ਧਰਮ ਮਨੁੱਖਤਾ। ਬੰਦੇ ਦਾ ਹੈ ਕਰਮ ਮਨੁੱਖਤਾ।

ਬੰਦੇ ਦੀ ਹੈ ਰੀਤ ਮਨੁੱਖਤਾ। ਬੰਦੇ ਦੀ ਹੈ ਪ੍ਰੀਤ ਮਨੁੱਖਤਾ। ਮਨੁੱਖਤਾ ਨੂੰ ਪਿਆਰ ਤੇ ਹੱਕਾਂ 'ਤੇ ਪਹਿਰਾ ਦੇਣ ਵਾਲੇ ਲੋਕ ਬਹੁਤ ਥੋੜੇ ਹੀ ਹੁੰਦੇ ਹਨ ਜਿਨਾਂ ਵਿੱਚੋਂ ਇੱਕ ਸ. ਅਜੀਤ ਸਿੰਘ ਬੈਂਸ ਸਨ।

ਪ੍ਰਮਾਤਮਾ ਇਹੋ ਜਿਹੇ ਬੰਦੇ ਭੇਜਦਾ ਰਹੇ ਤਾਂ ਕਿ ਮਨੁੱਖਤਾ ਬਚੀ ਰਹੇ।

# ਸਿੱਖ ਯੂਥ ਆਫ਼ ਅਮਰੀਕਾ ਅਤੇ ਸਿੱਖ ਫ਼ੈਡਰੇਸ਼ਨ ( ਯੂ.ਐੱਸ.ਏ. ) ਵੱਲੋਂ ਦੀਪ ਸਿੱਧੂ ਨੂੰ ਭਰੇ ਮਨ ਨਾਲ਼ ਸ਼ਰਧਾਂਜਲੀ

## ਇਸ ਕੌਮੀ ਸੰਘਰਸ਼ ਨੂੰ ਹੋਰ ਜ਼ੋਰ ਨਾਲ਼ ਅਗਾਂਹ ਤੋਰੀਏ ਇਹੀ ਬਾਈ ਦੀਪ ਸਿੱਧੂ ਨੂੰ ਸੱਚੀ ਸ਼ਰਧਾਂਜਲੀ ਹੈ



**ਅੰਮ੍ਰਿਤਸਰ ਟਾਈਮਜ਼/ਕੈਲੇਫ਼ੋਰਨੀਆ:** ਸਿੱਖ ਯੂਥ ਆਫ਼ ਅਮਰੀਕਾ ਅਤੇ ਸਿੱਖ ਫ਼ੈਡਰੇਸ਼ਨ ( ਯੂ.ਐੱਸ.ਏ. ) ਵੱਲੋਂ ਉਸ ਵਿਛੜੀ ਰੂਹ ਦੀਪ ਸਿੱਧੂ ਨੂੰ ਭਰੇ ਮਨ ਨਾਲ਼ ਸ਼ਰਧਾਂਜਲੀ ਦਿੱਤੀ। ਉਹਨਾਂ ਨੇ ਇਸ ਕਦੇ ਵੀ ਪੂਰਾ ਨਾ ਹੋਣ ਵਾਲੇ ਘਾਟੇ ਦਾ ਪ੍ਰਗਟਾਵਾ ਕਰਦੇ ਕਿਹਾ, 15 ਫ਼ਰਵਰੀ 2022 ਦੇ ਦਿਨ ਬਾਈ ਦੀਪ ਸਿੱਧੂ ਬਾਰੇ ਬਹੁਤ ਹੀ ਦਰਦਨਾਕ ਖ਼ਬਰ ਸੁਣਨ ਨੂੰ ਮਿਲੀ , ਗੁਰੂ ਸਾਹਿਬ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਇਹ ਸੱਚ ਨਾ ਹੋਵੇ ਪਰ ਭਾਣਾ ਵਰਤ ਗਿਆ ਤੇ ਦੇਸ਼ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰਨ ਵਾਲਾ, ਫ਼ਸਲਾਂ ਦੇ ਨਾਲ਼ ਨਸਲਾਂ ਦਾ ਫ਼ਿਕਰਮੰਦ ਅਤੇ ਕਿਸਾਨਾਂ ਮਜਦੂਰਾਂ ਦੇ ਸੁਨਹਿਰੇ ਭਵਿੱਖ ਦੀ ਖ਼ਾਤਿਰ , ਬਾਲੀਵੁੱਡ ਦੀ ਸੁੱਖਾਂ ਭਰੀ ਜ਼ਿੰਦਗੀ ਛੱਡ ਕੇ ਪੰਜਾਬ , ਹਰਿਆਣੇ ਅਤੇ ਦਿੱਲੀ ਦੀਆਂ ਸੜਕਾਂ ਦੀ ਮਿੱਟੀ ਵਿੱਚ ਮਿੱਟੀ ਹੋ ਕੇ , ਧੁਰ ਅੰਦਰੋਂ ਰੂਹ ਦੇ ਜ਼ੋਰ ਨਾਲ਼ ਲੜਨ ਵਾਲਾ ਬਾਈ ਦੀਪ ਸਿੱਧੂ ਹਮੇਸ਼ਾ ਹਮੇਸ਼ਾ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਜਾ ਬਿਰਾਜਿਆ ।

ਜਿਥੇ ਅਸੀਂ ਸਿੱਖ ਯੂਥ ਆਫ਼ ਅਮਰੀਕਾ ਅਤੇ ਸਿੱਖ ਫ਼ੈਡਰੇਸ਼ਨ ( ਯੂ.ਐੱਸ.ਏ. ) ਵੱਲੋਂ ਉਸ ਵਿਛੜੀ ਰੂਹ ਨੂੰ ਭਰੇ ਮਨ ਨਾਲ਼ ਸ਼ਰਧਾਂਜਲੀ ਦੇ ਰਹੇ ਹਾਂ , ਓਥੇ ਦੇਸ਼ ਪੰਜਾਬ ਦੇ ਜਾਇਆਂ ਨੂੰ ਬੇਨਤੀ ਹੈ ਕਿ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਜਿਸ ਤਰਾਂ ਬਾਈ ਦੀਪ ਸਿੱਧੂ ਹਰ ਮਸਲੇ ਨੂੰ ਕੌਮੀ ਨੁਕਤੇ ਨਿਗਾਹ ਤੋਂ ਪਰਖ ਕੇ ਬੋਲਣ ਦੀ ਹਿੰਮਤ ਰੱਖਦਾ ਸੀ , ਜੋ ਕਿ ਉਸਦੀ ਨੌਜਵਾਨਾਂ ਵਿੱਚ ਹਰਮਨਪਿਆਰਤਾ ਦਾ ਵੱਡਾ ਕਾਰਨ ਵੀ ਬਣਿਆ , ਉਸੇ ਤਰਾਂ ਆਪਾਂ ਵੀ ਇਸ ਕੌਮੀ ਸੰਘਰਸ਼ ਨੂੰ ਹੋਰ ਜ਼ੋਰ ਨਾਲ਼ ਅਗਾਂਹ ਤੋਰੀਏ ਇਹੀ ਬਾਈ ਦੀਪ ਸਿੱਧੂ ਨੂੰ ਸੱਚੀ ਸ਼ਰਧਾਂਜਲੀ ਹੈ , ਗੁਰੂ ਸਾਹਿਬ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ , ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਅਲਵਿਦਾ ਬਾਈ ਦੀਪ ਸਿੱਧੂ !

# ਡੰਪ ਟਰੱਕ ਹੇਠਾਂ ਫਸਣ ਕਾਰਨ ਕੈਨੇਡਾ ਵਿੱਚ ਪੰਜਾਬੀ ਨੌਜਵਾਨ ਦੀ ਮੌਤ

**ਨਿਊਯਾਰਕ/ਬਰੈਂਪਟਨ/ਰਾਜ ਗੋਗਨਾ :** ਬੀਤੇ ਸ਼ਨੀਵਾਰ ਕੈਨੇਡਾ ਦੇ ਵਸਾਗਾ ਬੀਚ ਦੇ ਲਾਗੇ ਕਲੀਅਰਵਿਊ ਟਾਊਨਸ਼ਿਪ ਦੇ ਹੂਰਨੀਆ ਵੈਸਟ ਦੇ ਅਧੀਨ ਆਉਂਦੇ ਹਾਈਵੇ-26 'ਤੇ ਇੱਕ ਕੰਮ ਕਰਨ ਵਾਲੀ ਵਰਕਸ਼ਾਪ 'ਤੇ ਇੱਕ ਪੰਜਾਬੀ ਮੂਲ ਦੇ ਨੌਜਵਾਨ ਦੀ ਡੰਪ ਟਰੱਕ ਹੇਠਾਂ ਫਸਣ ਕਾਰਨ ਮੌਤ ਹੋ ਗਈ। ਜਿਸ ਦੀ ਪਛਾਣ 28 ਸਾਲਾ ਅਮਨਦੀਪ ਸਿੰਘ ਵਜੋਂ ਹੋਈ ਹੈ। ਉਸ ਦਾ ਪਿਛੋਕੜ ਪਿੰਡ ਜ਼ਿਲਾ ਕਪੂਰਥਲਾ ਨਾਲ਼ ਸੰਬੰਧਤ ਟਿੱਬਾ ਹੈ। ਇਸ ਮਾਮਲੇ ਦੀ ਉਨਟਾਰੀਓ ਪ੍ਰੋਵਿਨਸ਼ਨਿਲ ਪੁਲਿਸ ਅਤੇ ਉਨਟਾਰੀਓ ਦੀ ਲੇਬਰ ਮਨਿਸਟਰੀ ਜਾਂਚ ਕਰ ਰਹੀ ਹੈ। ਅਮਨਦੀਪ ਸਿੰਘ ਕਬੱਡੀ ਦਾ ਇੱਕ ਵਧੀਆ ਖਿਡਾਰੀ ਅਤੇ ਉਹ ਕੈਨੇਡਾ ਦੀ ਟੀਮ ਵੱਲੋਂ ਵੀ ਕਬੱਡੀ ਰਿਹਾ ਸੀ।


ਮ੍ਰਿਤਕ ਅਮਨਦੀਪ ਸਿੰਘ ਦੀ ਫ਼ਾਈਲ ਫ਼ੋਟੋ

# ਅਮਰੀਕਾ ਦੇ ਸਿੱਖਾਂ ਵਲੋਂ ਡਾਕਟਰ ਵਰਿੰਦਰਪਾਲ ਸਿੰਘ ਦਾ ਗੋਲ਼ਡ ਮੈਡਲ ਨਾਲ ਸਨਮਾਨ



**ਫਰੀਮਾਂਟ/ਏ.ਟੀ.ਨਿਊਜ਼:-** ਕਿਸਾਨ ਸੰਘਰਸ਼ ਦੇ ਸਮਰਥਨ ਵਜੋਂ ਡਾਕਟਰ ਵਰਿੰਦਰਪਾਲ ਸਿੰਘ ਦਾ ਨਾਮ ਗੋਲਡਨ ਜੁਬਲੀ ਐਵਾਰਡ ਵਾਪਿਸ ਕਰਨ ਸਮੇਂ ਬਹੁਤ ਚਰਚਾ ਵਿੱਚ ਰਿਹਾ ਹੈ। ਕੈਲੀਫੋਰਨੀਆ ਦੀ ਸੱਭ ਤੋਂ ਪ੍ਰਭਾਵਸ਼ਾਲੀ ਸੰਸਥਾ ਸਿੱਖ ਪੰਚਾਇਤ ਨੇ ਐਤਵਾਰ ਵਾਲੇ ਦਿਨ ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਡਾਕਟਰ ਵਰਿੰਦਰਪਾਲ ਸਿੰਘ ਨੂੰ ਉਨਾਂ ਦੀਆਂ ਸੇਵਾਵਾਂ ਕਰਕੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਹੈ।

ਸਿੱਖ ਪੰਚਾਇਤ ਵੱਲੋਂ ਭਾਈ ਜਸਦੇਵ ਸਿੰਘ ਨੇ ਕਿਹਾ ਕਿ ਕਿਸੇ ਲਈ ਸੱਭ ਤੋਂ ਵੱਡਾ ਐਵਾਰਡ ਸਿੱਖ ਪੰਥ ਵੱਲੋਂ ਦਿੱਤਾ ਥਾਪੜਾ ਹੁੰਦਾ ਹੈ ਅਤੇ ਅਸੀਂ ਡਾਕਟਰ ਸਾਹਿਬ ਵੱਲੋਂ ਪੰਥ ਲਈ ਕੀਤੇ ਜਾ ਰਹੇ ਪ੍ਰੋਜੈਕਟਾਂ ਦੀ ਸ਼ਲਾਘਾ ਕਰਦੇ ਹਾਂ ਅਤੇ ਉਹਨਾਂ ਦਾ ਧੰਨਵਾਦ ਵੀ ਕਰਦੇ ਹਾਂ। ਡਾਕਟਰ ਵਰਿੰਦਰਪਾਲ ਸਿੰਘ ਨੇ ਕਿਸਾਨ ਸੰਘਰਸ਼ ਬਾਰੇ ਆਪਂਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਚਾਹੇ ਭਾਰਤ ਸਰਕਾਰ ਨੇ ਬਿੱਲ ਵਾਪਿਸ ਲੈ ਲਏ ਹਨ ਪਰ ਕਿਸਾਨੀ ਮਸਲੇ ਜਿਉਂ ਦੇ ਤਿਉਂ ਹੀ ਖੜੇ ਹਨ। ਸਾਨੂੰ ਇਸ ਮਸਲੇ ਦੇ ਨਾਲ ਨਾਲ ਸਿੱਖ ਨੌਜਵਾਨੀ ਵਿੱਚ ਆ ਰਹੇ ਨਿਘਾਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜੋ ਕਿ ਵਿੱਦਿਆ ਨਾਲ ਹੀ ਸੰਭਵ ਹੈ। ਡਾਕਟਰ ਵਰਿੰਦਰਪਾਲ ਸਿੰਘ ਕੁੱਝ ਮਹੀਨਿਆਂ ਲਈ ਕੈਲੀਫੋਰਨੀਆ ਯੂਨੀਵਰਸਿਟੀ ਡੇਵਿਸ ਵਿੱਚ ਖੋਜ ਕਾਰਜਾਂ ਲਈ ਆਏ ਹੋਏ ਹਨ। ਉਹ ਵੱਖ-ਵੱਖ ਗੁਰੂਘਰਾਂ ਵਿੱਚ ਜਾ ਕੇ ਪੰਜਾਬ ਦੇ ਹਾਲਾਤ ਅਤੇ ਉਨਾਂ ਦੀ ਸੰਸਥਾ ਆਤਮ ਪਰਗਾਸ ਵੱਲੋਂ ਕੀਤਾ ਜਾ ਰਹੇ ਕੰਮਾਂ ਤੋਂ ਸੰਗਤ ਜਾਣੂ ਕਰਵਾ ਰਹੇ ਹਨ।

# ਕੈਲੀਫ਼ੋਰਨੀਆ ਦੇ ਸ਼ਹਿਰ ਇਲਕ ਗਰੋਵ ਦੀ ਮੇਅਰ, ਬੌਬੀ ਸਿੰਘ-ਐਲਨ ਵੱਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰੇਗੰਢ ਮੌਕੇ 4 ਫ਼ਰਵਰੀ ਨੂੰ "ਸਾਕਾ ਨਕੋਦਰ ਦਿਹਾੜਾ" ਵਜੋਂ ਮਾਣਤਾ !

ਇਲਕ ਗਰੋਵ - ਕੈਲੀਫ਼ੋਰਨੀਆ ਦੇ ਸ਼ਹਿਰ ਇਲਕ ਗਰੋਵ ਦੀ ਮੇਅਰ, ਬੌਬੀ ਸਿੰਘ-ਐਲਨ ਵੱਲੋਂ ਸਿਟੀ ਚੈਂਬਰਜ਼ ਵਿੱਚ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰੇਗੰਢ ਮੌਕੇ 4 ਫ਼ਰਵਰੀ ਨੂੰ "ਸਾਕਾ ਨਕੋਦਰ ਦਿਹਾੜਾ" ਵਜੋਂ ਮਾਣਤਾ ਦਿੱਤੀ !

ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਨੇ ਮੇਅਰ ਤੋਂ 4 ਫ਼ਰਵਰੀ "ਸਾਕਾ ਨਕੋਦਰ ਦਿਹਾੜਾ" ਦੀ ਮਾਣਤਾ ਪ੍ਰਾਪਤ ਕੀਤੀ। ਇਸ ਸਮੇਂ ਸਥਾਨਿਕ ਸ਼ਖਸ਼ੀਅਤਾਂ ਵਿੱਚੋਂ ਸ਼ਹਿਰ ਦੇ ਕਮਿਸ਼ਨਰ ਗੁਰਪ੍ਰਤਾਪ ਸਿੰਘ ਰੰਧਾਵਾ, ਸ. ਹਰਦੀਪ ਸਿੰਘ ਹੇਅਰ, ਜੱਸੀ ਸ਼ੇਰਗਿੱਲ, ਮਨਜੀਤ ਸਿੰਘ ਢਿੱਲੋਂ, ਲਾਲ ਸਿੱਧੂ, ਪਰਮਜੀਤ ਖੈਰਾ, ਗੁਰਦੀਪ ਗਿੱਲ ਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ। ਡਾ ਪ੍ਰਿਤਪਾਲ ਸਿੰਘ ਜੀ ਦਾ ਸਾਕਾ ਨਕੋਦਰ ਦੀ ਦਾਸਤਾਨ ਨੂੰ ਮੇਅਰ, ਬੌਬੀ ਸਿੰਘ-ਐਲਨ ਦੇ ਧਿਆਨ ਵਿੱਚ ਲਿਆਉਣ ਲਈ ਧੰਨਵਾਦ ਕੀਤਾ ਗਿਆ।




ਇਸ ਤੋਂ ਪਹਿਲਾਂ ਕੈਲੀਫ਼ੋਰਨੀਆ ਦੇ ਸ਼ਹਿਰਾਂ ਸੈਨ ਹੋਜੇ, ਸੈਂਟਾ ਕਲਾਰਾ, ਮਨਟੀਕਾ, ਮਿਲਪੀਟਸ, ਲੈਥਰੋਪ, ਸਟਾਕਟਨ, ਕਰਮਨ, ਕਨੇਕਟੀਕਟ ਸੂਬੇ ਦੇ ਸ਼ਹਿਰ ਨੋਰਵਿਚ, ਮੈਸਾਚੂਸਟ ਸੂਬੇ ਦੇ ਸ਼ਹਿਰ ਹੋਲੀਓਕ, ਕੈਲੀਫ਼ੋਰਨੀਆ ਦੀ ਕੌਂਟੀ ਮੋਡੈਸਟੋ ਦੇ ਸੁਪਰਵਾਈਜ਼ਰ ਮਨੀ ਗਰੇਵਾਲ, ਸੇਨ ਵਾਕੀਨ ਕੌਂਟੀ ਦੇ ਸੁਪਰਵਾਈਜ਼ਰ ਮਿਗਉਲ ਵਿਲਾਪਡੂਆ, ਬੇ-ਏਰੀਏ ਦੀ ਸਭ ਤੋਂ ਵੱਡੀ ਸੈਂਟਾ ਕਲਾਰਾ ਕੌਂਟੀ ਦੇ ਪੰਜੇ ਸੁਪਰਵਾਈਜ਼ਰਾਂ ਵੱਲੋਂ ਸਰਬਸੰਮਤੀ ਨਾਲ਼, ਕੈਲੀਫ਼ੋਰਨੀਆ ਦੇ ਅਸੈਂਬਲੀ ਮੈਂਬਰਾਂ ਕਾਰਲੋਸ ਵਿਲਾਪਡੂਆ, ਐਸ਼ ਕਾਲੜਾ, ਐਲੇਕਸ ਲੀ, ਸੈਨੇਟਰ ਡੇਵ ਕੋਰਟੀਜ਼ ਅਤੇ ਕਾਂਗਰਸਮੈਨ ਰੋ ਖੰਨਾ 4 ਫ਼ਰਵਰੀ ਨੂੰ "ਸਾਕਾ ਨਕੋਦਰ ਦਿਹਾੜਾ" ਵਜੋਂ ਮਾਣਤਾ ਦੇ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਨਕੋਦਰ ਵਿੱਚ 2 ਫ਼ਰਵਰੀ 1986 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ 'ਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੇ ਸਨ। 4 ਫ਼ਰਵਰੀ ਨੂੰ ਸ਼ਾਂਤੀਪੂਰਵਕ ਢੰਗ ਨਾਲ਼ ਵਿਰੋਧ ਪ੍ਰਗਟਾਉਂਦੀ ਸੰਗਤ 'ਤੇ ਪੰਜਾਬ ਪੁਲੀਸ ਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਦੌਰਾਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ, ਭਾਈ ਹਰਮਿੰਦਰ ਸਿੰਘ ਚਲੂਪਰ ਅਤੇ ਭਾਈ ਝਿਲਮਣ ਸਿੰਘ ਗੌਰਸੀਆਂ ਸ਼ਹੀਦ ਹੋ ਗਏ ਸਨ।

ਸਾਕਾ ਨਕੋਦਰ ਨੂੰ 36 ਸਾਲ ਬੀਤ ਚੁੱਕੇ ਹਨ ਪਰ ਅੱਜ ਵੀ ਪੀੜਤ ਮਾਪਿਆਂ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਬਾਕੀ ਸਫ਼ਾ 32 'ਤੇ

# ਸਿਲੀਕਾਨ ਵੈਲੀ ਤੋਂ ਕਾਂਗਰਸਮੈਨ ਰੋ ਖੰਨਾ ਵੱਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰੇਗੰਢ ਮੌਕੇ 4 ਫ਼ਰਵਰੀ ਨੂੰ 'ਸਾਕਾ ਨਕੋਦਰ ਦਿਹਾੜਾ' ਵਜੋਂ ਖ਼ਾਸ ਕਾਂਗਰੇਸ਼ਨਲ ਮਾਨਤਾ ਪੱਤਰ ਜਾਰੀ

ਸਿਲੀਕਾਨ ਵੈਲੀ ਤੋਂ ਕਾਂਗਰਸਮੈਨ ਰੋ ਖੰਨਾ ਵੱਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰੇਗੰਢ ਮੌਕੇ 4 ਫ਼ਰਵਰੀ ਨੂੰ 'ਸਾਕਾ ਨਕੋਦਰ ਦਿਹਾੜਾ' ਵਜੋਂ ਖ਼ਾਸ ਕਾਂਗਰੇਸ਼ਨਲ ਮਾਨਤਾ ਪੱਤਰ ਜਾਰੀ ਕੀਤਾ ਗਿਆ ਹੈ।

ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਪਿਤਾ, ਬਾਪੂ ਬਲਦੇਵ ਸਿੰਘ ਜੀ ਨੇ ਕਾਂਗਰਸਮੈਨ ਰੋ ਖੰਨਾ ਜੀ ਦਾ ਇਸ ਖ਼ਾਸ ਕਾਂਗਰੇਸ਼ਨਲ ਮਾਨਤਾ ਪੱਤਰ ਜਾਰੀ ਕਰਨ ਅਤੇ ਸਾਕਾ ਨਕੋਦਰ ਦੀ 36 ਸਾਲਾਂ ਦੀ ਨਾਇਨਸਾਫ਼ੀ ਲਈ ਪੀੜਤ ਪਰਿਵਾਰਾਂ ਦੀ ਅਵਾਜ਼ ਯੂ. ਐੱਸ. ਕਾਂਗਰਸ ਵਿੱਚ ਉਠਾਉਣ ਲਈ ਉਨਾਂ ਦਾ ਧੰਨਵਾਦ ਕੀਤਾ ਹੈ। ਬਾਪੂ ਬਲਦੇਵ ਸਿੰਘ ਜੀ ਦੇ ਛੋਟੇ ਪੁੱਤਰ ਡਾ. ਹਰਿੰਦਰ ਸਿੰਘ ਨੇ ਕਾਂਗਰਸਮੈਨ ਰੋ ਖੰਨਾ ਦੇ ਦਫ਼ਤਰ ਤੋਂ 4 ਫ਼ਰਵਰੀ 'ਸਾਕਾ ਨਕੋਦਰ ਦਿਹਾੜਾ' ਦਾ ਖ਼ਾਸ ਕਾਂਗਰੇਸ਼ਨਲ ਮਾਨਤਾ ਪੱਤਰ ਪ੍ਰਾਪਤ ਕੀਤਾ।




ਜ਼ਿਕਰਯੋਗ ਹੈ ਕਿ ਨਕੋਦਰ ਵਿੱਚ 2 ਫ਼ਰਵਰੀ 1986 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ 'ਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੇ ਸਨ। 4 ਫ਼ਰਵਰੀ ਨੂੰ ਸ਼ਾਂਤੀਪੂਰਵਕ ਢੰਗ ਨਾਲ਼ ਵਿਰੋਧ ਪ੍ਰਗਟਾਉਂਦੀ ਸੰਗਤ 'ਤੇ ਪੰਜਾਬ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਦੌਰਾਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪਰ, ਭਾਈ ਬਲਧੀਰ ਸਿੰਘ ਰਾਮਗੜ, ਅਤੇ ਭਾਈ ਝਿਲਮਣ ਸਿੰਘ ਗੋਰਸੀਆਂ ਸ਼ਹੀਦ ਹੋ ਗਏ ਸਨ।

ਸਾਕਾ ਨਕੋਦਰ ਨੂੰ 36 ਸਾਲ ਬੀਤ ਚੁੱਕੇ ਹਨ ਪਰ ਅੱਜ ਵੀ ਪੀੜਤ ਮਾਪਿਆਂ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਇਸ ਘਟਨਾ ਦੌਰਾਨ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ਼ ਸ਼ਹੀਦ ਹੋਏ ਸਨ। ਇਨਾਂ ਚਾਰ ਸਿੱਖ ਨੌਜਵਾਨਾਂ ਵਿੱਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੂੰ ਛੱਡ ਕਿ ਬਾਕੀ ਤਿੰਨ ਨੌਜਵਾਨਾਂ ਦੇ ਮਾਪੇ ਇਸ ਫ਼ਾਨੀ ਦੁਨੀਆ ਤੋਂ ਜਾ ਚੁੱਕੇ ਹਨ। ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਪਿਤਾ ਬਲਦੇਵ ਸਿੰਘ ਪਿਛਲੇ 36 ਸਾਲਾਂ ਤੋਂ ਸਾਕਾ ਨਕੋਦਰ ਦੇ ਇਨਸਾਫ਼ ਲਈ ਲੜਾਈ ਲੜ ਰਹੇ ਹਨ।

# ਖ਼ਸਤਾ ਹੋਈ ਅੰਮ੍ਰਿਤਸਰ ਵਿਖੇ ਸਥਿਤ ਲਗਜ਼ਰੀ ਸਰਾਗੜ੍ਹੀ ਸਰਾਂ ਹਾਲਤ



**ਅੰਮ੍ਰਿਤਸਰ/ਏ.ਟੀ.ਨਿਊਜ਼:-** ਦਰਬਾਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਯਾਤਰੀਆਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਚਲਾਈ ਜਾ ਰਹੀ ਵੀਆਈਪੀ ਲਗਜ਼ਰੀ ਸਾਰਾਗੜੀ ਸਰਾਂ ਦੀ ਹਾਲਤ ਦਿਨੋ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਸ ਸਬੰਧੀ ਹੁਣ ਯਾਤਰੂਆਂ ਵੱਲੋਂ ਖ਼ਸਤਾ ਹਾਲਤ ਦੀਆਂ ਤਸਵੀਰਾਂ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀਆਂ ਜਾ ਰਹੀਆਂ ਹਨ। ਸ੍ਰੀ ਦਰਬਾਰ ਸਾਹਿਬ ਦੇ ਵਿਰਾਸਤੀ ਮਾਰਗ ਤੇ ਗੁਰਦੁਆਰਾ ਸਾਰਾਗੜੀ ਸਾਹਿਬ ਦੇ ਨਾਲ ਸਥਿਤ ਇਸ ਬਹੁਕਰੋੜੀ ਸਰਾਂ ਦਾ ਨਿਰਮਾਣ ਸਾਰਾਗੜੀ ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਇਆ ਗਿਆ ਸੀ। ਜਿਸ ਦੇ ਫੇਜ਼ ਦੋ ਦੇ ਨਿਰਮਾਣ ਤੋਂ ਪਹਿਲਾਂ ਹੀ ਫੇਜ਼ ਇਕ ਦੀ ਹਾਲਤ ਤਰਸਯੋਗ ਹੁੰਦੀ ਜਾ ਰਹੀ ਹੈ। ਪੰਜ ਤਾਰਾਂ ਹੋਟਲ ਦਾ ਅਹਿਸਾਸ ਕਰਵਾਉਂਦੀ 9 ਮੰਜਿਲਾ ਇਹ ਸਰਾਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਸੁਪਨਾ ਸੀ ਕਿ ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਯਾਤਰੀਆਂ ਨੂੰ ਪੰਜ ਤਾਰਾ ਹੋਟਲ ਦੀ ਤਰਜ 'ਤੇ ਕਮਰੇ ਦਿੱਤੇ ਜਾਣ। ਉਸ ਆਸ਼ੇ ਨੂੰ ਲੈ ਕੇ ਇਸ ਸਰਾਂ ਦਾ ਨਿਰਮਾਣ ਕਰਵਾਇਆ ਗਿਆ ਤੇ ਇਹ ਸਰਾਂ ਆਪਣੇ ਨਿਰਮਾਣ ਤੋਂ ਬਾਅਦ ਇਕ ਦਹਾਕਾ ਵੀ ਸਹੀ ਢੰਗ ਨਾਲ ਸੇਵਾਵਾਂ ਨਹੀਂ ਦੇ ਸਕੀ। ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਸਰਾਵਾਂ ਵਿਚੋਂ ਸਭ ਤੋਂ ਵੱਧ ਮਹਿੰਗੇ ਕਿਰਾਏ ਵਾਲੀ ਇਸ ਸਰਾਂ ਦੇ ਨਿਰਮਾਣ ਤੇ ਤੈਅ ਬਜਟ ਤੋਂ ਵੀ ਵੱਧ ਪੈਸਾ ਖ਼ਰਚ ਕੀਤਾ ਗਿਆ ਸੀ। ਇਸ ਸਰਾਂ ਵਿਚ ਯਾਤਰੀਆਂ ਦੀ ਸਹੂਲਤ ਲਈ ਰੱਖੇ ਸਾਮਾਨ ਨੂੰ ਵਿਦੇਸ਼ ਤੋਂ ਮੰਗਵਾਇਆ ਗਿਆ ਸੀ। ਅੱਜ ਇਸ ਸਰਾਂ ਦੀ ਹਾਲਤ ਇਹ ਬਣ ਚੁੱਕੀ ਹੈ ਕਿ ਕਰੀਬ ਇਕ ਹਜ਼ਾਰ ਰੁਪਏ ਖ਼ਰਚ ਕੇ ਯਾਤਰੀ ਬੇਹੱਦ ਤਲਖ ਤਜਰਬਾ ਲੈ ਕੇ ਵਾਪਸ ਪਰਤਦਾ ਹੈ। ਸਰਾਂ ਵਿਚ 230 ਕਮਰੇ ਹਨ, ਜਿਨਾਂ 'ਚੋਂ ਜ਼ਿਆਦਾਤਰ ਦਰਵਾਜ਼ਿਆਂ 'ਤੇ ਲੱਗੇ ਵਿਦੇਸ਼ੀ ਕੰਪਿਊਟਰ ਨਾਲ ਚੱਲਣ ਵਾਲੇ ਤਾਲੇ ਖ਼ਰਾਬ ਹੋ ਚੁੱਕੇ ਹਨ। ਦਰਵਾਜ਼ਿਆਂ ਦੀਆਂ ਚੌਗਾਠਾਂ ਗਲ਼ ਚੁੱਕੀਆਂ ਹਨ। ਸਰਾਂ ਦੇ ਕੁਝ ਕਮਰਿਆਂ ਵਿਚ ਬਰਸਾਤ ਦਾ ਪਾਣੀ ਵੀ ਟਪਕਦਾ ਹਨ। ਇੱਥੇ ਹੀ ਬੱਸ ਨਹੀਂ, ਆਮ ਲੋਕਾਂ ਲਈ ਤਿਆਰ ਕੀਤੇ ਜਨਤਕ ਪਾਖ਼ਾਨੇ ਵੀ ਜ਼ਿਆਦਾਤਰ ਬੰਦ ਹਨ। ਇਨਾਂ 'ਤੇ ਲਗੇ ਵਿਦੇਸ਼ੀ ਸੈਂਸਰ ਖ਼ਰਾਬ ਹੋ ਚੁੱਕੇ ਹਨ। ਸਰਾਂ ਦੀ ਸਾਫ਼-ਸਫ਼ਾਈ ਦਾ ਕੰਮ ਵੀ ਇਕ ਨਿੱਜੀ ਕੰਪਨੀ ਨੂੰ ਦਿੱਤਾ ਹੋਇਆ ਹੈ। ਸਰਾਂ ਦੀ ਸਾਂਭ-ਸੰਭਾਲ ਕਰ ਰਹੀ ਕੰਪਨੀ ਦੇ ਇਕ ਮੁਲਾਜ਼ਮ ਨੇ ਦੱਸਿਆ ਕਿ ਜਨਤਕ ਪਖ਼ਾਨਿਆਂ 'ਤੇ ਲੱਗੇ ਵਿਦੇਸ਼ੀ ਸੈਂਸਰ ਹੁਣ ਕੰਪਨੀ ਨੇ ਬਣਾਉਣੇ ਬੰਦ ਕਰ ਦਿੱਤੇ ਹਨ ਜਿਸ ਕਾਰਨ ਮੁਸ਼ਕਿਲ ਪੇਸ਼ ਆ ਰਹੀ ਹੈ। ਸਫ਼ਾਈ ਤੇ ਸਾਂਭ ਸੰਭਾਲ ਵਿਚ ਊਣਤਾਈਆਂ ਕਾਰਨ ਯਾਤਰੀ ਇਸ ਸਰਾਂ ਵੱਲੋਂ ਮੂੰਹ ਮੋੜ ਰਹੇ ਹਨ।

**ਜਲਦੀ ਹੀ ਸੁਧਾਰੀ ਜਾਵੇਗੀ ਹਾਲਤ : ਮਥਰੇਵਾਲ**

ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਗੁਰਿੰਦਰ ਸਿੰਘ ਮਥਰੇਵਾਲ ਨੇ ਕਿਹਾ ਕਿ ਦਰਵਾਜ਼ਿਆਂ ਦੇ ਤਾਲੇ ਅਤੇ ਜਨਤਕ ਪਖ਼ਾਨਿਆਂ ਵਿਚ ਲੱਗਾ ਸਾਮਾਨ ਵਿਦੇਸ਼ੀ ਹੈ, ਜੋ ਨਹੀਂ ਮਿਲ ਰਿਹਾ। ਉਨਾਂ ਕਿਹਾ ਕਿ ਜਲਦ ਹੀ ਹੋਰ ਬਦਲਵਾਂ ਸਾਮਾਨ ਲਾ ਕੇ ਸਰਾਂ ਦੀ ਹਾਲਤ ਸੁਧਾਰ ਦਿੱਤੀ ਜਾਵੇਗੀ।

# ਅੰਮ੍ਰਿਤਸਰ ਨੇ ਜਿੱਤਿਆ ਟਾਟਾ ਗਰੁੱਪ ਦਾ ਵਿਸ਼ਵਾਸ, ਏਅਰ ਇੰਡੀਆ ਵੱਲੋਂ ਲੰਡਨ ਹੀਥਰੋ ਏਅਰਪੋਰਟ ਤੋਂ ਅੰਮ੍ਰਿਤਸਰ ਦੀਆਂ ਉਡਾਣਾਂ ਦੀ ਗਿਣਤੀ ਵਿੱਚ ਵਾਧਾ

## ਪੰਜਾਬੀ ਭਾਈਚਾਰੇ ਵੱਲੋਂ ਏਅਰ ਇੰਡੀਆਂ ਦੇ ਫ਼ੈਸਲੇ ਦਾ ਸਵਾਗਤ



**ਨਿਊਯਾਰਕ/ਰਾਜ ਗੋਗਨਾ:** ਫ਼ਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਵਿਕਾਸ ਮੰਚ, ਸੇਵਾ ਟਰੱਸਟ ਯੂ.ਕੇ. ਅਤੇ ਯੂ.ਕੇ. ਦੇ ਪੰਜਾਬੀ ਭਾਈਚਾਰੇ ਨੇ ਟਾਟਾ ਗਰੁੱਪ ਅਧੀਨ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ ਹੀਥਰੋ ਸਿੱਧੀ ਉਡਾਣ ਨੂੰ 27 ਮਾਰਚ ਤੋਂ ਹਫ਼ਤੇ ਵਿੱਚ ਇੱਕ ਦਿਨ ਤੋਂ ਵਧਾ ਕੇ ਤਿੰਨ ਉਡਾਣਾਂ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਅਮਰੀਕਾ ਦੇ ਉਹਾਇਉ ਸੂਬੇ 'ਚ ਵੱਸਦੇ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ (ਯੂ.ਐੱਸ.ਏ.) ਅਤੇ ਸੇਵਾ ਟਰੱਸਟ ਯੂ.ਕੇ. ਦੇ ਸੰਸਥਾਪਕ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਨੇ ਪ੍ਰੈੱਸ ਨੂੰ ਦਿੱਤੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ, ਕਰੋਨਾ ਮਹਾਂਮਾਰੀ ਅਤੇ ਨਿਯਮਤ ਅੰਤਰਰਾਸ਼ਟਰੀ ਉਡਾਣਾਂ ਦੀ ਮੁਅੱਤਲੀ ਦੇ ਵਿਚਕਾਰ ਇਸ ਪ੍ਰਸਿੱਧ ਉਡਾਣ ਦੀ ਗਿਣਤੀ ਵਿੱਚ ਵਾਧਾ ਯੂ.ਕੇ. ਵਿੱਚ ਰਹਿੰਦੇ ਪੰਜਾਬੀ ਪਰਵਾਸੀਆਂ ਲਈ ਚੰਗੀ ਖ਼ਬਰ ਲੈ ਕੇ ਆਇਆ ਹੈ। ਗੁਮਟਾਲਾ ਨੇ ਦੱਸਿਆ ਕਿ ਏਅਰ ਇੰਡੀਆ ਦੀ ਵੈੱਬਸਾਈਟ 'ਤੇ ਤਾਜ਼ਾ ਸਮਾਸੂਚੀ ਅਨੁਸਾਰ, ਏਅਰ ਇੰਡੀਆ ਦੀ ਉਡਾਣ ਏ.ਆਈ. 170 ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਬਾਕੀ ਸਫ਼ਾ 32 'ਤੇ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਪ੍ਰਿਅੰਕਾ ਗਾਂਧੀ ਦੀ ਰੈਲੀ ਵਿਚ ਨਾਰਾਜ਼ ਸਿੱਧੂ, ਸੰਬੋਧਨ ਤੋਂ ਕੀਤਾ ਇਨਕਾਰ

## ✪ ਕੋਟਕਪੂਰਾ ਪਹੁੰਚੀ ਪ੍ਰਿਯੰਕਾ ਨੇ ਆਪ ਤੇ ਕੈਪਟਨ ਉਪਰ ਕੀਤੇ ਵੱਡੇ ਸ਼ਬਦੀ ਹਮਲੇ ✪ ਪ੍ਰਿਅੰਕਾ ਦੇ ਮੰਚ ਤੋਂ ਚੰਨੀ ਦਾ ਵੱਡਾ ਐਲਾਨ, ਕਾਂਗਰਸ ਦੀ ਸਰਕਾਰ ਬਣਨ ’ਤੇ ਔਰਤਾਂ ਲਈ 8 ਗੈਸ ਸਿਲੰਡਰ ਮੁਫਤ

**ਸੰਗਰੂਰ/ਏ.ਟੀ.ਨਿਊਜ਼ :-** ਪੰਜਾਬ ਵਿਧਾਨ ਸਭਾ ਦੇ ਚੋਣ ਅਖ਼ਾੜੇ ਵਿਚ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਪਹਿਲਾਂ ਉਨਾਂ ਕੋਟਕਪੂਰਾ ਵਿਚ ਰੈਲੀ ਕੀਤੀ ਤੇ ਫਿਰ ਧੂਰੀ ਵਿਚ ਸੰਬੋਧਨ ਕੀਤਾ। ਪੰਜਾਬ ਫੇਰੀ ਦੌਰਾਨ ਕੋਟਕਪੂਰਾ ਤੋਂ ਉਮੀਦਵਾਰ ਅਜੇਪਾਲ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਪ ’ਤੇ ਤੰਜ ਕੱਸਦੇ ਹੋਏ ਉਨਾਂ ਕਿਹਾ ਕਿ ਦਿੱਲੀ ਦੀ ਅਸਲੀਅਤ ਵੀ ਭਾਜਪਾ ਦੀ ਸਰਕਾਰ ਵਾਂਗ ਹੀ ਹੈ। ਜਿਵੇਂ ਗੁਜਰਾਤ ਦਾ ਮਾਡਲ ਸਿਰਫ਼ ਕਾਗਜ਼ਾਂ ਵਿਚ ਸੀ, ਉਸੇ ਤਰਾਂ ਹੀ ਦਿੱਲੀ ਸਰਕਾਰ ਦਾ ਮਾਡਲ ਵੀ ਸਿਰਫ਼ ਵਿਗਿਆਪਨਾਂ ਵਿਚ ਹੀ ਹੈ। ਦਿੱਲੀ ਵਿਚ ਸਿਹਤ ਦੇ ਨਾਂ ’ਤੇ ਜਾਂ ਫਿਰ ਸਕੂਲਾਂ ਬਾਰੇ ਕੁਝ ਨਹੀਂ ਹੈ। ਉਨਾਂ ਕਿਹਾ ਕਿ 5 ਸਾਲਾ ਦੌਰਾਨ ਕੈਪਟਨ ਸਰਕਾਰ ਵਿਚ ਕੁਝ ਖਾਮੀਆਂ ਰਹੀਆਂ ਹਨ ਕਿਉਂਕਿ ਕੈਪਟਨ ਸਰਕਾਰ ਨੂੰ ਦਿੱਲੀ ਤੋਂ ਭਾਜਪਾ ਚਲਾ ਰਹੀ ਸੀ। ਉਨਾਂ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ 111 ਦਿਨਾਂ ਦੇ ਕਾਰਜਕਾਲ ਵਿਚ ਬਹੁਤ ਕੁਝ ਕੀਤਾ ਹੈ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਨਾਲ-ਨਾਲ ਬਿਜਲੀ ਦੇ ਬਿੱਲ ਵੀ ਮੁਆਫ਼ ਕੀਤੇ ਹਨ। ਕਿਸਾਨ ਅੰਦੋਲਨ ਅਤੇ ਲਖੀਮਪੁਰ ਖੀਰੀ ਦੇ ਕਾਂਡ ਦਾ ਜ਼ਿਕਰ ਕਰਦੇ ਹੋਏ ਉਨਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੇ ਅੰਦਰ ਸੇਵਾ ਦੀ ਭਾਵਨਾ ਵਾਰ-ਵਾਰ ਵੇਖੀ ਗਈ, ਇਹੀ ਕਿਸਾਨਾਂ ਦੀ ਪੰਜਾਬੀਅਤ ਹੈ। ਕਿੰਨੇ ਕਿਸਾਨ ਸ਼ਹੀਦ ਹੋਏ ਪਰ ਕਿਸਾਨ ਕਦੇ ਪਿੱਛੇ ਨਹੀਂ ਹਟੇ। ਕਿਸਾਨਾਂ ਨੇ ਕਿੰਨਾ ਸੰਘਰਸ਼ ਕੀਤਾ ਪਰ ਭਾਜਪਾ ਦੀ ਸਰਕਾਰ ਨੇ ਕਿਸਾਨਾਂ ਦੀ ਆਵਾਜ਼ ਨਹੀਂ ਸੁਣੀ। ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ ਦੀ ਰੈਲੀ ਵਿਚ ਪਾਰਟੀ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਾਰਾਜ਼



ਹੋ ਗਏ। ਸਿੱਧੂ ਸਟੇਜ ’ਤੇ ਮੌਜੂਦ ਸਨ, ਪਰ ਉਨਾਂ ਨੇ ਰੈਲੀ ਨੂੰ ਸੰਬੋਧਨ ਕਰਨ ਤੋਂ ਇਨਕਾਰ ਕਰ ਦਿੱਤਾ। ਜਿਸ ਦਿਨ ਸੀਐਮ ਚਿਹਰੇ ਦਾ ਐਲਾਨ ਹੋਇਆ, ਅਖੀਰ ਤੱਕ ਸਿੱਧੂ ਇਹ ਮੰਨ ਰਹੇ ਸਨ ਕਿ ਰਾਹੁਲ ਉਨਾਂ ਦਾ ਨਾਂ ਲੈਣਗੇ।ਸਿੱਧੂ ਨੂੰ ਪ੍ਰਿਅੰਕਾ ਗਾਂਧੀ ਦਾ ਕਰੀਬੀ ਮੰਨਿਆ ਜਾਂਦਾ ਹੈ।

ਚੰਨੀ ਨੇ ਕਿਹਾ ਕਿ ਗੋਲਡੀ ਕਾਂਗਰਸ ਵੱਲੋਂ ਭਗਵੰਤ ਮਾਨ ਖਿਲਾਫ ਚੋਣ ਮੈਦਾਨ ਵਿਚ ਹਨ। ਉਨਾਂ ਕਿਹਾ ਕਿ ਭਗਵੰਤ ਮਾਨ ਪਤਾ ਨਹੀਂ ਕਦੋਂ ਸ਼ਰਾਬ ਪੀ ਕੇ ਵਹਿ ਜਾਵੇ। ਉਹ ਗੁਰੂ ਘਰ ਵੀ ਸ਼ਰਾਬ ਪੀ ਕੇ ਘਰ ਚਲੇ ਜਾਂਦੇ ਹਨ। ਚੰਨੀ ਨੇ ਸਾਬਕਾ ਕੈਪਟਨ ਸਰਕਾਰ ’ਤੇ ਵੀ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਕੈਪਟਨ ਨੇ ਪੰਜਾਬ ਦੀ ਆਰਥਿਕ ਹਾਲਤ ਖਰਾਬ ਕਰ ਦਿੱਤੀ। ਪੰਜਾਬ ਦੇ ਮੁੱਖ ਮੰਤਰੀ ਚੰਨੀ ਨੇ ਕਿਹਾ ਹੈ ਕਿ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਜਨਰਲ ਵਰਗ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਸਕੀਮ ਸ਼ੁਰੂ ਕੀਤੀ ਜਾਵੇਗੀ ਅਤੇ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਸਰਕਾਰ ਵੱਲੋਂ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਚੰਨੀ ਨੇ ਅਕਾਲੀ ਸਰਕਾਰ ਵੱਲੋਂ ਸ਼ੁਰੂ ਕੀਤੀ ਆਟਾ-ਦਾਲ ਸਕੀਮ ’ਤੇ ਚੁਟਕੀ ਲੈਂਦਿਆਂ ਕਿਹਾ ਕਿ ਪੰਜਾਬ ਦੇ ਬੱਚਿਆਂ ਨੂੰ ਮੁਫਤ ਆਟਾ-ਦਾਲ ਦੀ ਨਹੀਂ ਸਗੋਂ ਬਿਹਤਰ ਸਿੱਖਿਆ ਦੀ ਲੋੜ ਹੈ। ਚੰਨੀ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਵਾਂਗ ਜਨਰਲ ਵਰਗ ਦੇ ਵਿਦਿਆਰਥੀਆਂ ਨੂੰ ਵੀ ਵਜ਼ੀਫੇ ਦੀ ਸਹੂਲਤ ਦਿੱਤੀ ਜਾਵੇਗੀ। ਚੰਨੀ ਨੇ ਕਿਹਾ ਕਿ ਸਰਕਾਰ ਆਉਂਦੇ ਹੀ ਪਹਿਲੀ ਕੈਬਨਿਟ ਮੀਟਿੰਗ ਵਿਚ ਇਕ ਲੱਖ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ।

# ਲੋੜ ਪਈ ਤਾਂ ਇਕ ਹੋਰ ਮੁੱਖ ਮੰਤਰੀ ਨੂੰ ਕਰਾਂਗਾ ਬਾਹਰ : ਸਿੱਧੂ

## ਸਿੱਧੂ ਨੇ 30 ਪੰਨਿਆਂ ਦਾ 13 ਨੁਕਾਤੀ ‘ਪੰਜਾਬ ਮਾਡਲ’ ਕੀਤਾ ਜਾਰੀ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਪੂਰਬੀ ਦੇ ਕਾਂਗਰਸੀ ਉਮੀਦਵਾਰ ਤੇ ਪੰਜਾਬ ਪ੍ਰਦੇਸ਼ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਐਨ. ਆਰ. ਆਈ. ਭਾਈਚਾਰੇ ਨਾਲ ਬੈਠਕ ਦੌਰਾਨ ਕਿਹਾ ਕਿ ਉਹ ਪੰਜਾਬ ਵਿਚ ਬਦਲਾਅ ਲਿਆਉਣ ਵਿਚ ਆਪਣਾ ਸਹਿਯੋਗ ਦੇਣ ਅਤੇ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਨ ਉਪਰੰਤ ਲਾਗੂ ਕੀਤੇ ਜਾਣ ਵਾਲੇ ‘ਪੰਜਾਬ ਮਾਡਲ’ ਵਿਚ ਐਨ. ਆਰ. ਆਈ. ਭਰਾਵਾਂ ਨੂੰ ਸ਼ੇਅਰ ਹੋਲਡਰ ਬਣਾਇਆ ਜਾਵੇਗਾ । ਐਨ. ਆਰ. ਆਈ. ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਉਨਾਂ ਦੀਆਂ ਪੰਜਾਬ ਵਿਚਲੀਆਂ ਜਾਇਦਾਦਾਂ ’ਤੇ ਕਬਜ਼ੇ ਕਰਨ ਵਾਲਿਆਂ ਜਾਂ ਉਨਾਂ ਨੂੰ ਪ੍ਰੇਸ਼ਾਨੀਆਂ ਦੇਣ ਵਾਲੇ ਮਾਫ਼ੀਆ ਨੂੰ ਕਿਸੇ ਵੀ ਹਾਲ ਵਿਚ ਬਖ਼ਸ਼ਿਆ ਨਹੀਂ ਜਾਵੇਗਾ ।ਉਨਾਂ ਕਿਹਾ ਕਿ ਪੰਜਾਬ ਮਾਡਲ ਵਿਚ ਵਧੇਰੇ ਹਿੱਸੇਦਾਰੀ ਵੀ ਉਨਾਂ ਦੀ ਹੀ ਹੋਵੇਗੀ। ਉਨਾਂ ਕਿਹਾ ਕਿ ਉਹ ਪੰਜਾਬ ਦੀ ਬਿਹਤਰੀ ਬਾਰੇ ਨਾ ਸੋਚਣ ਵਾਲੇ ਦੋ ਮੁੱਖ ਮੰਤਰੀਆਂ ਨੂੰ ਪਹਿਲਾਂ ਹੀ ਕੁਰਸੀ ਤੋਂ ਹਟਾ ਚੁੱਕੇ ਹਨ ਤੇ ਜੇਕਰ ਨਵਾਂ ਮੁੱਖ ਮੰਤਰੀ ਵੀ ਸੂਬੇ ਦੇ ਹੱਕ ਵਿਚ ਠੀਕ ਨਹੀਂ ਚੱਲਿਆ ਤਾਂ ਉਸ ਨੂੰ ਵੀ ਭੁਗਤਾ ਦਿੱਤਾ ਜਾਵੇਗਾ। ਸਿੱਧੂ ਨੇ ਵਿਧਾਨ ਸਭਾ ਚੋਣਾਂ ਲਈ ਆਪਣਾ ਪੰਜਾਬ ਮਾਡਲ ਜਾਰੀ ਕੀਤਾ ਹੈ। ਇਸ ਪੰਜਾਬ ਮਾਡਲ ਰਾਹੀਂ ਸਿੱਧੂ ਨੇ 13 ਨੁਕਾਤੀ ਏਜੰਡੇ ਵੀ ਸਾਂਝੇ ਕੀਤੇ ਹਨ। 30 ਪੰਨਿਆਂ ਦੇ ਇਸ ਨੁਕਾਤੀ ਪੰਜਾਬ ਮਾਡਲ ਵਿਚ ਸਿੱਧੂ ਨੇ ਸਿਹਤ ਸਿੱਖਿਆ, ਸਨਅਤ ਤੇ ਕਿਸਾਨਾਂ ਬਾਰੇ ਵੀ ਜ਼ਿਕਰ ਦੇ ਨਾਲ-ਨਾਲ ਵਿਧਾਨ ਸਭਾ ਇਜਲਾਸ ਦੇ ਲਾਈਵ ਪ੍ਰਸਾਰਣ ਦਾ ਵੀ ਜ਼ਿਕਰ ਕੀਤਾ ਹੈ। ਇਸ ਵਿਚ 13 ਪ੍ਰੋਗਰਾਮਾਂ ਦਾ ਜ਼ਿਕਰ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਸੂਬੇ ਨੂੰ ਪੈਰਾਂ ਸਿਰ ਖੜਾ ਕੀਤਾ ਜਾਵੇਗਾ। ਇਹ ਮਾਡਲ ਸਭ ਚੋਰੀਆਂ ਨੂੰ ਨੱਥ ਪਾਏਗਾ, ਪੰਜਾਬ ਵਿੱਚੋਂ ਮਾਫੀਏ ਦਾ ਖ਼ਾਤਮਾ ਕਰੇਗਾ, ਲੋਕਾਂ ਦੀ ਭਲਾਈ ਲਈ ਪੰਜਾਬ ਦੇ ਖ਼ਜ਼ਾਨੇ ਨੂੰ ਨੱਕੋ-ਨੱਕ ਭਰੇਗਾ।

# ਜਲੰਧਰ ਰੈਲੀ ’ਤੇ ਪੀਐਮ ਮੋਦੀ ਨੇ ਕੀਤੇ ਇਹ ਚੁਣਾਵੀ ਵਾਅਦੇ

## ✪ ਨਵਾਂ ਪੰਜਾਬ ਕਰਜ਼ ਮੁਕਤ ਹੋਵੇਗਾ ✪ ਮੋਦੀ ਦੀ ਰੈਲੀ ਖ਼ਿਲਾਫ਼ ਪੰਜਾਬ ਭਰ ਵਿਚ ਰੋਸ ਮੁਜ਼ਾਹਰੇ

**ਜਲੰਧਰ/ਏ.ਟੀ.ਨਿਊਜ਼ :-** ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਗਠਜੋੜ ਦੀ ਰੈਲੀ ਇੱਥੇ ਪੀਏਪੀ ਗਰਾਊਂਡ ਵਿੱਚ ਹੋਈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਲੰਧਰ ਵਿਚ ਕੇਸਰੀ ਪੱਗ ਬੰਨ ਕੇ ਮੰਚ ’ਤੇ ਪਹੁੰਚੇ। ਇਸ ਮੌਕੇ ਉਨਾਂ ਦੇ ਸਵਾਗਤ ਲਈ ਮੰਚ ’ਤੇ ਮੌਜੂਦ ਕੈਪਟਨ ਅਮਰਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ ਤੇ ਹੋਰ ਆਗੂਆਂ ਨੇ ਸਵਾਗਤ ਕੀਤਾ। ਪੀਐਮ ਮੋਦੀ ਨੇ ਬੋਲੇ ਸੋ ਨਿਹਾਲ, ਜੈ ਭੀਮ, ਜੈ ਬਜਰੰਗੀ ਮਹਾਰਾਜ ਤੇ ਹਰ ਹਰ ਮਹਾਦੇਵ ਦੇ ਜੈਕਾਰਿਆਂ ਨਾਲ ਭਾਸ਼ਣ ਸ਼ੁਰੂ ਕੀਤਾ। ਉਨਾਂ ਕਿਹਾ ਕਿ ‘ਕਾਂਗਰਸ ਦੀਆਂ ਨੀਤੀਆਂ ਨੇ ਪੰਜਾਬ ਵਿਚ ਕਾਰੋਬਾਰਾਂ ਨੂੰ ਤਬਾਹ ਕਰ ਦਿੱਤਾ ਹੈ ਤੇ ਰੁਜ਼ਗਾਰ ਨੂੰ ਪ੍ਰਭਾਵਿਤ ਕੀਤਾ ਹੈ। ਉਨਾਂ ‘ਨਵਾਂ ਪੰਜਾਬ’ ਦਾ ਨਾਅਰਾ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਐਨਡੀਏ ਦੀ ਹੀ ਸਰਕਾਰ ਬਣੇਗੀ। ਕਿਉਂਕਿ ਅੱਜ ਸਾਰਾ ਦੇਸ਼ ਇਕ ਨਵੇਂ ਭਾਰਤ ਦਾ ਸੁਪਨਾ ਦੇਖ ਰਿਹਾ ਹੈ ਤੇ ਇਹ ਤਾਂ ਹੀ ਬਣੇਗਾ ਜਦੋਂ ਪੰਜਾਬ ਨਵਾਂ ਪੰਜਾਬ



ਬਣੇਗਾ। ਇਹ ਨਵਾਂ ਪੰਜਾਬ ਉਦੋਂ ਹੀ ਬਣੇਗਾ ਜਦੋਂ ਨਵਾਂ ਪੰਜਾਬ ਭ੍ਰਿਸ਼ਟਾਚਾਰ ਤੇ ਮਾਫੀਏ ਲਈ ਕੋਈ ਥਾਂ ਨਹੀਂ ਹੋਵੇਗੀ। ਪੰਜਾਬ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਹੋਣਗੇ। ਨਵਾਂ ਪੰਜਾਬ ਕਰਜ਼ਮੁਕਤ ਹੋਵੇਗਾ। ਇਹ ਨਵਾਂ ਪੰਜਾਬ ਦੋ ਨਵੇਂ ਇੰਜਣਾਂ ਨਾਲ ਬਣੇਗਾ। ਇਕ ਕੇਂਦਰ ਦਾ ਤੇ ਦੂਜਾ ਸੂਬੇ ਦਾ। ਇਨਾਂ ਦੋ ਇੰਜਣਾਂ ਨਾਲ ਪੰਜਾਬ ਜਬਰਦਸਤ ਤਰੱਕੀ ਕਰੇਗਾ। ਜਲੰਧਰ ਤੋਂ ਬਾਅਦ ਪ੍ਰਧਾਨ ਮੰਤਰੀ ਪੰਜਾਬ ਵਿੱਚ ਦੋ ਹੋਰ ਰੈਲੀਆਂ ਕਰਨਗੇ। ਇਹ 16 ਫਰਵਰੀ ਨੂੰ ਪਠਾਨਕੋਟ ਅਤੇ 17 ਫਰਵਰੀ ਨੂੰ ਅਬੋਹਰ ਵਿੱਚ ਹੋਵੇਗੀ।

**ਕਿਸਾਨਾਂ ਵਲੋਂ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰੇ**

ਪੰਜਾਬ ਵਿਧਾਨ ਸਭਾ ਚੋਣਾਂ ਦੇ ਸਬੰਧ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਲੰਧਰ ਵਿਚ ਹੋ ਰਹੀ ਚੋਣ ਰੈਲੀ ਦੇ ਵਿਰੋਧ ਵਿਚ ਪੰਜਾਬ ਭਰ ਵਿਚ ਰੋਸ ਪ੍ਰਦਰਸ਼ਨ ਅਤੇ ਅਰਥੀ ਫੂਕ ਮੁਜ਼ਾਹਰੇ ਹੋਏ। ਇਸ ਦੌਰਾਨ ਪੰਜਾਬ ਭਰ ਵਿਚ ਵੱਖ-ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਮੋਦੀ ਦੇ ਪੰਜਾਬ ਦੌਰੇ ਦੇ ਵਿਰੋਧ ਵਿਚ ਕਿਸਾਨ-ਮਜ਼ਦੂਰ ਜਥੇਬੰਦੀਆਂ ਤੇ ਹੋਰ ਧਿਰਾਂ ਨੇ ਰੋਸ ਪ੍ਰਦਰਸ਼ਨ ਕੀਤੇ ਤੇ ਪੁਤਲੇ ਸਾੜੇ।

# ਚੈੱਫ ਸਾਰਕਰ ਦੀ ਹੱਤਿਆ ਬੀਮੇ ਦਾ ਪੈਸਾ ਹੜੱਪਣ ਲਈ ਕੀਤੀ ਗਈ

## 3 ਸਾਲ ਬਾਅਦ ਅਦਾਲਤ ਵੱਲੋਂ ਮਾਰਵਲ ਸਾਲਵੈਂਟ ਤੇ ਮਾਰੀਆ ਮੂਰੀ ਦੋਸ਼ੀ ਕਰਾਰ

**ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ:-** ਫਰੀਮਾਂਟ, ਕੈਲੀਫੋਰਨੀਆ, ਵਿਚ ਜਾਣੇ ਪਛਾਣੇ ਚੈੱਫ ਡੌਮੀਨਿਕ ਸਾਰਕਰ ਦੀ ਉਸ ਦੇ ਸੌਣ ਵਾਲੇ ਕਮਰੇ ਵਿਚੋਂ ਲਾਸ਼ ਮਿਲਣ ਦੇ 3 ਸਾਲ ਬਾਅਦ ਅਦਾਲਤ ਨੇ ਆਪਣੇ ਫੈਸਲੇ ਵਿਚ ਮਾਰਵਲ ਸਾਲਵੈਂਟ ਤੇ ਮਾਰੀਆ ਮੂਰੀ ਨੂੰ ਦੋਸ਼ੀ ਕਰਾਰ ਦਿੰਦਿਆਂ ਕਿਹਾ ਹੈ ਕਿ ਇਨਾਂ ਨੇ ਬੀਮੇ ਦੇ ਪੈਸੇ ਹੜੱਪਣ ਲਈ ਡੌਮੀਨਿਕ ਦੀ ਹੱਤਿਆ ਲਈ ਵਿਸ਼ੇਸ਼ ਹਾਲਾਤ ਪੈਦਾ ਕੀਤੇ ਤੇ ਸਾਜਿਸ਼ ਰਚੀ। ਅਦਾਲਤ ਨੇ ਕਿਹਾ ਹੈ ਕਿ ਮੂਰੀ ਨੇ ਸਾਲਵੈਂਟ ਨਾਲ ਮਿਲ ਕੇ ਸਾਰਕਰ ਦੇ ਜੀਵਨ ਬੀਮੇ ਦੇ 8 ਲੱਖ ਡਾਲਰ ਲੈਣ ਲਈ ਉਸ ਦੇ ਕਤਲ ਦੀ ਯੋਜਨਾ ਬਣਾਈ। ਮੂਰੀ ਨੇ ਪੁੱਛਗਿੱਛ ਦੌਰਾਨ ਪੁਲਿਸ ਨੂੰ ਦਸਿਆ ਕਿ ਸਾਲਵੈਂਟ ਨੇ ਹੀ ਸਾਰਕਰ ਨੂੰ ਮਾਰਨ ਦੀ ਸਾਜਿਸ਼ ਰਚੀ ਸੀ। ਮੂਰੀ ਨੇ ਸਵੀਕਾਰ ਕੀਤਾ ਕਿ ਉਸ ਦੇ ਸਾਰਕਰ ਨਾਲ ਸਰੀਰਕ ਸਬੰਧ ਸਨ ਤੇ ਉਹ ਸਾਰਕਰ ਦੀ ਬੀਮਾ ਪਾਲਿਸੀ ਵਿਚ ਹਿੱਸੇਦਾਰ ਸੀ। ਪਹਿਲਾਂ ਪਾਲਿਸੀ ਵਿਚ ਉਸ ਨੂੰ ਘਰੇਲੂ ਭਾਈਵਾਲੀ ਵਜੋਂ ਤੇ ਸਾਰਕਰ ਦੀਆਂ ਦੋ ਬੇਟੀਆਂ ਨੂੰ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ ਗਿਆ ਸੀ। 2016 ਵਿਚ ਸਾਰਕਰ ਦੀਆਂ ਬੇਟੀਆਂ ਨੂੰ ਪਾਲਿਸੀ ਵਿਚੋਂ ਕੱਢ ਦਿੱਤਾ ਗਿਆ ਤੇ ਮੂਰੀ ਦੇ ਪੁੱਤਰ ਨੂੰ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ ਗਿਆ। 2017 ਵਿਚ ਸਾਰਕਰ ਨੇ 3 ਲੱਖ ਡਾਲਰ ਦੀ ਇਕ ਹੋਰ ਬੀਮਾ ਪਾਲਿਸੀ ਖਰੀਦੀ ਜਿਸ ਵਿਚ ਉਸ ਨੇ ਆਪਣੀਆਂ ਧੀਆਂ ਨੂੰ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ। ਬਾਅਦ ਵਿਚ ਇਸ ਪਾਲਿਸੀ ਵਿਚੋਂ ਵੀ ਸਾਰਕਰ ਦੀਆਂ ਧੀਆਂ ਦਾ ਨਾਂ ਕੱਢ ਕੇ ਮੂਰੀ ਨੂੰ ਇਕੋ ਇਕ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ ਗਿਆ। ਅਦਾਲਤ ਨੇ ਸੈੱਲ ਫੋਨ ਉਪਰ ਮੂਰੀ ਤੇ ਸਾਲਵੈਂਟ ਵਿਚਾਲੇ ਹੋਏ ਟੈਕਸਟ ਸੁਨੇਹੇ ਤੇ ਗਵਾਂਢੀਆਂ ਦੇ ਸੀ ਸੀ ਟੀ ਵੀ ਕੈਮਰੇ ਵਿਚੋਂ ਇਨਾਂ ਦੋਨਾਂ ਵਿਰੁੱਧ ਮਿਲੇ ਸਬੂਤਾਂ ਦੇ ਆਧਾਰ ’ਤੇ ਦੋਸ਼ੀ ਕਰਾਰ ਦਿੱਤਾ। ਸਜ਼ਾ ਬਾਅਦ ਵਿਚ ਸੁਣਾਈ ਜਾਵੇਗੀ।



*ਡੌਮੀਨਿਕ ਸਾਰਕਰ ਦੀ ਫਾਈਲ ਤਸਵੀਰ*

# ਕਿਸਾਨਾਂ ਨੇ ਨੱਡਾ ਨੂੰ ਦਿਖਾਈਆਂ ਕਾਲ਼ੀਆਂ ਝੰਡੀਆਂ

## ✪ ਕਿਹਾ-ਐੱਮ. ਐੱਸ. ਪੀ. ’ਤੇ ਕਮੇਟੀ ਬਣਨ ਤੱਕ ਬੀਜੇਪੀ ਦੇ ਮੰਤਰੀਆਂ ਦਾ ਘਿਰਾਓ ਲਗਾਤਾਰ ਜਾਰੀ ਰਹੇਗਾ ✪ ਕਿਸਾਨ ਬੰਦੀਵਾਨ ਸਿੱਖਾਂ ਦੇ ਹੱਕ ਵਿੱਚ ਡਟੇ

**ਨੂਰਪੁਰ ਬੇਦੀ/ਏ.ਟੀ.ਨਿਊਜ਼ :-** ਕਿਰਤੀ ਕਿਸਾਨ ਮੋਰਚਾ ਰੋਪੜ ਦੇ ਆਗੂਆਂ ਨੇ ਬੀਜੇਪੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਡਾ ਨੂੰ ਕਾਲ਼ੀਆਂ ਝੰਡੀਆਂ ਵਿਖਾਈਆਂ । ਇਸ ਮੌਕੇ ਕਿਰਤੀ ਕਿਸਾਨ ਮੋਰਚਾ ਰੋਪੜ ਦੇ ਜ਼ਿਲਾ ਪ੍ਰਧਾਨ ਵੀਰ ਸਿੰਘ ਬੜਵਾ ਨੇ ਕਿਹਾ ਕਿ ਇੱਕ ਪਾਸੇ ਕਰਨਾਟਕਾ ਵਿੱਚ ਬੀਜੇਪੀ ਸਰਕਾਰ ਹੋਣ ਦੇ ਬਾਵਜੂਦ ਉੱਥੇ ਮੁਸਲਿਮ ਭਾਈਚਾਰੇ ਨਾਲ਼ ਧੱਕਾ ਕੀਤਾ ਜਾ ਰਿਹਾ ਹੈ ਜਿੱਥੇ ਕਿ ਮੁਸਲਿਮ ਭਾਈਚਾਰੇ ਦੀਆਂ ਬੱਚੀਆਂ ਨੂੰ ਹਿਜਾਬ ਪਾ ਕੇ ਸਕੂਲ ਅਤੇ ਕਾਲਜ ਜਾਣ ’ਤੇ ਰੋਕ ਲਗਾ ਦਿੱਤੀ ਗਈ ਹੈ, ਉੱਥੇ ਹੀ ਆਰ.ਐੱਸ. ਐੱਸ. ਦੇ ਗੁੰਡਿਆਂ ਵੱਲੋਂ ਰਾਸ਼ਟਰੀ ਝੰਡਾ ਉਤਾਰ ਕੇ ਉਥੇ ਭਗਵਾਂ ਝੰਡਾ ਲਹਿਰਾ ਦਿੱਤਾ ਗਿਆ। ਉਨਾਂ ਕਿਹਾ ਕਿ ਲਖੀਮਪੁਰ ਖੀਰੀ ਵਿੱਚ ਗੱਡੀ



ਨਾਲ਼ ਕਿਸਾਨਾਂ ਨੂੰ ਕੁਚਲਣ ਵਾਲੇ ਬੀਜੇਪੀ ਦੇ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇ ਦਿੱਤੀ ਗਈ। ਇਸ ਤੋਂ ਇਲਾਵਾ ਚੋਣਾਂ ਦੇ ਮੱਦੇਨਜ਼ਰ ਡੇਰਾ ਸੌਦਾ ਨੂੰ ਵੀ ਫ਼ਰਲੋ ਦੇ ਦਿੱਤੀ ਗਈ ਅਤੇ ਦੂਜੇ ਪਾਸੇ ਅਨੇਕਾਂ ਰਾਜਨੀਤਕ ਕੈਦੀ ਅਤੇ ਬੰਦੀ ਸਿੰਘ ਜਿਨਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ, ਉਨਾਂ ਨੂੰ ਧੱਕੇ ਨਾਲ਼ ਇਸ ਸਰਕਾਰ ਵੱਲੋਂ ਜੇਲਾਂ ਵਿੱਚ ਡੱਕਿਆ ਹੋਇਆ ਹੈ। ਇਹ ਸਭ ਕੁਝ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਰਤੀ ਕਿਸਾਨ ਮੋਰਚਾ ਰੋਪੜ ਦੇ ਬਲਾਕ ਨੂਰਪੁਰਬੇਦੀ ਦੇ ਪ੍ਰਧਾਨ ਹਰਪ੍ਰੀਤ ਭੱਟੋ ਨੇ ਕਿਹਾ ਕਿ ਜਦੋਂ ਤੱਕ ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨਾਂ ਨੂੰ ਇਨਸਾਫ਼ ਨਹੀਂ ਮਿਲ ਜਾਂਦਾ ਅਤੇ ਐੱਮ. ਐੱਸ. ਪੀ.’ਤੇ ਕਮੇਟੀ ਨਹੀਂ ਬਣਾ ਦਿੱਤੀ ਜਾਂਦੀ, ਉਦੋਂ ਤੱਕ ਬੀਜੇਪੀ ਦੇ ਮੰਤਰੀਆਂ ਦਾ ਘਿਰਾਓ ਲਗਾਤਾਰ ਜਾਰੀ ਰਹੇਗਾ।

# ਕੇਂਦਰ ਦੀ ਇਜਾਜ਼ਤ ਤੋਂ ਬਾਅਦ ਹਰਿਆਣਾ ਸਰਕਾਰ ਨੇ ਕਿਸਾਨਾਂ ’ਤੇ ਦਰਜ ਕੇਸ ਵਾਪਸ ਲਏ

**ਚੰਡੀਗੜ/ਏ.ਟੀ.ਨਿਊਜ਼ :-** ਹਰਿਆਣਾ ਦੀ ਭਾਜਪਾ-ਜੇਜੇਪੀ ਗੱਠਜੋੜ ਸਰਕਾਰ ਨੇ ਵਾਅਦੇ ਮੁਤਾਬਕ ਕਿਸਾਨਾਂ ਵਿਰੁਧ ਦਰਜ ਕੇਸ ਵਾਪਸ ਲੈਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ। ਤਿੰਨ ਖੇਤੀ ਕਾਨੂੰਨਾਂ ਵਿਰੁੱਧ ਇੱਕ ਸਾਲ ਤੱਕ ਚੱਲੇ ਅੰਦੋਲਨ ਦੌਰਾਨ ਹਜ਼ਾਰਾਂ ਕਿਸਾਨਾਂ ਵਿਰੁੱਧ 272 ਕੇਸ ਦਰਜ ਕੀਤੇ ਗਏ। ਇਨਾਂ ਵਿੱਚੋਂ 82 ਕੇਸ ਰਾਜ ਸਰਕਾਰ ਨੇ ਵਾਪਸ ਲੈ ਲਏ ਹਨ ਤੇ ਰੇਲਵੇ ਟਰੈਕ ਤੇ ਜੀ.ਟੀ ਰੋਡ ਜਾਮ ਕਰਨ ਦੇ 82 ਕੇਸਾਂ ਨੂੰ ਰੱਦ ਕਰਨ ਲਈ ਕੇਂਦਰ ਸਰਕਾਰ ਤੋਂ ਮਨਜ਼ੂਰੀ ਮੰਗੀ ਗਈ ਹੈ।

ਕੇਂਦਰ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਵੀ ਇਹ ਕੇਸ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਬਾਕੀ 104 ਕੇਸਾਂ ਨੂੰ ਵਾਪਸ ਲੈਣ ਦੀ ਪ੍ਰਕਿਰਿਆ ਵੀ ਤੇਜ਼ੀ ਨਾਲ ਚੱਲ ਰਹੀ ਹੈ। ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿਜ ਨੇ ਕੇਂਦਰ ਵੱਲੋਂ ਦਿੱਤੀ ਗਈ ਇਜਾਜ਼ਤ ਦੀ ਪੁਸ਼ਟੀ ਕੀਤੀ ਹੈ।

# ਅੱਜ ਹਿਜਾਬ ਕੱਲ ਨੂੰ ਦਸਤਾਰ

## ਕੱਟੜਵਾਦੀ ਬਹੁਗਿਣਤੀ ਸੰਗਠਨ ਅਦਾਲਤਾਂ ਰਾਹੀਂ ਹਿਜਾਬ ’ਤੇ ਲਗਾ ਰਹੇ ਹਨ ਰੋਕ : ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਭਾਰਤੀ ਅਦਾਲਤਾਂ ਦੇ ਭਗਵਾਂਕਰਨ ਵੱਲ ਝੁਕਾਅ ਦੇ ਮਜ਼ਬੂਤ ਸੰਕੇਤ ਮਿਲ ਰਹੇ ਹਨ ਜੋ ਸਮਾਜ ਦੇ ਵੱਖ-ਵੱਖ ਧਰਮਾਂ ਨੂੰ ਜੋੜਨ ਦੀ ਬਜਾਏ ਦੂਰੀਆਂ ਪੈਦਾ ਕਰ ਸਕਦੇ ਹਨ। ਇਸ ਗੱਲ ਦਾ ਅੰਦੇਸ਼ਾ ਜਥੇਦਾਰ ਹਵਾਰਾ ਕਮੇਟੀ ਨੇ ਮੁਸਲਿਮ ਧਰਮ ਦੀਆਂ ਔਰਤਾਂ ਨੂੰ ਕਰਨਾਟਕਾ ਵਿੱਚ ਹਿਜਾਬ ਪਹਿਨਣ ’ਤੇ ਲੱਗੀ ਅਦਾਲਤੀ ਰੋਕ ’ਤੇ ਪ੍ਰਗਟ ਕੀਤਾ। ਪਿਛਲੇ ਦਿਨੀ ਕਰਨਾਟਕਾ ਦੇ ਸਕੂਲ ਕਾਲਜਾਂ ਵਿੱਚ ਮੁਸਲਿਮ ਲੜਕੀਆਂ ਵੱਲੋਂ ਹਿਜਾਬ ਪਹਿਨਣ ਦੇ ਮਸਲੇ ਨੂੰ ਲੈ ਕੇ ਦੋ ਵਰਗ ਦੇ ਧਰਮਾਂ ਦੇ ਵਿਦਿਆਰਥੀਆਂ ਵਿੱਚ ਹਿੰਸਕ ਟਕਰਾਅ ਹੋਇਆ ਸੀ। ਮੁਸਲਿਮ ਔਰਤਾਂ ਦੀ ਰੀਸ ਕਰਦਿਆਂ ਦੂਜੀ ਧਿਰ ਵੱਲੋਂ ਭਗਵਾਂ ਸ਼ਾਲ ਪਾਉਣੀ ਸ਼ੁਰੂ ਕਰ ਦਿੱਤੀ ਗਈ। ਕਰਨਾਟਕਾ ਹਾਈਕੋਰਟ ਨੇ ਦਖ਼ਲ ਦੇ ਕੇ ਹਿਜਾਬ ਅਤੇ ਭਗਵਾਂ ਸ਼ਾਲ ’ਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਹੈ। ਵਰਨਣਯੋਗ ਹੈ ਕਿ ਰਾਜ ਸਰਕਾਰ ਦੇ ਐਜੂਕੇਸ਼ਨ ਐਕਟ ਦੀ ਧਾਰਾ 133 ਦੇ ਅਧੀਨ ਵਿੱਦਿਅਕ ਅਦਾਰਿਆਂ ਵਿੱਚ ਨਿਰਧਾਰਿਤ



ਵਰਦੀ ਪਾਉਣੀ ਲਾਜ਼ਮੀ ਕੀਤੀ ਹੋਈ ਹੈ। ਮੁਸਲਿਮ ਔਰਤਾਂ ਦਾ ਕਹਿਣਾ ਹੈ ਕਿ ਉਹ ਵਰਦੀ ਦੀ ਪਾਲਨਾ ਕਰਦੀਆਂ ਹਨ ਪਰ ਇਸਦੇ ਇਲਾਵਾ ਸਦੀਆਂ ਤੋਂ ਚਲੀ ਆ ਰਹੀ ਧਾਰਮਿਕ ਪਰੰਪਰਾ ਅਨੁਸਾਰ ਸਿਰ ਢੱਕਣ ਲਈ ਹਿਜਾਬ ਪਹਿਨਦੀਆਂ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ ਸੰਬੰਧੀ ਦਾਖ਼ਲ ਪਟੀਸ਼ਨ ਨੂੰ ਫ਼ਿਲਹਾਲ ਸੁਨਣ ਤੋਂ ਇਨਕਾਰ ਕਰ ਦਿੱਤਾ ਹੈ। ਜਥੇਦਾਰ ਹਵਾਰਾ ਕਮੇਟੀ ਦੇ ਆਗੂ ਪ੍ਰੋਫ਼ੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਮਹਾਂਬੀਰ ਸਿੰਘ ਸੁਲਤਾਨਵਿੰਡ, ਬਲਬੀਰ ਸਿੰਘ ਹਿਸਾਰ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 25 ਅਧੀਨ ਧਾਰਮਿਕ ਅਜ਼ਾਦੀ ਦੀ ਖੁੱਲ ਹੈ। ਹਿਜਾਬ ਪਹਿਨਣ ਨਾਲ਼ ਪਬਲਿਕ ਆਡਰ ਕਿਸੇ ਵੀ ਰੂਪ ਵਿੱਚ ਭੰਗ ਨਹੀਂ ਹੁੰਦਾ। ਇਸ ਲਈ ਇਸ ਨੂੰ ਕੱਟੜਪੰਥੀਆਂ ਵੱਲੋਂ ਵਿਵਾਦ ਦਾ ਮੁੱਦਾ ਬਨਾਉਣਾ ਅਤੇ ਅਦਾਲਤਾਂ ਵੱਲੋਂ ਸਪੱਸ਼ਟ ਰੂਪ ਵਿੱਚ ਧਾਰਾ 25 ਦਾ ਫ਼ਾਇਦਾ ਘੱਟਗਿਣਤੀਆਂ ਨੂੰ ਦੇਣ ਤੋਂ ਟਾਲ ਮਟੋਲਾ ਕਰਨਾ ਲੋਕਤੰਤਰ ਨੂੰ ਕਮਜ਼ੋਰ ਕਰਨਾ ਹੈ।

**ਬਾਕੀ ਸਫ਼ਾ 32 ’ਤੇ**

# ਹਿਜਾਬ ਵਿਵਾਦ ਬਾਰੇ ਸੋਨਮ ਕਪੂਰ ਬੋਲੀ- ਜੇਕਰ ਪੱਗ ਦੀ ਚੋਣ ਹੋ ਸਕਦੀ ਹੈ ਤਾਂ ਹਿਜਾਬ ਕਿਉਂ ਨਹੀਂ ?

## ਹਿਜਾਬ ਮੁੱਦੇ ਉਪਰ ਕੰਗਨਾ-ਸ਼ਬਾਨਾ ਆਹਮੋ-ਸਾਹਮਣੇ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਕਰਨਾਟਕ ਦੇ ਉਡੁਪੀ ਜੂਨੀਅਰ ਕਾਲਜ ਵਿੱਚ ਹਿਜਾਬ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਹੁਣ ਵਧਦਾ ਜਾ ਰਿਹਾ ਹੈ। ਸਿਆਸਤਦਾਨਾਂ ਦੇ ਨਾਲ਼-ਨਾਲ਼ ਬਾਲੀਵੁੱਡ ਸੈਲੀਬ੍ਰਿਟੀ ਵੀ ਇੱਕ-ਇੱਕ ਕਰਕੇ ਇਸ ਵਿੱਚ ਕੁੱਦ ਪਏ ਹਨ। ਕੰਗਨਾ ਰਣੌਤ, ਜਾਵੇਦ ਅਖ਼ਤਰ ਅਤੇ ਸ਼ਬਾਨਾ ਆਜ਼ਮੀ ਤੋਂ ਬਾਅਦ ਹੁਣ ਸੋਨਮ ਕਪੂਰ ਨੇ ਵੀ ਇਸ ਮੁੱਦੇ ’ਤੇ ਆਪਣੀ ਰਾਏ ਦਿੱਤੀ ਹੈ। ਸੋਸ਼ਲ ਮੀਡੀਆ ’ਤੇ ਇੱਕ ਤਸਵੀਰ ਸ਼ੇਅਰ ਕਰਕੇ ਸੋਨਮ ਨੇ ਸਰਕਾਰ ਨੂੰ ਸਵਾਲ ਪੁੱਛਿਆ ਹੈ।

ਉਨਾਂ ਨੇ ਆਪਣੀ ਇੰਸਟਾਗ੍ਰਾਮ ਸਟੋਰੀ ’ਤੇ ਦੋ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇੱਕ ਵਿੱਚ ਮਰਦ ਨੇ ਪੱਗ ਬੰਨੀ ਹੋਈ ਹੈ ਅਤੇ ਦੂਜੇ ਵਿੱਚ ਔਰਤ ਨੇ ਹਿਜਾਬ ਪਾਇਆ ਹੋਇਆ ਹੈ। ਸੋਨਮ ਨੇ ਪੁੱਛਿਆ ਹੈ, ਪੱਗ ਦੀ ਚੋਣ ਹੋ ਸਕਦੀ ਹੈ, ਫਿਰ ਹਿਜਾਬ ਕਿਉਂ ਨਹੀਂ ? ਦੇਸ਼ ਦੇ ਹਰ ਮੁੱਦੇ ’ਤੇ ਬੋਲਣ ਵਾਲੀ ਸੋਨਮ ਕਪੂਰ ਇਸ ਸਮੇਂ ਲੰਡਨ ਵਿੱਚ ਹੈ।

**ਕੰਗਨਾ-ਸ਼ਬਾਨਾ ਆਹਮੋ-ਸਾਹਮਣੇ**

ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਕੰਗਨਾ ਰਣੌਤ, ਸ਼ਬਾਨਾ ਆਜ਼ਮੀ ਅਤੇ



ਜਾਵੇਦ ਅਖ਼ਤਰ ਇਸ ਮਾਮਲੇ ’ਤੇ ਸੋਸ਼ਲ ਮੀਡੀਆ ’ਤੇ ਲਿਖ ਚੁੱਕੇ ਹਨ। ਭਾਰਤ ਵਿੱਚ ਹਿਜਾਬ ਦੇ ਮੁੱਦੇ ’ਤੇ ਹੰਗਾਮਾ ਮੱਚਿਆ ਹੋਇਆ ਹੈ। ਬਾਲੀਵੁੱਡ ਵੀ ਇਸ ਮੁੱਦੇ ’ਤੇ ਦੋ ਹਿੱਸਿਆਂ ਵਿੱਚ ਵੰਡਦਾ ਨਜ਼ਰ ਆ ਰਿਹਾ ਹੈ। ਕੁਝ ਕਹਿੰਦੇ ਹਨ ਕਿ ਇਸ ਦੇਸ਼ ਵਿੱਚ ਕੀ ਪਹਿਨਣਾ ਹੈ, ਇਹ ਕੋਈ ਨਹੀਂ ਦੱਸੇਗਾ, ਜਦੋਂ ਕਿ ਕੁਝ ਦਾ ਕਹਿਣਾ ਹੈ ਕਿ ਸਕੂਲ ਵਿੱਚ ਕੀ ਪਹਿਨਿਆ ਜਾਵੇਗਾ, ਇਹ ਸਕੂਲ ਹੀ ਤੈਅ ਕਰੇਗਾ।

**ਇਹ ਹੈ ਸਾਰਾ ਵਿਵਾਦ**

ਕਰਨਾਟਕ ਦੇ ਉਡੁਪੀ ਜ਼ਿਲੇ ਦੇ ਇੱਕ ਸਰਕਾਰੀ ਸਕੂਲ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ। ਇੱਥੇ 6 ਲੜਕੀਆਂ ਹਿਜਾਬ ਪਾ ਕੇ ਕਲਾਸ ਵਿੱਚ ਪਹੁੰਚੀਆਂ ਸਨ। ਜਦੋਂ ਉਨਾਂ ਵੱਲੋਂ ਮਨਾ ਕੀਤਾ ਗਿਆ ਤਾਂ ਮਾਮਲਾ ਭਖ ਗਿਆ। ਕੁਝ ਮੁੰਡੇ ਭਗਵੇਂ ਕੱਪੜੇ ਪਾ ਕੇ ਆਏ ਸਨ। ਵਿਰੋਧ ਵਧਣਾ ਸ਼ੁਰੂ ਹੋ ਗਿਆ ਅਤੇ ਕਰਨਾਟਕ ਦੇ ਕਈ ਹਿੱਸਿਆਂ ਵਿੱਚ ਫੈਲ ਗਿਆ। ਇੱਕ ਕਾਲਜ ਵਿੱਚ ਹਿੰਸਾ ਤੋਂ ਬਾਅਦ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ। ਫ਼ਿਲਹਾਲ ਇਹ ਮਾਮਲਾ ਕੋਰਟ ਦੇ ਸਾਹਮਣੇ ਹੈ ਪਰ ਹੁਣ ਬਾਲੀਵੁੱਡ ਸੈਲੀਬ੍ਰਿਟੀਜ਼ ਵੀ ਇਸ ਵਿਵਾਦ ’ਤੇ ਆਪਣੀ ਰਾਏ ਦੇ ਰਹੀਆਂ ਹਨ।

# ਮਾਮਲਾ ਅੰਮ੍ਰਿਤਧਾਰੀ ਸਿੱਖ ਭਰਾਵਾਂ ਨਾਲ਼ ਕੁੱਟਮਾਰ ਦਾ

## ਪੁਲਿਸ ਵੱਲੋਂ ਫ਼ੋਟੋਗ੍ਰਾਫ਼ਰ ਸਮੇਤ 10-15 ਅਣਪਛਾਤੇ ਬਰਾਤੀਆਂ ਖ਼ਿਲਾਫ਼ ਮਾਮਲਾ ਦਰਜ

**ਡੇਰਾਬੱਸੀ /ਏ.ਟੀ.ਨਿਊਜ਼:** ਈਸਾਪੁਰ ਸੜਕ ’ਤੇ ਰੇਲਵੇ ਫ਼ਾਟਕ ਕੋਲ਼ ਸਥਿਤ ਰਾਮ ਮੰਦਰ ਵਿਖੇ ਲੰਘੇ ਦਿਨੀਂ ਸ਼ਰਾਬ ਦੇ ਨਸ਼ੇ ਵਿੱਚ ਬਰਾਤੀਆਂ ਵੱਲੋਂ ਕੈਟਰਿੰਗ ਦਾ ਕੰਮ ਕਰਦੇ 2 ਸਿੱਖ ਭਰਾਵਾਂ ਤੇ ਉਨਾਂ ਦੇ ਦੋਸਤ ਨਾਲ਼ ਕੁੱਟਮਾਰ ਕਰਦੇ ਦਸਤਾਰਾਂ ਉਤਾਰ ਕੇਸਾਂ ਦੀ ਬੇਅਦਬੀ ਦੇ ਮਾਮਲੇ ਵਿੱਚ ਪੁਲਿਸ ਨੇ ਫ਼ੋਟੋਗ੍ਰਾਫ਼ਰ ਸਮੇਤ 10-15 ਅਣਪਛਾਤੇ ਬਰਾਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਫ਼ੋਟੋਗ੍ਰਾਫ਼ਰ ਦੀ ਪਛਾਣ ਪਰਵਿੰਦਰ ਸਿੰਘ ਪਿੰਡ ਭਾਂਖਰਪੁਰ ਵਜੋਂ ਹੋਈ ਹੈ। ਥਾਣਾ ਮੁਖੀ ਕੁਲਬੀਰ ਸਿੰਘ ਨੇ ਦੱਸਿਆ ਪੰਜਾਬ ਕੈਟਰ ਦੇ ਮਾਲਕ ਹਰਪਾਲ ਸਿੰਘ ਡੇਰਾਬੱਸੀ ਨੇ ਦਿੱਤੀ ਸ਼ਿਕਾਇਤ ’ਚ ਦੱਸਿਆ ਸੀ ਕਿ ਕੁਝ ਦਿਨ ਪਹਿਲਾਂ ਰਾਮ ਮੰਦਰ ਵਿਖੇ ਇੱਕ ਲੜਕੀ ਦਾ ਵਿਆਹ ਸੀ, ਜਿਸਦੇ ਪਰਿਵਾਰ ਵੱਲੋਂ ਉਨਾਂ ਨੂੰ ਕੈਟਰਿੰਗ ਦਾ ਕੰਮ ਦਿੱਤਾ ਗਿਆ ਸੀ। ਯਮੁਨਾਨਗਰ ਤੋਂ ਆਈ ਬਰਾਤ ਵਿੱਚ ਕੁਝ ਵਿਅਕਤੀ ਖਾਣਾ ਖਾਣ ਵਿੱਚ ਦੇਰੀ ਕਰ ਰਹੇ ਸਨ, ਜਦਕਿ ਕੋਰੋਨਾ ਨਿਯਮਾਂ ਮੁਤਾਬਕ ਦੇਰ ਰਾਤ ਤੱਕ ਉਹ ਪ੍ਰੋਗਰਾਮ ਨਹੀਂ ਕਰ ਸਕਦੇ ਸਨ। ਹਰਪਾਲ ਸਿੰਘ ਨੇ ਬਰਾਤੀਆਂ ਨੂੰ ਸਮੇਂ ਨਾਲ਼ ਖਾਣਾ ਖਾਣ ਲਈ ਕਈ ਵਾਰ ਕਿਹਾ, ਪਰ ਰਾਤ ਦੇ 1 ਵਜੇ ਤੱਕ ਬਰਾਤੀ ਖਾਣਾ ਖਾਣ ਤੋਂ ਟਾਲ਼ਾ ਵੱਟੀ ਜਾ ਰਹੇ ਸਨ। ਇਸ ਦੌਰਾਨ ਫ਼ੋਟੋਗ੍ਰਾਫ਼ਰ ਨੇ 10-15 ਬਰਾਤੀਆਂ ਨਾਲ਼ ਮਿਲ ਕੇ ਉਨਾਂ ਨਾਲ਼ ਝਗੜਾ ਸ਼ੁਰੂ ਕਰਦੇ ਕੁੱਟਮਾਰ ਕਰਦਿਆਂ ਉਨਾਂ ਦੀਆਂ ਦਸਤਾਰਾਂ ਉਤਾਰ ਦਿੱਤੀਆਂ ਤੇ ਹਰਪਾਲ ਸਿੰਘ ਦੇ ਵਾਲ ਵੀ ਪੁੱਟੇ। ਹਰਪਾਲ ਨੇ ਦੋਸ਼ ਲਾਇਆ ਕਿ ਹਮਲਾਵਰਾਂ ਨੇ ਸ਼ਰਾਬ ਪੀਤੀ ਹੋਈ ਸੀ। ਜ਼ਖ਼ਮੀ ਹਰਪਾਲ ਸਿੰਘ ਤੇ ਉਸਦੇ ਭਰਾ ਨੂੰ ਸਾਥੀਆਂ ਨੇ ਡੇਰਾਬੱਸੀ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਸੀ। ਥਾਣਾ ਮੁਖੀ ਨੇ ਦੱਸਿਆ ਕਿ ਮੈਡੀਕਲ ਰਿਪੋਰਟ ਤੋਂ ਬਾਅਦ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਵੱਲੋਂ ਕੀਤੀ ਕਾਰਵਾਈ ਵਿੱਚ ਬੇਅਦਬੀ ਦੀ ਧਾਰਾ ਨਾ ਜੋੜਨ ’ਤੇ ਸਿੱਖ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਹਮਲਾਵਰ ਸ਼ਰਾਬ ਪੀ ਕੇ ਮੰਦਰ ਵਿੱਚ ਸਮਾਗਮ ਵਿੱਚ ਜਾਂਦੇ ਹਨ ਜੋ ਗ਼ਲਤ ਹੈ। ਉਸ ਤੋਂ ਬਾਅਦ ਅੰਮ੍ਰਿਤਧਾਰੀ ਸਿੱਖ ਭਰਾਵਾਂ ਦੀਆਂ ਦਸਤਾਰਾਂ ਉਤਾਰ ਕੇ ਕੇਸਾ ਦੀ ਬੇਅਦਬੀ ਕਰਦੇ ਹਨ। ਪਰ ਪੁਲਿਸ ਨੇ ਮਾਮੂਲੀ ਧਾਰਾ ਤਹਿਤ ਮਾਮਲਾ ਦਰਜ ਕਰ ਖ਼ਾਨਾਪੂਰਤੀ ਕੀਤੀ ਹੈ। ਉਨਾਂ ਚਿਤਾਵਾਨੀ ਦਿੰਦੇ ਕਿਹਾ ਕਿ ਜੇਕਰ ਮੁਲਜ਼ਮਾਂ ਖ਼ਿਲਾਫ਼ ਜਲਦ ਤੋਂ ਜਲਦ ਬੇਅਦਬੀ ਦੀ ਧਾਰਾ ਤਹਿਤ ਮਾਮਲਾ ਦਰਜ ਕਰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਤਾਂ ਸਿੱਖ ਸੰਗਤ ਵੱਲੋਂ ਥਾਣੇ ਦੇ ਬਾਹਰ ਧਰਨਾ ਲਾਇਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

# ਭਾਜਪਾ ਵਿੱਚ ‘ਗ੍ਰੇਟ ਖਲੀ’ ਸ਼ਾਮਿਲ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪੰਜਾਬ ਚੋਣਾਂ ਤੋਂ ਐਨ ਪਹਿਲਾਂ ਪਹਿਲਵਾਨ ਦਲੀਪ ਸਿੰਘ ਰਾਣਾ ਉਰਫ਼ ‘ਗ੍ਰੇਟ ਖਲੀ’ ਭਾਜਪਾ ਵਿੱਚ ਸ਼ਾਮਿਲ ਹੋ ਗਏ । ਖਲੀ ਦਿੱਲੀ ਸਥਿਤ ਪਾਰਟੀ ਦੇ ਹੈੱਡਕੁਆਰਟਰ ਵਿਖੇ ਕੇਂਦਰੀ ਮੰਤਰੀ ਜਤਿੰਦਰ ਸਿੰਘ ਦੀ ਮੌਜੂਦਗੀ ਵਿੱਚ ਪਾਰਟੀ ’ਚ ਸ਼ਾਮਿਲ ਹੋਏ। ਖਲੀ ਨੇ ਭਾਜਪਾ ’ਚ ਸ਼ਾਮਿਲ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪਾਰਟੀ ਦੀਆਂ ਰਾਸ਼ਟਰੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿੱਚ ਸ਼ਾਮਿਲ ਹੋਏ ਹਨ ।



# ਪਟਿਆਲਾ ਭਾਜਪਾ ਰੈਲੀ ਵਿਚ ਅਮਿਤ ਸ਼ਾਹ ਬੋਲੇ

## ✪ ਸਿੱਖਾਂ ਤੇ ਹਿੰਦੂਆਂ ਦਾ ਧਰਮ ਪਰਿਵਰਤਨ ਰੋਕਣ ਲਈ ਭਾਜਪਾ ਸਰਕਾਰ ਦੀ ਲੋੜ ✪ ਸ਼ਾਹ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੀਟਿੰਗ

**ਪਟਿਆਲਾ/ਏ.ਟੀ.ਨਿਊਜ਼ :-** ਭਾਰਤੀ ਜਨਤਾ ਪਾਰਟੀ, ਪੰਜਾਬ ਲੋਕ ਕਾਂਗਰਸ ਤੇ ਅਕਾਲੀ ਦਲ ਸੰਯੁਕਤ ਦੀ ਸਾਂਝੀ ਰੈਲੀ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੈਪਟਨ ਅਮਰਿੰਦਰ ਸਿੰਘ ਤੇ ਸੁਖਦੇਵ ਸਿੰਘ ਢੀਂਡਸਾ ਦੀ ਪਿੱਠ ਥਪ-ਥਪਾਈ। ਅਮਿਤ ਸ਼ਾਹ ਨੇ ਕਿਹਾ ਕਿ ਦੋਵੇਂ ਆਗੂਆਂ ਨੇ ਹਮੇਸ਼ਾ ਹੀ ਪੰਜਾਬ ਦੇ ਭਲੇ ਲਈ ਆਵਾਜ਼ ਚੁੱਕੀ ਹੈ ਅਤੇ ਮੋਦੀ ਦੀ ਅਗਵਾਈ ਵਿਚ ਇਨਾਂ ਆਗੂਆਂ ਦੇ ਨਾਲ ਪੰਜਾਬ ਦਾ ਭਵਿੱਖ ਸੁਨਹਿਰੀ ਹੋਵੇਗਾ।



ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਵਿਚ ਵੱਡੇ ਪੱਧਰ ਦੇ ਧਰਮ ਪਰਿਵਰਤਨ ਹੋ ਰਿਹਾ ਹੈ ਨਾ ਸਿਰਫ਼ ਹਿੰਦੂ ਭਾਈਚਾਰੇ ਦਾ ਸਗੋਂ ਸਿੱਖ ਭਾਈਚਾਰੇ ਦਾ ਵੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ ਜਿਸ ਨੂੰ ਨਾ ਤਾਂ ਕੇਜਰੀਵਾਲ ਰੋਕ ਸਕਦਾ ਅਤੇ ਨਾ ਹੀ ਚੰਨੀ ਉਸ ਨੂੰ ਸਿਰਫ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਹੀ ਰੋਕ ਸਕਦੀ ਹੈ। ਸ਼ਾਹ ਨੇ ਕਿਹਾ ਕਿ ਜੇਕਰ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਲੁਧਿਆਣਾ ਦੇ ਸਾਈਕਲ ਨੂੰ ਵਿਸ਼ਵ ਪੱਧਰ ’ਤੇ ਲਿਜਾਇਆ ਜਾਵੇਗਾ। ਉਨਾਂ ਕਿਹਾ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਵਰਗੇ ਵੱਡੇ ਸ਼ਹਿਰਾਂ ਵਿਚ ਜਿਹੜੀ ਇੰਡਸਟਰੀ ਬੰਦ ਹੋ ਗਈ ਹੈ।ਉਸ ਨੂੰ ਮੁੜ ਸੁਰਜੀਤ ਕਰਨ ਲਈ ਭਾਜਪਾ ਵੱਲੋਂ ਯਤਨ ਕੀਤੇ ਜਾਣਗੇ ਤੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾਵੇਗਾ। ਸ਼ਾਹ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਬੇਕਦਰੀ ਕੀਤੀ ਅਤੇ ਹੁਣ ਪਟਿਆਲਾ ਜ਼ਿਲੇ ਦੇ ਲੋਕ ਕੈਪਟਨ ਦੇ ਹੱਕ ਵਿਚ ਵੋਟਾਂ ਪਾ ਕੇ ਇਸ ਦਾ ਕਰਾਰਾ ਜਵਾਬ ਜ਼ਰੂਰ ਦੇਣਗੇ। ਚਰਨਜੀਤ ਚੰਨੀ ਫਿਰ ਕਾਂਗਰਸ ਦੀ ਸਰਕਾਰ ਬਨਾਉਣ ਦਾ ਸੁਫ਼ਨਾ ਦੇਖ ਰਹੇ ਹਨ। ਪਰ ਜਿਹੜਾ ਮੁੱਖ ਮੰਤਰੀ ਆਪਣੇ ਪ੍ਰਧਾਨ ਮੰਤਰੀ ਦਾ ਰੂਟ ਸੁਰੱਖਿਅਤ ਨਹੀਂ ਰੱਖ ਸਕਦਾ ਉਹ ਪੰਜਾਬ ਦੀ ਸੁਰੱਖਿਆ ਕਿਵੇਂ ਕਰ ਸਕਦਾ ਹੈ। ਪੰਜਾਬ ਨੂੰ ਸਿਰਫ ਤੇ ਸਿਰਫ ਮੋਦੀ ਦੀ ਅਗਵਾਈ ਵਿਚ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਆਪਣੇ ਸੰਬੋਧਨ ਵਿਚ ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਦਾ ਮਤਲਬ ਹੀ ਅਗਵਾਈ ਕਰਨਾ ਹੈ। ਪੰਜਾਬ ਨੇ ਦੇਸ਼ ਦੀ ਤਰੱਕੀ ਵਿਚ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਪੰਜਾਬੀਆਂ ਨੇ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਅੱਗੇ ਹੋ ਕੇ ਲੜਿਆ ਹੈ। ਜਦੋਂ ਦੇਸ਼ ਅੰਦਰ ਭੁੱਖਮਰੀ ਸੀ ਤਾਂ ਉਦੋਂ ਪੰਜਾਬ ਨੇ ਦੇਸ਼ ਦੀ ਭੁੱਖ ਦੂਰ ਕੀਤੀ। ਪੰਜਾਬ ਦੇ ਕਿਸਾਨਾਂ ਅਤੇ ਉਦਯੋਗਪਤੀਆਂ ਨੇ ਪੂਰੇ ਦੇਸ਼ ਦਾ ਸਨਮਾਨ ਵਧਾਇਆ ਹੈ। ਹੁਣ ਵੀ ਪੰਜਾਬ ਦੇ ਹਰ ਘਰ ਵਿਚੋਂ ਸੁਰੱਖਿਆ ਫੋਰਸਾਂ ਵਿਚ ਨੌਜਵਾਨ ਤਾਇਨਾਤ ਹਨ।

**ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਭਾਜਪਾ ਦੀ ਲੋੜ**

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਐੱਨ. ਡੀ. ਏ. ਦੀ ਸਰਕਾਰ ਬਣਦੀ ਹੈ ਤਾਂ ਪੰਜ ਸਾਲਾਂ ਦੇ ਅੰਦਰ ਨਸ਼ੇ ਨੂੰ ਜੜੋਂ ਖ਼ਤਮ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਕੇਜਰੀਵਾਲ ਪੰਜਾਬ ਵਿਚ ਨਸ਼ਾ ਖ਼ਤਮ ਕਰਨ ਦੀ ਗੱਲ ਕਰ ਰਹੇ ਹਨ ਪਰ ਉਨਾਂ ਨੇ ਦਿੱਲੀ ਨੂੰ ਸ਼ਰਾਬ ਵਿਚ ਡੁਬੋ ਦਿੱਤਾ ਹੈ।

ਇਸ ਮੌਕੇ ਅਕਾਲੀ ਦਲ ਸੰਯੁਕਤ ਦੇ ਮੁਖੀ ਸੁਖਦੇਵ ਢੀਂਡਸਾ ਨੇ ਕਿਹਾ ਕਿ ਪਟਿਆਲਾ ਵਾਸੀਆਂ ’ਤੇ ਮਾਣ ਹੈ ਕਿ ਹਮੇਸ਼ਾ ਵਾਂਗ ਵੋਟਾਂ ਪਾ ਕੇ ਕੈਪਟਨ ਨੂੰ ਜਿੱਤ ਦਿਵਾਉਣਗੇ। ਉਨਾਂ ਕਿਹਾ ਅਮਿਤ ਸ਼ਾਹ ਵੱਲੋਂ ਪੰਜਾਬ ਨੂੰ ਬਹੁਤ ਮਾਣ ਸਤਿਕਾਰ ਦਿੱਤਾ ਗਿਆ। ਘੋਸ਼ਣਾ ਪੱਤਰ ਵਿਚ ਪੰਜਾਬ ਤੇ ਸਿੱਖਾਂ ਦੀ ਮੰਗਾਂ ਵੀ ਸ਼ਾਮਲ ਕੀਤੀਆਂ ਹਨ।

ਕੈਪਟਨ ਨੇ ਕਿਹਾ ਪੰਜਾਬ ਦੇ ਆਰਥਿਕ ਹਾਲਾਤ ਖਰਾਬ ਕਾਰਨ 5 ਲੱਖ ਕਰੋੜ ਦਾ ਘਾਟੇ ਵਿਚ ਹੈ। ਕੇਂਦਰ ਦੇ ਸਹਿਯੋਗ ਤੋਂ ਬਿਨਾਂ ਸੂਬੇ ਵਿਚ ਵਿਕਾਸ ਸੰਭਵ ਨਹੀਂ। ਉਨਾਂ ਕਿਹਾ ਕਿ ਚੋਣਾਂ ਵਿਚ ਭਾਜਪਾ ਤੇ ਪੀਐੱਲਸੀ, ਅਕਾਲੀ ਦਲ ਸੰਯੁਕਤ ਦੇ ਗਠਜੋੜ ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ। ਇਸ ਦੌਰਾਨ ਅਮਿਤ ਸ਼ਾਹ ਦੇ ਨਾਲ ਕੈਪਟਨ ਅਮਰਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ ਤੇ 9 ਹਲਕਿਆਂ ਦੇ ਉਮੀਦਵਾਰ ਵੀ ਮੌਜੂਦ ਰਹੇ।

**ਜਥੇਦਾਰ ਨੇ ਸਿੱਖਾਂ ਦੇ ਕਈ ਮਸਲੇ ਸ਼ਾਹ ਕੋਲ ਰੱਖੇ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ, ਸ੍ਰੀ ਅਕਾਲ ਤਖਤ ਦੇ ਸਕੱਤਰੇਤ ਪੁੱਜੇ, ਜਿੱਥੇ ਉਨਾਂ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਕਰੀਬ 45 ਮਿੰਟ ਲੰਬੀ ਇਕ ਬੰਦ ਕਮਰਾ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਜਥੇਦਾਰ ਵੱਲੋਂ ਸਿੱਖਾਂ ਦੇ ਕਈ ਮੁੱਦੇ ਹੱਲ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਕੋਲ ਰੱਖੇ ਗਏ। ਮੀਟਿੰਗ ਦੌਰਾਨ ਦੋਵੇਂ ਆਗੂ ਹੀ ਕਮਰੇ ਵਿਚ ਹਾਜ਼ਰ ਸਨ। ਹਾਲਾਂਕਿ, ਸ੍ਰੀ ਸ਼ਾਹ ਦੇ ਨਾਲ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਆਦਿ ਵੀ ਆਏ ਸਨ ਪਰ ਉਹ ਸਾਰੇ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ।

ਜਥੇਦਾਰ ਹਰਪ੍ਰੀਤ ਸਿੰਘ ਦੇ ਹਵਾਲੇ ਨਾਲ ਉਨਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਜਥੇਦਾਰ ਵੱਲੋਂ ਸਿੱਖਾਂ ਦੇ ਕਈ ਮਾਮਲੇ ਕੇਂਦਰੀ ਗ੍ਰਹਿ ਮੰਤਰੀ ਕੋਲ ਰੱਖੇ ਗਏ, ਜਿਨਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ ਵੀ ਸ਼ਾਮਲ ਹੈ।

**ਬਾਕੀ ਸਫ਼ਾ 32’ਤੇ**

# ਸੌਦਾ ਸਾਧ ਮੁਖੀ ਦੀ ਫਰਲੋ ਤੇ ਸਿਆਸਤ

ਸਿਰਸਾ ਡੇਰਾ ਮੁਖੀ ਆਖ਼ਿਰਕਾਰ 3 ਹਫ਼ਤਿਆਂ ਲਈ ਰੋਹਤਕ ਦੀ ਸੁਨਾਰਿਆ ਜੇਲ ਤੋਂ ਫ਼ਰਲੋ 'ਤੇ ਬਾਹਰ ਆ ਗਿਆ ਹੈ। ਹੁਣ ਪੰਜਾਬ ਤੇ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨੂੰ ਲੈ ਕੇ ਸਾਰਿਆਂ ਦੀਆਂ ਨਜ਼ਰਾਂ ਡੇਰਾ ਮੁਖੀ ਦੇ ਅਗਲੇ ਕਦਮ 'ਤੇ ਲੱਗੀਆਂ ਹੋਈਆਂ ਹਨ। ਅਗਸਤ 2017 ਵਿੱਚ ਸੌਦਾ ਸਾਧ ਨੂੰ ਸੀ. ਬੀ. ਆਈ. ਅਦਾਲਤ ਨੇ 2 ਸਾਧਵੀਆਂ ਨਾਲ਼ ਜਬਰ ਜਨਾਹ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਸੁਣਾਈ ਸੀ। ਉਸ ਤੋਂ ਬਾਅਦ ਉਸ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲ ਅਤੇ ਡੇਰੇ ਦੇ ਪ੍ਰਬੰਧਕ ਰਹੇ ਰਣਜੀਤ ਸਿੰਘ ਦੀ ਹੱਤਿਆ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪਿਛਲੇ ਸਾਢੇ ਚਾਰ ਸਾਲਾਂ ਤੋਂ ਡੇਰਾ ਮੁਖੀ ਸੁਨਾਰਿਆ ਜੇਲ ਵਿੱਚ ਰਿਹਾ। ਕੁਝ ਸਮਾਂ ਪਹਿਲਾਂ ਆਪਣੀ ਬੀਮਾਰ ਮਾਂ ਦਾ ਗੁਰੂਗ੍ਰਾਮ ਹਸਪਤਾਲ ਜਾ ਕੇ ਹਾਲ-ਚਾਲ ਜਾਣਨ ਲਈ ਸੌਦਾ ਸਾਧ ਨੂੰ ਪੁਲਿਸ ਸੁਰੱਖਿਆ ਵਿੱਚ ਪੈਰੋਲ ਮਿਲੀ ਸੀ। ਇਸ ਤੋਂ ਇਲਾਵਾ ਦੋ ਵਾਰ ਉਸ ਦੀ ਸਿਹਤ ਦੇ ਚੈੱਕਅਪ ਲਈ ਉਸ ਨੂੰ ਜੇਲ ਤੋਂ ਬਾਹਰ ਪੀ.ਜੀ.ਆਈ. ਰੋਹਤਕ ਤੇ ਏ.ਐਸ. ਨਵੀਂ ਦਿੱਲੀ ਲਿਜਾਇਆ ਗਿਆ ਸੀ। ਸੌਦਾ ਸਾਧ ਨੇ ਇਸ ਤੋਂ ਪਹਿਲਾਂ ਵੀ ਕਈ ਵਾਰ ਪੈਰੋਲ ਤੇ ਫ਼ਰਲੋ ਦੇਣ ਦੀ ਅਪੀਲ ਕੀਤੀ ਸੀ ਪਰ ਹਰ ਵਾਰ ਉਸ ਦੀ ਅਰਜ਼ੀ ਨੂੰ ਵਾਪਿਸ ਕਰ ਦਿੱਤਾ ਜਾਂਦਾ ਸੀ। ਹੁਣ ਪੰਜਾਬ ਦੀਆਂ ਤੇ ਉੱਤਰ ਪ੍ਰਦੇਸ਼ ਚੋਣਾਂ ਮੌਕੇ ਡੇਰਾ ਮੁਖੀ ਨੂੰ 21 ਦਿਨਾਂ ਲਈ ਫ਼ਰਲੋ ਦਿੱਤੇ ਜਾਣ ਤੋਂ ਬਾਅਦ ਹਰਿਆਣਾ ਸਰਕਾਰ ਵਿਰੋਧੀ ਨੇਤਾਵਾਂ ਦੇ ਨਿਸ਼ਾਨੇ 'ਤੇ ਆ ਗਈ ਹੈ। ਹੁਣ ਸਭ ਦੀਆਂ ਨਜ਼ਰਾਂ ਇਸ ਵੱਲ ਲੱਗੀਆਂ ਹੋਈਆਂ ਹਨ ਕਿ ਡੇਰਾ ਮੁਖੀ ਇਸ ਦੌਰਾਨ ਸਿਰਸਾ ਡੇਰੇ ਵਿੱਚ ਵੀ ਆਏਗਾ ਜਾਂ ਆਪਣੀਆਂ ਸਾਰੀਆਂ ਸਰਗਰਮੀਆਂ ਗੁਰੂਗ੍ਰਾਮ ਡੇਰੇ ਵਿੱਚ ਬੈਠ ਕੇ ਹੀ ਚਲਾਏਗਾ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਦੇ ਮਾਲਵਾ ਖੇਤਰ ਅਤੇ ਪੱਛਮ ਉੱਤਰ ਪ੍ਰਦੇਸ਼ ਵਿੱਚ ਸਿਰਸਾ ਡੇਰੇ ਦਾ ਕਾਫ਼ੀ ਪ੍ਰਭਾਵ ਰਿਹਾ ਹੈ।

ਡੇਰਾ ਮੁਖੀ ਨੂੰ ਫ਼ਰਲੋ ਮਿਲਣ ਤੋਂ ਬਾਅਦ ਨਾ ਸਿਰਫ਼ ਡੇਰੇ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਸਗੋਂ ਹਰਿਆਣਾ ਸਰਹੱਦ ਨਾਲ ਲਗਦੇ ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਵੀ ਚੋਣਾਂ ਬਾਰੇ ਕਈ ਤਰਾਂ ਦੀਆਂ ਕਿਆਸ-ਅਰਾਈਆਂ ਹੋ ਰਹੀਆਂ ਹਨ। ਡੇਰੇ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਵਾਲਿਆਂ ਦੀ ਦਿਲਚਸਪੀ ਇਸ ਗੱਲ ਵਿੱਚ ਹੈ ਕਿ ਹੁਣ ਸਾਢੇ ਚਾਰ ਸਾਲ ਤੱਕ ਡੇਰਾ ਮੁਖੀ ਦੇ ਜੇਲ ਵਿੱਚ ਰਹਿਣ ਅਤੇ ਪਿੱਛੇ ਤੋਂ ਡੇਰੇ ਦੀਆਂ ਸਰਗਰਮੀਆਂ ਪੂਰੀ ਤਰਾਂ ਠੱਪ ਰਹਿਣ ਕਾਰਨ ਹੁਣ ਡੇਰਾ ਸਮਰਥਕ ਚੋਣਾਂ ਵਿੱਚ ਕਿੰਨੇ ਕੁ ਪ੍ਰਭਾਵੀ ਹੋਣਗੇ?

ਇਸ ਵਾਰ ਡੇਰੇ ਤੋਂ ਜੋ ਸੰਕੇਤ ਮਿਲ ਰਹੇ ਹਨ, ਉਨਾਂ ਤੋਂ ਸਪੱਸ਼ਟ ਹੈ ਕਿ ਪੰਜਾਬ ਤੇ ਉੱਤਰ ਪ੍ਰਦੇਸ਼ ਚੋਣਾਂ ਵਿੱਚ ਡੇਰਾ ਸਮਰਥਕਾਂ ਦੇ ਵੋਟ ਭਾਜਪਾ ਗੱਠਜੋੜ ਨੂੰ ਮਿਲਣਗੇ, ਫਿਰ ਵੀ ਅਗਲੇ ਕੁਝ ਦਿਨਾਂ ਵਿੱਚ ਤਸਵੀਰ ਪੂਰੀ ਤਰਾਂ ਸਪੱਸ਼ਟ ਹੋ ਜਾਵੇਗੀ।

ਸਿਰਸਾ ਡੇਰਾ ਨੇ 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਖੁੱਲ ਕੇ ਭਾਜਪਾ ਦਾ ਸਾਥ ਦਿੱਤਾ ਸੀ। ਡੇਰਾ ਮੁਖੀ ਨੂੰ ਅਚਾਨਕ ਫ਼ਰਲੋ ਮਿਲਣ ਅਤੇ ਜੇਲ ਤੋਂ ਤਿੰਨ ਹਫਤਿਆਂ ਲਈ ਬਾਹਰ ਆਉਣ ਤੋਂ ਬਾਅਦ ਹਰਿਆਣਾ ਦੇ ਨਾਲ਼-ਨਾਲ਼ ਉੱਤਰ ਪ੍ਰਦੇਸ਼ ਅਤੇ ਪੰਜਾਬ ਦੇ ਸਿਆਸੀ ਮਾਹੌਲ ਵਿੱਚ ਕਾਫ਼ੀ ਗਰਮਾਹਟ ਆ ਗਈ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਭਾਜਪਾ ਕਾਂਗਰਸ ਨੂੰ ਸੱਤਾ ਤੋਂ ਖ਼ਤਮ ਕਰਨ ਲਈ ਸੌਦਾ ਸਾਧ ਦੀਆਂ ਵੋਟਾਂ ਆਪ ਪਾਰਟੀ, ਆਪਣੇ ਹੱਕ ਤੇ ਬਾਦਲ ਦੇ ਹੱਕ ਵਿੱਚ ਵੀ ਭੁਗਤਾ ਸਕਦੀ ਹੈ।

## ਪੈਰੋਲ ਤੇ ਫ਼ਰਲੋ

ਐਡਵੋਕੇਟ ਜਸ਼ਨਦੀਪ ਦਾ ਕਹਿਣਾ ਹੈ ਕਿ ਪੈਰੋਲ ਕੈਦੀ ਦਾ ਅਧਿਕਾਰ ਨਹੀਂ ਹੁੰਦਾ, ਇਹ ਸਬੰਧਤ ਅਧਿਕਾਰੀ ਉੱਪਰ ਨਿਰਭਰ ਕਰਦਾ ਹੈ ਕਿ ਕੈਦੀ ਨੂੰ ਪੈਰੋਲ ਉੱਪਰ ਛੱਡਣਾ ਹੈ ਜਾਂ ਨਹੀਂ। ਪੈਰੋਲ ਲਈ ਅਰਜ਼ੀ ਚੰਗੇ ਕਿਰਦਾਰ ਅੰਦਰ ਲਗਾਈ ਜਾਂਦੀ ਹੈ। ਪੈਰੋਲ ਦੀ ਅਰਜ਼ੀ ਵਿੱਚ ਕੈਦੀ ਆਪਣਾ ਨਿੱਜੀ ਕਾਰਨ ਲਿਖਦਾ ਹੈ ਜਿਵੇਂ ਕਿ :-

ਏ) ਉਸ ਦੇ ਪੁੱਤਰ, ਧੀ ਆਦਿ ਦਾ ਵਿਆਹ ਹੈ।

ਬੀ) ਉਸ ਦੇ ਘਰ ਕਿਸੇ ਦੀ ਮੌਤ ਹੋ ਗਈ ਹੈ ਜਾਂ ਕੋਈ ਬਹੁਤ ਜ਼ਿਆਦਾ ਬੀਮਾਰ ਹੈ।

ਸੀ) ਫ਼ਸਲ ਬਿਜਾਈ ਦਾ ਸਮਾਂ ਆ ਗਿਆ ਹੈ ਅਤੇ ਉਸ ਦੇ ਘਰ ਕੋਈ ਵਿਅਕਤੀ ਨਹੀਂ ਹੈ ਜੋ ਫ਼ਸਲ ਬੀਜ ਸਕੇ, ਆਦਿ।

ਇਹ ਅਰਜ਼ੀ ਲਗਾਉਣ ਤੋਂ ਬਾਅਦ ਸੰਬੰਧਤ ਅਧਿਕਾਰੀ ਇਸ ਗੱਲ ਦੀ ਪੜਤਾਲ ਕਰਦੇ ਹਨ ਕਿ ਜੋ ਕੈਦੀ ਕਹਿ ਰਿਹਾ ਹੈ ਉਹ ਸੱਚਾ ਹੈ ਜਾਂ ਨਹੀਂ। ਇਸ ਪੜਤਾਲ ਤੋਂ ਬਾਅਦ ਜੇ ਉਨਾਂ ਨੂੰ ਸਹੀ ਲੱਗਦਾ ਹੈ ਤਾਂ ਉਹ ਕੈਦੀ ਨੂੰ ਕੁਝ ਪਾਬੰਦੀਆਂ ਅਧੀਨ (ਜਿਵੇਂ ਕਿ ਉਹ ਸੰਬੰਧਤ ਅਧਿਕਾਰੀ ਨੂੰ ਦੱਸੇ ਬਿਨਾਂ ਆਪਣਾ ਇਲਾਕਾ ਛੱਡ ਕੇ ਨਹੀਂ ਜਾਏਗਾ ਆਦਿ) ਕੁਝ ਨਿਸ਼ਚਿਤ ਸਮੇਂ ਲਈ ਪੈਰੋਲ 'ਤੇ ਛੱਡ ਸਕਦੇ ਹਨ। ਇਸ ਸਮੇਂ ਦੌਰਾਨ ਜੇ ਕੈਦੀ ਕਿਸੇ ਪਾਬੰਦੀ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੀ ਪੈਰੋਲ ਰੱਦ ਕਰਕੇ ਉਸ ਨੂੰ ਸਮੇਂ ਤੋਂ ਪਹਿਲਾਂ ਵਾਪਸ ਬੁਲਾਇਆ ਜਾ ਸਕਦਾ ਹੈ। ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜਿੰਨਾ ਸਮਾਂ ਕੈਦੀ ਪੈਰੋਲ ਉੱਪਰ ਬਾਹਰ ਰਹਿੰਦਾ ਹੈ ਓਨਾ ਸਮਾਂ ਉਸ ਨੂੰ ਜੇਲ ਵਿੱਚ ਵੱਧ ਰਹਿਣਾ ਪੈਂਦਾ ਹੈ।

ਰੋਜ਼ਾਨਾ ਜੀਵਨ ਵਿੱਚ ਅਸੀਂ ਪੈਰੋਲ ਅਤੇ ਫ਼ਰਲੋ ਨੂੰ ਇੱਕ ਹੀ ਸਮਝ ਲੈਂਦੇ ਹਾਂ ਪਰ ਇਨਾਂ ਵਿੱਚ ਅੰਤਰ ਹੁੰਦਾ ਹੈ। ਜਦੋਂ ਕਿਸੇ ਇੱਕ ਕੈਦੀ ਨੂੰ ਲੰਬੇ ਸਮੇਂ ਲਈ ਜੇਲ ਵਿੱਚ ਭੇਜ ਦਿੱਤਾ ਜਾਂਦਾ ਹੈ ਤਾਂ ਸਮੇਂ-ਸਮੇਂ ਉੱਪਰ ਉਸ ਨੂੰ ਫ਼ਰਲੋ ਉੱਪਰ ਛੱਡਿਆ ਜਾਂਦਾ ਹੈ ਤਾਂ ਜੋ ਉਸ ਦਾ ਦਿਮਾਗ਼ੀ ਸੰਤੁਲਨ ਬਣਿਆ ਰਹੇ ਜੋ ਅਕਸਰ ਲੰਬਾ ਸਮਾਂ ਜੇਲ ਵਿੱਚ ਰਹਿਣ ਕਾਰਨ ਵਿਗੜ ਸਕਦਾ ਹੈ। ਫ਼ਰਲੋ ਕੈਦੀ ਨੂੰ ਆਪਣੇ ਪਰਿਵਾਰ ਨਾਲ਼ ਸੰਬੰਧ ਬਣਾਈ ਰੱਖਣ ਵਿੱਚ ਤੇ ਸਮਾਜ ਵਿੱਚ ਵਿਚਰਦੇ ਰਹਿਣ ਵਿੱਚ ਸਹਾਈ ਹੁੰਦੀ ਹੈ। ਇੱਕ ਨਿਸ਼ਚਿਤ ਸਮਾਂ ਜੇਲ ਵਿੱਚ ਗੁਜ਼ਾਰਨ ਤੋਂ ਬਾਅਦ ਫ਼ਰਲੋ ਇੱਕ ਤਰਾਂ ਦਾ ਕੈਦੀ ਦਾ ਹੱਕ ਬਣ ਜਾਂਦਾ ਹੈ ਤੇ ਉਹ ਇਸ ਲਈ ਅਰਜ਼ੀ ਲਗਾ ਸਕਦਾ ਹੈ ਪਰ ਜੇਕਰ ਸਬੰਧਤ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਫ਼ਰਲੋ ਉੱਪਰ ਕੈਦੀ ਨੂੰ ਛੱਡਣਾ ਜਨ ਹਿਤ ਲਈ ਠੀਕ ਨਹੀਂ ਹੈ ਅਤੇ ਅਜਿਹਾ ਕਰਨ ਨਾਲ਼ ਕਾਨੂੰਨੀ ਵਿਵਸਥਾ ਵਿਗੜ ਸਕਦੀ ਹੈ ਤਾਂ ਫ਼ਰਲੋ ਦੀ ਅਰਜ਼ੀ ਨੂੰ ਰੱਦ ਵੀ ਕੀਤਾ ਜਾ ਸਕਦਾ ਹੈ। ਫ਼ਰਲੋ ਅਕਸਰ ਇੱਕ ਕੈਦੀ ਨੂੰ ਲਗਾਤਾਰ ਤਿੰਨ ਸਾਲ ਜੇਲ ਕੱਟਣ ਦੇ ਬਾਅਦ ਚੰਗੇ ਆਚਰਨ ਦੇ ਮੱਦੇਨਜ਼ਰ ਪਹਿਲੀ ਵਾਰ 3 ਹਫ਼ਤਿਆਂ ਲਈ ਅਤੇ ਉਸ ਤੋਂ ਬਾਅਦ ਵਾਲੇ ਸਾਲਾਂ ਵਿੱਚ 2 ਹਫ਼ਤਿਆਂ ਲਈ ਦਿੱਤੀ ਜਾ ਸਕਦੀ ਹੈ। ਡੇਰਾ ਮੁਖੀ ਨੂੰ ਬੀਤੇ ਦਿਨੀਂ ਹੀ 21 ਦਿਨਾਂ ਲਈ ਫ਼ਰਲੋ ਉੱਪਰ ਛੱਡਿਆ ਗਿਆ ਹੈ। ਫ਼ਰਲੋ ਉੱਪਰ ਛੱਡਣ ਸਮੇਂ ਉਸ ਉੱਪਰ ਕਈ ਪਾਬੰਦੀਆਂ ਲਗਾਈਆਂ ਗਈਆਂ ਹਨ ਜਿਨਾਂ ਵਿੱਚੋਂ ਇੱਕ ਇਹ ਹੈ ਕਿ ਉਹ ਇਸ 21 ਦਿਨਾਂ ਦੇ ਸਮੇਂ ਦੌਰਾਨ ਨਿਸ਼ਚਿਤ ਸਥਾਨ ਤੋਂ ਬਾਹਰ ਨਹੀਂ ਜਾਵੇਗਾ।






**ਸੱਚੋ ਸੱਚ ਦਸ ਵੇ ਜੋਗੀਆ**

# ਲਖੀਮਪੁਰ ਮਾਮਲੇ ਵਿੱਚ ਮੁੱਖ ਦੋਸ਼ੀ ਅਸ਼ੀਸ਼ ਮਿਸ਼ਰਾ ਨੂੰ ਜ਼ਮਾਨਤ, ਕਿਸਾਨਾਂ ਨਾਲ਼ ਅਨਿਆਂ

ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ 4 ਕਿਸਾਨਾਂ ਨੂੰ ਤੇਜ਼ ਰਫ਼ਤਾਰ ਗੱਡੀਆਂ ਹੇਠ ਦਰੜੇ ਜਾਣ ਦੇ ਕੇਸ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇ ਦਿੱਤੀ ਹੈ। ਉੱਤਰ ਪ੍ਰਦੇਸ਼ ਪੁਲਿਸ ਨੇ 3 ਜਨਵਰੀ 2022 ਨੂੰ ਅਦਾਲਤ ਵਿੱਚ ਇਸ ਕੇਸ ਬਾਰੇ ਦੋਸ਼-ਪੱਤਰ ਦਾਖ਼ਲ ਕੀਤਾ ਸੀ। ਉਸ ਦੋਸ਼-ਪੱਤਰ ਵਿੱਚ ਆਸ਼ੀਸ਼ ਮਿਸ਼ਰਾ ਨੂੰ ਮੁੱਖ ਦੋਸ਼ੀ ਅਤੇ ਪਰਿਵਾਰ ਦੇ ਇੱਕ ਰਿਸ਼ਤੇਦਾਰ ਵਰਿੰਦਰ ਸ਼ੁਕਲਾ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਉੱਤਰ ਪ੍ਰਦੇਸ਼ ਪੁਲੀਸ ਦੀ ਢਿੱਲ-ਮੱਠ ਦੇਖ ਕੇ ਸੁਪਰੀਮ ਕੋਰਟ ਨੇ ਇਸ ਕੇਸ ਦਾ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਰਾਕੇਸ਼ ਕੁਮਾਰ ਜੈਨ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। 'ਸਿੱਟ' ਨੇ ਸਥਾਨਕ ਅਦਾਲਤ ਨੂੰ ਦਿੱਤੀ ਆਪਣੀ ਰਿਪੋਰਟ ਵਿੱਚ ਇਹ ਰਾਏ ਦਿੱਤੀ ਸੀ, 'ਹੁਣ ਤੱਕ ਕੀਤੀ ਗਈ ਤਫ਼ਤੀਸ਼ ਅਤੇ ਇਕੱਠੀ ਕੀਤੀ ਸਮੱਗਰੀ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਕਾਰਾ ਕੋਈ ਅਣਗਹਿਲੀ ਵਾਲੀ ਕਾਰਵਾਈ ਨਹੀਂ ਸਗੋਂ ਇਹ ਉਨਾਂ (ਕਿਸਾਨਾਂ) ਨੂੰ ਮਾਰਨ ਲਈ ਪਹਿਲਾਂ ਬਣਾਈ ਗਈ ਯੋਜਨਾ ਤਹਿਤ ਸੋਚ-ਸਮਝ ਕੇ ਕੀਤੀ ਗਈ ਕਾਰਵਾਈ ਸੀ।'

ਅਸ਼ੀਸ਼ ਮਿਸ਼ਰਾ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਵਿੱਚ ਦੱਸਿਆ ਕਿ ਉਸ ਦਾ ਮੁਅੱਕਲ ਬੇਕਸੂਰ ਸੀ ਅਤੇ ਉਸ ਦੇ ਖ਼ਿਲਾਫ਼ ਕੋਈ ਸਬੂਤ ਨਹੀਂ ਸੀ ਕਿ ਉਸ ਨੇ ਕਿਸਾਨਾਂ ਨੂੰ ਕੁਚਲਣ ਲਈ ਵਾਹਨ ਚਾਲਕ ਨੂੰ ਉਕਸਾਇਆ ਸੀ। ਹਾਲਾਂਕਿ ਇਸ ਪਟੀਸ਼ਨ ਦਾ ਵਿਰੋਧ ਕਰਦਿਆਂ ਵਧੀਕ ਐਡਵੋਕੇਟ ਜਨਰਲ ਵੀ. ਕੇ. ਸ਼ਾਹੀ ਨੇ ਕਿਹਾ ਕਿ ਘਟਨਾ ਦੇ ਸਮੇਂ ਅਸ਼ੀਸ਼ ਮਿਸ਼ਰਾ ਉਸ ਕਾਰ ਵਿੱਚ ਹੀ ਮੌਜੂਦ ਸੀ, ਜਿਸ ਨੇ ਕਿਸਾਨਾਂ ਨੂੰ ਥੱਲੇ ਦਿੱਤਾ ਸੀ। ਦੱਸਣਯੋਗ ਹੈ ਕਿ ਬੀਤੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਇਸ ਕਾਂਡ ਦੌਰਾਨ 8 ਕਿਸਾਨ ਮਾਰੇ ਗਏ ਸਨ।

ਹਾਈ ਕੋਰਟ ਵਿੱਚ ਦੱਸਿਆ ਗਿਆ ਕਿ ਆਸ਼ੀਸ਼ ਮਿਸ਼ਰਾ ਦੇ ਵਕੀਲਾਂ ਨੇ ਤਫ਼ਤੀਸ਼ ਦੌਰਾਨ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਘਟਨਾ ਵਾਲੇ ਸਮੇਂ ਘਟਨਾ ਵਾਲੇ ਸਥਾਨ 'ਤੇ ਨਾ ਹੋ ਕੇ ਹੋਰ ਕਿਤੇ ਸੀ। ਵਕੀਲਾਂ ਅਨੁਸਾਰ ਉਨਾਂ ਕੋਲ ਇਸ ਬਾਰੇ ਇਲੈਕਟ੍ਰੋਨਿਕ ਸਬੂਤ ਹਨ। ਅਦਾਲਤ ਨੂੰ ਮੁਲਜ਼ਮਾਂ ਨੂੰ ਜ਼ਮਾਨਤ ਦੇਣ ਦਾ ਅਧਿਕਾਰ ਹੈ। ਇਸ ਸਬੰਧ ਵਿੱਚ ਤ੍ਰਿਣਮੂਲ ਕਾਂਗਰਸ ਦੀ ਰਾਜ ਸਭਾ ਵਿੱਚ ਮੈਂਬਰ ਮਹੂਆ ਮੋਇਤਰਾ ਨੇ ਟਵੀਟ ਕੀਤਾ ਹੈ : ਜ਼ਮਾਨਤ ਦੇਣ ਦੇ ਤਿੰਨ ਬੁਨਿਆਦੀ ਸਿਧਾਂਤ ਇਹ ਹਨ ਕਿ ਮੁਲਜ਼ਮ ਅਜਿਹੀਆਂ ਕਾਰਵਾਈਆਂ ਨਹੀਂ ਕਰੇਗਾ, ਪਹਿਲੀ- ਗਵਾਹਾਂ ਨੂੰ ਡਰਾਉਣਾ-ਧਮਕਾਉਣਾ, ਦੂਜੀ- ਸਬੂਤਾਂ ਨੂੰ ਨਸ਼ਟ ਕਰਨਾ, ਤੀਜੀ- ਭੱਜ ਜਾਣ ਦੀ ਕੋਸ਼ਿਸ਼। ਮੋਇਤਰਾ ਅਨੁਸਾਰ ਆਸ਼ੀਸ਼ ਮਿਸ਼ਰਾ ਨੂੰ ਪਹਿਲੇ ਸਿਧਾਂਤ ਦੇ ਆਧਾਰ 'ਤੇ ਜ਼ਮਾਨਤ ਨਹੀਂ ਸੀ ਦਿੱਤੀ ਜਾਣੀ ਚਾਹੀਦੀ। ਮਹੂਆ ਮੋਇਤਰਾ ਦੀ ਟਿੱਪਣੀ ਵਿੱਚ ਇਹ ਦਲੀਲ ਨਿਹਿਤ ਹੈ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਦਾ ਪੁੱਤਰ ਹੋਣ ਕਰਕੇ ਆਸ਼ੀਸ਼ ਮਿਸ਼ਰਾ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜੋ ਨਿਆਂ-ਸਿਧਾਂਤ ਦੀ ਉਲੰਘਣਾ ਹੈ। ਇਸ ਪੱਖ ਵੱਲ ਪਹਿਲਾਂ ਵੀ ਧਿਆਨ ਨਹੀਂ ਦਿੱਤਾ ਗਿਆ ਕਿਉਂਕਿ ਭਾਜਪਾ ਨੇ ਅਜੇ ਮਿਸ਼ਰਾ ਨੂੰ ਕਦੇ ਵੀ ਕੇਂਦਰੀ ਵਜ਼ਾਰਤ ਤੋਂ ਅਸਤੀਫ਼ਾ ਦੇਣ ਲਈ ਨਹੀਂ ਕਿਹਾ।

ਅਲਾਹਾਬਾਦ ਹਾਈ ਕੋਰਟ ਦੇ ਆਦੇਸ਼ ਵਿੱਚ ਸਭ ਤੋਂ ਹੈਰਾਨ ਕਰਨ ਵਾਲੀ ਟਿੱਪਣੀ ਹੈ, 'ਅਦਾਲਤ ਬਾਰ ਐੱਸ. ਯੂ. ਵੀ. ਗੱਡੀ ਵਿੱਚ ਬੈਠੇ ਤਿੰਨ ਬੰਦਿਆਂ ਜਿਨਾਂ ਵਿੱਚ ਡਰਾਈਵਰ ਵੀ ਸ਼ਾਮਲ ਸੀ, ਦੇ ਮੁਜ਼ਾਹਰਾਕਾਰੀਆਂ ਦੁਆਰਾ ਮਾਰੇ ਜਾਣ ਤੋਂ ਅੱਖਾਂ ਬੰਦ ਨਹੀਂ ਕਰ ਸਕਦੀ।' ਅਦਾਲਤ ਦਾ ਕਹਿਣਾ ਹੈ ਕਿ ਤਸਵੀਰਾਂ 'ਮੁਜ਼ਾਹਰਾਕਾਰੀਆਂ ਦੀ ਬੇਰਹਿਮੀ ਬਾਰੇ ਸਪੱਸ਼ਟਤਾ ਨਾਲ਼ ਦੱਸਦੀਆਂ ਹਨ।' ਕਾਨੂੰਨੀ ਮਾਹਿਰਾਂ ਅਨੁਸਾਰ ਹਾਈਕੋਰਟ ਦੀ ਇਹ ਰਾਏ ਹੇਠਲੀ ਅਦਾਲਤ ਵਿੱਚ ਚੱਲ ਰਹੇ ਮੁਕੱਦਮੇ ਨੂੰ ਪ੍ਰਭਾਵਿਤ ਕਰ ਸਕਦੀ ਹੈ ਤੇ ਉਚੇਰੀਆਂ ਅਦਾਲਤਾਂ ਨੂੰ ਅਜਿਹੀਆਂ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ। ਲੋਕਾਂ ਵਿੱਚ ਪ੍ਰਭਾਵ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਦੁਆਰਾ ਬਣਾਈ 'ਸਿੱਟ' ਦੁਆਰਾ ਕੀਤੀ ਜਾਂਚ ਨੂੰ ਪੂਰੀ ਤਰਾਂ ਧਿਆਨ ਵਿੱਚ ਨਹੀਂ ਰੱਖਿਆ ਗਿਆ। 'ਸਿੱਟ' ਨੇ ਕਿਸਾਨਾਂ ਦੇ ਗੱਡੀਆਂ ਹੇਠ ਦਰੜੇ ਜਾਣ ਨੂੰ ਸਾਜ਼ਿਸ਼ ਦੱਸਿਆ ਸੀ। ਮਿਸ਼ਰਾ ਨੂੰ ਜ਼ਮਾਨਤ ਮਿਲਣਾ ਇਹ ਦਰਸਾਉਂਦਾ ਹੈ ਕਿ ਅਦਾਲਤ ਅਨੁਸਾਰ ਉਹ ਸਾਜ਼ਿਸ਼ ਵਿੱਚ ਸ਼ਾਮਲ ਨਹੀਂ ਸੀ। ਇਸ ਤੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੇ 'ਸਿੱਟ' ਅਨੁਸਾਰ ਸਾਜ਼ਿਸ਼ ਹੋਈ ਸੀ ਤਾਂ ਸਾਜ਼ਿਸ਼ ਕਰਨ ਵਾਲੇ ਕੌਣ ਸਨ। ਕਿਸਾਨ ਜਥੇਬੰਦੀਆਂ ਨੇ ਮਿਸ਼ਰਾ ਨੂੰ ਜ਼ਮਾਨਤ ਮਿਲਣ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਇਹ ਦਲੀਲ ਵੀ ਦਿੱਤੀ ਜਾ ਰਹੀ ਹੈ ਕਿ ਜ਼ਮਾਨਤ ਮਿਲਣ ਨਾਲ਼ ਹਿੰਦੂਤਵੀ ਵਰਗ ਦੇ ਵੋਟਰਾਂ 'ਤੇ ਪ੍ਰਭਾਵ ਪਵੇਗਾ। ਇਸ ਨਾਲ਼ ਦੇਸ਼ ਦੀਆਂ ਤਫ਼ਤੀਸ਼ੀ ਤੇ ਨਿਆਂ-ਪ੍ਰਣਾਲੀਆਂ 'ਤੇ ਸਵਾਲ ਉੱਠਣੇ ਸੁਭਾਵਿਕ ਹਨ। ਕਿਸਾਨ ਆਗੂ ਰਕੇਸ਼ ਟਿਕੈਤ ਨੇ ਅਦਾਲਤ ਦੇ ਫ਼ੈਸਲੇ ਨੂੰ ਅਨਿਆਂ ਪੂਰਨ ਕਿਹਾ ਹੈ ਤੇ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ ਹੈ।

# ਚੋਣ ਪ੍ਰਚਾਰ ਦੌਰਾਨ 300 ਕਰੋੜ ਰੁਪਏ ਦਾ ਨਸ਼ਾ ਬਰਾਮਦ

ਪੰਜਾਬ ਚੋਣਾਂ ਵਿੱਚ ਨਸ਼ਾਖੋਰੀ ਦਾ ਕਿੰਨਾ ਅਹਿਮ ਮੁੱਦਾ ਹੈ, ਇਸ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ 6 ਫ਼ਰਵਰੀ ਤੱਕ ਸੂਬੇ ਵਿੱਚ ਤਿੰਨ ਸੌ ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦਾ ਕਰੀਬ 4 ਹਜ਼ਾਰ ਕਿਲੋਗ੍ਰਾਮ ਨਸ਼ਾ ਫੜਿਆ ਜਾ ਚੁੱਕਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਕਈ ਸਿਆਸਤਦਾਨ ਚੋਣਾਂ ਜਿੱਤਣ ਲਈ ਨਸ਼ਾ ਵੰਡ ਰਹੇ ਹਨ। ਇਸ ਸੰਬੰਧੀ ਚੋਣ ਕਮਿਸ਼ਨ ਵੱਲੋਂ ਪੰਜਾਬ ਹਾਈਕੋਰਟ ਵਿੱਚ ਹਲਫ਼ਨਾਮਾ ਦਾਇਰ ਕੀਤਾ ਗਿਆ ਹੈ। ਮੁੱਖ ਚੋਣ ਅਧਿਕਾਰੀ ਪੰਜਾਬ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਹੈ ਕਿ 6 ਫ਼ਰਵਰੀ ਤੱਕ 312.813 ਕਰੋੜ ਰੁਪਏ ਦੇ ਘੱਟੋ-ਘੱਟ 3999. 649 ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ। ਉਨਾਂ ਕਿਹਾ ਕਿ ਜ਼ਬਤੀ ਦੇ ਅੰਕੜੇ ਹੋਰ ਵੀ ਵਧਣ ਦੀ ਉਮੀਦ ਹੈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ. ਕਰੁਣਾ ਰਾਜੂ ਨੇ ਭਾਰਤੀ ਚੋਣ ਕਮਿਸ਼ਨ ਦੀ ਤਰਫ਼ੋਂ ਜਸਟਿਸ ਅਜੇ ਤਿਵਾੜੀ ਅਤੇ ਜਸਟਿਸ ਪੰਕਜ ਜੈਨ ਦੇ ਡਿਵੀਜ਼ਨ ਬੈਂਚ ਅੱਗੇ ਇਸ ਸੰਬੰਧ ਵਿੱਚ ਇੱਕ ਹਲਫ਼ਨਾਮਾ ਪੇਸ਼ ਕੀਤਾ ਹੈ। ਅਦਾਲਤ ਨੇ ਰਾਜ ਚੋਣ ਕਮਿਸ਼ਨ, ਪੰਜਾਬ ਨੂੰ ਨੋਟਿਸ ਜਾਰੀ ਕੀਤਾ ਸੀ ਕਿ ਉਹ 'ਨਸ਼ਾ ਮੁਕਤ ਚੋਣਾਂ' ਨੂੰ ਯਕੀਨੀ ਬਣਾਉਣ ਲਈ ਕੀ ਕਰ ਰਹੇ ਹਨ। ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਚੋਣ ਖ਼ਰਚੇ ਦੀ ਪ੍ਰਭਾਵੀ ਨਿਗਰਾਨੀ ਲਈ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਫਲਾਇੰਗ ਸਕੁਐਡ ਤਾਇਨਾਤ ਕੀਤੇ ਗਏ ਹਨ।

# ਮੋਦੀ ਸਰਕਾਰ ਵੱਲੋਂ ਭਾਰਤੀ ਸੰਘੀ ਢਾਂਚੇ ਦੀ ਬੇਅਦਬੀ



**ਰਾਮਚੰਦਰ ਗੁਹਾ ਇਤਿਹਾਸਕਾਰ**

ਭਾਰਤੀ ਸੰਘਵਾਦ (ਫੈਡਰਲਿਜ਼ਮ) ਨੂੰ ਲੈ ਕੇ ਹਾਲ ਹੀ ਵਿੱਚ ਕਈ ਖ਼ਬਰਾਂ ਆਈਆਂ ਹਨ। ਤਾਮਿਲਨਾਡੂ, ਕੇਰਲਾ ਅਤੇ ਪੱਛਮੀ ਬੰਗਾਲ ਜਿੱਥੇ ਗ਼ੈਰ-ਭਾਜਪਾ ਸਰਕਾਰਾਂ ਦਾ ਸ਼ਾਸਨ ਹੈ, ਦੁਆਰਾ ਗਣਤੰਤਰ ਦਿਵਸ ਪਰੇਡ ਲਈ ਤਿਆਰ ਕਰਵਾਈਆਂ ਗਈਆਂ ਝਾਕੀਆਂ ਨੂੰ ਰੱਦ ਕਰ ਦਿੱਤਾ ਗਿਆ। ਸੰਸਦ ਦਾ ਬਜਟ ਸੈਸ਼ਨ ਚੱਲ ਰਿਹਾ ਹੈ ਜਿਸ ਵਿੱਚ ਬਹਿਸ ਨੂੰ ਠੋਸ ਮੁੱਦਿਆਂ ਦੀ ਬਜਾਏ ਬਿੰਬਾਂ ਦੁਆਲੇ ਘੁਮਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਵਿਰੋਧੀ ਧਿਰ ਦੇ ਬਹੁਤ ਸਾਰੇ ਸੰਸਦ ਮੈਂਬਰਾਂ ਨੇ ਕੇਂਦਰ ਦੀ ਇਸ ਗੱਲ ਗੱਲੋਂ ਤਿੱਖੀ ਨੁਕਤਾਚੀਨੀ ਕੀਤੀ ਹੈ ਕਿ ਉਹ ਸੰਵਿਧਾਨਕ ਨੇਮਾਂ ਤੇ ਅਸੂਲਾਂ ਨੂੰ ਛਿੱਕੇ ਟੰਗ ਕੇ ਸੂਬਿਆਂ ਦੇ ਅਧਿਕਾਰਾਂ ਦੀ ਹੇਠੀ ਕਰ ਰਿਹਾ ਹੈ।

ਭਾਰਤ ਦੇ ਸੰਘੀ ਢਾਂਚੇ ਉੱਪਰ ਪਹਿਲਾ ਵੱਡਾ ਹਮਲਾ 1959 ਵਿੱਚ ਹੋਇਆ ਸੀ ਜਦੋਂ ਕੇਰਲਾ ਦੀ ਕਮਿਊਨਿਸਟ ਸਰਕਾਰ ਨੂੰ ਸੰਵਿਧਾਨ ਦੀ ਧਾਰਾ 356 ਤਹਿਤ ਭੰਗ ਕੀਤਾ ਗਿਆ ਸੀ। ਉਸ ਕਾਰਵਾਈ ਨੂੰ ਹੱਲਾਸ਼ੇਰੀ ਦੇਣ ਵਾਲਿਆਂ ਵਿੱਚ ਕਾਂਗਰਸ ਪ੍ਰਧਾਨ ਇੰਦਰਾ ਗਾਂਧੀ ਅਤੇ ਗ੍ਰਹਿ ਮੰਤਰੀ ਗੋਵਿੰਦ ਵੱਲਭ ਪੰਤ ਸ਼ਾਮਲ ਸਨ। ਹਾਲਾਂਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਇਹ ਕਾਰਵਾਈ ਨਹਿਰੂ ਦੇ ਜਮਹੂਰੀ ਕਿਰਦਾਰ 'ਤੇ ਇੱਕ ਧੱਬਾ ਬਣ ਕੇ ਰਹਿ ਗਈ ਸੀ।

ਪ੍ਰਧਾਨ ਮੰਤਰੀ ਵਜੋਂ ਨਹਿਰੂ ਦੇ ਲੰਬੇ ਕਾਰਜਕਾਲ ਦੌਰਾਨ ਧਾਰਾ 356 ਦੀ ਅੱਠ ਵਾਰ ਵਰਤੋਂ ਕੀਤੀ ਗਈ। ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਤਾਂ ਇਸ ਧਾਰਾ ਦੀ ਵਰਤੋਂ ਬਹੁਤ ਜ਼ਿਆਦਾ ਵਧ ਗਈ। ਇੱਕ ਅੰਦਾਜ਼ੇ ਮੁਤਾਬਿਕ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਦੋ ਕਾਰਜਕਾਲਾਂ (1966 ਤੋਂ 1971 ਅਤੇ 1980 ਤੋਂ 1984) ਦੌਰਾਨ ਕੁੱਲ ਮਿਲਾ ਕੇ 50 ਵਾਰ ਧਾਰਾ 356 ਦੀ ਵਰਤੋਂ ਕੀਤੀ ਗਈ ਸੀ। ਸ੍ਰੀਮਤੀ ਗਾਂਧੀ ਨੇ ਇਨ੍ਹਾਂ ਦੋ ਕਾਰਜਕਾਲਾਂ ਦੌਰਾਨ ਇਸ ਦੀ ਧਾਰਾ ਦੀ ਅੰਨੇਵਾਹ ਵਰਤੋਂ ਕੀਤੀ ਤੇ ਖ਼ਾਸਕਰ 1970-71 ਵਿੱਚ ਜਦੋਂ ਕਾਂਗਰਸ ਅੰਦਰ ਫੁੱਟ ਤੋਂ ਬਾਅਦ ਉਨ੍ਹਾਂ ਸੂਬਾਈ ਸਰਕਾਰਾਂ 'ਤੇ ਆਪਣੇ ਧੜੇ ਦੀ ਧਾਂਕ ਜਮਾਉਣ ਦੀ ਚਾਹਨਾ ਕੀਤੀ ਸੀ ਅਤੇ ਫਿਰ 1980 ਵਿੱਚ ਜਦੋਂ ਕੇਂਦਰ ਵਿੱਚ ਦੁਬਾਰਾ ਸੱਤਾ ਵਿੱਚ ਆਉਣ 'ਤੇ ਉਨ੍ਹਾਂ ਦੂਜੀਆਂ ਪਾਰਟੀਆਂ ਦੀਆਂ ਬਹੁਤ ਸਾਰੀਆਂ ਸੂਬਾਈ ਸਰਕਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਸੀ।

ਦਰਅਸਲ ਭਾਰਤੀ ਸਿਆਸਤ ਵਿੱਚ ਇੰਦਰਾ ਯੁੱਗ ਦਾ ਖ਼ਾਤਮਾ 1989 ਵਿੱਚ ਹੋਇਆ ਜਦੋਂ ਉਨ੍ਹਾਂ ਦੇ ਪੁੱਤਰ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਹੁੰਦਿਆਂ ਚੋਣਾਂ ਵਿੱਚ ਹਾਰ ਦਾ ਮੂੰਹ ਵੇਖਣਾ ਪਿਆ ਸੀ। ਉਸ ਤੋਂ ਬਾਅਦ ਜੋ ਦੌਰ ਸ਼ੁਰੂ ਹੋਇਆ, ਜੇ ਉਸ ਨੂੰ ਪਿੱਛਲਮੁਖੀ ਤੱਕਿਆ ਜਾਵੇ ਤਾਂ ਭਾਰਤੀ ਸੰਘਵਾਦ ਦਾ ਉਹ ਸੁਨਹਿਰਾ ਕਾਲ ਗਿਣਿਆ ਜਾਪਦਾ ਹੈ। ਲਾਇਸੈਂਸ-ਪਰਮਿਟ ਰਾਜ ਦੇ ਅੰਤ ਅਤੇ ਵੋਟਰਾਂ ਵੱਲੋਂ ਆਮ ਚੋਣਾਂ ਵਿੱਚ ਕਿਸੇ ਵੀ ਇਕੱਲੀ ਪਾਰਟੀ ਨੂੰ ਸਪੱਸ਼ਟ ਬਹੁਮੱਤ ਨਾ ਦੇਣ ਦੀ ਸਿਆਣਪ ਵਰਤਣ ਨਾਲ ਆਰਥਿਕ ਵਿਕਾਸ ਵਿੱਚ ਇਜ਼ਾਫ਼ਾ ਹੋਇਆ ਅਤੇ ਸ਼ਾਸਨ ਵਿੱਚ ਸਹਿਯੋਗੀ ਭਾਵਨਾ ਦਾ ਸੰਚਾਰ ਹੋਇਆ। ਕੇਂਦਰ ਅਤੇ ਸੂਬਿਆਂ ਦਰਮਿਆਨ ਆਪਸੀ ਸਤਿਕਾਰ ਦਾ ਮਾਹੌਲ ਬਣਨ ਨਾਲ ਚਹੁੰ-ਤਰਫ਼ਾ ਲਾਭ ਹੋਇਆ।

ਬਹਰਹਾਲ, ਭਾਰਤੀ ਸੰਘਵਾਦ ਮੁੜ ਖ਼ਤਰੇ ਦੀ ਜ਼ੱਦ ਵਿੱਚ ਆ ਗਿਆ ਹੈ। 2014 ਤੋਂ ਬਾਅਦ ਸਾਢੇ ਸੱਤ ਸਾਲਾਂ ਦੌਰਾਨ ਧਾਰਾ 356 ਦਾ ਅੱਠ ਵਾਰ ਇਸਤੇਮਾਲ ਕੀਤਾ ਗਿਆ ਜਾਂ ਕਹਿ ਲਓ ਸਾਲ ਵਿੱਚ ਇੱਕ ਵਾਰ। ਸਿਰਫ਼ ਇਸੇ ਪੱਖ ਨੂੰ ਦੇਖ ਕੇ ਜਾਪੇਗਾ ਕਿ ਮੋਦੀ ਸੂਬਿਆਂ ਦੇ ਅਧਿਕਾਰਾਂ ਦਾ ਇੰਦਰਾ ਗਾਂਧੀ ਨਾਲੋਂ ਜ਼ਿਆਦਾ ਆਦਰ ਕਰਦੇ ਹਨ ਪਰ ਕੁਝ ਹੋਰਨਾਂ ਪੱਖਾਂ ਤੋਂ ਦੇਖਿਆਂ ਪਤਾ ਚਲਦਾ ਹੈ ਕਿ ਉਨ੍ਹਾਂ ਆਪਣੇ ਤੋਂ ਪਹਿਲੇ ਕਿਸੇ ਵੀ ਪ੍ਰਧਾਨ ਮੰਤਰੀ ਨਾਲੋਂ ਕਿਤੇ ਵੱਧ ਭਾਰਤੀ ਸੰਘਵਾਦ ਨੂੰ ਸੱਟ ਮਾਰੀ ਹੈ ਤੇ ਇਸ ਦੀ ਹੇਠੀ ਕੀਤੀ ਹੈ। ਆਓ, ਇਸ ਦੀ ਗਿਣਤੀ ਮਿਣਤੀ ਕਰੀਏ :- ਪਹਿਲਾ, ਜਿਨ੍ਹਾਂ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗ਼ੈਰ ਹੀ ਅਹਿਮ ਨੀਤੀਆਂ ਘੜੀਆਂ ਜਾਂਦੀਆਂ ਅਤੇ ਅਹਿਮ ਕਾਨੂੰਨ ਪਾਸ ਕਰਵਾ ਲਏ ਜਾਂਦੇ ਹਨ ਹਾਲਾਂਕਿ ਇਨ੍ਹਾਂ 'ਤੇ ਅਮਲ ਸੂਬਿਆਂ ਨੇ ਹੀ ਕਰਨਾ ਹੁੰਦਾ ਹੈ। ਬੇਸ਼ੱਕ ਇਸ ਦੀ ਸਭ ਤੋਂ ਬੱਜਰ ਮਿਸਾਲ ਹੈ ਖੇਤੀਬਾੜੀ ਕਾਨੂੰਨ (ਜੋ ਹੁਣ ਰੱਦ ਕੀਤੇ ਜਾ ਚੁੱਕੇ ਹਨ) ਜਦੋਂਕਿ ਸਿੱਖਿਆ, ਸਹਿਕਾਰਤਾ, ਬੈਂਕਿੰਗ ਆਦਿ ਜਿਹੇ ਪ੍ਰਮੁੱਖ ਵਿਸ਼ਿਆਂ ਨਾਲ ਸੰਬੰਧਤ ਨੀਤੀਆਂ ਤੇ ਕਾਨੂੰਨ ਵੀ ਸੂਬਿਆਂ ਤੋਂ ਸਲਾਹ ਲਏ ਬਗ਼ੈਰ ਥੋਪ ਦਿੱਤੇ ਜਾਂਦੇ ਹਨ।

ਦੂਜਾ, ਹਾਲਾਂਕਿ ਅਮਨ ਕਾਨੂੰਨ ਸੂਬਿਆਂ ਦਾ ਵਿਸ਼ਾ ਹੈ, ਪਰ ਕੇਂਦਰ ਸਰਕਾਰ ਨੇ ਸੂਬਿਆਂ ਵੱਲੋਂ ਆਪਣੇ ਅਧਿਕਾਰ ਖੇਤਰ ਵਰਤਣ ਦੀ ਸਮਰੱਥਾ ਤੇ ਖ਼ੁਦਮੁਖ਼ਤਾਰੀ ਦੀ ਕਦਰ ਘਟਾਈ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਸਿਆਸੀ ਅਸਹਿਮਤੀ ਰੱਖਣ ਵਾਲਿਆਂ ਦੀ ਆਵਾਜ਼ ਬੰਦ ਕਰਾਉਣ ਲਈ ਯੂ. ਏ. ਪੀ. ਏ. ਦੀ ਅੰਨੇਵਾਹ ਵਰਤੋਂ ਕੀਤੀ ਗਈ ਹੈ ਅਤੇ ਕੌਮੀ ਜਾਂਚ ਏਜੰਸੀ ਨੂੰ ਇੱਕ ਤੋਂ ਬਾਅਦ ਇੱਕ ਸੂਬੇ ਅੰਦਰ ਭੇਜੇ ਜਾਣ ਤੋਂ ਪਤਾ ਚਲਦਾ ਹੈ ਕਿ ਸਰਕਾਰ ਡੰਡਕਾਰੀ ਸ਼ਕਤੀਆਂ ਆਪਣੇ ਹੱਥਾਂ ਵਿੱਚ ਕੇਂਦਰਤ ਕਰਨ ਲਈ ਕਿਸ ਕਦਰ ਤੁਲੀ ਹੋਈ ਹੈ।

ਕੋਵਿਡ ਮਹਾਂਮਾਰੀ ਨੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰ ਕੇ ਦੇਸ਼ ਨੂੰ ਇਕਜੁੱਟ ਹੋਣ ਦਾ ਬਹੁਤ ਵੱਡਾ ਮੌਕਾ ਦਿੱਤਾ ਸੀ, ਪਰ ਕੇਂਦਰੀ ਸਰਕਾਰ ਨੇ ਪਹਿਲੇ ਦਿਨ ਤੋਂ ਇੱਕਪਾਸੜ ਕਾਰਵਾਈ ਵਿੱਢ ਦਿੱਤੀ। ਇਸ ਨੇ ਕੋਵਿਡ ਨੂੰ ਮਹਾਂਮਾਰੀ ਐਲਾਨਣ ਲਈ ਉਦੋਂ ਤੱਕ ਇੰਤਜ਼ਾਰ ਕੀਤਾ ਜਦੋਂ ਤੱਕ ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੀ ਥਾਂ ਭਾਜਪਾ ਦੀ ਸਰਕਾਰ ਸਥਾਪਤ ਨਾ ਕਰ ਦਿੱਤੀ ਗਈ। ਉਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਆਪਣੀ ਕੈਬਨਿਟ ਅਤੇ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗ਼ੈਰ ਹੀ ਚਾਰ ਘੰਟਿਆਂ ਦੇ ਨੋਟਿਸ 'ਤੇ ਦੇਸ਼ਵਿਆਪੀ ਲਾਕਡਾਊਨ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਇਹੀ ਨਹੀਂ, ਸੂਬਿਆਂ ਨਾਲ ਸਲਾਹ ਕਰੇ ਬਗ਼ੈਰ ਕੌਮੀ ਆਪਦਾ ਪ੍ਰਬੰਧਨ ਕਾਨੂੰਨ (ਐਨ. ਡੀ. ਐਮ. ਏ.) ਵੀ ਲਾਗੂ ਕਰ ਦਿੱਤਾ ਗਿਆ। ਹਾਲਾਂਕਿ ਸਰਕਾਰ ਕੋਵਿਡ 'ਤੇ ਜਿੱਤ ਦਰਜ ਕਰਨ ਦੀਆਂ ਸ਼ੇਖੀਆਂ ਮਾਰ ਰਹੀ ਹੈ, ਪਰ ਦੋ ਸਾਲ ਲੰਘਣ ਦੇ ਬਾਅਦ ਵੀ ਐਨ. ਡੀ. ਐਮ. ਏ. ਲਾਗੂ ਹੈ। ਇਹ ਕਾਨੂੰਨ ਕੇਂਦਰ ਨੂੰ ਲੋਕਾਂ ਤੇ ਹੋਰਨਾਂ ਵਸਤਾਂ ਦੀ ਆਮਦੋ-ਰਫ਼ਤ 'ਤੇ ਨਿਗਰਾਨੀ ਰੱਖਣ ਦੇ ਵਸੀਹ ਅਖ਼ਤਿਆਰ ਦਿੰਦਾ ਹੈ ਜਿਸ ਕਰਕੇ ਇਹ ਕਾਨੂੰਨ ਅਜੇ ਹੋਰ ਲੰਮਾ ਚੱਲ ਸਕਦਾ ਹੈ। ਹਾਲਾਂਕਿ ਐਨ. ਡੀ. ਐਮ. ਏ. ਕੁਝ ਖ਼ਾਸ ਹਾਲਤਾਂ ਨਾਲ ਸਮਾਂਬੱਧ ਢੰਗ ਨਾਲ ਸਿੱਝਣ ਲਈ ਬਣਾਇਆ ਗਿਆ ਸੀ, ਪਰ ਇਹ ਕਾਨੂੰਨ ਸੂਬਿਆਂ ਦੇ ਅਧਿਕਾਰਾਂ 'ਤੇ ਕੇਂਦਰ ਸਰਕਾਰ ਦੇ ਦਾਬੇ ਨੂੰ ਸਖ਼ਤ ਕਰਨ ਦਾ ਔਜ਼ਾਰ ਬਣ ਕੇ ਰਹਿ ਗਿਆ।

ਤੀਜਾ, ਕੇਂਦਰ ਸਰਕਾਰ ਨੇ ਵਿਰੋਧੀ ਪਾਰਟੀਆਂ ਤੇ ਸੂਬਾਈ ਸਰਕਾਰਾਂ ਨੂੰ ਕਮਜ਼ੋਰ ਕਰਨ ਤੇ ਦਬਕਾਉਣ ਲਈ ਸੀ. ਬੀ. ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਜਿਹੀਆਂ ਜਾਂਚ ਏਜੰਸੀਆਂ ਦਾ ਇਸਤੇਮਾਲ ਕੀਤਾ ਹੈ। ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ 'ਤੇ ਇੱਕ ਮੀਮ ਵਾਇਰਲ ਹੋ ਰਿਹਾ ਸੀ ਕਿ ਹੋਰ ਪਾਰਟੀਆਂ 'ਚੋਂ ਕੋਈ ਵੀ ਨੇਤਾ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਉਸ ਦਾ 'ਗੰਗਾ ਇਸ਼ਨਾਨ' ਹੋ ਜਾਂਦਾ ਹੈ ਭਾਵ ਉਸ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਸਾਰੇ ਦੋਸ਼ ਸਾਫ਼ ਹੋ ਜਾਂਦੇ ਹਨ।

ਚੌਥਾ, ਕੇਂਦਰ ਸਰਕਾਰ ਆਪਣੇ ਵਿਰੋਧੀ ਸੂਬਾਈ ਸਰਕਾਰਾਂ 'ਤੇ ਹਮਲੇ ਕਰਨ ਦੀ ਖੁਣਸ ਜ਼ਿਆਦਾ ਜਾਪਦੀ ਹੈ ਕਿ ਇਹ ਭਾਰਤੀ ਪੁਲਿਸ ਸੇਵਾ (ਆਈ. ਪੀ. ਐੱਸ.) ਅਤੇ ਭਾਰਤੀ ਪ੍ਰਸ਼ਾਸਕੀ ਸੇਵਾ (ਆਈ. ਏ.ਐੱਸ.) ਦੇ ਅਫ਼ਸਰਾਂ ਦਾ ਵਫ਼ਾਦਾਰੀ ਟੈਸਟ ਲੈਣਾ ਚਾਹੁੰਦੀ ਹੈ। ਆਧੁਨਿਕ ਆਈ. ਏ.ਐੱਸ ਤੇ ਆਈ. ਪੀ. ਐੱਸ. ਦੇ ਨਿਰਮਾਤਾ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਵੱਲਭਭਾਈ ਪਟੇਲ ਦੀਆਂ ਨਜ਼ਰਾਂ ਵਿੱਚ ਇਹ ਅਫ਼ਸਰ ਕੇਂਦਰ ਤੇ ਸੂਬਿਆਂ ਦਰਮਿਆਨ ਕਾਰਗਰ, ਕੁਸ਼ਲ ਤੇ ਅਹਿਮ ਪੁਲ ਹੁੰਦੇ ਸਨ। ਪਟੇਲ ਦੇ ਸੰਕਲਪ ਮੁਤਾਬਿਕ ਉਹ ਕਿਸੇ ਸਿਆਸਤਦਾਨ ਦੀ ਹਿਰਸ ਨੂੰ ਪੂਰਾ ਕਰਨ ਦੀ ਬਜਾਏ ਹਮੇਸ਼ਾ ਸੰਵਿਧਾਨ ਨੂੰ ਧਿਆਨ ਵਿੱਚ ਰੱਖ ਕੇ ਫ਼ੈਸਲੇ ਲੈਂਦੇ ਸਨ। ਦੂਜੇ ਪਾਸੇ ਅਜੋਕੇ ਸਮਿਆਂ ਵਿੱਚ ਪੱਛਮੀ ਬੰਗਾਲ ਤੇ ਮਹਾਰਾਸ਼ਟਰ ਜਿਹੇ ਗ਼ੈਰ-ਭਾਜਪਾ ਸ਼ਾਸਨ ਵਾਲੇ ਪ੍ਰਮੁੱਖ ਸੂਬਿਆਂ ਦੇ ਅਫ਼ਸਰਾਂ 'ਤੇ ਕੇਂਦਰ ਦੇ ਸ਼ਾਸਕਾਂ ਨਾਲ ਵਫ਼ਾਦਾਰੀ ਨਿਭਾਉਣ ਦਾ ਦਬਾਅ ਪਾਇਆ ਜਾ ਰਿਹਾ ਹੈ। ਸਰਕਾਰੀ ਅਫ਼ਸਰਾਂ ਪ੍ਰਤੀ ਇਹ ਵਿਗੜਿਆ ਹੋਇਆ ਨਜ਼ਰੀਆ ਕੇਂਦਰ-ਰਾਜ ਸੰਬੰਧਾਂ ਅਤੇ ਸੰਵਿਧਾਨਕ ਸ਼ਾਸਨ ਦੇ ਸੰਕਲਪ ਦੇ ਉਲਟ ਹੈ।

ਕੇਂਦਰੀ ਹਕੂਮਤ ਨੇ ਵਿਰੋਧੀ ਧਿਰ ਦੀਆਂ ਸੂਬਾਈ ਸਰਕਾਰਾਂ ਨੂੰ ਕਮਜ਼ੋਰ ਕਰਨ ਲਈ ਰਾਜਪਾਲ ਦੇ ਅਹੁਦੇ ਦੀ ਵੀ ਦੁਰਵਰਤੋਂ ਕੀਤੀ ਹੈ। ਪੱਛਮੀ ਬੰਗਾਲ ਤੇ ਮਹਾਰਾਸ਼ਟਰ ਇਸ ਦੀਆਂ ਉਦਾਹਰਣਾਂ ਹਨ।

ਪੰਜਵਾਂ, ਪ੍ਰਧਾਨ ਮੰਤਰੀ ਦੀ ਸ਼ਖ਼ਸੀ ਪੂਜਾ ਤੇ ਮਹਿਮਾ ਮੰਡਨ ਲਈ ਜਿਵੇਂ ਸੰਸਥਾਗਤ ਊਰਜਾ ਖ਼ਰਚ ਕੀਤੀ ਜਾਂਦੀ ਹੈ, ਉਸ ਨਾਲ ਵੀ ਭਾਰਤ ਦੇ ਸੰਘੀ ਗਣਰਾਜ ਦੇ ਖ਼ਿਆਲ ਨੂੰ ਸੱਟ ਵੱਜਦੀ ਹੈ। ਪ੍ਰਧਾਨ ਮੰਤਰੀ ਦੁਆਲੇ ਇਸ ਸ਼ਖ਼ਸੀ ਉਭਾਰ ਦਾ ਸੂਬਿਆਂ ਦੀ ਮਾਲੀ ਹਾਲਤ 'ਤੇ ਬਹੁਤ ਬੁਰਾ ਅਸਰ ਪਿਆ ਹੈ। ਇਸ ਸੰਬੰਧ ਵਿੱਚ ਪੀ. ਐੱਮ. ਕੇਅਰਜ਼ ਫੰਡ ਵੱਲ ਝਾਤ ਮਾਰੋ ਜਿਸ ਵਿੱਚ ਜਨਤਕ ਜਵਾਬਦੇਹੀ ਦੀ ਪੂਰੀ ਤਰ੍ਹਾਂ ਘਾਟ ਹੈ। ਇਹ ਫੰਡ ਸੰਘੀ ਅਸੂਲਾਂ ਦੇ ਖ਼ਿਲਾਫ਼ ਹੈ। ਅਹਿਮ ਗੱਲ ਇਹ ਹੈ ਕਿ ਇਸ ਫੰਡ ਲਈ ਦਿੱਤੇ ਕੰਪਨੀਆਂ ਦੇ ਚੰਦੇ ਨੂੰ 'ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ' ਤਹਿਤ ਟੈਕਸ ਰਿਆਇਤਾਂ ਦੇ ਰੂਪ ਵਿੱਚ ਲਿਆ ਜਾਂਦਾ ਹੈ ਪਰ ਸੂਬਿਆਂ ਵਿੱਚ ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਕੰਪਨੀਆਂ ਵੱਲੋਂ ਦਿੱਤੇ ਜਾਂਦੇ ਚੰਦੇ ਨੂੰ ਇਹ ਰਿਆਇਤ ਨਹੀਂ ਦਿੱਤੀ ਜਾਂਦੀ।

ਅਖ਼ੀਰ 'ਚ ਆਖ ਸਕਦੇ ਹਾਂ ਕਿ ਸ੍ਰੀ ਮੋਦੀ ਨੇ ਧਾਰਾ 356 ਦੀ ਵਰਤੋਂ ਸ੍ਰੀਮਤੀ ਇੰਦਰਾ ਗਾਂਧੀ ਨਾਲੋਂ ਘੱਟ ਕੀਤੀ ਹੈ ਪਰ ਇੱਕ ਸੂਬੇ ਨੂੰ ਤੋੜ ਕੇ ਉਸ ਨੂੰ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰਨ ਦਾ ਸਿਹਰਾ ਮੋਦੀ ਦੇ ਸਿਰ ਹੀ ਬੱਝਦਾ ਹੈ। ਗੋਆ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ, ਤ੍ਰਿਪੁਰਾ ਤੇ ਹਿਮਾਚਲ ਕੇਂਦਰ ਸ਼ਾਸਿਤ ਪ੍ਰਦੇਸ਼ ਸਨ ਜਿਨ੍ਹਾਂ ਨੂੰ ਸੂਬਿਆਂ ਦਾ ਦਰਜਾ ਦਿੱਤਾ ਗਿਆ ਸੀ। ਜੰਮੂ ਕਸ਼ਮੀਰ ਨਾਲ ਜੱਗੋਂ ਤੇਰਵੀਂ ਹੋਈ ਜਿਸ ਨੂੰ ਉੱਥੋਂ ਦੇ ਰਾਜਪਾਲ ਜ਼ਰੀਏ ਇੱਕ ਸੂਬੇ ਤੋਂ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰ ਦਿੱਤਾ ਗਿਆ। ਇਹ ਇਕਮਾਤਰ ਕਦਮ ਹੀ ਸੰਘੀ ਅਸੂਲ 'ਤੇ ਸਭ ਤੋਂ ਘਾਤਕ ਹਮਲਾ ਸਾਬਿਤ ਹੁੰਦਾ ਹੈ।

ਜੰਮੂ ਕਸ਼ਮੀਰ ਤੋਂ ਬਾਹਰ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੇ ਧਾਰਾ 356 ਦੀ ਵਰਤੋਂ ਘੱਟ ਕੀਤੀ ਹੈ ਤੇ ਜੋ ਕੀਤੀ ਹੈ ਤਾਂ ਬਹੁਤ ਸੂਖ਼ਮ ਪਰ ਕਾਫ਼ੀ ਸਫ਼ਲ ਰੂਪ ਵਿੱਚ ਕੀਤੀ ਹੈ। ਮੀਡੀਆ ਨੂੰ ਆਪਣੇ ਨਾਲ ਰਲ਼ਾ ਕੇ, ਜਿਵੇਂ ਸਾਡੀਆਂ ਬਿਹਤਰੀਨ ਸਰਕਾਰੀ ਯੂਨੀਵਰਸਿਟੀਆਂ ਵਿੱਚ ਨਿਘਾਰ ਲਿਆਂਦਾ ਗਿਆ ਹੈ, ਹਥਿਆਰਬੰਦ ਬਲਾਂ ਦਾ ਸਿਆਸੀਕਰਨ ਕੀਤਾ ਗਿਆ ਅਤੇ ਬਹੁਗਿਣਤੀਵਾਦੀ ਰਹੁਰੀਤਾਂ ਦਾ ਮਹਿਮਾਗਾਨ ਕਰ ਕੇ ਜਿਵੇਂ ਸਾਡੇ ਗਣਰਾਜ ਦੇ ਸੰਘੀ ਢਾਂਚੇ 'ਤੇ ਬਹੁਤਰਫ਼ੀ ਹਮਲਾ ਕੀਤਾ ਗਿਆ, 'ਨਿਊ ਇੰਡੀਆ' ਦੀਆਂ ਬਹੁ-ਪ੍ਰਚਾਰੀਆਂ ਪ੍ਰਾਪਤੀਆਂ ਵਿੱਚ ਇੱਕ ਅਹਿਮ ਪ੍ਰਾਪਤੀ ਇਹ ਵੀ ਸ਼ਾਮਲ ਹੈ।

# ਵਿਧਾਨ ਸਭਾ ਚੋਣਾਂ : ਪੰਜਾਬ ਮੁੱਦੇ ਤੇ ਸਿਆਸੀ ਪਾਰਟੀਆਂ ਦੀ ਬੇਸੁਰੀ ਪਹੁੰਚ

**ਰਜਿੰਦਰ ਸਿੰਘ ਪੁਰੇਵਾਲ**

ਧੜਾਧੜ ਆ ਰਹੇ ਚੋਣ ਸਰਵੇਖਣ ਪੇਡ ਨਿਊਜ਼ ਵਾਂਗ ਝੂਠੇ ਜਾਪਦੇ ਹਨ। ਇਹ ਆਪਸ ਵਿੱਚ ਹੀ ਮੇਲ ਨਹੀਂ ਖਾਂਦੇ। ਇਸੇ ਕਰਕੇ ਪੰਜਾਬੀਆਂ ਨੂੰ ਇਨ੍ਹਾਂ ਚੋਣ ਸਰਵੇਖਣਾਂ ਉੱਪਰ ਵਿਸ਼ਵਾਸ ਨਹੀਂ ਹੋ ਰਿਹਾ।

ਇਸ ਵਾਰ ਪੰਜਾਬ ਦਾ ਚੋਣ ਦ੍ਰਿਸ਼ ਪਹਿਲਾਂ ਵਰਗਾ ਨਹੀਂ ਹੈ। ਪਾਰਟੀਆਂ ਦੀ ਗਿਣਤੀ ਵਧ ਗਈ ਹੈ। ਕਿਸਾਨ ਵੀ ਇੱਕ ਧਿਰ ਵਜੋਂ ਚੋਣਾਂ ਲੜ ਰਹੇ ਹਨ। ਸਪਸ਼ਟ ਹੈ ਵੋਟਾਂ ਵੰਡੀਆਂ ਜਾਣਗੀਆਂ। ਵੱਡੀਆਂ ਤੇ ਪੁਰਾਣੀਆਂ ਪਾਰਟੀਆਂ ਨੂੰ ਇਸ ਦਾ ਨੁਕਸਾਨ ਪਹੁੰਚੇਗਾ। ਇਸ ਵਾਰ ਨਵੇਂ ਗੱਠਜੋੜ, ਨਵੀਆਂ ਪਾਰਟੀਆਂ ਕਾਰਨ ਚੋਣਾਂ ਦੀ ਸਥਿਤੀ ਭੰਬਲਭੂਸੇ ਵਾਲੀ ਬਣੀ ਹੋਈ ਹੈ।

ਪੰਜਾਬੀਆਂ ਦਾ ਇਸ ਵਾਰ ਕਿਸੇ ਪਾਰਟੀ ਵੱਲ ਝੁਕਾਅ ਨਜ਼ਰ ਨਹੀਂ ਆ ਰਿਹਾ। ਲੋਕਪੱਖੀ ਮੁੱਦੇ ਗ਼ਾਇਬ ਹਨ। ਬੇਰੁਜ਼ਗਾਰੀ ਪੰਜਾਬ ਵਿੱਚ ਖ਼ਤਰਨਾਕ ਰੂਪ ਧਾਰ ਚੁੱਕੀ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ 8 ਪ੍ਰਤੀਸ਼ਤ ਹੈ। ਦੋ ਕੁ ਸਾਲ ਪਹਿਲਾਂ ਇੱਕ ਅਸੈਂਬਲੀ ਸੁਆਲ ਦੇ ਜੁਆਬ ਵਿੱਚ ਸਰਕਾਰ ਨੇ ਮੰਨਿਆ ਸੀ ਕਿ 14.19 ਲੱਖ ਦੇ ਵਿਚਕਾਰ ਬੇਰੁਜ਼ਗਾਰ ਹਨ।

ਖੇਤੀ ਖੇਤਰ ਵਿੱਚ ਵਿਸ਼ੇਸ਼ ਕਰਕੇ ਤੇ ਦਿਹਾਤੀ ਖੇਤਰ ਵਿੱਚ ਆਮ ਕਰਕੇ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ ਅਤੇ ਉਨ੍ਹਾਂ ਨੂੰ ਗ਼ੈਰ-ਖੇਤੀ ਖੇਤਰਾਂ ਵਿੱਚ ਰੁਜ਼ਗਾਰ ਨਹੀਂ ਮਿਲ ਰਿਹਾ। ਖੇਤੀ ਦੇ ਖਿੱਤੇ ਦੀ ਘਟ ਰਹੀ ਆਰਥਿਕ ਲਾਹੇਵੰਦੀ ਵਿੱਚ ਸੁਧਾਰ ਲਈ ਫ਼ਸਲੀ, ਜੈਵਿਕ ਅਤੇ ਆਰਥਿਕ ਵਿਭਿੰਨਤਾ, ਪੈਦਾਵਾਰੀ ਕੀਮਤਾਂ ਨੂੰ ਘੱਟ ਕਰਨਾ ਅਤੇ ਉਪਜ ਦੇ ਲਾਹੇਵੰਦ ਭਾਅ ਯਕੀਨੀ ਬਣਾਉਣਾ ਮਹੱਤਵਪੂਰਨ ਚੋਣ ਮੁੱਦੇ ਹਨ। ਪਰ ਸਿਆਸੀ ਪਾਰਟੀਆਂ ਦਾ ਇੱਧਰ ਧਿਆਨ ਨਹੀਂ ਹੈ। ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਵਿੱਚ ਵਾਧੇ ਦੀ ਦਰ 2 ਤੋਂ 2.6 ਪ੍ਰਤੀਸ਼ਤ ਹੈ। ਪਿਛਲੇ 15-20 ਸਾਲਾਂ ਤੋਂ ਬੇਰੁਜ਼ਗਾਰ ਅਤੇ ਨੀਮ-ਰੁਜ਼ਗਾਰ ਲਗਾਤਾਰ ਰੁਜ਼ਗਾਰ ਵਾਸਤੇ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਉੱਤੇ ਪੁਲਿਸ ਵੱਲੋਂ ਤਸ਼ੱਦਦ ਜਾਰੀ ਹੈ। ਮੁੱਢਲੀ ਤਨਖ਼ਾਹ 'ਤੇ ਰੁਜ਼ਗਾਰ ਅਤੇ ਠੇਕੇ ਵਾਲੇ ਰੁਜ਼ਗਾਰ ਰਾਹੀਂ ਨੌਜਵਾਨਾਂ ਨਾਲ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ। ਇਸਦੇ ਮੁਕਾਬਲੇ ਵਿਧਾਇਕ ਅਤੇ ਮੰਤਰੀ ਆਪਣੀਆਂ ਤਨਖ਼ਾਹਾਂ ਅਤੇ ਭੱਤੇ ਨਾ ਕੇਵਲ ਮਨਮਰਜ਼ੀ ਨਾਲ ਵਧਾ ਲੈਂਦੇ ਹਨ ਸਗੋਂ ਉਨ੍ਹਾਂ ਦਾ ਆਮਦਨ ਕਰ ਵੀ ਸਰਕਾਰੀ ਖ਼ਜ਼ਾਨੇ ਵਿਚੋਂ ਜਾ ਰਿਹਾ ਹੈ। ਸਰਕਾਰਾਂ ਦੇ ਅਜਿਹੇ ਰਵੱਈਏ ਕਾਰਨ ਪੰਜਾਬ ਦੀ ਜੁਆਨੀ ਵਿਦੇਸ਼ਾਂ ਵੱਲ ਜਾ ਰਹੀ ਹੈ। ਪੰਜਾਬ ਸਰਕਾਰ ਸਿਰ ਕਰਜ਼ਾ 3 ਲੱਖ ਕਰੋੜ ਦੇ ਲਗਭਗ ਪਹੁੰਚ ਗਿਆ। ਪਿੱਛੇ ਸਾਰੀਆਂ ਸਰਕਾਰਾਂ ਦਾ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਤੇ ਘਪਲੇ ਜ਼ਿੰਮੇਵਾਰ ਹਨ।

ਪੰਜਾਬ ਵਿੱਚ ਵਾਤਾਵਰਨ ਸੰਕਟ ਬਹੁਤ ਗੰਭੀਰ ਹੈ, ਜਿਵੇਂ ਕਿ ਧਰਤੀ ਹੇਠਲੇ ਪਾਣੀ ਦਾ ਡਿੱਗ ਰਿਹਾ ਪੱਧਰ, ਖਾਰੀ ਮਿੱਟੀ ਅਤੇ ਇਸ ਦੀ ਘਟਦੀ ਉਤਪਾਦਕਤਾ, ਜੈਵ ਵਿਭਿੰਨਤਾ ਦਾ ਨੁਕਸਾਨ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਸਿਹਤ ਸੰਬੰਧੀ ਵਿਗਾੜ ਵਧਦਾ ਗਿਆ ਅਤੇ 1990 ਦੇ ਦਹਾਕੇ ਤੱਕ ਇੱਕ ਪੂਰੀ ਤਰ੍ਹਾਂ ਵਿਕਸਿਤ ਖੇਤੀ ਸੰਕਟ ਪੈਦਾ ਹੋ ਗਿਆ ਅਤੇ ਇਹ ਕਿਸਾਨਾਂ ਦੁਆਰਾ ਖ਼ੁਦਕੁਸ਼ੀਆਂ ਦੀ ਮਹਾਂਮਾਰੀ ਵਜੋਂ ਅੱਜ ਵੀ ਵਿਖਾਈ ਦੇ ਰਿਹਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਖੇਤੀ ਪ੍ਰਧਾਨ ਸੂਬੇ ਪੰਜਾਬ ਵਿੱਚ ਖੇਤੀ ਮੁੱਦੇ ਰਾਜਨੀਤਿਕ ਪਾਰਟੀਆਂ ਦਾ ਏਜੰਡਾ ਨਹੀਂ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਕਿਸਾਨਾਂ ਮਜ਼ਦੂਰਾਂ ਲਈ ਠੋਸ ਨੀਤੀਆਂ ਬਣਾਉਣ ਅਤੇ ਖੇਤੀ ਉਦਯੋਗ ਲਗਾ ਕੇ ਰੁਜ਼ਗਾਰ ਦੇਣ ਵਿੱਚ ਅਸਫ਼ਲ ਸਾਬਿਤ ਹੋਈਆਂ ਹਨ। ਵੱਖ-ਵੱਖ ਸਿਆਸੀ ਪਾਰਟੀਆਂ 2022 ਦੀਆਂ ਚੋਣਾਂ ਦੌਰਾਨ ਰਿਆਇਤਾਂ ਅਤੇ ਖ਼ੈਰਾਤਾਂ ਦੇਣ ਦਾ ਐਲਾਨ ਕਰ ਰਹੀਆਂ ਹਨ। ਇਨ੍ਹਾਂ ਰਿਆਇਤਾਂ ਅਤੇ ਖ਼ੈਰਾਤਾਂ ਨੂੰ ਨਵੀਂ ਬਣਨ ਵਾਲੀ ਸਰਕਾਰ ਜੇ ਪੂਰਾ ਕਰੇਗੀ (ਜੋ ਪੰਜਾਬ ਸਰਕਾਰ ਦੇ ਵਿੱਤੀ ਸੰਕਟ ਦੇ ਮੱਦੇਨਜ਼ਰ ਨਾਮੁਮਕਿਨ ਲੱਗਦਾ ਹੈ) ਤਾਂ ਹਰ ਸਾਲ 20,000 ਹਜ਼ਾਰ ਕਰੋੜ ਤੋਂ ਲੈ 25,000 ਕਰੋੜ ਦਾ ਸਰਕਾਰੀ ਖ਼ਜ਼ਾਨੇ ਉੱਪਰ ਹੋਰ ਬੋਝ ਪੈਣ ਦੀ ਸੰਭਾਵਨਾ ਹੈ।

ਚਾਹੀਦਾ ਤਾਂ ਇਹ ਸੀ ਕਿ ਸਿਆਸੀ ਪਾਰਟੀਆਂ ਸੂਬੇ ਦਾ ਵਿਕਾਸ ਅਤੇ ਰੁਜ਼ਗਾਰ ਵਧਾਉਣ ਅਤੇ ਨਸ਼ੇ ਜਿਹੀ ਸਮਾਜਿਕ ਅਤੇ ਆਰਥਿਕ ਅਲਾਮਤ ਨੂੰ ਮੋੜਾ ਦੇਣ ਅਤੇ ਲੋਕ ਕਲਿਆਣ ਅਤੇ ਪੰਜਾਬ ਦੇ ਬਹੁਪੱਖੀ ਵਿਕਾਸ ਦਾ ਏਜੰਡਾ ਲੈ ਕੇ ਆਉਂਦੀਆਂ। ਪਰ ਅਫ਼ਸੋਸ ਕਿ ਰਾਜਨੀਤਕ ਪਾਰਟੀਆਂ ਲੋਕ ਵਿਰੋਧੀ ਨੀਤੀ ਵੱਲ ਜਾ ਰਹੀਆਂ ਹਨ। ਇਹ ਇੱਕ ਅਰਾਜਕਤਾ ਵੱਲ ਵਧਦੇ ਕਦਮ ਹਨ।

## ਭਾਰਤ ਦੇ ਬੈਂਕ ਘੁਟਾਲੇ ਤੇ ਮੋਦੀ ਸਰਕਾਰ

ਬੀਤੇ ਦਿਨੀਂ ਏ.ਬੀ.ਜੀ. ਸ਼ਿਪਯਾਰਡ ਵੱਲੋਂ ਕੀਤੇ ਗਏ ਕਥਿਤ ਬੈਂਕ ਘੁਟਾਲੇ ਨੂੰ ਲੈ ਕੇ ਕਾਂਗਰਸ ਨੇ ਮੋਦੀ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਤੇ ਏ.ਬੀ.ਜੀ. ਸ਼ਿਪਯਾਰਡ ਵੱਲੋਂ ਕੀਤੇ 28 ਬੈਂਕਾਂ ਦੇ 22,842 ਕਰੋੜ ਰੁਪਏ ਦੇ ਘੁਟਾਲੇ 'ਤੇ ਤਿੱਖਾ ਤਨਜ਼ ਕਰਦਿਆਂ ਕਿਹਾ ਕਿ 75 ਸਾਲਾਂ ਦੇ ਸਭ ਤੋਂ ਵੱਡੇ ਬੈਂਕ ਘੁਟਾਲੇ ਵਿੱਚ ਐਫ.ਆਈ.ਆਰ. ਕਰਨ ਵਿੱਚ ਪੰਜ ਸਾਲ ਦੀ ਦੇਰੀ ਕੀਤੀ ਗਈ। ਜ਼ਿਕਰਯੋਗ ਹੈ ਕਿ ਦੇਸ਼ ਦੇ ਸਭ ਤੋਂ ਵੱਡੇ ਘੁਟਾਲੇ ਮਾਮਲੇ ਵਿੱਚ ਸੀ.ਬੀ.ਆਈ. ਵੱਲੋਂ ਏ.ਬੀ.ਜੀ. ਸ਼ਿਪਯਾਰਡ ਕੰਪਨੀ ਅਤੇ ਉਸ ਦੇ ਸਾਬਕਾ ਐਮ.ਡੀ. ਸਮੇਤ ਕਈ ਹੋਰਨਾਂ ਖ਼ਿਲਾਫ਼ ਬੀਤੇ ਸ਼ਨਿਚਰਵਾਰ ਨੂੰ ਐਫ.ਆਈ.ਆਰ. ਦਰਜ ਕੀਤੀ ਗਈ। ਗੁਜਰਾਤ ਨਾਲ ਜੁੜੀ ਇਸ ਸ਼ਿਪਯਾਰਡ ਕੰਪਨੀ ਨੇ ਕਈ ਬੈਂਕਾਂ ਤੋਂ ਕਰਜ਼ਾ ਲਿਆ ਅਤੇ ਫਿਰ ਮੋੜਿਆ ਨਹੀਂ। ਬਾਕੀ ਸਫ਼ਾ 33 'ਤੇ

# ਸਭ ਤੋਂ ਛੋਟੀ ਉਮਰ ਤੇ ਸਭ ਤੋਂ ਵਡੇਰੀ ਉਮਰ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਵੱਡੇ ਬਾਦਲ

## ਬੇਅਦਬੀ ਕਾਂਡ ਨੇ ਬਾਦਲ ਦਲ ਦੀ ਸਿਆਸਤ ਨੂੰ ਨੁਕਸਾਨ ਪਹੁੰਚਾਇਆ ✪ ਹੁਣ ਸੁਖਬੀਰ ਬਾਦਲ ਅਕਾਲੀ ਦਲ ਲਈ ਤਲਾਸ਼ ਰਹੇ ਨੇ ਜ਼ਮੀਨ

**ਜਲੰਧਰ/ਏ.ਟੀ.ਨਿਊਜ਼ :-** ਪ੍ਰਕਾਸ਼ ਸਿੰਘ ਬਾਦਲ ਭਾਰਤੀ ਸਿਆਸਤ ਦੇ ਵੱਡੇ ਕੱਦ ਵਾਲੇ ਖੇਤਰੀ ਆਗੂਆਂ ਵਿੱਚ ਸ਼ੁਮਾਰ ਹਨ। ਉਹ ਪੰਜਾਬ ਦੇ 5 ਵਾਰ ਮੁੱਖ ਮੰਤਰੀ ਬਣੇ ਅਤੇ 1996 ਤੋਂ 2008 ਤੱਕ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਵਜੋਂ ਕੰਮ ਕਰਦੇ ਰਹੇ। 1970 ਵਿੱਚ ਬਾਦਲ 43 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਕਿਸੇ ਭਾਰਤੀ ਸੂਬੇ ਦੇ ਮੁੱਖ ਮੰਤਰੀ ਬਣਨ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ ਸਨ। 2017 ਵਿੱਚ ਜਦੋਂ ਉਨਾਂ ਦਾ 5ਵਾਂ ਕਾਰਜਕਾਲ ਪੂਰਾ ਹੋਇਆ ਤਾਂ ਉਹ 90 ਸਾਲ ਦੀ ਉਮਰ ਦੇ ਕਿਸੇ ਭਾਰਤੀ ਸੂਬੇ ਦੇ ਸਭ ਤੋਂ ਵਡੇਰੀ ਉਮਰ ਦੇ ਮੁੱਖ ਮੰਤਰੀ ਸਨ। 1979 ਤੋਂ 1980 ਦੌਰਾਨ ਉਹ ਕੇਂਦਰ ਵਿੱਚ ਚੌਧਰੀ ਚਰਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿੱਚ ਖੇਤੀ ਮੰਤਰੀ ਬਣੇ, ਪਰ ਉਨਾਂ ਮੁੜ ਕੇ ਕਦੇ ਵੀ ਕੇਂਦਰ ਵੱਲ ਨਹੀਂ ਤੱਕਿਆ ਅਤੇ ਆਪਣਾ ਪੂਰਾ ਧਿਆਨ ਸੂਬਾਈ ਸਿਆਸਤ ਉੱਤੇ ਕੇਂਦਰਿਤ ਕੀਤਾ। ਬਾਦਲ ਭਾਵੇਂ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀ ਅਕਾਲੀ ਪਾਰਟੀ ਦੇ ਆਗੂ ਹਨ, ਪਰ ਉਨਾਂ ਹਿੰਦੂਤਵੀ ਸੋਚ ਵਾਲੀ ਭਾਜਪਾ ਨਾਲ ਗਠਜੋੜ ਕਰਕੇ ਸੱਤਾ ਹਾਸਲ ਕੀਤੀ।

**ਬਾਦਲ ਦਾ ਜਨਮ ਤੇ ਸਿੱਖਿਆ**

ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਬਠਿੰਡਾ ਜ਼ਿਲੇ ਦੇ ਪਿੰਡ ਅਬੁਲ-ਖੁਰਾਣਾ ਵਿੱਚ 8 ਦਸੰਬਰ 1927 ਨੂੰ ਹੋਇਆ। ਉਨਾਂ ਦੀ ਮਾਤਾ ਦਾ ਨਾਂ ਸੁੰਦਰੀ ਕੌਰ ਤੇ ਪਿਤਾ ਦਾ ਨਾਂ ਰਘੂਰਾਜ ਸਿੰਘ ਸੀ। ਉਨਾਂ ਆਪਣੀ ਮੁੱਢਲੀ ਸਿੱਖਿਆ ਇੱਕ ਸਥਾਨਕ ਅਧਿਆਪਕ ਤੋਂ ਲਈ ਅਤੇ ਫਿਰ ਉਹ ਲੰਬੀ ਦੇ ਸਕੂਲ ਵਿੱਚ ਪੜਨ ਲੱਗੇ ਜਿੱਥੇ ਉਹ ਬਾਦਲ ਪਿੰਡ ਤੋਂ ਘੋੜੀ ਉੱਤੇ ਪੜਨ ਜਾਇਆ ਕਰਦੇ ਸਨ। ਹਾਈ ਸਕੂਲ ਦੀ ਪੜਾਈ ਲਈ ਉਹ ਫ਼ਿਰੋਜ਼ਪੁਰ ਦੇ ਮਨੋਹਰ ਲਾਲ ਮੈਮੋਰੀਅਲ ਹਾਈ ਸਕੂਲ ਵਿੱਚ ਗਏ। ਕਾਲਜ ਦੀ ਪੜਾਈ ਲਈ ਉਨਾਂ ਸਿੱਖ ਕਾਲਜ ਲਾਹੌਰ ਵਿੱਚ ਦਾਖ਼ਲਾ ਲਿਆ, ਪਰ ਮਾਈਗ੍ਰੇਸ਼ਨ ਲੈ ਕੇ ਉਹ ਫ਼ੋਰਮਨ ਕ੍ਰਿਸ਼ਚੀਅਨ ਕਾਲਜ ਵਿੱਚ ਦਾਖ਼ਲ ਹੋ ਗਏ ਅਤੇ ਇੱਥੋਂ ਹੀ ਉਨਾਂ ਆਪਣੀ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ। ਉਹ ਪਟਵਾਰੀ ਬਣਨਾ ਚਾਹੁੰਦੇ ਸਨ ਪਰ ਅਕਾਲੀ ਆਗੂ ਗਿਆਨੀ ਕਰਤਾਰ ਸਿੰਘ ਦੇ ਪ੍ਰਭਾਵ ਹੇਠ ਉਹ ਸਿਆਸਤ ਵਿੱਚ ਆ ਗਏ।

**ਸਰਪੰਚੀ ਤੋਂ ਸਿਆਸਤ ਦੀ ਸ਼ੁਰੂਆਤ**

ਬਾਦਲ ਦੀ ਸਿਆਸਤ ਦੀ ਸ਼ੁਰੂਆਤ 1947 ਤੋਂ ਹੋਈ। ਉਹ ਆਪਣੇ ਪਿਤਾ ਰਘੂਰਾਜ ਸਿੰਘ ਵਾਂਗ ਬਾਦਲ ਪਿੰਡ ਦੇ ਸਰਪੰਚ ਬਣੇ। ਪ੍ਰਕਾਸ਼ ਸਿੰਘ ਬਾਦਲ ਵੀ ਦੂਜੇ ਅਕਾਲੀਆਂ ਵਾਂਗ 1957 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ ਉੱਤੇ ਚੋਣ ਲੜ ਕੇ ਪਹਿਲੀ ਵਾਰ ਵਿਧਾਇਕ ਬਣੇ।

ਬਾਦਲ ਦਾ ਦਾਅਵਾ ਹੈ ਕਿ ਉਹ ਖੇਤਰੀ ਪਾਰਟੀਆਂ ਨੂੰ ਸ਼ਕਤੀਸ਼ਾਲੀ ਕਰਨ ਦੇ ਮੁੱਦਈ ਰਹੇ ਹਨ। ਯਾਦ ਰਹੇ ਕਿ ਜਦੋਂ 1997 ਵਿੱਚ ਮੁਲਕ ਦੀਆਂ ਖੇਤਰੀ ਪਾਰਟੀਆਂ ਨੇ ਕਾਂਗਰਸ ਦਾ ਸਮਰਥਨ ਲੈ ਕੇ ਦੇਵਗੌੜਾ ਦੀ ਅਗਵਾਈ ਵਿੱਚ ਸਰਕਾਰ ਬਣਾਈ ਤਾਂ ਬਾਦਲ ਭਾਜਪਾ ਦੀ ਅਗਵਾਈ ਵਾਲੇ ਐੱਨ. ਡੀ. ਏ. ਦੇ ਹੱਕ ਵਿੱਚ ਭੁਗਤ ਗਏ। ਬਾਦਲ ਖ਼ੁਦ ਕਹਿੰਦੇ ਹਨ ਕਿ ਉਹ ਸ਼ੁਰੂ ਤੋਂ ਹੀ ਕਾਂਗਰਸ ਦੇ ਕੱਟੜ ਆਲੋਚਕ ਰਹੇ ਹਨ। ਪੰਜਾਬੀ ਸੂਬੇ ਮੋਰਚੇ ਤੋਂ ਲੈ ਕੇ ਧਰਮਯੁੱਧ ਮੋਰਚੇ ਤੱਕ ਅਤੇ ਪੰਜਾਬ ਵਿੱਚ ਸੱਤਾ ਦੀ ਲੜਾਈ ਲਈ ਉਨਾਂ ਨੂੰ ਹਮੇਸ਼ਾ ਕਾਂਗਰਸ ਨਾਲ ਟੱਕਰ ਲੈਣੀ ਪਈ ਹੈ। ਉਹ ਕਾਂਗਰਸ ਦੇ ਟਿਕਟ ਤੋਂ ਵਿਧਾਇਕ ਬਣ ਕੇ ਅਕਾਲੀ ਦਲ ਵਿੱਚ ਜਾਣ ਬਾਰੇ ਉਹ ਕਹਿੰਦੇ ਹਨ, 'ਕਾਂਗਰਸ ਉੱਤੇ ਮੈਨੂੰ ਸ਼ੁਰੂ ਤੋਂ ਹੀ ਕਦੇ ਵੀ ਭਰੋਸਾ ਨਹੀਂ ਰਿਹਾ।'



ਨੌਜਵਾਨ ਤੇ ਬਜ਼ੁਰਗ ਮੁੱਖ ਮੰਤਰੀ ਬਾਦਲ ਨੇ 1969-70 ਦੀਆਂ ਮੱਧਵਰਤੀ ਚੋਣਾਂ ਅਕਾਲੀ ਦਲ ਦੀ ਟਿਕਟ ਉੱਤੇ ਲੜੀਆਂ ਅਤੇ ਉਹ ਪਹਿਲੀ ਵਾਰ ਬਣੀ ਪੰਜਾਬ ਦੀ ਗ਼ੈਰ-ਕਾਂਗਰਸੀ ਸਰਕਾਰ ਵਿੱਚ ਮੰਤਰੀ ਬਣੇ। ਜਸਟਿਸ ਗੁਰਨਾਮ ਸਿੰਘ ਦੀ ਇਹ ਸਰਕਾਰ ਜਨ-ਸੰਘ (ਮੌਜੂਦਾ ਭਾਜਪਾ) ਦੇ ਸਹਿਯੋਗ ਨਾਲ ਬਣੀ ਸੀ ਤੇ ਦੂਜੀ ਵਾਰ ਦੇ ਵਿਧਾਇਕ ਬਾਦਲ ਇਸ ਸਰਕਾਰ ਦੇ ਵਿਕਾਸ ਵਿਭਾਗ ਦੇ ਮੰਤਰੀ ਬਣੇ। 1970 ਵਿੱਚ ਹੀ ਰਾਜ ਸਭਾ ਚੋਣਾਂ ਦੌਰਾਨ ਅਕਾਲੀ ਉਮੀਦਵਾਰ ਦੀ ਹਾਰ ਕਾਰਨ ਤਤਕਾਲੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਨੂੰ ਅਹੁਦੇ ਤੋਂ ਫ਼ਾਰਗ ਕਰਕੇ ਬਾਦਲ ਨੂੰ ਮੁੱਖ ਮੰਤਰੀ ਬਣਵਾ ਦਿੱਤਾ। ਪਹਿਲੀ ਵਾਰ ਮੁੱਖ ਮੰਤਰੀ ਬਣਨ ਸਮੇਂ ਬਾਦਲ ਸਿਰਫ਼ 43 ਸਾਲ ਦੇ ਸਨ। ਉਹ 1967 ਵਿੱਚ ਇੱਕ ਵਾਰ ਚੋਣ ਹਾਰੇ, ਇਸ ਤੋਂ ਬਾਅਦ 1969 ਤੋਂ ਲੈ ਕੇ ਮੌਜੂਦਾ ਸਮੇਂ ਤੱਕ ਉਹ ਲੰਬੀ ਤੋਂ ਕਦੇ ਵੀ ਚੋਣ ਨਹੀਂ ਹਾਰੇ। ਦੂਜੀ ਵਾਰ 1976 ਵਿੱਚ ਪ੍ਰਧਾਨ ਮੰਤਰੀ ਇੰਦਰਾ ਵੱਲੋਂ 25 ਜੂਨ 1975 ਨੂੰ ਮੁਲਕ ਵਿੱਚ ਲਾਈ ਐਮਰਜੈਂਸੀ ਕਾਰਨ ਕਾਂਗਰਸ ਖ਼ਿਲਾਫ਼ ਪੈਦਾ ਮਾਹੌਲ ਦਾ ਫ਼ਾਇਦਾ ਗ਼ੈਰ-ਕਾਂਗਰਸੀ ਦਲਾਂ ਨੂੰ ਮਿਲਿਆ। 1977 ਦੀਆਂ ਚੋਣਾਂ ਵਿੱਚੋਂ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਨੇ ਮਿਲ ਕੇ ਸਰਕਾਰ ਬਣਾਈ ਤੇ ਬਾਦਲ ਦੂਜੀ ਵਾਰ ਮੁੱਖ ਮੰਤਰੀ ਬਣੇ। ਇਸ ਵਾਰ ਉਹ 1977 ਤੋਂ 1980 ਤੱਕ ਸੱਤਾ ਵਿੱਚ ਰਹੇ। ਇਸ ਤੋਂ ਬਾਅਦ ਉਹ 1997 ਤੋਂ 2002 ਤੱਕ ਤੀਜੀ ਵਾਰ ਮੁੱਖ ਮੰਤਰੀ ਬਣੇ ਅਤੇ ਪਹਿਲੀ ਵਾਰ 5 ਸਾਲ ਰਾਜ ਕੀਤਾ। ਫੇਰ ਬਾਦਲ ਨੇ 2007-2012 ਅਤੇ 2012 ਤੋਂ 2017 ਵਿੱਚ ਲਗਾਤਾਰ ਦੋ ਵਾਰ ਮੁੱਖ ਮੰਤਰੀ ਬਣ ਕੇ ਪੰਜਾਬ ਦਾ ਨਵਾਂ ਸਿਆਸੀ ਰਿਕਾਰਡ ਬਣਾਇਆ। ਫਰਵਰੀ 2017 ਵਿੱਚ ਜਦੋਂ ਅਕਾਲੀ ਦਲ ਦੀ ਹਾਰ ਤੋਂ ਬਾਅਦ ਬਾਦਲ ਨੇ ਅਸਤੀਫ਼ਾ ਦਿੱਤਾ ਤਾਂ ਉਨਾਂ ਦੀ ਉਮਰ 90 ਸਾਲ ਸੀ।

**ਮੋਰਚੇ ਅਤੇ ਸੰਘਰਸ਼ ਦੀ ਗੁੜਤੀ**

ਅਕਾਲੀ ਦਲ ਦਾ ਸੰਘਰਸ਼ ਨਾਲ ਵਾਸਤਾ ਮੁੱਢ ਤੋਂ ਹੀ ਰਿਹਾ, ਭਾਵੇਂ ਉਹ ਭਾਰਤ ਦੀ ਆਜ਼ਾਦੀ ਦੀ ਲੜਾਈ ਹੋਵੇ, ਗੁਰਦੁਆਰਾ ਸੁਧਾਰ ਲਹਿਰ ਜਾਂ ਅਜ਼ਾਦੀ ਤੋਂ ਬਾਅਦ ਪੰਥਕ ਤੇ ਪੰਜਾਬ ਮਸਲਿਆਂ ਦੀ ਹੋਵੇ। ਅਕਾਲੀ ਦਲ ਇਨਾਂ ਸਾਰੇ ਹੀ ਘੋਲਾਂ ਵਿੱਚ ਮੋਹਰੀ ਰਿਹਾ ਹੈ। ਮਾਸਟਰ ਤਾਰਾ ਸਿੰਘ ਤੇ ਹੋਰ ਟਕਸਾਲੀ ਪੰਥਕ ਆਗੂਆਂ ਦੀ ਸੰਗਤ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਪਾਰਟੀ ਦਾ ਜ਼ਾਬਤੇਬੱਧ ਤੇ ਵਫ਼ਾਦਾਰ ਕਾਡਰ ਬਣਾਇਆ।

ਅਕਾਲੀ ਦਲ ਦੇ ਪਹਿਲੇ ਜਥੇ ਨੇ 9 ਜੁਲਾਈ 1975 ਨੂੰ ਗ੍ਰਿਫ਼ਤਾਰੀ ਦਿੱਤੀ ਸੀ। ਬਾਦਲ ਨੇ ਅਕਾਲੀ ਦਲ ਦੇ ਹੁਕਮਾਂ ਮੁਤਾਬਕ ਪਹਿਲੇ ਜਥੇ ਵਿੱਚ ਹੀ ਗ੍ਰਿਫ਼ਤਾਰੀ ਦਿੱਤੀ ਤੇ 19 ਮਹੀਨੇ ਜੇਲ ਵਿੱਚ ਰਹੇ। ਗਿਆਨੀ ਕਰਤਾਰ ਸਿੰਘ ਨੂੰ ਸ. ਬਾਦਲ ਆਪਣਾ ਸਿਆਸੀ ਗੁਰੂ ਮੰਨਦੇ ਹਨ। ਮਾਸਟਰ ਤਾਰਾ ਸਿੰਘ, ਸੰਤ ਫ਼ਤਿਹ ਸਿੰਘ ਵਰਗੇ ਵੱਡੇ ਆਗੂਆਂ ਦੀ ਅਗਵਾਈ ਵਿੱਚ ਬਾਦਲ ਅਕਾਲੀ ਦਲ ਵਿੱਚ ਸਰਗਰਮ ਰਹੇ। ਉਨਾਂ ਪੰਜਾਬੀ ਸੂਬਾ ਮੋਰਚਾ, ਕਪੂਰੀ ਮੋਰਚਾ ਅਤੇ ਧਰਮ ਯੁੱਧ ਮੋਰਚਿਆਂ ਵਿੱਚ ਸਰਗਰਮੀ ਨਾਲ ਸ਼ਮੂਲੀਅਤ ਕੀਤੀ। ਉਨਾਂ ਦੀ ਜ਼ਿੰਦਗੀ ਦੇ ਕਈ ਸਾਲ ਜੇਲ ਦੀਆਂ ਸਲਾਖਾਂ ਪਿੱਛੇ ਵੀ ਬੀਤੇ ਹਨ। ਬਾਦਲ ਨੇ ਇੱਕ ਵਾਰ ਆਪ ਮੀਡੀਆ ਵਿੱਚ ਦਾਅਵਾ ਕੀਤਾ ਕਿ ਉਨਾਂ 17 ਸਾਲ ਜੇਲ ਕੱਟੀ ਹੈ।

**ਪਰਿਵਾਰਵਾਦ ਤੇ ਲਿਫ਼ਾਫ਼ਾ ਕਲਚਰ**

ਪ੍ਰਕਾਸ਼ ਸਿੰਘ ਬਾਦਲ 1996 ਤੋਂ 2008 ਤੱਕ ਅਕਾਲੀ ਦਲ ਦੇ ਆਪ ਪ੍ਰਧਾਨ ਰਹੇ ਅਤੇ ਉਨਾਂ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਸੌਂਪ ਦਿੱਤੀ।

ਬਾਦਲ ਨਾਲ ਜਿਹੜਾ ਸਭ ਤੋਂ ਵੱਡਾ ਵਿਵਾਦ ਜੁੜਦਾ ਹੈ, ਉਹ ਹੈ ਪਰਿਵਾਰਵਾਦ ਦਾ। ਬਾਦਲ ਜਦੋਂ ਸੱਤਾ ਵਿੱਚ ਆਏ ਤਾਂ ਇੱਕ ਸਮੇਂ ਉਹ ਆਪ ਮੁੱਖ ਮੰਤਰੀ ਸਨ, ਪੁੱਤਰ ਸੁਖਬੀਰ ਬਾਦਲ ਅਕਾਲੀ ਦਲ ਦਾ ਪ੍ਰਧਾਨ, ਭਤੀਜਾ ਮਨਪ੍ਰੀਤ ਬਾਦਲ ਵਿੱਤ ਮੰਤਰੀ, ਜਵਾਈ ਆਦੇਸ਼ ਪ੍ਰਤਾਪ ਕੈਰੋਂ, ਸਿਵਲ ਸਪਲਾਈ ਮੰਤਰੀ ਤੇ ਪੁੱਤਰ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਲੋਕ ਸੰਪਰਕ ਮੰਤਰੀ।

ਦੂਜੇ ਕਾਰਜਕਾਲ ਵਿੱਚ ਤਾਂ ਉਨਾਂ ਡਿਪਟੀ ਮੁੱਖ ਮੰਤਰੀ ਦਾ ਅਹੁਦਾ ਆਪਣੇ ਪੁੱਤਰ ਸੁਖਬੀਰ ਬਾਦਲ ਨੂੰ ਸੌਂਪ ਦਿੱਤਾ। ਇਹ ਗੱਲ ਵੱਖਰੀ ਹੈ ਕਿ ਸ਼ਰੀਕੇਬਾਜ਼ੀ ਕਾਰਨ ਮਨਪ੍ਰੀਤ ਬਾਦਲ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਚਲਾ ਗਿਆ, ਜਦੋਂ 2017 ਵਿੱਚ ਕਾਂਗਰਸ ਸਰਕਾਰ ਬਣੀ ਤਾਂ ਉਹ ਉੱਥੇ ਵੀ ਵਿੱਤ ਮੰਤਰੀ ਬਣ ਗਿਆ। ਅਕਾਲੀ ਦਲ ਗਾਂਧੀ ਪਰਿਵਾਰ ਦੇ ਜਿਸ ਪਰਿਵਾਰਵਾਦ ਦਾ ਵਿਰੋਧ ਕਰਦਾ ਸੀ ਉਸੇ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਸਿਖ਼ਰਾਂ ਉੱਤੇ ਪਹੁੰਚਾ ਦਿੱਤਾ। ਬਾਦਲ ਨੂੰ ਜਦੋਂ ਕੇਂਦਰ ਵਿੱਚ ਵਜ਼ਾਰਤ ਦਾ ਮੌਕਾ ਮਿਲਿਆ ਤਾਂ ਰਣਜੀਤ ਸਿੰਘ ਬ੍ਰਹਮਪੁਰਾ ਤੇ ਰਤਨ ਸਿੰਘ ਅਜਨਾਲਾ ਵਰਗੇ ਸੀਨੀਅਰ ਆਗੂਆਂ ਨੂੰ ਛੱਡ ਕੇ ਸੁਖਬੀਰ ਬਾਦਲ ਦੀ ਪਤਨੀ ਹਰਸਿਮਰਤ ਕੌਰ ਨੂੰ ਕੇਂਦਰੀ ਮੰਤਰੀ ਬਣਾਇਆ।

ਬਾਦਲ ਉੱਤੇ ਇਹ ਵੀ ਇਲਜ਼ਾਮ ਲੱਗਦਾ ਹੈ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਵੀ ਉਨਾਂ ਨੇ ਪਾਰਟੀ ਪ੍ਰਧਾਨਗੀ ਨਹੀਂ ਛੱਡੀ, ਇਸ ਦੇ ਨਾਲ-ਨਾਲ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਉੱਤੇ ਵੀ ਆਪਣੇ ਸਿਆਸੀ ਬੰਦਿਆਂ ਰਾਹੀਂ ਕਾਬਜ਼ ਹੋ ਗਏ।1980ਵਿਆਂ ਦੌਰਾਨ ਹੋਈ ਹਿੰਸਾ ਵਿੱਚ ਜਾਨੀ ਤੇ ਮਾਲੀ ਨੁਕਸਾਨ ਦਾ ਪਤਾ ਲਗਾਉਣ ਅਤੇ ਸਿਆਸੀ ਆਗੂਆਂ ਦੀ ਭੂਮਿਕਾ ਬਾਰੇ ਇੱਕ ਟਰੁੱਥ ਕਮਿਸ਼ਨ ਸਥਾਪਤ ਕਰਨ ਦਾ ਐਲਾਨ ਕੀਤਾ ਸੀ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਬਾਦਲ ਭੁੱਲ ਗਏ। ਜਦੋਂ ਉਨਾਂ ਨੂੰ ਟਰੁੱਥ ਕਮਿਸ਼ਨ ਬਾਬਤ ਪੁੱਛਿਆ ਤਾਂ ਉਨਾਂ ਕਿਹਾ, 'ਛੱਡੋ ਜੀ ਪੁਰਾਣੇ ਜ਼ਖ਼ਮਾਂ ਨੂੰ ਕਿਉਂ ਕੁਰੇਦਣਾ'।

ਪੰਥਕ ਹਲਕੇ ਇਸ ਨੂੰ ਬਾਦਲ ਦੀ ਸਭ ਤੋਂ ਵੱਡੀ ਵਾਅਦਾ ਖ਼ਿਲਾਫ਼ੀ ਮੰਨਦੇ ਹਨ। ਚੰਡੀਗੜ ਪੰਜਾਬ ਨੂੰ ਦੇਣਾ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਉਣਾ ਅਤੇ ਦਰਿਆਈ ਪਾਣੀਆਂ ਦੇ ਮਸਲੇ ਵਰਗੇ ਅਕਾਲੀ ਦਲ ਦੇ ਰਵਾਇਤੀ ਮੁੱਦੇ ਵੀ ਹੱਲ ਨਹੀਂ ਕਰਵਾ ਸਕੇ।

**ਭ੍ਰਿਸ਼ਟਾਚਾਰ ਦੇ ਇਲਜ਼ਾਮ**

ਪ੍ਰਕਾਸ਼ ਸਿੰਘ ਬਾਦਲ ਦੇ 1997 ਤੋਂ 2002 ਦੇ ਕਾਰਜਕਾਲ ਦੌਰਾਨ ਉਨਾਂ ਦੇ ਪਰਿਵਾਰ ਅਤੇ ਮੰਤਰੀਆਂ ਉੱਤੇ ਭ੍ਰਿਸ਼ਟਾਚਾਰ ਦੇ ਗੰਭੀਰ ਇਲਜ਼ਾਮ ਲੱਗਦੇ ਰਹੇ। 2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਇਆ ਅਤੇ ਬਾਦਲਾਂ ਨੂੰ ਜੇਲ ਭੇਜਣ ਦੇ ਨਾਂ ਉੱਤੇ ਚੋਣਾਂ ਲੜੀਆਂ। ਸਰਕਾਰ ਬਣਦਿਆਂ ਹੀ ਕੈਪਟਨ ਨੇ ਬਾਦਲ ਪਰਿਵਾਰ ਉੱਤੇ ਆਮਦਨ ਤੋਂ ਵੱਧ 3000 ਕਰੋੜ ਰੁਪਏ ਦੀ ਜਾਇਦਾਦ ਦੇ ਇਲਜ਼ਾਮਾਂ ਦੀ ਜਾਂਚ ਵਿਜੀਲੈਂਸ ਬਿਊਰੋ ਨੂੰ ਸੌਂਪੀ।। 2003 ਵਿੱਚ ਇਹ ਕੇਸ ਸ਼ੁਰੂ ਹੋਏ, ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਦੀ ਗ੍ਰਿਫ਼ਤਾਰੀ ਵੀ ਹੋਈ, ਪਰ ਕੁਝ ਦਿਨ ਬਾਅਦ ਉਹ ਜ਼ਮਾਨਤ ਉੱਤੇ ਰਿਹਾਅ ਹੋ ਗਏ। ਮਹੀਨਿਆਂ ਦੀ ਜਾਂਚ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਸਿਰਫ਼ 78 ਕਰੋੜ ਰੁਪਏ ਦੀ ਚਾਰਜਸ਼ੀਟ ਪੇਸ਼ ਕੀਤੀ। ਕੈਪਟਨ ਸਰਕਾਰ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਇਨਾਂ ਇਲਜ਼ਾਮਾਂ ਨੂੰ ਅਦਾਲਤ ਵਿੱਚ ਸਾਬਿਤ ਨਹੀਂ ਕਰ ਸਕੀ। 2007 ਵਿੱਚ ਅਕਾਲੀ ਦਲ ਮੁੜ ਸੱਤਾ ਵਿੱਚ ਆ ਗਿਆ ਅਤੇ 2010 ਤੱਕ ਜਾਂਚ ਅਫ਼ਸਰ ਸਣੇ ਗਵਾਹ ਮੁੱਕਰ ਗਏ ਅਤੇ ਸੀਨੀਅਰ ਤੇ ਜੂਨੀਅਰ ਬਾਦਲ ਦੋਵੇਂ ਸਬੂਤਾਂ ਦੀ ਘਾਟ ਕਾਰਨ ਅਦਾਲਤ ਨੇ ਬਰੀ ਕਰ ਦਿੱਤੇ।

**ਬਾਕੀ ਸਫ਼ਾ 33 'ਤੇ**

# ਵਿਧਾਨ ਸਭਾ ਚੋਣਾਂ ਵਿੱਚ ਡਟੇ ਦਰਜਨ ਤੋਂ ਵੱਧ ਕੌਮਾਂਤਰੀ ਖਿਡਾਰੀ

## ਵੱਖ-ਵੱਖ ਸਿਆਸੀ ਪਾਰਟੀਆਂ ਨੇ ਕ੍ਰਿਕਟ, ਹਾਕੀ, ਬਾਸਕਿਟਬਾਲ, ਨਿਸ਼ਾਨੇਬਾਜ਼ ਤੇ 3 ਕਬੱਡੀ ਖਿਡਾਰੀਆਂ 'ਤੇ ਆਪਣਾ ਦਾਅ ਖੇਡਿਆ








**ਬਠਿੰਡਾ/ਏ.ਟੀ.ਨਿਊਜ਼:** ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੌਮਾਂਤਰੀ ਪੱਧਰ ਦੇ ਦਰਜਨ ਤੋਂ ਵੱਧ ਖਿਡਾਰੀ ਵੀ ਸਿਆਸੀ ਚੋਣ ਮੈਦਾਨ ਵਿੱਚ ਡਟੇ ਹੋਏ ਹਨ । ਚੋਣਾਂ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਨੇ ਕ੍ਰਿਕਟ, ਹਾਕੀ, ਬਾਸਕਿਟਬਾਲ, ਨਿਸ਼ਾਨੇਬਾਜ਼ ਤੇ 3 ਕਬੱਡੀ ਖਿਡਾਰੀਆਂ 'ਤੇ ਆਪਣਾ ਦਾਅ ਖੇਡਿਆ ਹੈ ਪਰ ਖੇਡਾਂ ਦੇ ਖੇਤਰ ਵਾਂਗ ਸਿਆਸੀ ਮੈਦਾਨ ਵਿੱਚ ਖਿਡਾਰੀ ਕਿੰਨੇ ਕੁ ਲੋਕ ਉਮੀਦਾਂ 'ਤੇ ਖ਼ਰੇ ਉੱਤਰਦੇ ਹਨ, ਇਹ ਸਮਾਂ ਦੱਸੇਗਾ । ਜੇਕਰ ਪਿਛਲੇ ਸਮੇਂ 'ਚ ਸਿਆਸਤ ਦੇ ਪਿੜ ਵਿੱਚ ਕੁੱਦੇ ਪ੍ਰਸਿੱਧ ਖਿਡਾਰੀਆਂ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਨਾਂਅ ਸਾਬਕਾ ਕ੍ਰਿਕਟ ਖਿਡਾਰੀ ਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਆਉਂਦਾ, ਜੋ ਕਾਂਗਰਸ ਪਾਰਟੀ ਦੀ ਤਰਫ਼ੋਂ ਅੰਮ੍ਰਿਤਸਰ ਪੱਛਮੀ ਹਲਕੇ ਤੋਂ ਚੋਣ ਮੈਦਾਨ 'ਚ ਹਨ । ਇਸੇ ਤਰਾਂ ਪ੍ਰਸਿੱਧ ਹਾਕੀ ਖਿਡਾਰੀ ਪਦਮਸ਼੍ਰੀ ਪ੍ਰਗਟ ਸਿੰਘ (ਓਲੰਪੀਅਨ) ਦੋ ਵਾਰ ਵਿਧਾਇਕ ਰਹੇ ਹਨ ਤੇ ਉਹ ਜਲੰਧਰ ਛਾਉਣੀ ਹਲਕੇ ਤੋਂ ਕਾਂਗਰਸ ਪਾਰਟੀ ਵੱਲੋਂ ਦੂਸਰੀ ਵਾਰ ਚੋਣ ਮੈਦਾਨ ਵਿੱਚ ਨਿੱਤਰੇ ਹਨ । 'ਆਮ ਆਦਮੀ ਪਾਰਟੀ' ਵੱਲੋਂ ਇਸੇ ਹਲਕੇ ਤੋਂ ਸਾਬਕਾ ਆਈ.ਪੀ.ਐਸ. ਅਧਿਕਾਰੀ ਅਰਜਨ ਅਵਾਰਡੀ, ਓਲੰਪੀਅਨ ਸੁਰਿੰਦਰ ਸਿੰਘ ਸੋਢੀ ਨੂੰ ਪ੍ਰਗਟ ਸਿੰਘ ਖ਼ਿਲਾਫ਼ ਜਿੱਤ ਦਾ ਗੋਲ ਦਾਗਣ ਲਈ ਚੋਣ ਮੈਦਾਨ ਵਿੱਚ ਉਤਾਰਿਆ ਹੋਇਆ ਹੈ । ਇਸੇ ਤਰਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚ ਖੇਡ ਮੰਤਰੀ ਰਹੇ ਰਾਣਾ ਗੁਰਮੀਤ ਸਿੰਘ ਸੋਢੀ ਕੌਮਾਂਤਰੀ ਪੱਧਰ ਦੇ ਨਿਸ਼ਾਨੇਬਾਜ਼ ਰਹੇ ਹਨ, ਜਿਨਾਂ ਨੂੰ ਹੁਣ ਭਾਜਪਾ ਵੱਲੋਂ ਫ਼ਿਰੋਜ਼ਪੁਰ ਛਾਉਣੀ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਬਾਸਕਿਟਬਾਲ ਦੇ ਪ੍ਰਸਿੱਧ ਖਿਡਾਰੀ ਰਹੇ ਅਰਜਨ ਅਵਾਰਡੀ ਸੱਜਣ ਸਿੰਘ ਚੀਮਾ ਨੂੰ 'ਆਪ' ਨੇ ਸੁਲਤਾਨਪੁਰ ਲੋਧੀ ਤੋਂ ਸਿਆਸੀ ਚੋਣ ਦੰਗਲ ਵਿੱਚ ਉਤਾਰਿਆ ਹੈ ।ਜਦਕਿ ਬਾਸਕਿਟਬਾਲ ਦੇ ਕੌਮੀ ਖਿਡਾਰੀ ਗੁਰਦਿੱਤ ਸਿੰਘ ਸੇਖੋਂ 'ਤੇ 'ਆਪ' ਨੇ ਦੂਸਰੀ ਵਾਰ ਭਰੋਸਾ ਜਤਾਇਆ ਅਤੇ ਉਨਾਂ ਨੂੰ ਫ਼ਰੀਦਕੋਟ ਹਲਕੇ ਤੋਂ ਸੀਟ ਦਿੱਤੀ ਹੋਈ ਹੈ। ਇਸੇ ਤਰਾਂ ਪੰਜਾਬ ਦੀ ਸਿਆਸਤ ਵਿੱਚ ਪਹਿਲੀ ਵਾਰ ਰੇਡ ਪਾਉਣ ਲਈ ਤਿਆਰ ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਗੁਰਲਾਲ ਸਿੰਘ ਘਨੌਰ ਹਲਕਾ ਘਨੌਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ, ਜਦਕਿ ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਗੁਲਜ਼ਾਰੀ ਮੂਣਕ ਲਗਾਤਾਰ ਦੂਸਰੀ ਵਾਰ ਵਿਧਾਨ ਸਭਾ ਹਲਕਾ ਦਿੜਬਾ ਤੋਂ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਹਨ । ਗੁਲਜ਼ਾਰੀ ਦੇ ਮੁਕਾਬਲੇ 'ਚ ਸੰਯੁਕਤ ਅਕਾਲੀ ਦਲ ਦੇ ਉਮੀਦਵਾਰ ਸੋਮਾ ਘਰਾਚੋਂ ਹਨ, ਜੋ ਆਪਣੇ ਸਮੇਂ ਦਾ ਪ੍ਰਸਿੱਧ ਕਬੱਡੀ ਖਿਡਾਰੀ ਰਿਹਾ ਹੈ। ਇਸ ਤੋਂ ਇਲਾਵਾ ਬਠਿੰਡਾ ਅਧੀਨ ਪੈਂਦੇ ਹਲਕਾ ਮੌੜ ਤੋਂ ਭਾਜਪਾ ਵੱਲੋਂ ਚੋਣ ਲੜ ਰਹੇ ਦਿਆਲ ਸੋਢੀ ਅਤੇ ਉਨਾਂ ਦੇ ਮੁਕਾਬਲੇ ਸੰਯੁਕਤ ਸਮਾਜ ਮੋਰਚੇ ਵਲੋਂ ਮੈਦਾਨ ਵਿੱਚ ਡਟਿਆ ਲਖਵੀਰ ਸਿੰਘ ਲੱਖਾ ਸਿਧਾਣਾ ਵੀ ਕਬੱਡੀ ਦਾ ਖਿਡਾਰੀ ਰਿਹਾ ਹੈ ।

# ਸੱਚ ਦੀ ਅਵਾਜ਼ ਬੁਲੰਦ ਕਰਨ ਵਾਲੇ ਕੌਮੀ ਯੋਧੇ ਦੀਪ ਸਿੱਧੂ ਦੀ ਮੌਤ ਇੱਕ ਪਹੇਲੀ ਜਾਂ ਸੱਚ

**ਸਰਬਜੀਤ ਕੌਰ ਸਰਬ**

ਦੀਪ ਸਿੱਧੂ ਇੱਕ ਭਾਰਤੀ ਬੈਰਿਸਟਰ, ਅਭਿਨੇਤਾ ਸੀ ਜਿਸਨੇ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ ਸੀ। ਸਿੱਧੂ ਨੇ ਆਪਣੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਪੰਜਾਬੀ ਫ਼ਿਲਮ ਰਮਤਾ ਜੋਗੀ ਨਾਲ਼ ਕੀਤੀ ਸੀ, ਜਿਸ ਨੂੰ ਅਭਿਨੇਤਾ ਧਰਮਿੰਦਰ ਨੇ ਆਪਣੇ ਬੈਨਰ ਵਿਜੇਤਾ ਫ਼ਿਲਮਜ਼ ਹੇਠ ਬਣਾਇਆ ਸੀ। ਇਸ ਤੋਂ ਬਾਅਦ ਵੀ ਦੀਪ ਸਿੱਧੂ ਨੇ ਅਨੇਕਾਂ ਫ਼ਿਲਮਾਂ ਵਿੱਚ ਕੰਮ ਕੀਤਾ ਤੇ ਆਪਣੀ ਅਦਾਕਾਰੀ ਨਾਲ਼ ਲੋਕਾਂ ਦਾ ਮਨ ਮੋਹ ਲਿਆ ਸੀ । ਇਸ ਫ਼ਿਲਮੀ ਜਗਤ ਵਿੱਚ ਆਪਣੀ ਪਹਿਚਾਣ ਕਾਇਮ ਕਰਨ ਤੋਂ ਬਾਅਦ ਕਿਸਾਨੀ ਸੰਘਰਸ਼ ਦੌਰਾਨ ਉਸ ਦੀ ਪਹਿਚਾਣ ਇੱਕ ਕੌਮੀ ਯੋਧੇ ਦੇ ਰੂਪ ਵਿੱਚ ਹੋਈ ਜੋ ਹੁਣ ਸਦੀਵੀ ਸਮੇਂ ਲਈ ਲੋਕਾਂ ਦੇ ਮਨਾਂ ਵਿੱਚ ਵਸ ਗਈ ਹੈ ।

ਕਿਸਾਨੀ ਸੰਘਰਸ਼ ਦੌਰਾਨ ਜੋ ਦੀਪ ਸਿੱਧੂ ਨੂੰ ਪਹਿਚਾਣ ਮਿਲੀ ਬੇਸ਼ੱਕ ਕੁਝ ਲੋਕ ਉਸ ਦੇ ਖ਼ਿਲਾਫ਼ ਹੋ ਗਏ ਸਨ ਪਰ ਅੱਧ ਤੋਂ ਵੱਧ ਲੋਕ ਫਿਰ ਵੀ ਉਸ ਦੇ ਨਾਲ਼ ਖੜੇ ਸਨ । ਇਸ ਸਮੇਂ ਦੇ ਦੌਰਾਨ ਹੀ ਉਸ ਨੂੰ ਜੇਲ ਵੀ ਜਾਣਾ ਪਿਆ ਸੀ ਤੇ ਇਸ ਦੇ ਨਾਲ਼ ਹੀ ਉਸ ਨੂੰ ਉਨਾਂ ਲੋਕਾਂ ਦੀ ਨਫ਼ਰਤ ਦਾ ਸ਼ਿਕਾਰ ਵੀ ਹੋਣਾ ਪਿਆ ਜੋ ਉਸ ਦੀਆਂ ਭਾਵਨਾਵਾਂ ਨੂੰ ਨਹੀਂ ਸਮਝ ਸਕੇ ਸਨ ਪਰ ਜਿਵੇਂ-ਜਿਵੇਂ ਲੋਕਾਂ ਵਿੱਚ ਉਹ ਵਿਚਰਦਾ ਗਿਆ ਲੋਕਾਂ ਨੂੰ ਉਸ ਦੀਆਂ ਗੱਲਾਂ ਸਮਝ ਆਉਣ ਲੱਗ ਪਈਆਂ ਸਨ ।

ਦੀਪ ਸਿੱਧੂ ਇੱਕ ਅਜਿਹਾ ਅਣਖੀਲਾ ਯੋਧਾ ਸੀ ਜੋ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸੋਚ ਉੱਤੇ ਪਹਿਰਾ ਦੇ ਰਿਹਾ ਸੀ। ਉਹ ਜਦੋਂ ਵੀ ਲੋਕਾਂ ਦੇ ਸਾਹਮਣੇ ਰੂ-ਬ-ਰੂ ਹੁੰਦਾ ਤਾਂ ਉਸ ਦੀ ਜ਼ੁਬਾਨ ਉੱਤੇ ਇੱਕ ਗੱਲ ਹਮੇਸ਼ਾ ਰਹਿੰਦੀ ਹੁੰਦੀ ਸੀ ਕੀ ਅਸੀਂ ਜੋ ਲੜਾਈ ਲੜ ਰਹੇ ਹਾਂ ਉਹ ਸਾਡੀ ਹੋਂਦ ਦੀ ਲੜਾਈ ਹੈ, ਅਸੀਂ ਸਿੱਖ ਕੌਮ ਨੂੰ ਜੀਊਂਦਾ ਰੱਖਣ ਲਈ ਸੰਘਰਸ਼ ਕਰ ਰਹੇ ਹਾਂ । ਦੀਪ ਸਿੱਧੂ ਹਮੇਸ਼ਾ ਹੀ ਆਪਣੀਆਂ ਗੱਲਾਂ ਦਾ ਸਪੱਸ਼ਟੀਕਰਨ ਦੇਣ ਲਈ ਸੋਸ਼ਲ ਮੀਡੀਆ ਉੱਤੇ ਲਾਈਵ ਹੁੰਦਾ ਰਹਿੰਦਾ ਸੀ ਤਾਂ ਜੋ ਲੋਕਾਂ ਨੂੰ ਉਸ ਦੀ ਸੋਚ ਦਾ ਪਤਾ ਲੱਗ ਸਕੇ ਤੇ ਜੋ ਲੋਕ ਉਸ ਦੇ ਬਾਰੇ ਗ਼ਲਤ ਪ੍ਰਚਾਰ ਕਰ ਰਹੇ ਸਨ ਉਨਾਂ ਦੀਆਂ ਗਤੀਵਿਧੀਆਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ। ਪਰ ਸਾਨੂੰ ਕਿ ਪਤਾ ਸੀ ਇਸ ਘੜੀ ਦਾ ਜਿਸ ਨੇ ਬੇਬਾਕ , ਸੂਝਵਾਨ ਤੇ ਜਜ਼ਬਾਤੀ ਯੋਧਾ ਸਾਡੇ ਕੋਲੋਂ ਖੋਹ ਲਿਆ। ਪੰਜਾਬ ਨੂੰ ਬਚਾਉਣ ਲਈ ਉਸ ਨੇ ਆਪਣੇ ਐਸ਼ੋ ਆਰਾਮ ਛੱਡ ਦਿੱਤੇ, ਤੇ ਸਰਬੱਤ ਦਾ ਭਲਾ ਮੰਨਣ ਵਾਲਾ ਉਹ ਇਨਸਾਨ ਸਰਕਾਰਾਂ ਦੀ ਨਿਗਾ ਚੜ ਗਿਆ। ਅਸੀਂ ਸਭ ਜਾਣਦੇ ਆ ਕਿ ਭਾਰਤੀ ਸਿਆਸਤ ਸਦਾ ਉਹਨਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੀ ਹੈ ਜੋ ਬੇਬਾਕ ਕੌਮ ਲਈ ਆਵਾਜ਼ ਚੁੱਕਦੇ ਹਨ। ਦੀਪ ਨਾਲ਼ ਵੀ ਇੰਝ ਹੀ ਹੋਇਆ, ਅਲੱਗ-ਅਲੱਗ ਸਿਆਸਤਦਾਨਾਂ ਵੱਲੋਂ ਸਮੇਂ ਸਮੇਂ ਉੱਤੇ ਗ਼ਲਤ ਟਿੱਪਣੀਆਂ ਕੀਤੀਆਂ ਗਈਆਂ ਸਨ । ਜਿਨਾਂ ਦੇ ਆਪਣੇ ਚਿਹਰੇ ਖ਼ੁਦ ਬੇਨਕਾਬ ਹੁੰਦੇ ਨਜ਼ਰ ਆਏ । ਦੀਪ ਸਿੱਧੂ ਦੁਆਰਾ ਦਿੱਤੇ ਗਏ ਭਾਸ਼ਣਾਂ ਵਿੱਚ ਉਸ ਦੇ ਜਜ਼ਬਾਤ ਝਲਕਦੇ ਸਨ ,ਜੋ ਸਿੱਖ ਕੌਮ ਦੇ ਲਈ ਦਰਦ ਰੱਖਦੇ ਸਨ। ਉਹ ਹਮੇਸ਼ਾ ਪੰਜਾਬੀਆਂ ਦੇ ਅੰਦਰ ਇੱਕ ਚੀਜ਼ ਨੂੰ ਜਗਾਉਣਾ ਚਾਹੁੰਦਾ ਸੀ ਕਿ ਸਿੱਖ ਇਤਿਹਾਸ ਨੂੰ ਵਾਚੋ, ਆਪਣੀ ਹੋਂਦ ਨੂੰ ਪਹਿਚਾਣੋ ਤਾਂ ਜੋ ਆਪਣੀ ਜੁਝਾਰੂ ਕੌਮ ਦਾ ਫ਼ਲਸਫ਼ਾ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਦੱਸ ਸਕੀਏ ।

ਪਿਛਲੇ ਕੁਝ ਮਹੀਨਿਆਂ ਤੋਂ ਦੀਪ ਸਿੱਧੂ ਸਰਦਾਰ ਸਿਮਰਨਜੀਤ ਸਿੰਘ ਮਾਨ ਲਈ ਪ੍ਰਚਾਰ ਕਰ ਰਹੇ ਸਨ ਬੇਸ਼ਕ ਪਹਿਲਾਂ 2019 ਦੌਰਾਨ ਗੁਰਦਾਸਪੁਰ ਹਲਕੇ ਵਿੱਚ ਬਾਲੀਵੁੱਡ ਅਦਾਕਾਰ ਸੰਨੀ ਦਿਓਲ ਨਾਲ਼ ਚੋਣ ਪ੍ਰਚਾਰ ਕਰਦੇ ਸਮੇਂ ਚਰਚਾ ਦਾ ਕੇਂਦਰ ਬਣੇ ਸਨ। ਦੀਪ ਸਿੱਧੂ ਪੰਜਾਬ ਲਈ ਸੱਚਾ ਦਰਦ ਆਪਣੇ ਅੰਦਰ ਰੱਖਦਾ ਸੀ ਇਸ ਲਈ ਹੀ ਉਸ ਨੇ ਅਜਿਹੇ ਸਿਆਸਤਦਾਨਾਂ ਨੂੰ ਗ਼ਦਾਰ ਆਖਿਆ ਜੋ ਵੋਟਾਂ ਲਈ ਤੇ ਹੁਕਮ ਚਲਾਉਣ ਲਈ ਰਾਜਨੀਤੀ ਕਰਦੇ ਹਨ । ਜਦੋਂ ਦੀਪ ਸਿੱਧੂ ਸਿਮਰਨਜੀਤ ਸਿੰਘ ਮਾਨ ਲਈ ਚੋਣ ਪ੍ਰਚਾਰ ਕਰ ਰਹੇ ਸਨ ਉਦੋਂ ਸਿੱਖ ਕੌਮ ਪ੍ਰਤੀ ਦਰਦ ਰੱਖਣ ਵਾਲਿਆਂ ਅੰਦਰ ਇੱਕ ਆਸ ਜਗ ਗਈ ਸੀ ਕੀ ਪੰਜਾਬ ਨੂੰ ਜਿੰਦੇ ਸੁੱਖੇ ਵਾਂਗ ਇੱਕ ਹੋਰ ਸੂਰਮਾ ਮਿਲ ਗਿਆ ਹੈ ਜੋ ਪੰਜਾਬ ਤੇ ਸਿੱਖੀ ਨੂੰ ਗੰਦੀ ਸਿਆਸਤ ਤੋਂ ਬਚਾ ਸਕਦਾ ਹੈ । ਪੰਜਾਬ ਤੋਂ ਬਾਹਰ ਰਹਿੰਦੇ ਹਰ ਇੱਕ ਪੰਜਾਬੀ ਦੀਆਂ ਅੱਖਾਂ ਨਮ ਹਨ ਜੋ ਖੁੱਲੇ ਆਸਮਾਨ ਵਿੱਚ ਤੱਕਦੀਆਂ ਹੋਈਆਂ ਸੋਗ ਦਾ ਹੋਕਾ ਦੇ ਰਹੀਆਂ ਹਨ।



ਸੋਸ਼ਲ ਮੀਡੀਆ ਦੇ ਉੱਤੇ ਲਗਾਤਾਰ ਵਾਇਰਲ ਹੋ ਰਹੀਆਂ ਤਸਵੀਰਾਂ ਵੀਡੀਓ ਜੇਕਰ ਅਸੀਂ ਧਿਆਨ ਨਾਲ਼ ਵੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕੀ ਕਿਤੇ ਨਾ ਕਿਤੇ ਕੋਈ ਰਾਜ਼ ਛੁਪਿਆ ਜ਼ਰੂਰ ਹੋਇਆ ਹੈ । ਜਿਨਾਂ ਵੀਰਾਂ ਨੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਦੀਪ ਸਿੱਧੂ ਦੀ ਮੌਤ ਦੀ ਖ਼ਬਰ ਦਿੱਤੀ ਸੀ ਉਨਾਂ ਨੇ ਵੀ ਇਹ ਸ਼ੱਕ ਜ਼ਾਹਿਰ ਕੀਤਾ ਹੈ ਕੀ ਕਿਤੇ ਨਾ ਕਿਤੇ ਇਸ ਨੂੰ ਕੁਦਰਤੀ ਮੌਤ ਬਣਾਇਆ ਗਿਆ ਹੈ ਉਨਾਂ ਨੇ ਪ੍ਰਸ਼ਾਸਨ ਵੱਲੋਂ ਮੰਗ ਵੀ ਕੀਤੀ ਹੈ ਕੀ ਇਸ ਦੀ ਡੂੰਘਾਈ ਵਿੱਚ ਜਾਂਚ ਪੜਤਾਲ ਹੋਵੇ ।

ਦੀਪ ਸਿੱਧੂ ਦੀ ਮੌਤ ਕੁਦਰਤੀ ਮੌਤ ਹੈ ਜਾਂ ਫਿਰ ਇਸ ਨੂੰ ਇੱਕ ਕੁਦਰਤੀ ਮੌਤ ਬਣਾਇਆ ਗਿਆ ਹੈ। ਇਹ ਸਵਾਲ ਅੱਜ ਹਰ ਇੱਕ ਪੰਜਾਬੀ ਦੇ ਅੰਦਰ ਜਾਗ ਰਿਹਾ ਹੈ । ਕੁਦਰਤੀ ਮੌਤ ਬਣਾਇਆ ਗਿਆ ਹੈ ਇਹ ਇਸ ਲਈ ਆਖ ਰਹੀ ਹਾਂ ਕਿਉਂਕਿ ਅਸੀਂ ਸਭ ਜਾਣਦੇ ਹਾਂ ਕਿ ਕੋਈ ਵੀ ਐਕਸੀਡੈਂਟ ਹੁੰਦਾ ਹੈ ਤਾਂ ਇੱਕ ਜਾਂ ਦੋ ਦਿਨ ਉਹ ਟਕਰਾਉਣ ਵਾਲੀਆਂ ਗੱਡੀਆਂ ਇੰਜ ਹੀ ਸੜਕਾਂ ਉੱਤੇ ਪਈਆਂ ਰਹਿੰਦੀਆਂ ਹਨ ਪਰ ਦੀਪ ਸਿੱਧੂ ਦੀ ਸਕੋਰਪੀਓ ਦਾ ਜਿਸ ਟੈਂਕਰ ਨਾਲ਼ ਐਕਸੀਡੈਂਟ ਹੋਇਆ ਉਨਾਂ ਨੂੰ ਕੁਝ ਮਿੰਟਾਂ ਵਿੱਚ ਹੀ ਸੜਕ ਤੋਂ ਚੁੱਕ ਕੇ ਕਿਨਾਰੇ ਕਰ ਦਿੱਤਾ ਗਿਆ । ਤੇ ਨਾਲ਼ ਹੀ ਦੂਜਾ ਸਭ ਤੋਂ ਵੱਡਾ ਸਵਾਲ ਇਹ ਵੀ ਖੜਾ ਹੁੰਦਾ ਹੈ ਕਿ ਜਦੋਂ ਕਿਸੇ ਵੀ ਗੱਡੀ ਦਾ ਐਕਸੀਡੈਂਟ ਹੁੰਦਾ ਹੈ ਤਾਂ ਉਸ ਵਿਚਲੇ ਜੋ ਵੀ ਇਨਸਾਨ ਹੁੰਦੇ ਹਨ ਉਨਾਂ ਦੇ ਕੁਝ ਨਾ ਕੁਝ ਸੱਟਾਂ ਜ਼ਰੂਰ ਵੱਜਦੀਆਂ ਹਨ ਪਰ ਜੋ ਬੀਬੀ ਦੀਪ ਸਿੱਧੂ ਨਾਲ਼ ਬੈਠੀ ਹੋਈ ਸੀ ਉਸ ਦੇ ਇੱਕ ਝਰੀਟ ਤੱਕ ਨਹੀਂ ਲੱਗੀ ਜੋ ਸਭ ਤੋਂ ਵੱਡਾ ਸ਼ੱਕ ਪੈਦਾ ਕਰਦੀ ਹੈ ਕਿ ਇਹ ਇੱਕ ਕੁਦਰਤੀ ਮੌਤ ਨਹੀਂ ਸਗੋਂ ਇਸ ਨੂੰ ਕੁਦਰਤੀ ਮੌਤ ਬਣਾਇਆ ਗਿਆ ਹੈ ।

ਸੋਸ਼ਲ ਮੀਡੀਆ ਦੇ ਉੱਤੇ ਲਗਾਤਾਰ ਵਾਇਰਲ ਹੋ ਰਹੀਆਂ ਤਸਵੀਰਾਂ ਵੀਡੀਓ ਜੇਕਰ ਅਸੀਂ ਧਿਆਨ ਨਾਲ਼ ਵੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕੀ ਕਿਤੇ ਨਾ ਕਿਤੇ ਕੋਈ ਰਾਜ਼ ਛੁਪਿਆ ਜ਼ਰੂਰ ਹੋਇਆ ਹੈ । ਜਿਨਾਂ ਵੀਰਾਂ ਨੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਦੀਪ ਸਿੱਧੂ ਦੀ ਮੌਤ ਦੀ ਖ਼ਬਰ ਦਿੱਤੀ ਸੀ ਉਨਾਂ ਨੇ ਵੀ ਇਹ ਸ਼ੱਕ ਜ਼ਾਹਿਰ ਕੀਤਾ ਹੈ ਕੀ ਕਿਤੇ ਨਾ ਕਿਤੇ ਇਸ ਨੂੰ ਕੁਦਰਤੀ ਮੌਤ ਬਣਾਇਆ ਗਿਆ ਹੈ ਉਨਾਂ ਨੇ ਪ੍ਰਸ਼ਾਸਨ ਵੱਲੋਂ ਮੰਗ ਵੀ ਕੀਤੀ ਹੈ ਕੀ ਇਸ ਦੀ ਡੂੰਘਾਈ ਵਿੱਚ ਜਾਂਚ ਪੜਤਾਲ ਹੋਵੇ ।

ਸਾਡੇ ਸਭ ਲਈ ਲੜਨ ਵਾਲਾ ਦੀਪ ਸਿੱਧੂ ਜੇਕਰ ਇਸ ਤਰਾਂ ਸਾਡੇ ਵਿੱਚੋਂ ਚਲਿਆ ਜਾਵੇ ਤਾਂ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਉਸ ਦੀ ਇਸ ਬੇ ਵਕਤੀ ਮੌਤ ਉੱਤੇ ਜਾਂਚ ਪੜਤਾਲ ਕਰੀਏ ਤਾਂ ਜੋ ਅਸਲ ਸੱਚ ਸਾਹਮਣੇ ਆ ਸਕੇ । ਅਸੀਂ ਸਭ ਜਾਣਦੇ ਹਾਂ ਕਿ ਦੀਪ ਸਿੱਧੂ ਕਈਆਂ ਦੀ ਅੱਖ ਦਾ ਤਾਰਾ ਹੋਣ ਦੇ ਨਾਲ਼-ਨਾਲ਼ ਕੁਝ ਕੁ ਲੋਕਾਂ ਦੀਆਂ ਅੱਖਾਂ ਵਿੱਚ ਰੜਕ ਵੀ ਰਿਹਾ ਸੀ । ਅਸੀਂ ਅਕਾਲ ਪੁਰਖ ਦਾ ਭਾਣਾ ਤਾਂ ਇਸ ਨੂੰ ਮੰਨ ਸਕਦੇ ਹਾਂ ਪਰ ਅਜਿਹੀ ਮੌਤ ਉੱਤੇ ਵਿਸ਼ਵਾਸ ਨਹੀਂ ਕਰ ਸਕਦੇ ਜੋ ਦੀਪ ਸਿੱਧੂ ਨੂੰ ਮਿਲੀ ਹੈ ।ਕਿਸੇ ਨੇ ਸੱਚ ਹੀ ਆਖਿਆ ਹੈ ਕਿ ਫੁੱਲਾਂ ਦੀ ਉਮਰ ਬਹੁਤ ਥੋੜੀ ਹੁੰਦੀ ਹੈ ਅਤੇ ਕੰਡਿਆਂ ਦੀ ਉਮਰ ਲੰਬੀ ਹੁੰਦੀ ਹੈ ।




# ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਿਸੇ ਪਾਰਟੀ ਦੀ ਲਹਿਰ ਨਾ ਬਣ ਸਕੀ

## ✪ ਜਿੱਤ ਹਾਰ ਬਾਰੇ ਕੋਈ ਅੰਦਾਜ਼ਾ ਲਾਉਣਾ ਮੁਸ਼ਕਲ ✪ ਸੋਸ਼ਲ ਮੀਡੀਆ 'ਤੇ ਰਾਜਸੀ ਪਾਰਟੀਆਂ ਵਿਚਾਲੇ ਭੰਡੀ ਪ੍ਰਚਾਰ ਤਿੱਖਾ



**ਬਘੇਲ ਸਿੰਘ ਪੱਤਰਕਾਰ**

**99142-58142**

ਪੰਜਾਬ ਵਿੱਚ ਹਰ ਰਾਜਨੀਤਿਕ ਪਾਰਟੀ ਤੇ ਹਰ ਰਾਜਨੀਤੀਵਾਨ ਦਾ ਜਿੱਤ ਹੀ ਸਭ ਤੋਂ ਵੱਡਾ ਨਿਸ਼ਾਨਾ ਹੈ। ਫਿਰ ਉਸ ਜਿੱਤ ਲਈ ਭਾਵੇਂ ਜੋ ਮਰਜੀ ਕਿਉਂ ਨਾ ਕਰਨਾ ਪਵੇ। ਜਿੰਨਾ ਮਰਜੀ ਝੂਠ ਬੋਲਣਾ ਪਵੇ, ਨਾ ਪੂਰੇ ਹੋਣ ਵਾਲੇ ਵਾਅਦੇ ਕਰਨੇ ਪੈਣ। ਕਿਸੇ ਨੂੰ ਉਸ ਦੀ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ ਵਿੱਚ ਡੱਕੀ ਰੱਖਣਾ ਪਵੇ ਜਾਂ ਵੋਟਾਂ ਦੇ ਲਾਲਚ ਵਿੱਚ ਜੇਲ ਤੋਂ ਬਾਹਰ ਸੌਦਾ ਸਾਧ ਵਰਗੇ ਦੋਸ਼ੀ ਨੂੰ ਕੱਢਣਾ ਪਵੇ। ਬਸ ਵੋਟ ਚਾਹੀਦੀ ਹੈ, ਸਮਾਜ ਵਿੱਚ ਇਸ ਦਾ ਕੀ ਪ੍ਰਭਾਵ ਪੈਂਦਾ ਹੈ, ਕਿਸੇ ਨੂੰ ਕੋਈ ਫ਼ਿਕਰ ਨਹੀਂ। ਜੇਕਰ ਡੇਰਿਆਂ ਦੀਆਂ ਵੋਟਾਂ ਸੱਚਮੁੱਚ ਹੀ ਚੋਣਾਂ 'ਤੇ ਏਨੀਆਂ ਹੀ ਅਸਰਅੰਦਾਜ਼ ਹੁੰਦੀਆਂ ਤਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਜਦੋਂ ਲਗਭਗ ਸਾਰੇ ਡੇਰੇਦਾਰ ਅਕਾਲੀ-ਭਾਜਪਾ ਗੱਠਜੋੜ ਦੀ ਪਿੱਠ 'ਤੇ ਆ ਗਏ ਸਨ ਤਾਂ ਇਸ ਗੱਠਜੋੜ ਦੀ ਸਰਕਾਰ ਜ਼ਰੂਰ ਬਣਨੀ ਚਾਹੀਦੀ ਸੀ। ਪਰ ਬਾਦਲ ਦਲ ਦੀ ਸਰਕਾਰ ਨਹੀਂ ਬਣੀ। ਇਸ ਦਾ ਅਰਥ ਹੈ ਕਿ ਸੌਦਾ ਡੇਰੇ ਦੇ ਦਾਅਵੇ ਝੂਠੇ ਹਨ। ਪਿਛਲੀ ਵਾਰ ਦੇ ਨਤੀਜੇ ਇਹ ਸਾਬਤ ਕਰ ਚੁੱਕੇ ਹਨ ਤੇ ਇਸ ਵਾਰ ਦੀਆਂ ਚੋਣਾਂ ਇੱਕ ਵਾਰ ਫਿਰ ਸਾਬਤ ਕਰ ਦੇਣਗੀਆਂ ਕਿ ਭਾਵੇਂ ਡੇਰਾਵਾਦ ਆਪਣਾ ਕੁਝ ਨਾ ਕੁਝ ਅਸਰ ਜ਼ਰੂਰ ਰੱਖਦਾ ਹੈ ਪਰ ਡੇਰਿਆਂ ਦੇ ਸਿਰ 'ਤੇ ਹੀ ਚੋਣਾਂ ਜਿੱਤੀਆਂ ਨਹੀਂ ਜਾ ਸਕਦੀਆਂ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਆਪਣੇ ਭਾਸ਼ਣਾਂ ਵਿੱਚ ਸਿੱਖਾਂ ਨਾਲ ਆਪਣਾ ਪਿਆਰ ਵਾਰ-ਵਾਰ ਜਤਾ ਰਹੇ ਹਨ ਤੇ ਅਜਿਹੇ ਕਿਤਾਬਚੇ ਵੀ ਛਾਪ ਕੇ ਵੰਡੇ ਜਾ ਰਹੇ ਹਨ ਕਿ ਮੋਦੀ ਦੀ ਅਗਵਾਈ ਵਿੱਚ ਸਿੱਖਾਂ ਲਈ ਕੀ-ਕੀ ਕੀਤਾ ਗਿਆ ਹੈ ਪਰ ਦੂਸਰੇ ਪਾਸੇ ਭਾਜਪਾ ਦੀ ਹੀ ਹਰਿਆਣਾ ਸਰਕਾਰ ਐਨ ਉਸ ਵੇਲੇ ਸਿਰਸਾ ਡੇਰੇ ਦੇ ਮੁਖੀ ਨੂੰ 21 ਦਿਨਾਂ ਦੀ ਫ਼ਰਲੋ 'ਤੇ ਭੇਜ ਕੇ ਇਹ ਅਹਿਸਾਸ ਕਰਵਾਉਂਦੀ ਹੈ ਕਿ ਭਾਜਪਾ ਨੂੰ ਸਿੱਖ ਭਾਵਨਾਵਾਂ ਦੀ ਪ੍ਰਵਾਹ ਨਹੀਂ ਹੈ। ਹੁਣ ਤਾਂ ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਪੈਣ ਦੇ ਦਰਮਿਆਨ ਸਿਰਫ਼ ਸਵਾ ਕੁ ਹਫ਼ਤਾ ਹੀ ਬਾਕੀ ਹੈ, ਇਸ ਲਈ ਅੰਦਾਜ਼ਾ ਲਾਇਆ ਜਾਵੇ ਕਿ ਕਿਹੜੀ ਪਾਰਟੀ ਜਿੱਤ ਰਹੀ ਹੈ ? ਅਸਲੀਅਤ ਇਹ ਹੈ ਕਿ ਇਸ ਵੇਲੇ ਵੀ ਪੰਜਾਬ ਦੀ ਰਾਜਨੀਤੀ ਏਨੀ ਉਲਝੀ ਹੋਈ ਹੈ ਕਿ ਕੋਈ ਸਟੀਕ ਅੰਦਾਜ਼ਾ ਲਾਉਣਾ ਜਾਂ ਕੋਈ ਭਵਿੱਖਬਾਣੀ ਕਰਨੀ ਅਜੇ ਵੀ ਸੰਭਵ ਨਹੀਂ ਜਾਪਦੀ। ਬੇਸ਼ੱਕ ਅਜੇ ਚੋਣਾਂ ਬਾਰੇ ਭਵਿੱਖਬਾਣੀ ਕਰਨੀ ਸੰਭਵ ਨਹੀਂ ਪਰ ਰਾਜਨੀਤੀ ਦੇ ਪੰਡਿਤ ਤੇ ਬਹੁਤੇ ਸਰਵੇ ਇਹ ਪ੍ਰਭਾਵ ਦੇ ਰਹੇ ਹਨ ਕਿ ਇਸ ਵਾਰ ਕਿਸੇ ਇੱਕ ਪਾਰਟੀ ਨੂੰ ਬਹੁਮਤ ਮਿਲਣ ਦੇ ਆਸਾਰ ਨਹੀਂ ਹਨ ਤੇ ਲਟਕਵੀਂ ਵਿਧਾਨ ਸਭਾ ਬਣਨ ਦੀ ਆਸ ਵਧੇਰੇ ਹੈ। ਪਰ ਸਾਡੀ ਧਾਰਨਾ ਹੈ ਕਿ ਇਸ ਵਾਰ ਹੋ ਰਹੇ 5 ਕੋਣੇ ਮੁਕਾਬਲਿਆਂ ਕਰਕੇ ਸਪੱਸ਼ਟ ਬਹੁਮਤ ਦੀ ਸਰਕਾਰ ਬਣਨ ਦੇ ਆਸਾਰ ਜ਼ਿਆਦਾ ਹੋ ਸਕਦੇ ਹਨ। ਕਿਉਂਕਿ ਇਸ ਵਾਰ ਜ਼ਿਆਦਾ ਪਾਰਟੀਆਂ ਤੇ ਜ਼ਿਆਦਾ ਉਮੀਦਵਾਰ ਹੋਣ ਕਾਰਨ ਜਿੱਤ-ਹਾਰ ਦਾ ਅੰਤਰ ਬੇਸ਼ੱਕ ਘੱਟ ਹੋ ਸਕਦਾ ਹੈ ਪਰ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜੀ ਪਾਰਟੀ ਦੂਸਰੀਆਂ ਪਾਰਟੀਆਂ ਤੋਂ ਇੱਕ ਜਾਂ ਦੋ ਫ਼ੀਸਦੀ ਵੋਟ ਜ਼ਿਆਦਾ ਲੈ ਗਈ ਉਹ ਸਪੱਸ਼ਟ ਬਹੁਮਤ ਵੀ ਲੈ ਸਕਦੀ ਹੈ।

ਗ਼ੌਰਤਲਬ ਹੈ ਕਿ 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਨੇ ਕੁੱਲ 59 ਲੱਖ 45 ਹਜ਼ਾਰ 899 ਵੋਟਾਂ ਭਾਵ 38.5 ਫ਼ੀਸਦੀ ਵੋਟਾਂ ਲਈਆਂ। ਆਪ ਨੇ 36 ਲੱਖ 62 ਹਜ਼ਾਰ 665 ਵੋਟਾਂ ਨਾਲ 23.7 ਫ਼ੀਸਦੀ, ਅਕਾਲੀ ਦਲ ਨੇ 38 ਲੱਖ 98 ਹਜ਼ਾਰ, 161 ਵੋਟਾਂ ਲੈ ਕੇ 25.2 ਫ਼ੀਸਦੀ ਅਤੇ ਉਸ ਵੇਲੇ ਦੀ ਉਸ ਦੀ ਭਾਈਵਾਲ ਭਾਜਪਾ ਨੇ ਜੋ 23 ਸੀਟਾਂ 'ਤੇ ਚੋਣ ਲੜੀ ਦੇ 8 ਲੱਖ 33 ਹਜ਼ਾਰ 92 ਵੋਟਾਂ ਨਾਲ 5.4 ਫ਼ੀਸਦੀ ਵੋਟਾਂ ਲਈਆਂ ਸਨ। ਬਸਪਾ ਜੋ ਉਸ ਵੇਲੇ 117 ਸੀਟਾਂ 'ਤੇ ਚੋਣ ਲੜੀ ਸੀ, ਨੇ ਸਿਰਫ਼ 1.5 ਫ਼ੀਸਦੀ ਵੋਟਾਂ ਲਈਆਂ, ਲੋਕ ਇਨਸਾਫ਼ ਪਾਰਟੀ ਨੇ 1.2 ਫ਼ੀਸਦੀ ਤੇ ਆਜ਼ਾਦਾਂ, ਨੋਟਾ ਅਤੇ ਬਾਕੀ ਸਾਰਿਆਂ ਨੇ 4.7 ਫ਼ੀਸਦੀ ਵੋਟਾਂ ਹਾਸਿਲ ਕੀਤੀਆਂ ਸਨ। ਛੋਟੀਆਂ ਪਾਰਟੀਆਂ ਦੀਆਂ ਵੋਟਾਂ ਤਾਂ ਅੱਧਾ-ਅੱਧਾ ਫ਼ੀਸਦੀ ਵੀ ਨਹੀਂ ਸਨ। ਇਸ ਵਾਰ ਸਥਿਤੀ ਕਾਫ਼ੀ ਬਦਲੀ ਹੋਈ ਹੈ। ਪਿਛਲੀ ਵਾਰ 3 ਧਿਰਾਂ ਮੁੱਖ ਮੁਕਾਬਲੇ ਵਿੱਚ ਸਨ। ਇਸ ਵਾਰ 3 ਪ੍ਰਮੁੱਖ ਧਿਰਾਂ ਤੋਂ ਇਲਾਵਾ 2 ਹੋਰ ਧਿਰਾਂ ਵੀ ਮੈਦਾਨ ਵਿੱਚ ਹਨ। ਇਸ ਲਈ ਇੱਕ ਗੱਲ ਸਪੱਸ਼ਟ ਹੈ ਕਿ ਇਸ ਵਾਰ ਬਹੁਮਤ ਲੈਣ ਲਈ ਪਿਛਲੀ ਵਾਰ ਨਾਲੋਂ ਘੱਟ ਪ੍ਰਤੀਸ਼ਤ ਵੋਟਾਂ ਦੀ ਲੋੜ ਪਵੇਗੀ। ਜਿਸ ਤਰਾਂ ਦੇ ਹਾਲਾਤ ਨਜ਼ਰ ਆ ਰਹੇ ਹਨ, ਉਨਾਂ ਮੁਤਾਬਿਕ ਇਸ ਵਾਰ ਕਾਂਗਰਸ ਦੀ ਵੋਟ ਪ੍ਰਤੀਸ਼ਤ ਪਿਛਲੀ ਵਾਰ ਤੋਂ ਘਟ ਸਕਦੀ ਹੈ। ਜਦੋਂ ਕਿ ਪਿਛਲੀ ਵਾਰ 23 ਸੀਟਾਂ 'ਤੇ ਚੋਣ ਲੜਨ ਵਾਲੀ ਭਾਜਪਾ ਵੱਲੋਂ ਇਸ ਵਾਰ ਕਰੀਬ 3 ਗੁਣਾ ਸੀਟਾਂ 'ਤੇ ਚੋਣ ਲੜਨ ਅਤੇ ਇਸ ਵਾਰ ਪੰਜਾਬ ਵਿੱਚ ਫ਼ਿਰਕਾਪ੍ਰਸਤੀ ਦਾ ਅਸਰ ਪਿਛਲੀ ਵਾਰ ਨਾਲੋਂ ਵੱਧ ਦਿਸਦਿਆਂ ਭਾਜਪਾ ਦੀ ਵੋਟ ਪ੍ਰਤੀਸ਼ਤ ਵਧਣੀ ਯਕੀਨੀ ਹੈ। ਅਜੇ 'ਆਪ' ਤੇ ਅਕਾਲੀ ਦਲ ਦੇ ਵੋਟ ਪ੍ਰਤੀਸ਼ਤ ਬਾਰੇ ਅੰਦਾਜ਼ਾ ਲਗਾਉਣਾ ਔਖਾ ਜਾਪਦਾ ਹੈ। ਜਦੋਂ ਕਿ ਸੰਯੁਕਤ ਸਮਾਜ ਮੋਰਚਾ ਸੀਟਾਂ ਦੇ ਮਾਮਲੇ ਵਿੱਚ ਭਾਵੇਂ ਕਾਫ਼ੀ ਪਛੜਦਾ ਜਾਪਦਾ ਹੈ ਪਰ ਉਸ ਵੱਲੋਂ ਲਈ ਜਾਣ ਵਾਲੀ ਵੋਟ ਪ੍ਰਤੀਸ਼ਤ ਦੂਸਰੀਆਂ ਪਾਰਟੀਆਂ ਦੀ ਹਾਰ ਜਿੱਤ 'ਤੇ ਅਸਰਅੰਦਾਜ਼ ਹੋ ਸਕਦੀ ਹੈ।

**ਸੋਸ਼ਲ ਮੀਡੀਆ ਉਪਰ ਗਾਲ੍ਹਨੁਮਾ ਪ੍ਰਚਾਰ**

ਪੰਜਾਬ ਵਿੱਚ ਜਿਵੇਂ-ਜਿਵੇਂ ਚੋਣ ਦੰਗਲ ਭਖਦਾ ਜਾ ਰਿਹਾ ਉਵੇਂ ਹੀ ਵੱਖ-ਵੱਖ ਪਾਰਟੀ ਦੇ ਉਮੀਦਵਾਰਾਂ ਅਤੇ ਉਨਾਂ ਦੇ ਸਮਰਥਕਾਂ ਵਿੱਚ ਸੋਸ਼ਲ ਮੀਡੀਆ 'ਤੇ ਵਿਰੋਧੀ ਧਿਰ ਦੇ ਨਾਲ ਜੰਗ ਵੀ ਤੂਲ ਫੜਦੀ ਜਾ ਰਹੀ ਜੋ ਕਿ ਚੋਣਾਂ ਦੌਰਾਨ ਵਧੇਰੇ ਤਲਖ਼ੀ ਵਾਲਾ ਮਾਹੌਲ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ। ਭਾਵੇਂ ਕਿ ਚੋਣ ਕਮਿਸ਼ਨ ਵੱਲੋਂ ਉਮੀਦਵਾਰਾਂ ਦੇ ਸੋਸ਼ਲ ਅਕਾਊਂਟਾਂ 'ਤੇ ਤਿੱਖੀ ਨਜ਼ਰ ਰੱਖਣ ਦੀ ਗੱਲ ਵੀ ਆਖੀ ਜਾਂਦੀ ਹੈ ਪਰ ਇਸ ਦੇ ਬਾਵਜੂਦ ਇਸ ਚਲਣ ਨੂੰ ਲਗਾਮ ਨਹੀਂ ਲੱਗ ਰਹੀ। ਇਸ ਵਾਰ ਜਿੱਥੇ ਸੋਸ਼ਲ ਮੀਡੀਆ ਰਾਹੀਂ ਚੋਣ ਪ੍ਰਚਾਰ ਕਰਨ ਦਾ ਚਲਣ ਪਿਛਲੇ ਸਾਲਾਂ ਨਾਲੋਂ ਕਿਤੇ ਵਧੇਰੇ ਹੈ ਉੱਥੇ ਹੀ ਵਿਰੋਧੀ ਉਮੀਦਵਾਰਾਂ ਅਤੇ ਵਰਕਰਾਂ 'ਤੇ ਪ੍ਰਭਾਵ ਬਣਾਉਣ ਲਈ ਗੀਤਾਂ ਅਤੇ ਵੀਡੀਓ ਦੀ ਵਰਤੋਂ ਵੀ ਜ਼ੋਰਾਂ ਨਾਲ ਹੋ ਰਹੀ ਹੈ । ਇਸ ਕਸ਼ਮਕਸ਼ ਵਿੱਚ ਉਮੀਦਵਾਰਾਂ ਦੇ ਕੁਝ ਕੱਟੜ ਸਮਰਥਕਾਂ ਵੱਲੋਂ ਵੀ ਅਜਿਹੇ ਗੀਤ ਆਪਣੇ ਉਮੀਦਵਾਰ ਦੀ ਵੀਡੀਓ ਵਿੱਚ ਲਗਾ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੇ ਜਾ ਰਹੇ ਹਨ ਜਿਸ ਨਾਲ ਮਾਹੌਲ ਗਰਮਾਉਣ ਦੇ ਮੌਕੇ ਕਈ ਗੁਣਾ ਵੱਧ ਜਾਂਦੇ ਹਨ । ਭਾਵੇਂ ਕਿ ਇਸ ਤੋਂ ਪਹਿਲਾਂ ਵੀ ਵੱਖ-ਵੱਖ ਰਾਜਸੀ ਪਾਰਟੀਆਂ ਵੱਲੋਂ ਆਪਣੇ ਗੀਤ ਤਿਆਰ ਕਰਵਾਏ ਜਾਂਦੇ ਸਨ ਜਿਨਾਂ ਵਿੱਚ ਉਨਾਂ ਵੱਲੋਂ ਆਪਣੀ ਪਾਰਟੀ ਅਤੇ ਆਗੂਆਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਹੁੰਦਾ ਸੀ ਪਰ ਇਸ ਵਾਰ ਉਮੀਦਵਾਰ ਅਤੇ ਉਨਾਂ ਦੇ ਸਮਰਥਕਾਂ ਵੱਲੋਂ ਵੱਖ-ਵੱਖ ਤਰਾਂ ਦੇ ਭੜਕਾਊ ਗੀਤ ਲਾ ਕੇ ਤਿਆਰ ਕੀਤੀਆਂ ਜਾ ਰਹੀਆਂ ਵੀਡੀਓ ਤਲਖ਼ੀ ਵਾਲਾ ਮਾਹੌਲ ਸਿਰਜਣ ਦਾ ਕਾਰਨ ਬਣ ਰਹੀਆਂ ਹਨ । ਕਾਰਟੂਨ ਅਤੇ ਲਿਖਤਾਂ ਰਾਹੀਂ ਵੀ ਵਿਰੋਧੀਆਂ ਦੀ ਖਿੱਲੀ ਉਡਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ । ਇਨਾਂ ਵੀਡੀਓ 'ਚ 'ਤੇਰੇ ਯਾਰ ਨੂੰ ਦੱਬਣ ਨੂੰ ਫ਼ਿਰਦੇ ਸੀ ਪਰ ਦੱਬਦਾ ਕਿਥੇ ਆ', 'ਗਿੱਦੜਾਂ ਦਾ ਸੁਣਿਐ ਗਰੁੱਪ ਫਿਰਦਾ ਕਹਿੰਦੇ ਸ਼ੇਰ ਮਾਰਨਾ' ਆਦਿ ਨਾਲ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ । ਅਜਿਹੇ ਵਿੱਚ ਉਮੀਦਵਾਰਾਂ ਦੇ ਭਾਸ਼ਣਾਂ ਵਿੱਚ ਵੀ ਵਿਰੋਧੀ ਉਮੀਦਵਾਰਾਂ ਦੇ ਖ਼ਿਲਾਫ਼ ਦੂਸ਼ਣਬਾਜ਼ੀ ਹੀ ਭਾਰੂ ਰਹਿੰਦੀ ਹੈ ।

**ਪੰਜਾਬੀਆਂ ਵੱਲੋਂ ਪਹਿਲੀ ਵਾਰ ਉਮੀਦਵਾਰਾਂ ਦਾ ਘਿਰਾਓ**

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਪ੍ਰਚਾਰ ਕਰਨ ਜਾਂਦੇ ਉਮੀਦਵਾਰਾਂ ਜਾਂ ਉਨਾਂ ਦੇ ਸੀਨੀਅਰ ਆਗੂਆਂ ਨੂੰ ਘੇਰ ਕੇ ਸਵਾਲ-ਜਵਾਬ ਕਰਨ ਦਾ ਨਵਾਂ ਸਿਲਸਿਲਾ ਸ਼ੁਰੂ ਹੋਣ ਨਾਲ ਪਿੰਡਾਂ ਵਿੱਚ ਮਾਹੌਲ ਤਲਖ਼ੀ ਭਰਪੂਰ ਹੋਣ ਲੱਗਾ ਹੈ। ਕੁਝ ਘਟਨਾਵਾਂ ਵਿੱਚ ਵੇਖਿਆ ਗਿਆ ਹੈ ਕਿ ਉਮੀਦਵਾਰ ਪ੍ਰਚਾਰ ਲਈ ਜਾਂਦੇ ਹਨ ਇੱਕ ਧਿਰ ਉਸ ਪ੍ਰਚਾਰ ਦੌਰਾਨ ਉਮੀਦਵਾਰ ਦੇ ਸਾਹਮਣੇ ਆ ਕੇ ਸਵਾਲ ਜਵਾਬ ਲਈ ਕਹਿੰਦੀ ਹੈ। ਮਜਬੂਰੀ ਵਿੱਚ ਉਮੀਦਵਾਰ ਉਸ ਧਿਰ ਨੂੰ ਸਵਾਲ ਪੁੱਛਣ ਲਈ ਕਹਿ ਦਿੰਦੇ ਹਨ । ਉਹ ਧਿਰ ਸਵਾਲ-ਜਵਾਬ ਦੀ ਕੜੀ ਵਿੱਚ ਕੁਝ ਸਵਾਲ ਕਰ ਕੇ ਮਾਹੌਲ ਗਰਮਾ ਦਿੰਦੀ ਹੈ । ਇਸ ਮਾਹੌਲ ਵਿੱਚ ਬਹੁਤੇ ਉਮੀਦਵਾਰ ਜਾਂ ਉਨਾਂ ਦੇ ਸਮਰਥਕ ਨਾ ਚਾਹੁੰਦੇ ਹੋਏ ਵੀ ਤਲਖ਼ੀ ਵਿੱਚ ਆ ਜਾਂਦੇ ਹਨ ਅਤੇ ਇੱਥੋਂ ਸ਼ੁਰੂ ਹੋ ਜਾਂਦਾ ਹੈ ਉਨਾਂ ਦੇ ਘਿਰਾਓ ਦਾ ਨਵਾਂ ਸਿਲਸਿਲਾ। ਮੰਗ ਕੀਤੀ ਜਾਂਦੀ ਹੈ ਕਿ ਇਕੱਠ ਵਿੱਚ ਉਮੀਦਵਾਰ ਮੁਆਫ਼ੀ ਮੰਗੇ ਅਤੇ ਸਵਾਲਾਂ ਦੇ ਜਵਾਬ ਦੇਵੇ। ਆਮ ਕਰ ਕੇ ਇਹ ਘਿਰਾਓ ਕਾਂਗਰਸ, ਅਕਾਲੀ ਦਲ (ਬ), ਅਕਾਲੀ ਦਲ (ਸ), ਆਪ ਪਾਰਟੀ ਜਾਂ ਭਾਜਪਾ ਨਾਲ ਸਬੰਧਤ ਉਮੀਦਵਾਰਾਂ ਦੇ ਹੋ ਰਹੇ ਹਨ। ਇਨਾਂ ਵਿੱਚੋਂ ਇੱਕ ਪਾਰਟੀ ਦੇ ਉਮੀਦਵਾਰਾਂ ਨੂੰ ਰਸਮੀ ਤੌਰ ਉੱਤੇ ਰੋਕ ਕੇ ਸਵਾਲ ਜਵਾਬ ਕੀਤੇ ਜਾਂਦੇ ਹਨ ਤਾਂ ਜੋ ਇਹ ਸੰਕੇਤ ਨਾ ਜਾਵੇ ਕਿ ਉਸ ਪਾਰਟੀ ਨੂੰ ਛੋਟ ਦਿੱਤੀ ਗਈ ਹੈ। ਇਸ ਪਾਰਟੀ ਵਿਸ਼ੇਸ਼ ਦੇ ਉਮੀਦਵਾਰਾਂ ਨਾਲ ਤਲਖ਼ਕਲਾਮੀ ਜਾਂ ਤਣਾਓ ਦੀਆਂ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਮਾਹੌਲ ਆਮ ਤੌਰ ਉੱਤੇ ਠੀਕ ਰਹਿੰਦਾ ਹੈ। ਸਵਾਲ ਪੁੱਛੇ ਹਨ ਅਤੇ ਜਵਾਬ ਦੇ ਦਿੱਤੇ ਜਾਂਦੇ ਹਨ। ਇਸ ਵਰਤਾਰੇ ਨੂੰ ਸਮਾਜ ਦੇ ਚਿੰਤਕ ਬੜੀ ਗੰਭੀਰਤਾ ਨਾਲ ਲੈ ਰਹੇ ਹਨ । ਇਨਾਂ ਦਾ ਕਹਿਣਾ ਹੈ ਕਿ ਅਜਿਹਾ ਮਾਹੌਲ ਸਿਰਜ ਕੇ ਕੁਝ ਲੋਕ ਇੱਕ ਪਾਰਟੀ ਵਿਸ਼ੇਸ਼ ਦੀ ਗੁੱਝੇ ਢੰਗ ਨਾਲ ਹਮਾਇਤ ਕਰ ਰਹੇ ਹਨ। ਜੇ ਅਜਿਹਾ ਮਾਹੌਲ ਲਗਾਤਾਰ ਚੱਲਦਾ ਰਿਹਾ ਤਾਂ ਇਸ ਨਾਲ ਪੰਜਾਬ ਦੀ ਸਦਭਾਵਨਾ ਅਤੇ ਭਾਈਚਾਰਕ ਏਕਤਾ ਦਾ ਨੁਕਸਾਨ ਹੋਣੋਂ ਰੋਕਿਆ ਨਹੀਂ ਜਾ ਸਕਣਾ । ਇਨਾਂ ਅਨੁਸਾਰ ਸਵਾਲ ਕਰਨਾ ਅਤੇ ਜਵਾਬ ਲੈਣੇ ਲੋਕਾਂ ਦਾ ਸੰਵਿਧਾਨਕ ਹੱਕ ਹੈ ਪਰ ਕੁਝ ਧਿਰਾਂ ਇਸ ਹੱਕ ਦੀ ਆਪਣੇ ਹਿੱਤਾਂ ਲਈ ਵਰਤੋਂ ਕਰ ਰਹੀਆਂ ਹਨ ਜੋ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਬਣ ਚੁੱਕਾ ਹੈ।

**ਆਪ ਪਾਰਟੀ ਯੋਗ ਬਦਲ ਨਾ ਬਣ ਸਕੀ**

ਸਿਸਟਮ ਨੂੰ ਬਦਲਣ ਲਈ ਲੋਕਾਂ ਨੂੰ ਇੱਕ ਅਜਿਹੀ ਰਾਜਨੀਤਿਕ ਪਾਰਟੀ ਦੀ ਜ਼ਰੂਰਤ ਸੀ ਜਿਹੜੀ ਦੇਸ਼ ਦੀ ਰਵਾਇਤੀ ਰਾਜਨੀਤੀ ਤੋਂ ਹਟਵੀਂ ਹੋਵੇ। ਸੋ ਲੋਕਾਂ ਨੇ ਆਮ ਆਦਮੀ ਪਾਰਟੀ ਵੱਲ ਆਪਣਾ ਰੁਖ਼ ਇਸ ਕਰਕੇ ਕੀਤਾ ਸੀ, ਕਿਉਂਕਿ ਆਮ ਆਦਮੀ ਪਾਰਟੀ ਨੇ ਹੀ ਰਵਾਇਤੀ ਪਾਰਟੀਆਂ ਤੋਂ ਹੱਟ ਕੇ ਸਿਸਟਮ ਬਦਲਣ ਦਾ ਨਾਅਰਾ ਦਿੱਤਾ ਸੀ, ਪਰ ਇਹ ਪਾਰਟੀ ਦੂਸਰੀਆਂ ਰਵਾਇਤੀ ਪਾਰਟੀਆਂ ਤੋਂ ਵੱਖਰਾ ਕੁਝ ਵੀ ਨਹੀਂ ਕਰ ਸਕੀ। ਦਿੱਲੀ ਦੀ ਵਿਧਾਨ ਸਭਾ ਵਿੱਚ ਬੇਮਿਸਾਲ ਜਿੱਤ ਦਰਜ ਕਰਨ ਵਾਲੀ ਰਾਸ਼ਟਰੀ ਪਾਰਟੀ ਵਜੋਂ ਸਥਾਪਤ ਹੋਣ ਵਾਲੀ ਆਪ ਪਾਰਟੀ ਨੂੰ ਭਾਵੇਂ 2014 ਦੀਆਂ ਲੋਕ ਸਭਾ ਚੋਣਾਂ ਮੌਕੇ ਦੇਸ਼ ਦੇ ਲੋਕਾਂ ਨੇ ਮੂੰਹ ਨਹੀਂ ਸੀ ਲਾਇਆ, ਪ੍ਰੰਤੂ ਪੰਜਾਬ ਦੇ ਲੋਕਾਂ ਨੇ ਉਸ ਮੌਕੇ ਵੀ ਚਾਰ ਸੀਟਾਂ ਤੋਂ ਰਿਕਾਰਡ-ਤੋੜ ਵੋਟਾਂ ਨਾਲ ਜਿੱਤ ਦਿਵਾ ਕੇ ਪਾਰਟੀ ਨੂੰ ਇਹ ਸੁਨੇਹਾ ਦੇ ਦਿੱਤਾ ਸੀ ਕਿ ਪੰਜਾਬ ਗੰਧਲੇ ਰਾਜਨੀਤਿਕ ਸਿਸਟਮ ਨੂੰ ਸਾਫ਼ ਕਰਨ ਦੀ ਤਾਂਘ ਰੱਖਦਾ ਹੈ। ਬੱਸ ਫਿਰ ਕੀ ਸੀ, ਅਰਵਿੰਦ ਕੇਜਰੀਵਾਲ ਦੇ ਸਿਰ ਪੰਜਾਬ ਦੀ ਸੱਤਾ ਦਾ ਭੂਤ ਸਵਾਰ ਹੋ ਗਿਆ। ਪੰਜਾਬ ਦੇ ਬਹੁਤ ਸਾਰੇ ਬੁੱਧੀਜੀਵੀ ਤੇ ਸੂਝਵਾਨ ਲੋਕ ਤਾਂ ਉਸ ਮੌਕੇ ਹੀ ਕੇਜਰੀਵਾਲ ਦੀ ਉਸ ਪਾਲਿਸੀ ਤੋਂ ਚਿੰਤਤ ਸਨ, ਜਦੋਂ ਉਹਨੇ ਇੱਕ-ਇੱਕ ਕਰਕੇ ਪੰਜਾਬ ਦੀ ਗੱਲ ਕਰਨ ਵਾਲੇ ਆਗੂਆਂ ਨੂੰ ਪਾਰਟੀ ਵਿੱਚੋਂ ਬਾਹਰ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਪਾਰਟੀ ਅੰਦਰ ਰਹਿ ਗਏ ਇੱਕਾ ਦੁੱਕਾ ਨੇਤਾਵਾਂ ਨੂੰ ਖੂੰਜੇ ਲਾ ਦਿੱਤਾ ਸੀ। ਸਿਰਫ਼ ਤੇ ਸਿਰਫ਼ ਜੀ ਹਜ਼ੂਰੀਏ ਆਗੂਆਂ ਨੂੰ ਅੱਗੇ ਲਾ ਕੇ ਉਨਾਂ ਦਾ ਨਿਯੰਤਰਣ ਵੀ ਦਿੱਲੀ ਦੇ ਤਨਖ਼ਾਹਦਾਰ ਮੁਲਾਜ਼ਮਾਂ ਰਾਹੀਂ ਆਪਣੇ ਹੱਥ ਵਿੱਚ ਰੱਖਿਆ ਗਿਆ ਸੀ। ਜੇਕਰ ਮੁਆਫ਼ੀਨਾਮੇ ਵਾਲੇ ਘਟਨਾਕ੍ਰਮ ਤੇ ਆਈਏ ਤਾਂ ਉਸਨੇ ਚੋਣਾਂ ਦੌਰਾਨ ਜੋ ਡਰੱਗ ਦੇ ਇਲਜ਼ਾਮ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਲਾਏ ਸਨ, ਉਸ ਤੋਂ ਮੁਆਫ਼ੀ ਮੰਗ ਕੇ ਕਿਨਾਰਾ ਕਰ ਲਿਆ। ਜਦੋਂ ਅਜਿਹੇ ਨੇਤਾ ਇਹ ਜਨਤਕ ਤੌਰ 'ਤੇ ਸਵੀਕਾਰ ਕਰ ਲੈਣ ਕਿ ਉਹ ਚੋਣਾਂ ਜਿੱਤਣ ਲਈ ਵਿਰੋਧੀਆਂ 'ਤੇ ਦੂਸ਼ਣਬਾਜ਼ੀ ਕਰਦੇ ਰਹੇ ਹਨ, ਜਿਨਾਂ ਤੋਂ ਦੇਸ਼ ਦੇ ਲੋਕ ਸਿਸਟਮ ਨੂੰ ਬਦਲਣ ਦੀ ਆਸ ਹੋਵੇ, ਤਾਂ ਇਹ ਸੋਚਣਾ ਪਵੇਗਾ ਕਿ ਇਹ ਰਾਜਨੀਤਿਕ ਲੋਕਾਂ ਵਿੱਚੋਂ ਕਿਸ ਦੇ ਉੱਤੇ ਭਰੋਸਾ ਕੀਤਾ ਜਾਵੇ। ਰਹੀ ਗੱਲ ਮੌਜੂਦਾ ਸਮੇਂ ਦੀ, ਹੁਣ ਵੀ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਸਿੱਖ ਖਾੜਕੂ ਲਹਿਰ ਦੇ ਨੌਜਵਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਵਿੱਚ ਪੰਜਾਬ ਦੇ ਲੋਕਾਂ ਨੂੰ ਝੂਠ ਬੋਲ ਕੇ ਬੁੱਧੂ ਬਣਾ ਰਹੇ ਹਨ। ਸੂਬੇ ਦੇ ਪ੍ਰਧਾਨ ਭਗਵੰਤ ਮਾਨ ਸਮੇਤ ਆਪ ਦੇ ਪੰਜਾਬ ਵਿਚਲੇ ਆਗੂ, ਜਿਹੜੇ ਚੋਣਾਂ ਵਿੱਚ ਕੁੱਦੇ ਹੋਏ ਹਨ, ਉਹ ਕੇਜਰੀਵਾਲ ਦੇ ਝੂਠ ਨੂੰ ਸੱਚ ਸਾਬਤ ਕਰਨ 'ਤੇ ਸਾਰਾ ਜ਼ੋਰ ਲਾ ਰਹੇ ਹਨ। ਏਥੇ ਹੀ ਬੱਸ ਨਹੀਂ ਕੇਜਰੀਵਾਲ ਦੇ ਰਾਜ ਵਿੱਚ ਦਿੱਲੀ ਵਿੱਚ ਔਰਤਾਂ 'ਤੇ ਜ਼ੁਲਮਾਂ ਵਿੱਚ ਵਾਧਾ ਹੋਇਆ, ਦੰਗੇ ਫ਼ਸਾਦ ਹੋਏ, ਪਰ ਉਹ ਇਸ ਦਾ ਪੱਲਾ ਕੇਂਦਰ 'ਤੇ ਝਾੜ ਕੇ ਸੁਰਖ਼ਰੂ ਹੁੰਦੇ ਰਹੇ ਹਨ। ਘੱਟਗਿਣਤੀਆਂ ਪ੍ਰਤੀ ਕੇਜਰੀਵਾਲ ਦੀ ਪਹੁੰਚ ਹਾਂ-ਪੱਖੀ ਨਹੀਂ ਰਹੀ ਅਤੇ ਨਾ ਹੀ ਉਹ ਇਹ ਸਪੱਸ਼ਟ ਕਰ ਸਕੇ ਹਨ ਕਿ ਉਹ ਉੱਤਰ-ਪ੍ਰਦੇਸ਼ ਵਿੱਚ ਭਾਜਪਾ ਦੇ ਖ਼ਿਲਾਫ਼ ਚੋਣਾਂ ਲੜਨ ਦੀ ਬਜਾਏ ਪੰਜਾਬ ਨੂੰ ਤਰਜੀਹ ਕਿਉਂ ਦਿੰਦੇ ਹਨ, ਜਦੋਂਕਿ ਪੰਜਾਬ ਅੰਦਰ ਤਾਂ ਭਾਜਪਾ ਦਾ ਕੋਈ ਆਧਾਰ ਹੀ ਨਹੀਂ ਹੈ ? ਆਪ ਦੀ ਪੰਜਾਬ ਇਕਾਈ ਦੁਆਰਾ ਕੇਜਰੀਵਾਲ ਦੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨਾ ਪੰਜਾਬ ਲਈ ਬੇਹੱਦ ਨੁਕਸਾਨਦੇਹ ਸਾਬਤ ਹੋਵੇਗਾ। ਜਿਸ ਤਰਾਂ ਆਪ ਦੇ ਮੁੱਖ ਮੰਤਰੀ ਦੇ ਚਿਹਰੇ ਲਈ ਲੋਕ ਰਾਏ ਵਾਲੇ ਨਾਟਕ ਅਤੇ ਸਰਵੇਖਣਾਂ ਦਾ ਸੱਚ ਸਾਹਮਣੇ ਆਇਆ ਹੈ, ਉਹਨੇ ਹਰ ਸੂਝਵਾਨ ਪੰਜਾਬੀ ਨੂੰ ਸੋਚਣ ਲਈ ਮਜਬੂਰ ਕੀਤਾ ਹੈ। ਚੰਗਾ ਹੋਵੇ ਜੇ ਪੰਜਾਬ ਦੀ ਸਮੁੱਚੀ ਲੀਡਰਸ਼ਿੱਪ ਇਕਮੁੱਤ ਹੋ ਕੇ ਆਪਣੇ ਲੋਕਾਂ ਨੂੰ ਬੁੱਧੂ ਬਣਾਉਣ ਦੀ ਰਾਜਨੀਤੀ ਦਾ ਤਿਆਗ ਕਰ ਦੇਵੇ। ਉਨਾਂ ਨੂੰ ਇਹ ਸਮਝਣਾ ਹੋਵੇਗਾ ਕਿ ਪੰਜਾਬ ਦੇ ਲੋਕ ਅਸਲ ਅਰਥਾਂ ਵਿੱਚ ਬਦਲਾਅ ਚਾਹੁੰਦੇ ਹਨ, ਮਹਿਜ ਡਰਾਮੇਬਾਜ਼ੀ ਨਾਲ ਹਥਿਆਈ ਹੋਈ ਸੱਤਾ ਲੋਕਾਂ ਨਾਲ ਧੋਖਾ ਹੋਵੇਗਾ।

ਉੱਧਰ ਕਾਂਗਰਸ ਵੀ ਕੈਪਟਨ ਦੇ ਸਾਢੇ ਚਾਰ ਸਾਲ ਦੇ ਰਾਜ ਨੂੰ ਇੱਕ ਪਾਸੇ ਰੱਖ ਕੇ 111 ਦਿਨਾਂ ਦੀ ਚੰਨੀ ਸਰਕਾਰ ਦੇ ਕਾਰਜਕਾਲ ਨੂੰ ਨਮੂਨੇ ਵਜੋਂ ਪੇਸ਼ ਕਰਨ ਅਤੇ ਨਵਜੋਤ ਸਿੰਘ ਸਿੱਧੂ ਦੇ ਪੰਜਾਬ ਮਾਡਲ ਨੂੰ ਬਰਾਬਰ ਰੱਖ ਕੇ ਲੋਕਾਂ ਵਿੱਚ ਆਈ ਹੈ, ਪ੍ਰੰਤੂ ਜ਼ਮੀਨੀ ਹਾਲਾਤ ਇਹ ਹਨ ਕਿ ਪੰਜਾਬ ਦੇ ਲੋਕ ਕਿਸੇ ਵੀ ਰਾਜਨੀਤਕ ਧਿਰ 'ਤੇ ਬਹੁਤਾ ਵਿਸ਼ਵਾਸ ਕਰਦੇ ਦਿਖਾਈ ਨਹੀਂ ਦਿੰਦੇ। ਉੱਧਰ ਅਕਾਲੀ ਦਲ (ਅ) ਵੀ ਪੰਥਕ ਪਹਿਰੇਦਾਰੀ ਦੇ ਦਾਅਵੇਦਾਰ ਵਜੋਂ ਚੋਣ ਮੈਦਾਨ ਵਿੱਚ ਉੱਤਰਿਆ ਹੋਇਆ ਹੈ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੰਗਰੂਰ ਦੇ ਹਲਕਾ ਅਮਰਗੜ ਤੋਂ ਚੋਣ ਮੈਦਾਨ ਵਿੱਚ ਉੱਤਰੇ ਹੋਏ ਹਨ। ਬਿਨਾਂ ਸ਼ੱਕ ਸਿਮਰਨਜੀਤ ਸਿੰਘ ਮਾਨ ਇੱਕੋ ਇੱਕ ਅਜਿਹਾ ਸਿੱਖ ਲੀਡਰ ਹੈ ਜਿਸ ਦੀ ਦ੍ਰਿੜਤਾ ਨੂੰ ਦਾਦ ਦੇਣੀ ਬਣਦੀ ਹੈ ਅਤੇ ਕਹਿਣੀ ਤੇ ਕਰਨੀ ਦਾ ਪੂਰਾ ਕਿਹਾ ਜਾ ਸਕਦਾ ਹੈ। ਇਹ ਵੀ ਸੱਚ ਹੈ ਕਿ ਬਹੁ-ਗਿਣਤੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਸਦੇ ਸਿੱਖ ਉਨਾਂ ਨੂੰ ਇਮਾਨਦਾਰ ਸਿੱਖ ਨੇਤਾ ਵਜੋਂ ਸਤਿਕਾਰ ਵੀ ਦਿੰਦੇ ਹਨ, ਪ੍ਰੰਤੂ ਇਸ ਦੇ ਬਾਵਜੂਦ ਵੀ ਵੋਟ ਰਾਜਨੀਤੀ ਵਿੱਚ ਉਹ ਮਾਰ ਖਾ ਜਾਂਦੇ ਹਨ, ਜਿਸਦਾ ਕਾਰਨ ਸਪੱਸ਼ਟ ਹੈ ਕਿ ਪੰਜਾਬ ਦੇ ਲੋਕ ਸਿਆਸੀ ਤਿਕੜਮਬਾਜ਼ੀਆਂ ਦੀ ਗ੍ਰਿਫ਼ਤ ਵਿੱਚ ਫਸ ਚੁੱਕੇ ਹਨ, ਜਿਸ ਕਰਕੇ ਉਹ ਵੋਟਾਂ ਵੇਲੇ ਰਵਾਇਤੀ ਪਾਰਟੀਆਂ ਵੱਲ ਉੱਲਰ ਜਾਂਦੇ ਹਨ। ਸੋ, ਉਪਰੋਕਤ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਇਸ ਵਾਰ 2022 ਦੀ ਵਿਧਾਨ ਸਭਾ ਚੋਣ ਪੰਜਾਬ ਦੇ ਲੋਕਾਂ ਦੀ ਉਲਝਣ ਦੀ ਭੇਂਟ ਚੜਨ ਦੇ ਆਸਾਰ ਬਣੇ ਹੋਏ ਹਨ। ਅਜਿਹੇ ਹਾਲਾਤਾਂ ਦਾ ਫ਼ਾਇਦਾ ਕੇਂਦਰ ਦੀ ਸੱਤਾ ਉੱਪਰ ਕਾਬਜ ਭਾਜਪਾ ਨੂੰ ਮਿਲ ਸਕਦਾ ਹੈ। ਸੋ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਸਿਸਟਮ ਵਿੱਚ ਬਦਲਾਅ ਦੇ ਨਾਮ ਉੱਪਰ ਜੋ ਰਾਜਨੀਤੀ ਹੋ ਰਹੀ, ਉਹ ਮਹਿਜ ਸੱਤਾ ਪ੍ਰਾਪਤੀ ਦੇ ਦਾਅ-ਪੇਚ ਤੋਂ ਵੱਧ ਕੁਝ ਵੀ ਨਹੀਂ ਹੈ।

**Homeopathicvibes**

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ



Harminder Singh Gill D.H.M.S;B.C.I.H

(Ex Homeopathic Medical officer Punjab Govt.)

ਅੰਮ੍ਰਿਤਸਰ ਟਾਈਮਜ਼ AMRITSAR TIMES

16 ਫ਼ਰਵਰੀ 2022 ਤੋਂ 22 ਫ਼ਰਵਰੀ 2022

# ਚੋਣਾਂ ਵਿੱਚ ਸ਼ਮੂਲੀਅਤ ਦਾ ਫ਼ੈਸਲਾ ਅਤੇ ਸਾਡੀ ਫ਼ੈਸਲੇ ਲੈਣ ਦੀ ਰਵਾਇਤ

ਪੰਜਾਬ ਵਿਧਾਨ ਸਭਾ ਚੋਣਾਂ ਆਉਂਦੀ 20 ਫ਼ਰਵਰੀ ਨੂੰ ਹੋਣ ਜਾ ਰਹੀਆਂ ਹਨ। ਸਿਆਸਤ ਦੀਆਂ ਗੁੰਝਲਾਂ ਨੂੰ ਸਮਝਣ ਵਾਲੇ ਅਤੇ ਇੰਡੀਆ ਦੇ ਮੌਜੂਦਾ ਪ੍ਰਬੰਧ ਹੇਠ ਸੂਬੇ ਦੇ ਸੂਬੇਦਾਰ ਦੀਆਂ ਅਸਲ ਤਾਕਤਾਂ ਤੋਂ ਵਾਕਿਫ਼ ਸੱਜਣ ਇਹਨਾਂ ਚੋਣਾਂ ਦੇ ਅਸਲ ਮਾਇਨੇ ਭਲੀ ਭਾਂਤ ਜਾਣਦੇ ਹਨ ਅਤੇ ਉਹ ਇਸ ਸਭ ਤੋਂ ਆਪਣੇ ਆਪ ਨੂੰ ਪਾਸੇ ਵੀ ਰੱਖ ਰਹੇ ਹਨ। ਪਰ ਇਹ ਵੀ ਹਕੀਕਤ ਹੈ ਕਿ ਵੱਡਾ ਹਿੱਸਾ ਇਹਨਾਂ ਚੋਣਾਂ ਵਿੱਚ ਆਪਣੀ ਸਿੱਧੀ-ਅਸਿੱਧੀ ਸ਼ਮੂਲੀਅਤ ਕਰ ਰਿਹਾ ਹੈ ਭਾਵੇਂ ਪੰਜਾਬ ਦੇ ਅਸਲ ਮੁੱਦਿਆਂ ਨੂੰ ਹੁਣ ਕੋਈ ਵੀ ਪਾਰਟੀ ਚੋਣਾਂ ਵਿੱਚ ਕੋਈ ਬਹੁਤਾ ਥਾਂ ਨਹੀਂ ਦਿੰਦੀ। ਚੋਣਾਂ ਵਿੱਚ ਸ਼ਮੂਲੀਅਤ ਕਰਨੀ ਜਾਂ ਨਾ ਕਰਨੀ, ਜੇਕਰ ਕਰਨੀ ਤਾਂ ਕਿਸ ਤਰੀਕੇ ਅਤੇ ਕਿੰਨੀ ਕੁ ਕਰਨੀ ਇਸ ਬਾਰੇ ਸਭ ਦੇ ਆਪੋ ਆਪਣੇ ਫ਼ੈਸਲੇ ਹੁੰਦੇ ਹਨ। ਸਿੱਖਾਂ ਦੇ ਸੰਬੰਧ ਵਿੱਚ ਚੋਣਾਂ ਨੂੰ ਲੈ ਕੇ ਭਾਵੇਂ ਸੁਹਿਰਦ ਹਿੱਸੇ ਨੂੰ ਇਸ ਗੱਲ ਦੀ ਸਮਝ ਹੈ ਕਿ ਪਾਤਿਸ਼ਾਹੀ ਦਾਅਵਾ ਦੁਨਿਆਵੀ ਤਖ਼ਤ 'ਤੇ ਨਿਰਭਰ ਨਹੀਂ ਹੈ ਇਸ ਲਈ ਗੁਰੂ ਖ਼ਾਲਸਾ ਪੰਥ ਸਦਾ ਹੀ ਆਪਣੇ ਵੱਲੋਂ ਬਣਾਏ ਰਾਜ ਪ੍ਰਬੰਧ ਤੋਂ ਉੱਪਰ ਰਹੇਗਾ। ਅਤੇ ਨਾਲ਼ ਹੀ ਇਹ ਵੀ ਹੁਣ ਬਹੁਤਿਆਂ ਨੂੰ ਸਪਸ਼ਟ ਹੋ ਗਿਆ ਹੈ ਕਿ ਸਿੱਖ ਮਸਲੇ ਇਹਨਾਂ ਚੋਣਾਂ ਰਾਹੀਂ ਜਾਂ ਇੰਡੀਆ ਦੇ ਇਸ ਮੌਜੂਦਾ ਪ੍ਰਬੰਧ ਹੇਠ ਚੋਣਾਂ ਲੜ ਕੇ ਹੱਲ ਕਰਨ ਕਰਵਾਉਣ ਦੀ ਹੁਣ ਕੋਈ ਬਹੁਤੀ ਗੁੰਜਾਇਸ਼ ਬਚੀ ਨਹੀਂ ਹੈ। ਪਰ ਸਿੱਖਾਂ ਲਈ ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਚੋਣਾਂ ਸੰਬੰਧੀ ਆਪਣੀ ਸ਼ਮੂਲੀਅਤ ਲਈ ਅਸੀਂ ਆਪੋ ਆਪਣੇ ਨਿੱਜੀ ਫ਼ੈਸਲੇ ਹੀ ਕਰਦੇ ਰਹਿਣਾ ਹੈ ਜਾਂ ਕਿਸੇ ਤਰਾਂ ਕੋਈ ਸਾਂਝਾ ਫ਼ੈਸਲਾ ਵੀ ਲਿਆ ਜਾ ਸਕਦਾ ਹੈ ? ਇਸ ਸੰਬੰਧੀ ਸਾਡੀ ਰਵਾਇਤ ਵਿੱਚ ਕਿਹੜਾ ਅਮਲ ਪਿਆ ਹੈ ਅਤੇ ਉਹ ਅਮਲ ਕਿੰਨਾ ਕੁ ਜਰੂਰੀ ਹੈ ?

ਅਸੀਂ ਇਸ ਗੱਲ ਤੋਂ ਵੀ ਭਲੀਭਾਂਤ ਵਾਕਿਫ਼ ਹੋਵਾਂਗੇ ਕਿ ਮਜੂਦਾ ਸਮੇਂ ਵਿੱਚ ਦੁਨੀਆ ਭਰ ਦੇ ਸਿੱਖਾਂ ਜਾਂ ਇਕੱਲੇ ਕਿਸੇ ਇੱਕ ਸੂਬੇ ਦੇ ਸਿੱਖਾਂ ਦਾ ਵੀ ਕਿਸੇ ਮਸਲੇ ਉੱਤੇ ਕੋਈ ਸਾਂਝਾ ਫ਼ੈਸਲਾ ਕਰਨਾ ਹਾਲ ਦੀ ਘੜੀ ਸ਼ਾਇਦ ਸੰਭਵ ਨਹੀਂ ਹੈ ਜਾਂ ਘੱਟੋ-ਘੱਟ ਸੌਖਾਲਾ ਤਾਂ ਬਿਲਕੁਲ ਨਹੀਂ ਹੈ। ਇਸ ਦਰਪੇਸ਼ ਚੁਣੌਤੀ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਨੂੰ ਸਾਹਮਣੇ ਰੱਖਦਿਆਂ ਹੀ ਅਗਲਾ ਅਮਲ ਵਿਚਾਰਨਾ ਹੋਵੇਗਾ। ਪਰ ਉਸ ਤੋਂ ਪਹਿਲਾਂ ਇਸ ਗੱਲ ਵੱਲ ਕੇਂਦਰਿਤ ਹੋਣਾ ਜ਼ਰੂਰੀ ਹੈ ਕਿ ਸਿੱਖਾਂ ਦੀ ਫ਼ੈਸਲੇ ਕਰਨ ਦੀ ਰਵਾਇਤ ਕੀ ਹੈ।

ਗੁਰੂ ਖਾਲਸਾ ਪੰਥ ਵਿੱਚ ਫ਼ੈਸਲੇ ਲੈਣ ਲਈ 'ਗੁਰਮਤਾ' ਸੰਸਥਾ ਦੀ ਪ੍ਰਣਾਲੀ ਪ੍ਰਚਲਿਤ ਹੈ। ਅਸਲ ਵਿੱਚ ਇਹੀ ਸਾਡਾ ਮੂਲ ਹੈ। 'ਅਗਾਂਹ ਵੱਲ ਨੂੰ ਤੁਰਦਿਆਂ' ਖਰੜੇ ਵਿੱਚ ਦਰਜ ਹੈ ਕਿ "ਗੁਰਮਤਾ, ਸਰਬਤ ਗੁਰ-ਸੰਗਤਿ ਦੇ ਕਿਸੇ ਖ਼ਾਸ ਵਿਸ਼ੇ ਸੰਬੰਧੀ ਸਪਸ਼ਟ ਨਜ਼ਰੀਆ ਹੈ। ਗੁਰੂ ਖ਼ਾਲਸਾ ਪੰਥ ਵਿੱਚ ਫ਼ੈਸਲੇ ਸੰਗਤੀ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਚ-ਪ੍ਰਧਾਨੀ ਅਗਵਾਈ ਪ੍ਰਣਾਲੀ ਤਹਿਤ ਕੀਤੇ ਜਾਂਦੇ ਹਨ। ਗੁਰੂ ਖ਼ਾਲਸਾ ਪੰਥ ਦੀ ਪਰੰਪਰਾ ਵਿੱਚ ਪੰਜ ਸਿੰਘ ਸਾਹਿਬਾਨ ਗੁਰ-ਸੰਗਤਿ ਦੇ ਵਿਚਾਰ ਸੁਣਦੇ ਹਨ। ਗੁਰਬਾਣੀ ਅਤੇ ਤਵਾਰੀਖ਼ ਦੀ ਅੰਤਰ-ਦ੍ਰਿਸ਼ਟੀ ਨਾਲ਼ ਨਤੀਜੇ ਉੱਪਰ ਪਹੁੰਚਦੇ ਹਨ। ਪੰਜ ਸਿੰਘ ਸਾਹਿਬਾਨ ਦਾ ਹੁਕਮ ਅੰਤਿਮ ਹੁੰਦਾ ਹੈ। ਫ਼ੈਸਲਾ ਲੈਣ ਵਾਲੇ ਪੰਜ ਸਿੰਘ ਸਾਹਿਬ ਮੌਕੇ 'ਤੇ ਹੀ ਸੰਗਤ ਵਿੱਚੋਂ ਚੁਣੇ ਜਾਂਦੇ ਹਨ। ਅੰਤਮ ਫ਼ੈਸਲਾ ਲੈਣ ਤੋਂ ਬਾਅਦ ਮੁੜ ਸੰਗਤ ਦਾ ਹੀ ਹਿੱਸਾ ਬਣ ਜਾਂਦੇ ਹਨ।"

'ਗੁਰਮਤਾ' ਸੰਸਥਾ ਕਿੰਨੀ ਕੁ ਅਹਿਮ ਹੈ ਅਤੇ ਇਸ ਤੋਂ ਬਿਨਾਂ ਸਾਡੇ ਅਮਲ ਉੱਤੇ ਕੀ ਅਸਰ ਪੈਂਦਾ ਹੈ ਇਸ ਬਾਬਤ 'ਖ਼ਾਲਸਾ ਪ੍ਰਭੂਸਤਾ ਸਿਧਾਂਤ' ਵਿੱਚ 'ਸੁਖਦਿਆਲ ਸਿੰਘ' ਲਿਖਦੇ ਹਨ ਕਿ "ਗੁਰਮਤਾ ਖ਼ਾਲਸਾ ਪ੍ਰਭੂਸੱਤਾ ਸਿਧਾਂਤ ਜਾਂ ਸਿੱਖ ਰਾਜਨੀਤੀ ਦੀ ਬੁਨਿਆਦ ਹੈ। ਇਸ ਸੰਸਥਾ ਤੋਂ ਬਿਨਾਂ ਜੇ ਸਿੱਖ ਰਾਜਨੀਤੀ ਚਲਾਈ ਜਾਂਦੀ ਹੈ ਤਾਂ ਉਸ ਦਾ ਸਿੱਖ ਕਰੈਕਟਰ ਨਹੀਂ ਹੋਵੇਗਾ। ਸਿੱਖ ਧਰਮ ਵਿੱਚ ਮੁੱਢ ਤੋਂ ਹੀ ਸੰਗਤ ਦੀ ਸਰਬਉੱਚਤਾ ਰਹੀ ਹੈ। ਖ਼ਾਲਸਾ ਪੰਥ ਸਾਜ ਕੇ, ਸਖ਼ਸ਼ੀ ਗੁਰਿਆਈ ਖ਼ਤਮ ਕਰ ਕੇ ਅਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਵਿੱਚ ਸਮਿਲਤ ਕਰ ਕੇ, ਸੰਗਤ ਦੀ ਸਰਬਉੱਚਤਾ ਨੂੰ ਪੱਕੇ ਤੌਰ 'ਤੇ ਜਥੇਬੰਦਕ ਰੂਪ ਵਿੱਚ ਕਾਇਮ ਕਰ ਦਿੱਤਾ ਗਿਆ ਸੀ। ਗੁਰਮਤਾ ਸੰਗਤ ਦੀ ਸਰਬਉੱਚਤਾ ਨੂੰ ਦਰਸਾਉਣ ਦੀ ਅਤੇ ਇਸ ਦੀ ਸਰਬ ਸਾਂਝੀ ਰਾਇ ਨੂੰ ਪ੍ਰਗਟਾਉਣ ਦੀ ਸੰਸਥਾ ਹੈ।"

ਗੁਰਮਤਾ ਅਤੇ ਸਰਬ-ਸੰਮਤੀ ਵਿੱਚ ਅੰਤਰ ਬਾਬਤ 'ਅਗਾਂਹ ਵੱਲ ਨੂੰ ਤੁਰਦਿਆਂ' ਖਰੜੇ ਵਿੱਚ ਲਿਖਿਆ ਮਿਲਦਾ ਹੈ ਕਿ "ਗੁਰਮਤਾ ਅਤੇ ਪੱਛਮੀ ਤਰਜ ਦੀ ਸਰਬ-ਸੰਮਤੀ ਜਾਂ ਆਮ ਸਹਿਮਤੀ ਦੇ ਮਤੇ ਵਿੱਚ ਬਹੁਤ ਵਖਰੇਵਾਂ ਹੈ। ਪੱਛਮੀ ਤਰਜ ਦੀ ਸਰਬ-ਸੰਮਤੀ ਬਣਾਉਣ ਲਈ ਸਭਾ ਵਿੱਚ ਇੱਕਤਰ ਮਨੁੱਖ ਆਪਣੀ ਨਿੱਜ-ਹੋਂਦ ਨੂੰ ਸਭਾ ਦੀ ਸਾਂਝੀ ਹੋਂਦ ਵਿੱਚ ਜਜ਼ਬ ਨਹੀਂ ਕਰਦੇ ਸਗੋਂ ਵਿਅਕਤੀਗਤ ਰਾਵਾਂ ਨੂੰ ਥੋੜਾ ਵਧਾ ਘਟਾ ਕੇ ਆਮ ਸਹਿਮਤੀ ਬਣਾਈ ਜਾਂਦੀ ਹੈ, ਜਦਕਿ ਗੁਰਮਤੇ ਵਿੱਚ ਹਾਜ਼ਿਰ ਸਰਬਤ ਸਿੰਘ ਆਪਣੀ ਨਿੱਜ ਹੋਂਦ ਤੋਂ ਉੱਪਰ ਉੱਠ ਕੇ ਆਤਮਕ ਤੌਰ 'ਤੇ ਇਕਮਿਕ ਅਵਸਥਾ ਵਿੱਚ ਹੁੰਦੇ ਹਨ।"

ਹੁਣ ਉਸ ਦਰਪੇਸ਼ ਚੁਣੌਤੀ ਵੱਲ ਪਰਤੀਏ ਜਿਸ ਵਿੱਚ ਹਾਲ ਦੀ ਘੜੀ ਦੁਨੀਆ ਭਰ ਦੇ ਸਿੱਖਾਂ ਜਾਂ ਇਕੱਲੇ ਕਿਸੇ ਇੱਕ ਸੂਬੇ ਦੇ ਸਿੱਖਾਂ ਦਾ ਵੀ ਕਿਸੇ ਮਸਲੇ ਉੱਤੇ ਕੋਈ ਸਾਂਝਾ ਫ਼ੈਸਲਾ ਕਰਨਾ ਸੰਭਵ ਨਹੀਂ ਜਾਪਦਾ। ਬੇਸ਼ੱਕ ਜਦੋਂ ਕਿਸੇ ਨੂੰ ਪੰਥ ਦੀ ਰਵਾਇਤ ਆਪਣੇ ਹੋਰ ਨਿੱਜੀ ਕਾਰਨਾਂ ਜਾਂ ਵਖਰੇਵਿਆਂ ਤੋਂ ਵੱਡੀ ਮਹਿਸੂਸ ਹੋਵੇਗੀ ਤਾਂ ਇਹ ਚੁਣੌਤੀ ਝੱਟ ਪੱਟ ਦੂਰ ਹੋ ਜਾਵੇਗੀ ਪਰ ਫਿਰ ਵੀ ਸ਼ੁਰੂਆਤ ਵਜੋਂ ਅਮਲੀ ਤੌਰ ਉੱਤੇ 'ਗੁਰਮਤਾ ਸੰਸਥਾ' ਨੂੰ ਮੁੜ ਸੁਰਜੀਤ ਕਰਨ ਦੇ ਰਾਹ ਪੈਣ ਲਈ ਆਪੋ ਆਪਣੇ ਇਲਾਕੇ ਵਿੱਚ ਸੰਗਤਾਂ ਨੂੰ ਇਹ ਉੱਦਮ ਕਰਨਾ ਚਾਹੀਦਾ ਹੈ। ਚੋਣਾਂ ਸਬੰਧੀ ਫ਼ੈਸਲਾ ਵੀ ਇਲਾਕੇ ਦੀ ਸੰਗਤ ਨੂੰ ਇਕੱਤਰ ਹੋ ਕਰ ਕੇ, 'ਗੁਰਮਤਾ' ਸੰਸਥਾ ਦੀ ਪ੍ਰਣਾਲੀ ਰਾਹੀਂ ਕਰਨਾ ਚਾਹੀਦਾ ਹੈ। ਇਸ ਤਰਾਂ ਹੀ ਸਹਿਜੇ-ਸਹਿਜੇ ਇਸ ਰਵਾਇਤ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਹਾਲ ਹੀ ਵਿੱਚ 'ਪੰਥ ਸੇਵਕ ਜਥਾ ਦੁਆਬਾ' ਵੱਲੋਂ ਇਸੇ ਰਿਵਾਇਤ ਨੂੰ ਸੁਰਜੀਤ ਕਰਦੇ ਹੋਏ ਪੰਜਾਬ ਵਿਧਾਨ ਸਭਾ ਚੋਣਾਂ 2022 ਬਾਰੇ ਇਕ ਗੁਰਮਤਾ ਕੀਤਾ ਗਿਆ। ਇਸ ਮਤੇ ਵਿੱਚ ਹਾਜ਼ਿਰ ਸਿੰਘਾਂ ਨੂੰ ਗੁਰਮਤੇ ਰਾਹੀਂ ਤੈਅ ਕੀਤੇ ਗਏ ਪੰਜ ਦਿਸ਼ਾ ਨਿਰਦੇਸ਼ਾਂ ਦੇ ਦਾਇਰੇ ਅਨੁਸਾਰ ਆਪਣੀ ਬੁੱਧ ਬਿਬੇਕ ਦੀ ਵਰਤੋਂ ਕਰਕੇ ਵੋਟ ਬਾਰੇ ਫ਼ੈਸਲਾ ਆਪ ਨਿੱਜੀ ਤੌਰ ਉੱਤੇ ਲੈਣ ਲਈ ਕਿਹਾ ਗਿਆ ਹੈ।

ਇਸੇ ਤਰਾਂ ਸੰਗਤ ਨੂੰ ਆਪੋ ਆਪਣੇ ਇਲਾਕਿਆਂ ਵਿੱਚ ਆਪਣੀ ਰਵਾਇਤ ਅਨੁਸਾਰ ਸਾਂਝੇ ਫ਼ੈਸਲੇ ਲੈਣ ਦੇ ਰਾਹ ਪੈਣਾ ਚਾਹੀਦਾ ਹੈ। ਵਿਧਾਨ ਸਭਾ ਚੋਣਾਂ ਵਿੱਚ ਆਪਣੀ ਸ਼ਮੂਲੀਅਤ ਦੇ ਫ਼ੈਸਲੇ ਤੋਂ ਇਹ ਸ਼ੁਰੂਆਤ ਕੀਤੀ ਜਾ ਸਕਦੀ ਹੈ ਤਾਂ ਜੋ ਅਗਾਂਹ ਆਪਣੇ ਸਮਾਜਿਕ ਅਤੇ ਰਾਜਨੀਤਕ ਫ਼ੈਸਲੇ ਆਪਣੀ ਰਵਾਇਤ ਅਨੁਸਾਰ ਲੈਣ ਦੇ ਰਾਹ ਪਿਆ ਜਾ ਸਕੇ।

# ਪੰਜਾਬ ਵਿਚ ਕੀ ਨੇ ਰਾਜਨੀਤਿਕ ਸਮੀਕਰਨ ?



ਰਣਜੀਤ ਸਿੰਘ ਕੁਕੀ

ਜੁਲਾਈ-ਅਗਸਤ 2021 ਵਿਚ ਪੰਜਾਬ ਦੀਆਂ ਅਸੈਂਬਲੀ ਚੋਣਾਂ ਸ਼ਾਂਤ ਅਤੇ ਨਿਰਧਾਰਿਤ ਮੁੱਦਾ ਲੱਗਦੀਆਂ ਸਨ। ਦਸ ਜਨਪਥ ਰਾਹੀਂ ਪੰਜਾਬ ਵਿਚ ਨਵਜੋਤ ਸਿੰਘ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਡਿਪਟੀ ਵਜੋਂ ਪੇਸ਼ ਕੀਤਾ ਗਿਆ ਜਿਸ ਦੇ ਸੰਬੰਧ ਵਿਚ ਇਸ ਤਰਾਂ ਪ੍ਰਤੀਤ ਹੋ ਰਿਹਾ ਸੀ ਕਿ ਉਹ 2022 ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਰਿਟਾਇਰਮੈਂਟ ਵੱਲ ਵਧੇਗਾ। ਅਕਾਲੀ 2017 ਦੌਰਾਨ ਗੁਆਚੀ ਜ਼ਮੀਨ ਮੁੜ ਹਾਸਿਲ ਕਰਨ ਦੀ ਉਮੀਦ ਕਰ ਰਹੇ ਸਨ ਅਤੇ ਕੁਝ ਕੁ ਸਫਲਤਾਵਾਂ ਤੋਂ ਬਾਅਦ ਆਮ ਆਦਮੀ ਪਾਰਟੀ ਪੰਜਾਬ ਵਿਚ ਵੱਡੀ ਹਲਚਲ ਦੀ ਉਮੀਦ ਕਰ ਰਹੀ ਸੀ। ਸਾਰੀਆਂ ਹੀ ਪਾਰਟੀਆਂ ਲਈ ਇਹ ਬਹੁਤ ਹੀ ਸਹੂਲੀਅਤ ਵਾਲੀ ਸਕ੍ਰਿਪਟ ਲੱਗਦੀ ਸੀ ਕਿਉਂਕਿ ਇਸ ਤਰਾਂ ਲੱਗ ਰਿਹਾ ਸੀ ਕਿ ਭਾਜਪਾ ਨੂੰ ਸੂਬੇ ਵਿਚ ਕੋਈ ਸਫਲਤਾ ਹਾਸਿਲ ਨਹੀਂ ਹੋਵੇਗੀ। ਪੰਜਾਬ ਵਿਚ ਇਸ ਵਾਰ ਦੀਆਂ ਚੋਣਾਂ 2017 ਦੀਆਂ ਚੋਣਾਂ ਦੀ ਤਰਾਂ ਨਹੀਂ ਹਨ। ਆਮ ਆਦਮੀ ਪਾਰਟੀ ਇਸ ਮੁਕਾਬਲੇ ਵਿਚ ਮੋਹਰੀ ਬਣ ਕੇ ਉੱਭਰ ਰਹੀ ਹੈ। ਕਾਂਗਰਸ ਅਜੇ ਤੱਕ ਵੀ ਪਰਿਵਾਰਵਾਦ ਦੇ ਅਸਬਾਬ ਵਿਚੋਂ ਨਿਕਲ ਨਹੀਂ ਪਾਈ ਹੈ, ਕਿਉਂਕਿ ਇਸ ਦੇ ਦੋਹੇਂ ਹੀ ਨੇਤਾ, ਸਿੱਧੂ ਅਤੇ ਚੰਨੀ, ਗਾਂਧੀ ਪਰਿਵਾਰ ਦੀ ਕਠਪੁਤਲੀ ਦੇ ਰੂਪ ਵਿਚੋਂ ਨਹੀਂ ਨਿਕਲ ਪਾਏ ਹਨ। ਅਕਾਲੀ ਦਲ ਨੇ ਭਾਜਪਾ ਨਾਲੋਂ ਆਪਣਾ ਪੁਰਾਣਾ ਨਾਤਾ ਤੋੜਦੇ ਹੋਏ ਬਸਪਾ ਨਾਲ ਗੰਢ-ਤੁੱਪ ਕਰ ਲਈ ਹੈ ਜਿਸ ਨੂੰ 2017 ਦੀਆਂ ਚੋਣਾਂ ਵਿਚ ਇਕ ਪ੍ਰਤੀਸ਼ਤ ਦਾ ਵੀ ਵੋਟ ਹਿੱਸਾ ਨਹੀਂ ਸੀ ਮਿਲਿਆ। ਕਾਂਗਰਸ ਪਾਰਟੀ ਤੋਂ ਤੋੜ ਵਿਛੋੜਾ ਹੋਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਅਤੇ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਲਈ ਪੂਰੀ ਤਰਾਂ ਕਮਰ ਕਸੀ ਹੋਈ ਹੈ ਅਤੇ ਉਸ ਨੇ ਅਕਾਲੀਆਂ, ਕਾਂਗਰਸ ਅਤੇ ਭਾਜਪਾ ਤੋਂ ਨਾਰਾਜ਼ ਅਤੇ ਅਸੰਤੁਸ਼ਟ ਨੇਤਾਵਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰ ਲਿਆ ਹੈ। ਇਸ ਨਾਲ ਪੰਜਾਬ ਵਿਚ ਚੋਣ ਸਮੀਕਰਨ ਕਾਫੀ ਦਿਲਚਸਪ ਹੋ ਗਿਆ ਹੈ।

ਆਮ ਆਦਮੀ ਪਾਰਟੀ ਦੁਆਰਾ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਤੋਂ ਬਾਅਦ ਰਾਜਨੀਤਿਕ ਲੜਾਈ ਹੋਰ ਵੀ ਤਿੱਖੀ ਹੋ ਗਈ ਹੈ।ਸੱਤਾਧਾਰੀ ਪਾਰਟੀ ਵਿਚ ਵੀ ਚਰਨਜੀਤ ਸਿੰਘ ਚੰਨੀ ਅਤੇ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਲਈ ਖਿੱਚੋਤਾਣ ਚੱਲ ਰਹੀ ਹੈ।ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਨੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਹੈ। ਅਗਰ ਨਵੀਂ ਗਠਿਤ ਪਾਰਟੀ ਪੰਜਾਬ ਲੋਕ ਕਾਂਗਰਸ ਅਤੇ ਭਾਜਪਾ ਦਾ ਗਠਬੰਧਨ ਸਰਕਾਰ ਬਣਾਉਣ ਦੀ ਸਥਿਤੀ ਵਿਚ ਹੁੰਦਾ ਹੈ ਤਾਂ ਇਹ ਪੂਰੀ-ਪੂਰੀ ਸੰਭਾਵਨਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੀ ਉਨਾਂ ਦਾ ਚਿਹਰਾ ਹੋਵੇਗਾ।ਇਕ ਸਾਲ ਲੰਮੇ ਚੱਲੇ ਕਿਸਾਨ ਅੰਦੋਲਨ ਵਿਚੋਂ ਨਿਕਲੀ ਪਾਰਟੀ ਸੰਯੁਕਤ ਸਮਾਜ ਮੋਰਚਾ ਬਲਬੀਰ ਸਿੰਘ ਰਾਜੇਵਾਲ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕਰੇਗੀ।

ਅਰਵਿੰਦ ਕੇਜਰੀਵਾਲ ਨੇ ਜਿਸ ਤਰਾਂ ਆਪਣੀ ਪਾਰਟੀ ਅੰਦਰਲੀ ਖਿੱਚੋਤਾਣ ਨੂੰ ਪਾਸੇ ਕਰ ਦਿੱਤਾ ਹੈ, ਉਸ ਨੇ ਰਾਜਨੀਤਿਕ ਸਮੀਖਿਅਕਾਂ ਨੂੰ ਹੈਰਾਨ ਕਰ ਦਿੱਤਾ ਹੈ।ਮੁੱਖ ਮੰਤਰੀ ਬਣਨ ਤੋਂ ਪਹਿਲਾਂ ਕੇਜਰੀਵਾਲ ਪਾਰਟੀ ਅੰਦਰ ਜਮਹੂਰੀਅਤ, ਪਾਰਦਰਸ਼ਤਾ ਅਤੇ ਜਵਾਬਦੇਹੀ ਉੱਪਰ ਗੱਲ ਕਰਦਾ ਸੀ, ਪਰ ਜਦੋਂ ਫਰਵਰੀ 2015 ਵਿਚ ਉਸ ਦੀ ਪਾਰਟੀ ਨੂੰ ਦਿੱਲੀ ਵਿਚ ਜਿੱਤ ਪ੍ਰਾਪਤ ਹੋਈ ਉਸ ਤੋਂ ਬਾਅਦ ਪਾਰਟੀ ਦੇ ਅੰਦਰ ਕੇਜਰੀਵਾਲ ਨੇ ਲਗਾਤਾਰ ਆਪਣੀ ਸਥਿਤੀ ਹੀ ਮਜਬੂਤ ਕੀਤੀ ਹੈ। ਉਸ ਨੇ ਪਾਰਟੀ ਦੇ ਸਿਰਕੱਢ ਆਗੂਆਂ, ਜਿਨਾਂ ਨੇ ਵੀ ਪਾਰਟੀ ਦੀ ਕਾਰਗੁਜ਼ਾਰੀ ਉੱਪਰ ਸੁਆਲ ਉਠਾਏ, ਨੂੰ ਲਾਂਭੇ ਕਰ ਦਿੱਤਾ। ਇਸੇ ਤਰਾਂ ਹੀ ਉਹ ਪੰਜਾਬ ਵਿਚ ਪਾਰਟੀ ਦਾ ਅਜਿਹਾ ਢਾਂਚਾ ਖੜਾ ਕਰ ਰਿਹਾ ਹੈ ਜਿਸ ਵਿਚ ਅੰਦਰੂਨੀ ਜਮਹੂਰੀਅਤ ਦੀ ਘਾਟ ਹੈ ਅਤੇ ਉਹ ਲੋਕਾਂ ਨੂੰ ਚੋਣਵੇਂ ਸੁਪਨੇ ਦਿਖਾਉਣ ਵਿਚ ਮਸ਼ਗੂਲ ਹੈ।

ਇਕ ਸਮੇਂ ਧਾਤੂ ਨੂੰ ਢਾਲਣ ਦਾ ਕੇਂਦਰ ਰਿਹਾ ਬਟਾਲਾ ਮੌਜੂਦਾ ਸਮੇਂ ਪੰਜਾਬ ਵਿਚ ਉਦਯੋਗਿਕ ਪਤਨ ਦਾ ਪ੍ਰਤੀਕ ਬਣ ਚੁੱਕਿਆ ਹੈ। 1980 ਵਿਚ ਇਸ ਦੀਆਂ 2000 ਯੂਨਿਟਾਂ ਤੋਂ ਘੱਟ ਕੇ ਇਸ ਦੀ ਗਿਣਤੀ ਹੁਣ 400 ਤੱਕ ਹੀ ਰਹਿ ਗਈ ਹੈ।ਪੰਜਾਬ ਵਿਚ ਸ਼ਹਿਰੀ ਖੇਤਰ ਵਿਚ ਗਰੀਬੀ ਵੀ ਦੂਜੇ ਰਾਜਾਂ ਦੇ ਮੁਕਾਬਲਤਨ ਜਿਆਦਾ ਹੈ। ਅੰਮ੍ਰਿਤਸਰ ਵਰਗੇ ਸ਼ਹਿਰ ਵਿਚ 30 ਪ੍ਰਤੀਸ਼ਤ ਅਬਾਦੀ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੀ ਹੈ। ਭਾਵੇਂ ਪੰਜਾਬ ਵਿਚ ਗਰੀਬੀ ਦੀ ਦਰ ਘੱਟ ਹੈ, ਪਰ ਇਹ ਇਕੋ ਇਕ ਅਜਿਹਾ ਰਾਜ ਹੈ ਜਿੱਥੇ ਸ਼ਹਿਰੀ ਗਰੀਬੀ ਪੇਂਡੂ ਗਰੀਬੀ ਤੋਂ ਜਿਆਦਾ ਹੈ।ਆਉਣ ਵਾਲੀਆਂ ਚੋਣਾਂ ਵਿਚ, ਸ਼ਹਿਰੀ ਗਰੀਬ ਗਿਣਤੀ ਦੇ ਹਿਸਾਬ ਨਾਲ ਮਹੱਤਵਪੂਰਨ ਰੋਲ ਅਦਾ ਕਰ ਸਕਦਾ ਹੈ, ਪਰ ਇਸ ਦਾ ਵੱਡਾ ਵਰਗ ਇਹ ਮਹਿਸੂਸ ਕਰਦਾ ਹੈ ਕਿ ਪੰਜਾਬ ਦੇ ਰਾਜਨੀਤਿਕ ਪ੍ਰਵਚਨ (ਡਿਸਕੋਰਸ) ਵਿਚ ਉਨਾਂ ਦੀ ਕੋਈ ਜਗਾ ਨਹੀਂ ਹੈ। 2011 ਦੀ ਜਨਗਣਨਾ ਅਨੁਸਾਰ, ਪੰਜਾਬ ਦੇ ਸ਼ਹਿਰਾਂ ਵਿਚ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲਿਆਂ ਦੀ ਸਭ ਤੋਂ ਵੱਡੀ ਗਿਣਤੀ ਅੰਮ੍ਰਿਤਸਰ ਵਿਚ ਹੈ ਜੋ ਕਿ 3.29 ਲੱਖ ਦੇ ਕਰੀਬ ਬਣਦੀ ਹੈ।ਇਹ ਕੁੱਲ ਅਬਾਦੀ ਦਾ 29 ਪ੍ਰਤੀਸ਼ਤ ਬਣਦਾ ਹੈ।ਇਸ ਤੋਂ ਬਾਅਦ ਲੁਧਿਆਣਾ ਵਿਚ 2.44 ਲੱਖ ਅਤੇ ਜਲੰਧਰ ਵਿਚ 1.45 ਲੱਖ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲਿਆਂ ਦੀ ਗਿਣਤੀ ਹੈ। ਹਾਲਾਂਕਿ, ਕੁਝ ਛੋਟੇ ਸ਼ਹਿਰਾਂ ਵਿਚ ਇਨਾਂ ਦੀ ਗਿਣਤੀ ਜਿਆਦਾ ਹੈ। ਉਦਾਹਰਣ ਵਜੋਂ, ਤਰਨਤਾਰਨ, ਜੋ ਕਿ ਅੰਮ੍ਰਿਤਸਰ ਤੋਂ ਦੱਖਣ ਵੱਲ ਪੰਝੀ ਕਿਲੋਮੀਟਰ ਦੀ ਦੂਰੀ 'ਤੇ ਹੈ, ਵਿਚ ਪੰਜਾਹ ਪ੍ਰਤੀਸ਼ਤ ਦੇ ਲਗਭਗ ਅਬਾਦੀ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲਿਆਂ ਦੀ ਹੈ।ਕੁਝ ਕੁ ਰਿਪੋਰਟਾਂ ਅਨੁਸਾਰ ਇਹ ਗਿਣਤੀ 44 ਪ੍ਰਤੀਸ਼ਤ ਹੈ, ਜੋ ਕਿ ਛੋਟੀ ਗਿਣਤੀ ਨਹੀਂ ਹੈ।ਪੰਜਾਬ ਦੇ ਦੱਖਣੀ-ਪੱਛਮੀ ਹਿੱਸੇ ਵਿਚ ਸਥਿਤ ਮੁਕਤਸਰ ਸਾਹਿਬ ਜ਼ਿਲੇ ਵਿਚ ਪੈਂਦੇ ਮਲੋਟ ਅਤੇ ਫਾਜ਼ਿਲਕਾ ਵਿਚ ਇਹ ਅਬਾਦੀ 40 ਪ੍ਰਤੀਸ਼ਤ ਦੇ ਕਰੀਬ ਹੈ। 2011 ਦੀ ਹੀ ਜਨਗਣਨਾ ਅਨੁਸਾਰ ਫਰੀਦਕੋਟ ਵਿਚ ਇਹ ਅਬਾਦੀ 36 ਪ੍ਰਤੀਸ਼ਤ ਹੈ।ਸ਼ਹਿਰੀ ਖੇਤਰ ਵਿਚ ਝੁੱਗੀ-ਝੌਂਪੜੀਆਂ ਵਾਲਿਆਂ ਦੀ ਇੰਨੀ ਵੱਡੀ ਅਬਾਦੀ ਹੋਣ ਕਰਕੇ ਹਰ ਰਾਜਨੀਕ ਪਾਰਟੀ ਨੂੰ ਉਨਾਂ ਵੱਲ ਵਿਸ਼ੇਸ ਧਿਆਨ ਦੇਣਾ ਚਾਹੀਦਾ ਹੈ। ਪਰ ਕੋਈ ਵੀ ਪਾਰਟੀ ਇਸ ਵਰਗ ਵੱਲ ਖਾਸ ਧਿਆਨ ਨਹੀਂ ਦਿੰਦੀ ਹੈ।

ਅਕਾਲੀ ਦਲ ਅਤੇ ਭਾਜਪਾ ਦਾ ਗਠਬੰਧਨ ਟੁੱਟਣ ਤੋਂ ਬਾਅਦ ਪੰਜਾਬ ਦੇ ਸ਼ਹਿਰੀ ਖੇਤਰ ਵਿਚ ਮੁਕਾਬਲਾ ਕਾਂਗਰਸ ਅਤੇ ਆਪ ਪਾਰਟੀ ਲਈ ਫਾਇਦੇਮੰਦ ਹੁੰਦਾ ਪ੍ਰਤੀਤ ਹੋ ਰਿਹਾ ਹੈ।ਆਪ ਪਾਰਟੀ ਦੁਆਰਾ ਸਸਤੀ ਬਿਜਲੀ, ਚੰਗੇ ਸਕੂਲ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਵਾਅਦੇ ਨੇ ਪੰਜਾਬ ਦੇ ਸ਼ਹਿਰੀ ਗਰੀਬ ਦਾ ਧਿਆਨ ਖਿੱਚਿਆ ਹੈ ਜੋ ਕਿ ਵਪਾਰੀ ਵਰਗ ਅਤੇ ਖੁਸ਼ਹਾਲ ਸ਼ਹਿਰੀਆਂ ਦਰਮਿਆਨ ਉਨਾਂ ਦੀਆਂ ਕਮਜੋਰੀਆਂ ਦੇ ਉਲਟ ਉਨਾਂ ਨੂੰ ਫਾਇਦਾ ਪਹੁੰਚਾ ਸਕਦਾ ਹੈ।ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਜਿਹੇ ਮੁੱਦਿਆਂ ਕਰਕੇ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਿਰੁੱਧ ਲੋਕਾਂ ਵਿਚ ਗੁੱਸਾ ਅਤੇ ਅਸੰਤੁਸ਼ਟੀ ਵੀ ਆਪ ਪਾਰਟੀ ਦੇ ਪੱਖ ਵਿਚ ਭੁਗਤ ਸਕਦੀ ਹੈ। ਆਮ ਆਦਮੀ ਪਾਰਟੀ ਦੁਆਰਾ ਪੇਸ਼ ਕੀਤਾ ਜਾ ਰਿਹਾ ਦਿੱਲੀ ਮਾਡਲ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਾਂ ਕਾਂਗਰਸ ਮਜਬੂਤ ਉਮੀਦਵਾਰਾਂ ਕਰਕੇ ਆਪਣੀ ਜ਼ਮੀਨ ਮਜਬੂਤ ਕਰਦੀ ਹੈ ਜਾਂ ਨਹੀਂ, ਇਹ ਹੀ ਆਉਣ ਵਾਲੀਆਂ ਚੋਣਾਂ ਵਿਚ ਨਿਰਧਾਰਿਤ ਕਰੇਗਾ ਕਿ ਕਿਹੜੀ ਪਾਰਟੀ ਸਿਖਰ ਉੱਪਰ ਪੁੱਜਦੀ ਹੈ।

ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਦਲਿਤ ਵੋਟ ਬੈਂਕ ਉੱਪਰ ਨਿਰਭਰ ਹੈ, ਆਪ ਪਾਰਟੀ ਭਗਵੰਤ ਮਾਨ ਦੀ ਲੋਕਪ੍ਰਿਯਤਾ ਤੋਂ ਫਾਇਦਾ ਖੱਟਣਾ ਚਾਹੁੰਦੀ ਹੈ, ਭਾਜਪਾ ਕੈਪਟਨ ਅਮਰਿੰਦਰ ਸਿੰਘ ਦੇ ਸਹਾਰੇ ਪੰਜਾਬ ਵਿਚ ਪੱਕੇ ਪੈਰੀਂ ਹੋਣਾ ਲੋਚਦੀ ਹੈ ਅਤੇ ਇਨਾਂ ਦੇ ਪਹਿਲਾਂ ਦੇ ਗਠਬੰਧਨ ਦਾ ਸਾਥੀ ਅਕਾਲੀ ਦਲ ਲੋਕਾਂ ਦਾ ਵਿਸ਼ਵਾਸ ਜਿੱਤਣ ਦੀ ਮੁਸ਼ਕਿਲ ਕੋਸ਼ਿਸ਼ ਵਿਚ ਲੱਗਿਆ ਹੋਇਆ ਹੈ।ਵੋਟ-ਬੈਂਕ ਦੀ ਰਾਜਨੀਤੀ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਚੰਨੀ ਦਲਿਤ ਭਾਈਚਾਰੇ ਨਾਲ ਸਬੰਧਤ ਹੈ ਅਤੇ ਇਸ ਭਾਈਚਾਰੇ ਵਿਚੋਂ ਮੁੱਖ ਮੰਤਰੀ ਬਣਨ ਵਾਲਾ ਪਹਿਲਾ ਵਿਅਕਤੀ ਹੈ।ਉਸ ਨੂੰ ਮੁੱਖ ਮੰਤਰੀ ਬਣਾਉਣ ਦੇ ਫੈਸਲੇ ਨੇ ਅਕਾਲੀ-ਬਸਪਾ ਦੀਆਂ ਉਮੀਦਾਂ ਉੱਪਰ ਪਾਣੀ ਫੇਰ ਦਿੱਤਾ। ਪੰਜਾਬ ਵਿਚ ਦਲਿਤ ਵੋਟਰਾਂ ਦੀ ਗਿਣਤੀ ਅਤੇ ਅਹਿਮੀਅਤ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਸਾਰੀਆਂ ਹੀ ਪਾਰਟੀਆਂ ਨੇ ਚੋਣ ਕਮਿਸ਼ਨ ਨੂੰ ਚੋਣਾਂ 14 ਫਰਵਰੀ ਦੀ ਬਜਾਏ 20 ਨੂੰ ਕਰਨ ਦੀ ਅਰਜੀ ਪਾਈ ਸੀ ਕਿਉਂਕਿ ਇਹ ਉਹ ਸਮਾਂ ਹੈ ਜਦੋਂ ਦਲਿਤਾਂ ਦੀ ਵੱਡੀ ਗਿਣਤੀ ਰਵਿਦਾਸ ਜਯੰਤੀ ਮਨਾਉਣ ਲਈ ਬਨਾਰਸ ਜਾਂਦੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਸੂਬੇ ਵਿਚ ਲਗਭਗ ਪੰਜ ਮਿਲੀਅਨ ਭਗਤ ਰਵਿਦਾਸ ਦੇ ਭਗਤ ਹਨ, ਚੋਣ ਕਮਿਸ਼ਨ ਨੇ ਇਸ ਅਰਜੀ ਨੂੰ ਮੰਨ ਲਿਆ। ਪੰਜਾਬ ਦੀਆਂ 117 ਸੀਟਾਂ ਵਿਚੋਂ 23 ਸੀਟਾਂ ਉੱਪਰ ਦਲਿਤ ਵੋਟ ਕਾਫੀ ਮਹੱਤਵਪੂਰਨ ਹੈ।ਕਾਂਗਰਸ ਦਲਿਤ ਪ੍ਰਭਾਵ ਵਾਲੇ ਦੁਆਬੇ ਖੇਤਰ ਵਿਚੋਂ ਜਿਆਦਾ ਵੋਟਾਂ ਪ੍ਰਾਪਤ ਕਰਨ ਦੀ ਉਮੀਦ ਕਰ ਰਹੀ ਹੈ। ਚੋਣਾਂ ਤੋਂ ਪਹਿਲਾਂ ਬਣ ਰਹੇ ਸਮੀਕਰਨਾਂ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਰਾਜਨੀਤਿਕ ਜੀਵਨ ਦਾ ਸਮਾਰਕ ਬਣਾ ਦਿੱਤਾ ਹੈ। ਉਹ ਪੰਜਾਬ ਵਿਚ ਲੰਮੇ ਸਮੇਂ ਤੋਂ ਵਿਧਾਇਕ ਰਹਿਣ ਦੇ ਨਾਲ-ਨਾਲ ਦੋ ਵਾਰ ਪੰਜਾਬ ਦਾ ਮੁੱਖ ਮੰਤਰੀ ਵੀ ਰਿਹਾ ਹੈ। ਉਸ ਦੁਆਰਾ ਭਾਜਪਾ ਨਾਲ ਗਠਬੰਧਨ ਕਰਨਾ ਦੋਹਾਂ ਦੀ ਹਤਾਸ਼ਾ ਨੂੰ ਜ਼ਾਹਿਰ ਕਰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਜ਼ਮੀਨ ਵੀ ਕੋਈ ਜਿਆਦਾ ਮਜਬੂਤ ਨਹੀਂ ਹੈ। ਆਪਸੀ ਮਤਭੇਦਾਂ ਅਤੇ ਮੁੱਦਿਆਂ ਦੀ ਅਣਹੋਂਦ ਕਰਕੇ ਪਾਰਟੀ ਦਿਸ਼ਾਹੀਣ ਪ੍ਰਤੀਤ ਹੋ ਰਹੀ ਹੈ। ਅਕਾਲੀ ਦਲ ਨੇ ਭਾਜਪਾ ਨਾਲੋਂ ਆਪਣਾ ਰਾਹ ਵੱਖ ਕਰ ਲਿਆ ਕਿਉਂਕਿ ਇਹ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਨੁਕਸਾਨ ਨਹੀਂ ਸੀ ਉਠਾਉਣਾ ਚਾਹੁੰਦੀ।ਪਰ ਵੋਟਰਾਂ ਦੀ ਨਜ਼ਰ ਵਿਚ ਅਕਾਲੀ ਦਲ ਹੀ ਖੇਤੀ ਕਾਨੂੰਨਾਂ ਨੂੰ ਬਣਾਉਣ ਵਿਚ ਭਾਗੀਦਾਰ ਸੀ।ਖੇਤੀ ਕਾਨੂੰਨਾਂ ਕਰਕੇ ਪੈਦਾ ਹੋਏ ਵਿਰੋਧ ਕਰਕੇ ਸੰਯੁਕਤ ਸਮਾਜ ਮੋਰਚੇ ਨੇ ਵੀ ਚੋਣਾਂ ਲੜਨ ਦਾ ਫੈਸਲਾ ਲਿਆ, ਪਰ ਚੋਣ ਮਸ਼ੀਨਰੀ ਦੀ ਘਾਟ, ਕੇਡਰ ਅਧਾਰ ਅਤੇ ਜਾਣੇ-ਪਛਾਣੇ ਚਿਹਰਿਆਂ ਦੀ ਅਣਹੋਂਦ ਵਿਚ ਪਾਰਟੀ ਮੀਡੀਆ ਦਾ ਧਿਆਨ ਤਾਂ ਖਿੱਚ ਸਕਦੀ ਹੈ ਪਰ ਇਸ ਨੂੰ ਸੀਟਾਂ ਵਿਚ ਤਬਦੀਲ ਨਹੀਂ ਕਰ ਸਕਦੀ।

ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਕੇ ਆਮ ਆਦਮੀ ਪਾਰਟੀ ਨੇ ਸਥਾਨਕ ਨੇਤਾ ਨੂੰ ਅੱਗੇ ਲੈ ਕੇ ਆਉਣ ਦਾ ਪ੍ਰਭਾਵ ਦਿੱਤਾ ਹੈ, ਬਾਕੀ ਸਫ਼ਾ 33 'ਤੇ

# ਰੂਸ ਤੇ ਅਮਰੀਕਾ ਵਿਚਾਲੇ ਵਿਵਾਦ ਕਾਰਨ ਯੂਕ੍ਰੇਨ ਸੰਕਟ ਡੂੰਘਾ



**ਮੁਖਤਾਰ ਗਿੱਲ**

ਅਮਰੀਕਾ ਦੇ ਰੂਸ ਨਾਲ਼ ਵਿਵਾਦ ਨੂੰ ਲੈ ਕੇ ਫ਼ਰਾਂਸ, ਜਰਮਨੀ ਤੇ ਪੋਲੈਂਡ ਵੱਲੋਂ ਯੂਕ੍ਰੇਨ ਦੀ ਹਮਾਇਤ ਦੇ ਕਈ ਮਾਅਨੇ ਕੱਢੇ ਜਾ ਰਹੇ ਹਨ। ਯੂਕ੍ਰੇਨ ਮੁੱਦੇ 'ਤੇ ਜਿਸ ਤਰਾਂ ਅਮਰੀਕਾ ਤੇ ਰੂਸ ਇੱਕ-ਦੂਸਰੇ ਨੂੰ ਧਮਕਾ ਰਹੇ ਹਨ ਉਸ ਤੋਂ ਤਾਂ ਲੱਗਦਾ ਹੈ ਕਿ ਪਤਾ ਨਹੀਂ ਕੌਣ ਹਮਲਾ ਕਰ ਬੈਠੇ ਤੇ ਮਿਜ਼ਾਈਲਾਂ ਤੇ ਬੰਬਾਂ ਦੀ ਬਾਰਿਸ਼ ਹੋਣ ਲੱਗ ਪਵੇ। ਹਾਲਾਤ ਦਿਨ-ਬ-ਦਿਨ ਏਨੇ ਗੰਭੀਰ ਹੁੰਦੇ ਜਾ ਰਹੇ ਹਨ ਕਿ ਵਿਸ਼ਵ ਦੇ ਸਾਰੇ ਦੇਸ਼ਾਂ ਦੇ ਅਮਨ ਪਸੰਦ ਆਗੂ ਯੁੱਧ ਨੂੰ ਟਾਲਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਆਪਸੀ ਵਾਰਤਾਵਾਂ ਦੇ ਦੌਰ ਜਾਰੀ ਹਨ, ਪਰ ਸ਼ਾਂਤੀ ਦੇ ਆਸਾਰ ਨਜ਼ਰ ਨਹੀਂ ਆ ਰਹੇ। ਰੂਸ ਦੇ ਲਗਭਗ ਡੇਢ ਲੱਖ ਫ਼ੌਜੀ ਯੂਕ੍ਰੇਨ ਦੀ ਸਰਹੱਦ ਨਾਲ਼ ਲੱਗੇ ਬੇਲਾਰੂਸ ਤੱਕ ਪਹੁੰਚ ਚੁੱਕੇ ਹਨ। ਦੂਸਰੇ ਪਾਸੇ ਕੈਨੇਡਾ ਤੇ ਬ੍ਰਿਟੇਨ ਵਰਗੇ ਦੇਸ਼ ਵੀ ਯੂਕ੍ਰੇਨ ਨੂੰ ਹਥਿਆਰ ਤੇ ਜੰਗੀ ਸਾਮਾਨ ਮੁਹੱਈਆ ਕਰਵਾ ਰਹੇ ਹਨ।

ਅਮਰੀਕਾ ਨੇ ਤਾਂ ਯੂਕ੍ਰੇਨ ਨੂੰ 20 ਕਰੋੜ ਡਾਲਰ ਦੀ ਸੁਰੱਖਿਆ ਸਹਾਇਤਾ ਦਾ ਐਲਾਨ ਵੀ ਕਰ ਦਿੱਤਾ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਤਾਂ ਰੂਸ ਨੂੰ ਧਮਕੀ ਵੀ ਦੇ ਦਿੱਤੀ ਹੈ ਕਿ ਉਸ ਨੂੰ ਯੂਕ੍ਰੇਨ ਵਿੱਚ ਘੁਸਪੈਠ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ। ਅਮਰੀਕਾ ਹੁਣ ਯੂਕ੍ਰੇਨ ਨੂੰ ਜੰਗ ਦਾ ਅਖਾੜਾ ਬਣਾਉਣ ਦੀ ਦਿਸ਼ਾ ਵੱਲ ਵਧ ਚੁੱਕਾ ਹੈ। ਲੰਬਾ ਸਮਾਂ ਚੁੱਪ ਰਹਿਣ ਦੇ ਬਾਅਦ ਨਵੀਂ ਦਿੱਲੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਯੂਕ੍ਰੇਨ ਦੇ ਮਾਮਲੇ 'ਚ ਰੂਸ ਵਿਰੁੱਧ ਅਮਰੀਕੀ ਪ੍ਰਸਤਾਵ 'ਤੇ ਵੋਟਿੰਗ ਤੋਂ ਖ਼ੁਦ ਨੂੰ ਅਲੱਗ ਰੱਖਿਆ।

ਇਸ ਦੇ ਨਾਲ਼ ਹੀ ਭਾਰਤ ਨੇ ਗੱਲਬਾਤ ਜ਼ਰੀਏ ਤਣਾਅ ਘੱਟ ਕਰਨ ਦੀ ਅਪੀਲ ਕੀਤੀ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੋਟਿੰਗ ਤੋਂ ਪਹਿਲਾਂ ਅਮਰੀਕਾ ਦੇ ਦਬਾਅ ਅੱਗੇ ਨਾ ਝੁਕਣ ਦੇ ਨਵੀਂ ਦਿੱਲੀ ਦੇ ਕਦਮ ਨੂੰ ਹੌਂਸਲੇ ਵਾਲਾ ਦੱਸਿਆ। ਯੂਕ੍ਰੇਨ ਮਾਮਲੇ ਵਿੱਚ ਰੂਸ 'ਤੇ ਸਖ਼ਤ ਪਾਬੰਦੀਆਂ ਲਗਾਉਣ ਦੀਆਂ ਪੱਛਮੀ ਦੇਸ਼ਾਂ ਦੀਆਂ ਧਮਕੀਆਂ ਦੌਰਾਨ ਭਾਰਤ ਨੇ ਸਪੱਸ਼ਟ ਕਿਹਾ ਹੈ ਕਿ ਉਹ ਰੂਸ ਵਿਰੁੱਧ ਕਿਸੇ ਵੀ ਆਰਥਿਕ ਪਾਬੰਦੀ 'ਚ ਪੱਖਪਾਤੀ ਨਹੀਂ ਬਣ ਸਕਦਾ। ਅਸਲ ਵਿੱਚ ਭਾਰਤ ਮਾਸਕੋ ਪ੍ਰਤੀ ਆਪਣੀ ਭਰੋਸਗੀ ਅਤੇ ਸਾਲਾਂ ਤੋਂ ਪਰਖੀ ਹੋਈ ਦੋਸਤੀ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੁੰਦਾ।

ਭਾਰਤ ਦੀਆਂ ਫ਼ੌਜੀ ਲੋੜਾਂ ਦਾ 60% ਰੂਸ 'ਤੇ ਨਿਰਭਰ ਹੈ।



**ਵਿਸ਼ਵ ਮਸਲਾ**

ਸਾਫ਼ ਹੈ ਕਿ ਮਾਸਕੋ ਨੂੰ ਅਲੱਗ-ਥਲੱਗ ਕਰਨ ਦਾ ਜ਼ੋਖ਼ਮ ਭਾਰਤ ਨਹੀਂ ਉਠਾ ਸਕਦਾ, ਖ਼ਾਸ ਤੌਰ 'ਤੇ ਉਦੋਂ ਜਦੋਂ ਪੂਰਬੀ ਸਰਹੱਦ 'ਤੇ ਚੀਨ ਨਾਲ਼ ਤਣਾਅ ਬਰਕਰਾਰ ਹੈ। ਸਾਬਕਾ ਸੋਵੀਅਤ ਦੇ ਹੋਰ ਗਣਰਾਜਾਂ ਦੇ ਉਲਟ ਯੂਕ੍ਰੇਨ ਮਾਸਕੋ ਲਈ ਵਿਸ਼ੇਸ਼ ਸਥਾਨ ਰੱਖਦਾ ਹੈ। ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਵੱਖ ਬਣੇ ਦੇਸ਼ ਯੂਕ੍ਰੇਨ ਨੂੰ ਰੂਸ ਕਿਸੇ ਵੀ ਕੀਮਤ 'ਤੇ ਆਪਣੇ ਹੱਥੋਂ ਨਹੀਂ ਨਿਕਲਣ ਦੇਣਾ ਚਾਹੁੰਦਾ। ਸੰਨ 1954 ਵਿੱਚ ਨਿਕੀਤਾ ਖਰੁਸ਼ਚੋਵ ਨੇ ਯੂਕ੍ਰੇਨ ਨੂੰ ਤੋਹਫ਼ੇ ਦੇ ਤੌਰ 'ਤੇ ਕਰੀਮੀਆ ਸੌਂਪਿਆ ਸੀ ਪਰ ਸੋਵੀਅਤ ਸੰਘ ਦੇ ਬਿਖਰ ਜਾਣ ਤੋਂ ਬਾਅਦ ਰੂਸ ਯੂਕ੍ਰੇਨ ਤੋਂ ਕਰੀਮੀਆ ਵਾਪਸ ਲੈਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਫਲ਼ਸਰੂਪ ਸੰਕਟ ਹੋਰ ਡੂੰਘਾ ਹੋ ਗਿਆ।

ਰੂਸ ਤੇ ਯੂਕ੍ਰੇਨ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਅਮਰੀਕਾ ਦੇ ਪੱਛਮੀ ਦੇਸ਼ ਹਮਾਇਤੀ ਹਨ ਅਤੇ ਰੂਸ ਦਾ ਸਮਰਥਨ ਚੀਨ ਕਰ ਰਿਹਾ ਹੈ। ਬੇਲਾਰੂਸ ਤੇ ਪੋਲੈਂਡ ਦਰਮਿਆਨ ਪਰਵਾਸੀ ਸ਼ਰਨਾਰਥੀਆਂ ਨੂੰ ਲੈ ਕੇ ਸਰਹੱਦੀ ਵਿਵਾਦ ਵਿਚਾਲੇ ਰੂਸ ਨੇ ਸਰਹੱਦ ਨੇੜੇ ਟੈਂਕ ਤੇ ਬਖ਼ਤਰਬੰਦ ਗੱਡੀਆਂ ਤੈਨਾਤ ਕੀਤੀਆਂ ਹੋਈਆਂ ਹਨ।

ਰੂਸ ਦੇ 2014 ਵਿੱਚ ਯੂਕ੍ਰੇਨ 'ਤੇ ਕਬਜ਼ੇ ਤੋਂ ਬਾਅਦ ਫ਼ਰਾਂਸ ਨੇ 2015 ਵਿੱਚ ਰੂਸ ਤੇ ਯੂਕ੍ਰੇਨ ਵਿੱਚ ਸ਼ਾਂਤੀ ਸਮਝੌਤਾ ਕਰਵਾਇਆ ਸੀ ਪਰ ਰੂਸ ਦਾ ਕਹਿਣਾ ਹੈ ਕਿ ਯੂਕ੍ਰੇਨ ਉਸ ਸਮਝੌਤੇ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ। ਯੂਕ੍ਰੇਨ ਅਨੁਸਾਰ ਰੂਸ ਉਸ ਵਿੱਚ ਵਿਦਰੋਹੀ ਤਾਕਤਾਂ ਦੀ ਹਮਾਇਤ ਕਰਦਾ ਆ ਰਿਹਾ ਹੈ। ਰੂਸ ਨੂੰ ਡਰ ਹੈ ਕਿ ਯੂਕ੍ਰੇਨ ਉੱਤਰੀ ਐਟਲਾਂਟਿਕ ਸੰਧੀ ਸੰਗਠਨ (ਨਾਟੋ) ਵਿੱਚ ਸ਼ਾਮਲ ਹੋ ਸਕਦਾ ਹੈ। ਨਾਟੋ ਦੇ ਪੂਰਬ ਵੱਲ ਵਿਸਥਾਰ ਤੋਂ ਰੂਸ ਦੇ ਮੁੱਖ ਰਣਨੀਤਕ ਹਿੱਤਾਂ ਨੂੰ ਖ਼ਤਰਾ ਹੈ। ਪੁਤਿਨ ਨੇ ਵਾਰ-ਵਾਰ ਇਹ ਇਲਜ਼ਾਮ ਲਾਇਆ ਹੈ ਕਿ ਪੱਛਮ ਨੇ ਸਾਡੇ ਨਾਲ਼ ਕਈ ਵਾਰ ਝੂਠ ਬੋਲਿਆ ਹੈ। ਪਿੱਠ ਪਿੱਛੇ ਫ਼ੈਸਲੇ ਕੀਤੇ ਹਨ। ਉਹ ਨਾਟੋ ਦੇ ਵਿਸਥਾਰ ਨਾਲ਼ ਹੋਇਆ ਹੈ। ਅਮਰੀਕਾ ਨੇ ਯੂਕ੍ਰੇਨ ਨੂੰ ਨਾਟੋ ਦਾ ਹਿੱਸਾ ਬਣਨ ਤੋਂ ਰੋਕਣ ਦੀ ਰੂਸੀ ਸ਼ਰਤ ਨੂੰ ਠੁਕਰਾ ਦਿੱਤਾ ਹੈ ਸੋ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਸਿਖ਼ਰ 'ਤੇ ਜਾ ਪੁੱਜਾ ਹੈ।

ਭਾਵੇਂ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਹੈ ਕਿ ਰੂਸ ਯੁੱਧ ਨਹੀਂ ਕਰੇਗਾ। ਨਾਟੋ ਅਮਰੀਕਾ ਦੀ ਅਗਵਾਈ ਵਿੱਚ ਬਣਿਆ ਫ਼ੌਜੀ ਸੰਗਠਨ ਹੈ ਜਿਸ ਵਿੱਚ ਅਮਰੀਕਾ, ਕੈਨੇਡਾ ਅਤੇ ਯੂਰਪੀ ਦੇਸ਼ ਸ਼ਾਮਲ ਹਨ। ਨਾਟੋ ਦੀ ਆਪਣੀ ਫ਼ੌਜ ਹੈ। ਨਾਟੋ ਦਾ ਉਦੇਸ਼ ਕਮਿਊਨਿਜ਼ਮ ਤੇ ਰੂਸ ਦੇ ਪ੍ਰਭਾਵ ਨੂੰ ਘੱਟ ਕਰਨਾ ਹੈ। ਅਸਹਿਮਤ ਦੇਸ਼ਾਂ ਤੇ ਲੋਕਤੰਤਰ ਦੀ ਬਹਾਲੀ ਦੇ ਨਾਂ 'ਤੇ ਵਿਰੋਧੀ ਦੇਸ਼ਾਂ ਅਫ਼ਗਾਨਿਸਤਾਨ, ਇਰਾਕ, ਸੀਰੀਆ ਖ਼ਿਲਾਫ਼ ਫ਼ੌਜੀ ਕਾਰਵਾਈ ਕੀਤੀ ਜਾਂਦੀ ਰਹੀ ਹੈ।

ਯੂਕ੍ਰੇਨ 1991 ਵਿੱਚ ਵੱਖਰੇ ਦੇਸ਼ ਵਜੋਂ ਹੋਂਦ 'ਚ ਆਇਆ ਸੀ ਜੋ ਯੂਰਪ ਵਿੱਚ ਆਉਂਦਾ ਹੈ। ਉਹ ਯੁੱਧਨੀਤਕ ਤੌਰ 'ਤੇ ਕਾਫ਼ੀ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਯੂਕ੍ਰੇਨ ਨੇ ਉੱਥੇ ਰਹਿ ਰਹੇ ਰੂਸ ਦੇ ਹਮਾਇਤੀਆਂ ਨੂੰ ਨਿਸ਼ਾਨਾ ਬਣਾਇਆ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਹੁਣ ਯੂਕ੍ਰੇਨ ਨੇੜਲੀਆਂ ਸਰਹੱਦਾਂ 'ਤੇ ਨਾਟੋ ਨੇ ਤੈਨਾਤੀ ਵਧਾਈ ਹੈ। ਜੈਨੇਵਾ 'ਚ ਹੋਈ ਵਾਰਤਾ ਬੇਮਤਲਬ ਹੋਣ ਦੇ ਸੰਕੇਤ ਮਿਲੇ ਹਨ।

ਨਾਟੋ ਜਨਰਲ ਸਕੱਤਰ ਨੇ ਕਿਹਾ ਹੈ ਕਿ ਸੁਰੱਖਿਆ ਦੇ ਸਾਰੇ ਕਦਮ ਚੁੱਕੇ ਜਾਣਗੇ। ਸੋ, ਰੂਸ ਤੇ ਅਮਰੀਕਾ 'ਚ ਤਣਾਅ ਸਿਖ਼ਰ 'ਤੇ ਪਹੁੰਚ ਚੁੱਕਾ ਹੈ। ਅਮਰੀਕਾ ਤੇ ਬਰਤਾਨੀਆ ਨੇ ਯੂਕ੍ਰੇਨ ਵਿਚਲੀ ਅੰਬੈਸੀ ਦੇ ਮੁਲਾਜ਼ਮ ਵਾਪਸ ਬੁਲਾਏ ਹਨ। ਤਣਾਅ ਦੇ ਮੱਦੇਨਜ਼ਰ ਰੂਸ ਪਹਿਲਾਂ ਹੀ ਯੂਕ੍ਰੇਨ ਦੀ ਰਾਜਧਾਨੀ ਕੀਵ ਤੋਂ ਦੂਤਘਰ ਮੁਲਾਜ਼ਮਾਂ ਨੂੰ ਵਾਪਸ ਬੁਲਾ ਚੁੱਕਿਆ ਹੈ। ਅਮਰੀਕਾ ਵੱਲੋਂ 8500 ਸੈਨਿਕਾਂ ਨੂੰ ਤਿਆਰ ਰਹਿਣ ਦੇ ਹੁਕਮ ਦਿੱਤੇ ਜਾ ਚੁੱਕੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਯੂਰਪੀ ਨੇਤਾਵਾਂ ਨਾਲ਼ ਸਲਾਹ-ਮਸ਼ਵਰਾ ਕੀਤਾ ਹੈ। ਰੂਸ ਤੇ ਅਮਰੀਕਾ ਸਮੇਤ ਹੋਰ ਪੱਛਮੀ ਦੇਸ਼ਾਂ ਵਿਚਾਲੇ ਤਣਾਅ ਵਧ ਜਾਣ ਕਾਰਨ ਯੂਕ੍ਰੇਨ ਸੰਕਟ ਹੋਰ ਡੂੰਘਾ ਹੋ ਗਿਆ ਹੈ। ਇਸ ਸਮੇਂ ਭਾਰਤ ਨੂੰ ਰੂਸ ਦਾ ਸਾਥ ਦੇਣਾ ਜ਼ਰੂਰੀ ਬਣਦਾ ਹੈ ਕਿਉਂਕਿ ਅਮਰੀਕਾ ਵੱਲੋਂ ਕਿਸੇ ਵੀ ਵੇਲੇ ਹਮਲਾ ਕਰਨ ਦਾ ਖ਼ਦਸ਼ਾ ਹੈ।

# ਭਾਰਤੀ ਲੋਕਤੰਤਰ ਵਿੱਚ ਲੋਕਪੱਖੀ ਮੁੱਦੇ ਗ਼ਾਇਬ ਕਿਉਂ ?



**ਡਾਕਟਰ ਐਸ ਐਸ ਛੀਨਾ**

ਭਾਰਤ ਵਿੱਚ 1952 ਵਿੱਚ ਪਹਿਲੀ ਲੋਕ ਸਭਾ ਅਤੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਸਨ ਅਤੇ ਉਸ ਤੋਂ ਬਾਅਦ ਲਗਾਤਾਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਹੁੰਦੀਆਂ ਰਹੀਆਂ ਪਰ ਆਮ ਚਰਚਾ ਵਿੱਚ ਇਹ ਗੱਲ ਆਉਂਦੀ ਹੈ ਕਿ ਇਸ ਜਮਹੂਰੀ ਪ੍ਰਕਿਰਿਆ ਵਿੱਚ ਧਨਵਾਨ ਤੇ ਪ੍ਰਭਾਵਸ਼ਾਲੀ ਲੋਕਾਂ ਦਾ ਦਬਦਬਾ ਬਣਿਆ ਰਹਿੰਦਾ ਹੈ। ਦੇਸ਼ ਦੇ ਹਰ ਪ੍ਰਾਂਤ ਵਿੱਚ ਖ਼ਾਨਦਾਨੀ ਰਾਜ ਚੱਲਣ ਦੀਆਂ ਮਿਸਾਲਾਂ ਸਾਹਮਣੇ ਹਨ, ਜਿਹੜਾ ਕਦੀ ਵੀ ਇਹ ਸਾਬਤ ਨਹੀਂ ਕਰ ਸਕਦਾ ਕਿ ਰਾਜਨੀਤੀ ਵਿੱਚ ਜਿੰਨੀ ਸਮਝ ਉਸ ਪਰਿਵਾਰ ਨੂੰ ਹੈ ਅਤੇ ਉਹ ਪੀੜ੍ਹੀ-ਦਰ-ਪੀੜ੍ਹੀ ਵਧਦੀ ਰਹੀ ਹੈ ਜਾਂ ਵਿਲੱਖਣ ਹੈ ਜਾਂ ਉਹ ਹੋਰ ਪਰਿਵਾਰਾਂ ਤੋਂ ਜ਼ਿਆਦਾ ਸਿਆਣਾ ਹੈ। ਇਹੋ ਵਜਾ ਹੈ ਕਿ ਪਿਤਾ ਤੋਂ ਬਾਅਦ ਲੜਕਾ, ਪਤਨੀ, ਪੁੱਤਰੀ, ਪੋਤਰਾ ਆਦਿ ਉਸ ਰਾਜਨੀਤੀ 'ਤੇ ਕਾਬਜ਼ ਹੋ ਜਾਂਦੇ ਰਹੇ ਹਨ, ਬਹੁਤੇ ਆਮ ਲੋਕ ਅੱਗੇ ਆ ਕੇ ਚੋਣਾਂ ਨਹੀਂ ਲੜ ਸਕਦੇ। ਉਹ ਸਿਰਫ਼ ਵੋਟਰ ਬਣ ਕੇ ਹੀ ਰਹਿ ਜਾਂਦੇ ਹਨ। ਇਸ ਦਾ ਮੁੱਖ ਕਾਰਨ ਖ਼ੁਸ਼ਹਾਲੀ ਦਾ ਨਾ ਹੋਣਾ ਅਤੇ ਅਨਪੜ੍ਹਤਾ ਹੋਣੀ ਹੈ। ਪਰ ਚੱਲ ਰਹੀ ਅਜੋਕੀ ਲੋਕਤੰਤਰਿਕ ਪ੍ਰਣਾਲੀ ਵਿੱਚ ਇਸ ਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ।

ਅੱਜ ਕੱਲ ਚੋਣ ਕਮਿਸ਼ਨ ਵੱਲੋਂ ਕਿਸੇ ਚੋਣ ਲੜ ਰਹੇ ਉਮੀਦਵਾਰ ਵੱਲੋਂ ਕੀਤੇ ਜਾਣ ਵਾਲੇ ਖ਼ਰਚ ਦੀ ਹੱਦ ਵਿੱਚ ਵੱਡਾ ਵਾਧਾ ਕਰ ਦਿੱਤਾ ਗਿਆ ਹੈ। 2014 ਦੀਆਂ ਚੋਣਾਂ ਤੋਂ ਬਾਅਦ ਹੁਣ ਇਸ ਕੀਤੇ ਵਾਧੇ ਅਨੁਸਾਰ ਲੋਕ ਸਭਾ ਦਾ ਉਮੀਦਵਾਰ ਚੋਣ ਵਿੱਚ 95 ਲੱਖ ਰੁਪਏ ਤੱਕ ਖ਼ਰਚ ਕਰ ਸਕਦਾ ਹੈ ਜਦੋਂ ਕਿ 2014 ਵਿੱਚ ਇਹ ਸੀਮਾ 70 ਲੱਖ ਰੁਪਏ ਸੀ। ਇਸੇ ਤਰਾਂ ਹੀ ਪ੍ਰਾਂਤ ਦੀ ਵਿਧਾਨ ਸਭਾ ਲਈ ਚੋਣ ਲੜਨ ਵਾਲਾ ਉਮੀਦਵਾਰ ਪਹਿਲਾਂ 28 ਲੱਖ ਰੁਪਏ ਖ਼ਰਚ ਕਰ ਸਕਦਾ ਸੀ ਪਰ ਹੁਣ 40 ਲੱਖ ਰੁਪਏ ਤੱਕ ਖ਼ਰਚ ਕਰ ਸਕਦਾ ਹੈ। ਚੋਣ ਪ੍ਰਕਿਰਿਆ ਵਿੱਚ ਉਸ ਨੂੰ ਇਹ ਸਬੂਤ ਦੇਣਾ ਪੈਂਦਾ ਹੈ ਕਿ ਉਸ ਵੱਲੋਂ ਚੋਣ ਲਈ ਕੀਤੇ ਗਏ ਖ਼ਰਚ ਵਿੱਚ ਉਸ ਨੇ ਚੋਣਾਂ 'ਤੇ ਉਸ ਸੀਮਾ ਤੋਂ ਘੱਟ ਖ਼ਰਚ ਕੀਤਾ ਹੈ ਅਤੇ ਅਵੱਗਿਆ ਕਰਨ ਦੀ ਹਾਲਤ ਵਿੱਚ ਉਸ ਦੀ ਚੋਣ ਰੱਦ ਹੋ ਸਕਦੀ ਹੈ। ਇਹ ਸੀਮਾ ਵਧਾਉਣ ਦੇ ਦੋ ਕਾਰਨ ਦੱਸੇ ਗਏ ਹਨ। ਪਹਿਲਾ ਇਹ ਕਿ ਇਸ ਸਮੇਂ ਵਿੱਚ ਮਹਿੰਗਾਈ ਵਧਣ ਕਾਰਨ ਹਰ ਚੀਜ਼ ਦੀਆਂ ਲਾਗਤਾਂ ਵਿੱਚ ਵਾਧਾ ਹੋ ਗਿਆ ਹੈ। ਦੂਸਰਾ ਕਾਰਨ ਇਹ ਹੈ ਕਿ ਦੇਸ਼ ਦੇ ਵੋਟਰਾਂ ਦੀ ਗਿਣਤੀ 12.23 ਫ਼ੀਸਦੀ ਵਧ ਗਈ ਹੈ ਭਾਵ 83.4 ਕਰੋੜ ਤੋਂ ਵਧ ਕੇ 93.6 ਕਰੋੜ ਹੋ ਗਈ ਹੈ। ਪਰ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਵਿੱਚ ਸਾਧਾਰਨ ਵਿਅਕਤੀ ਇਸ ਸੀਮਾ ਤੱਕ ਖ਼ਰਚ ਕਰਨ ਦੀ ਕਦੇ ਕਲਪਨਾ ਵੀ ਕਰ ਸਕਦਾ ਹੈ ? ਸਾਧਾਰਨ ਵਿਅਕਤੀ ਵੱਲੋਂ ਇਸ ਸੀਮਾ ਵਿੱਚ ਖ਼ਰਚ ਕਰਨ ਦੀ ਗੱਲ ਤਾਂ ਇੱਕ ਪਾਸੇ ਉਹ ਤਾਂ ਲੋਕ ਸਭਾ ਜਾਂ ਵਿਧਾਨ ਸਭਾ ਲਈ ਲੋੜੀਂਦੀ ਜ਼ਮਾਨਤ ਰਾਸ਼ੀ ਵੀ ਆਸਾਨੀ ਨਾਲ਼ ਜਮਾਂ ਨਹੀਂ ਕਰਵਾ ਸਕਦਾ। ਇਹੋ ਵਜਾ ਹੈ ਕਿ ਆਮ ਵਿਅਕਤੀ ਵੱਲੋਂ ਇਨਾਂ ਚੋਣਾਂ ਵਿੱਚ ਖ਼ੁਦ ਹਿੱਸਾ ਲੈਣ ਨਾਲ਼ੋਂ ਇਸ ਚੋਣ ਖੇਡ ਨੂੰ ਬਾਹਰ ਤੋਂ ਹੀ ਵੇਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਇਹੋ ਹੀ ਵਜਾ ਹੈ ਕਿ ਲੋਕ ਸਭਾ ਜਾਂ ਵਿਧਾਨ ਸਭਾਵਾਂ ਵਿੱਚ ਕਰੋੜਪਤੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। 2019 ਵਿੱਚ ਬਣੀ ਲੋਕ ਸਭਾ ਵਿੱਚ 88 ਫ਼ੀਸਦੀ ਮੈਂਬਰ ਕਰੋੜਪਤੀ ਹਨ ਅਤੇ ਇਹੋ ਹਾਲ ਵਿਧਾਨ ਸਭਾਵਾਂ ਦੇ ਪ੍ਰਤੀਨਿਧੀਆਂ ਦਾ ਹੈ। ਖ਼ਾਨਦਾਨੀ ਰਾਜਨੀਤੀ ਦੀ ਵੀ ਸ਼ਾਇਦ ਇਹੋ ਇੱਕ ਸਭ ਤੋਂ ਵੱਡੀ ਵਜਾ ਹੈ।

ਭਾਰਤ ਦੀ ਵਸੋਂ ਵਿੱਚ 60 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਹੈ। ਖੇਤੀ ਜੋਤਾਂ ਦੀ ਆਪਣੀ ਸੀਮਾ ਹੈ। ਖੇਤੀ ਪੇਸ਼ੇ 'ਤੇ ਨਿਰਭਰ ਲੋਕਾਂ ਦਾ ਦੇਸ਼ ਦੀ ਰਾਸ਼ਟਰੀ ਆਮਦਨ ਵਿੱਚ ਸਿਰਫ਼ 14 ਫ਼ੀਸਦੀ ਦਾ ਹਿੱਸਾ ਹੈ ਜਦੋਂ ਕਿ ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ ਰਾਸ਼ਟਰੀ ਆਮਦਨ ਦਾ 86 ਫ਼ੀਸਦੀ ਹਿੱਸਾ ਆਉਂਦਾ ਹੈ। ਇਹ ਜਿੱਥੇ ਆਮਦਨੀ ਵਿੱਚ ਵੱਡੀ ਨਾ-ਬਰਾਬਰੀ ਦਾ ਵਿਖਾਵਾ ਹੈ, ਉੱਥੇ ਇਸ ਤੋਂ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਬਹੁਗਿਣਤੀ ਵਸੋਂ ਜਿਹੜੀ ਵੋਟਾਂ ਦਾ ਮੁੱਖ ਭਾਗ ਹੈ ਅਤੇ ਜੇ ਉਹ ਸਿਰਫ਼ ਖੇਤੀ 'ਤੇ ਹੀ ਨਿਰਭਰ ਕਰਦੀ ਹੈ ਤਾਂ ਉਹ ਚੋਣਾਂ ਦੀ ਖੇਡ ਨੂੰ ਆਸਾਨੀ ਨਾਲ਼ ਵੇਖ ਤਾਂ ਸਕਦੀ ਹੈ, ਉਸ ਖੇਡ ਵਿੱਚ ਹਿੱਸੇਦਾਰ ਨਹੀਂ ਬਣ ਸਕਦੀ। ਦੇਸ਼ ਦੀ 22 ਫ਼ੀਸਦੀ ਉਹ ਵਸੋਂ ਹੈ ਜਿਹੜੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦੀ ਜ਼ਿੰਦਗੀ ਬਿਤਾਅ ਰਹੀ ਹੈ। ਉਂਝ ਗ਼ਰੀਬੀ ਦੀ ਰੇਖਾ ਦੀ ਪਰਿਭਾਸ਼ਾ ਵੀ ਦੋਸ਼ਪੂਰਨ ਹੈ, ਜਿਸ ਵਿੱਚ ਇਹ ਪਰਿਭਾਸ਼ਿਤ ਕੀਤਾ ਜਾਂਦਾ ਹੈ ਕਿ ਜਿਹੜਾ ਵਿਅਕਤੀ ਪਿੰਡਾਂ ਵਿੱਚ ਰੋਜ਼ਾਨਾ 27 ਰੁਪਏ ਤੋਂ ਘੱਟ ਜਦੋਂ ਕਿ ਸ਼ਹਿਰਾਂ ਵਿੱਚ 32 ਰੁਪਏ ਤੋਂ ਘੱਟ ਖ਼ਰਚ ਕਰਦਾ ਹੈ, ਉਹ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹੈ ਪਰ ਫਿਰ ਵੀ ਜੇ 22 ਫ਼ੀਸਦੀ ਲੋਕ ਇਸ ਰੇਖਾ ਤੋਂ ਥੱਲੇ ਹਨ ਤਾਂ ਚੋਣਾਂ ਵਿੱਚ ਹਿੱਸਾ ਲੈਣਾ, ਉਨਾਂ ਦੇ ਸੁਪਨੇ ਵਿੱਚ ਵੀ ਨਹੀਂ ਆ ਸਕਦਾ, ਜਿਨਾਂ ਲੋਕਾਂ ਦੀ ਗਿਣਤੀ 30 ਕਰੋੜ ਤੋਂ ਵੀ ਵੱਧ ਬਣ ਜਾਂਦੀ ਹੈ। ਪਿੱਛੇ ਜਿਹੇ ਆਮਦਨ ਦੇ ਅੰਕੜਿਆਂ ਬਾਰੇ ਇੱਕ ਡਾ. ਤੇਂਦੁਲਕਰ ਕਮੇਟੀ ਦੀ ਰਿਪੋਰਟ ਆਈ ਸੀ ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਦੇਸ਼ ਦੀ 80 ਫ਼ੀਸਦੀ ਵਸੋਂ ਦੀ ਪ੍ਰਤੀ ਵਿਅਕਤੀ ਰੋਜ਼ਾਨਾ ਆਮਦਨ 20 ਰੁਪਏ ਤੋਂ ਵੀ ਘੱਟ ਹੈ। ਦੇਸ਼ ਵਿੱਚ 60 ਸਾਲਾਂ ਤੋਂ ਵੀ ਵੱਧ ਉਮਰ ਦੇ ਲੋਕਾਂ ਨੂੰ ਹਰ ਸ਼ਹਿਰ ਵਿੱਚ ਰਿਕਸ਼ੇ ਚਲਾਉਂਦੇ ਵੇਖਿਆ ਜਾ ਸਕਦਾ ਹੈ ਜਿਹੜੇ ਸ਼ੌਕ ਨਾਲ਼ ਨਹੀਂ, ਮਜਬੂਰੀ ਨਾਲ਼ ਰਿਕਸ਼ਾ ਚਲਾ ਰਹੇ ਹਨ। ਇਸ ਤਰਾਂ ਦੀਆਂ ਹੋਰ ਉਦਾਹਰਨਾਂ ਰੋਜ਼ਾਨਾ ਸਭ ਦੇ ਸਾਹਮਣੇ ਸਪਸ਼ਟ ਹਨ।

ਇਹ ਸਭ ਕੁਝ ਇਹ ਸਾਬਤ ਕਰਦਾ ਹੈ ਕਿ ਭਾਵੇਂ ਕਾਨੂੰਨੀ ਤੌਰ 'ਤੇ ਚੋਣਾਂ ਹਰ ਇੱਕ ਲਈ ਬਰਾਬਰ ਦਾ ਮੌਕਾ ਹਨ, ਹਰ ਕੋਈ ਚੋਣ ਲੜ ਸਕਦਾ ਹੈ ਪਰ ਉੱਪਰ ਦੱਸੇ ਹਾਲਾਤ ਇਹ ਦੱਸਦੇ ਹਨ ਕਿ ਲੋਕਤੰਤਰ ਦੀ ਸਭ ਤੋਂ ਚੰਗੀ ਪ੍ਰਣਾਲੀ ਹਰ ਇੱਕ ਦੀ ਪਹੁੰਚ ਵਿੱਚ ਨਹੀਂ, ਭਾਵੇਂ ਕੋਈ ਗ਼ਰੀਬ ਵਿਅਕਤੀ ਕਿੰਨਾ ਵੀ ਸਿਆਣਾ ਤੇ ਚੰਗੇ ਸਿੱਟੇ ਦੇਣ ਦੇ ਸਮਰੱਥ ਹੋਵੇ। ਜੇ ਵਿਕਸਿਤ ਦੇਸ਼ਾਂ ਦੀ ਚੋਣ ਪ੍ਰਕਿਰਿਆ ਦਾ ਭਾਰਤ ਦੀਆਂ ਚੋਣਾਂ ਨਾਲ਼ ਮੁਕਾਬਲਾ ਕਰੀਏ ਤਾਂ ਲੋਕਤੰਤਰ ਦੀ ਸਫ਼ਲਤਾ ਵਿੱਚ ਰਹਿ ਗਈਆਂ ਊਣਤਾਈਆਂ ਸਪਸ਼ਟ ਨਜ਼ਰ ਆਉਂਦੀਆਂ ਹਨ। ਖ਼ੁਸ਼ਹਾਲੀ ਅਤੇ ਵਿੱਦਿਆ ਦੀਆਂ ਦੋਵੇਂ ਵੱਡੀਆਂ ਸ਼ਰਤਾਂ ਉਨਾਂ ਦੇਸ਼ਾਂ ਵਿੱਚ ਪੂਰੀਆਂ ਹੁੰਦੀਆਂ ਹਨ। ਚੋਣਾਂ ਦੀ ਖੇਡ ਵਿੱਚ ਸ਼ਾਮਿਲ ਨਾ ਹੋ ਸਕਣ ਦੀਆਂ ਜਿਹੜੀਆਂ ਰੁਕਾਵਟਾਂ ਭਾਰਤ ਵਿੱਚ ਹਨ, ਉਹ ਉੱਥੇ ਨਹੀਂ, ਉੱਥੇ ਖ਼ਾਨਦਾਨੀ ਰਾਜਨੀਤੀ ਦੀਆਂ ਉਦਾਹਰਨਾਂ ਵੀ ਬਹੁਤ ਘੱਟ ਮਿਲਦੀਆਂ ਹਨ। ਹਰ ਕੋਈ ਆਸਾਨੀ ਨਾਲ਼ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਦਾ ਹੈ। ਭਾਰਤ ਵਾਂਗ 'ਭੀੜ ਇਕੱਠੀ ਕਰਨ' ਵਾਲੀ ਰਾਜਨੀਤੀ ਉੱਥੇ ਨਜ਼ਰ ਨਹੀਂ ਆਉਂਦੀ। ਭਾਰਤ ਵਿੱਚ ਭੀੜ ਇਕੱਠੀ ਕਰਨ ਲਈ ਇੱਕ ਢੰਗ ਅਪਣਾਇਆ ਜਾਂਦਾ ਹੈ। ਹਰ ਛੋਟੇ ਲੀਡਰ ਦੇ ਜ਼ਿੰਮੇ ਭੀੜ ਇਕੱਠੀ ਕਰਨ ਲਈ ਵਿਅਕਤੀ ਭੇਜਣ ਦੀ ਜ਼ਿੰਮੇਵਾਰੀ ਲਾਈ ਜਾਂਦੀ ਹੈ। ਪਰ ਬੜਾ ਦਿਲਚਸਪ ਤੱਥ ਇਹ ਹੈ ਕਿ ਭੀੜ

**ਬਾਕੀ ਸਫ਼ਾ 33 'ਤੇ**

# ਬੇਅਦਬੀ ਲਈ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸਿੱਧੇ ਤੌਰ ’ਤੇ ਦੋਸ਼ੀ

## ਕੁੰਵਰ ਵਿਜੇ ਪ੍ਰਤਾਪ ਨੇ ਕੈਪਟਨ ਤੇ ਬਾਦਲ ਪਰਿਵਾਰ ’ਤੇ ਲਾਏ ਗੰਭੀਰ ਦੋਸ਼

ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਜਨਮ ਦਿਨ ੩੦ ਸਤੰਬਰ, ੧੯੬੯ ਨੂੰ ਹੋਇਆ। ਪੰਜਾਬ ਕੈਡਰ ੧੯੯੮ ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਰਹੇ, ਜਿਨਾਂ ਨੇ ਅਪ੍ਰੈਲ ੨੦੨੧ ਵਿੱਚ ਇੰਸਪੈਕਟਰ ਜਨਰਲ ਪੁਲਿਸ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਵਕਾਲਤ ਨੂੰ ਚੁਣਿਆ। ਵਿੱਦਿਅਕ ਯੋਗਤਾ ਵਿੱਚ ਪੁਲਿਸ ਪ੍ਰਸ਼ਾਸਨ ਤੇ ਰਾਜਨੀਤੀ ਵਿਗਿਆਨ ਵਿੱਚ ਦੋ ਪੀ-ਐੱਚ.ਡੀ. ਕੀਤੀਆਂ ਹਨ। ਇਸ ਤੋਂ ਇਲਾਵਾ ਐੱਲ.ਐੱਲ.ਬੀ., ਐੱਮ.ਬੀ.ਏ., ਫ਼ਰੈਂਚ ਤੇ ਜਰਮਨ ਭਾਸ਼ਾਵਾਂ ਵਿੱਚ ਡਿਪਲੋਮੇ ਤੇ ਪੇਂਡੂ ਵਿਕਾਸ ਸੰਬੰਧੀ ਕੋਰਸ ਕੀਤੇ ਹਨ। ਉਨਾਂ ਸੰਤ ਕਬੀਰ ਦੇ ਅਣਮੋਲ ਵਚਨ, ਰਾਈਟ ਟੂ ਇਨਫਰਮੇਸ਼ਨ: ਲਾਅ ਐਂਡ ਪ੍ਰੈਕਟਿਸ, ਸਾਈਬਰ ਲਾਅ ਐਂਡ ਇਨਵੈਸਟੀਗੇਸ਼ਨ, ਐਂਟੀ-ਡੀਫ਼ੈਕਸ਼ਨ ਲਾਅ ਤੇ ਇੰਡੀਅਨ ਪੁਲਿਸ ਐਕਸਪੈਕਟੇਸ਼ਨਸ, ਪਰਫ਼ਾਰਮੈਂਸ ਐਂਡ ਕਾਂਸਟ੍ਰੇਂਟ ਕਿਤਾਬਾਂ ਵੀ ਲਿਖੀਆਂ ਹਨ। ਪੰਜਾਬ ਦੀ ਰਾਜਨੀਤੀ ਵਿੱਚ ਇਸ ਵੇਲੇ ਅਹਿਮ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਦੇ ਨਾਲ਼-ਨਾਲ਼ ਕੋਟਕਪੂਰਾ ਤੇ ਬਹਿਬਲ ਕਲਾਂ ਵਿਖੇ ਵਾਪਰੇ ਗੋਲ਼ੀ ਕਾਂਡ ਨਾਲ਼ ਗਰਮਾਇਆ ਹੋਇਆ ਹੈ। ੨੦੧੫ ਤੋਂ ਇਹ ਮਾਮਲਾ ਨਾ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਨਾ ਹੀ ਕਾਂਗਰਸ ਪਾਰਟੀ ਵੱਲੋਂ ਹੱਲ ਹੋ ਸਕਿਆ। ਇਸ ਮਾਮਲੇ ਨੂੰ ਲੈ ਕੇ ਕਈ ਜਾਂਚ ਕਮੇਟੀਆਂ ਤੇ ਐੱਸ.ਆਈ.ਟੀ. ਵੀ ਗਠਿਤ ਹੋਈ। ਐੱਸ.ਆਈ.ਟੀ. ਦੀ ਜਾਂਚ ਕਰਨ ਵਾਲੇ ਮੁੱਖ ਆਈ.ਪੀ.ਐੱਸ. ਅਧਿਕਾਰੀ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸੇ ਕੇਸ ਨੂੰ ਲੈ ਕੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਅਸਤੀਫ਼ਾ ਦੇਣ ਦਾ ਕਾਰਨ ਪੰਜਾਬ ਦੇ ਲੋਕ ਤੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਭਲੀਭਾਂਤ ਜਾਣੂ ਹਨ। ਇਸ ਮੁੱਦੇ ਨੂੰ ਲੈ ਕੇ ਕਈ ਸਿਆਸੀ ਆਗੂਆਂ ਦੇ ਨਾਂ ਵੀ ਸਿੱਧੇ-ਅਸਿੱਧੇ ਤੌਰ ’ਤੇ ਚਰਚਾ ਵਿੱਚ ਸਾਹਮਣੇ ਆਉਂਦੇ ਰਹੇ। ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਸਿਆਸਤ ਵਿੱਚ ਆਉਣ ਅਤੇ ਬੇਅਦਬੀ ਤੇ ਗੋਲ਼ੀ ਕਾਂਡ ਦੇ ਅਹਿਮ ਪਹਿਲੂਆਂ ਬਾਰੇ ਉਨਾਂ ਨਾਲ਼ ਵਿਸ਼ੇਸ਼ ਗੱਲਬਾਤ ਕੀਤੀ ਗਈ।

ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਆਪ ਪਾਰਟੀ ਵੱਲੋਂ ਅੰਮ੍ਰਿਤਸਰ ਹਲਕਾ ਉੱਤਰੀ ਤੋਂ ਵਿਧਾਨ ਸਭਾ ਚੋਣਾਂ ਲੜ ਰਹੇ ਹਨ। ਇਸੇ ਦਰਮਿਆਨ ਚੋਣਾਂ ਦੇ ਮੁੱਦੇ ’ਤੇ ਪੰਜਾਬ ਨਾਲ਼ ਜੁੜੇ ਅਹਿਮ ਮੁੱਦੇ ਬੇਅਦਬੀਆਂ ਤੇ ਗੋਲ਼ੀ ਕਾਂਡ ਸੰਬੰਧੀ ਗੱਲਬਾਤ ਦੌਰਾਨ ਕੀਤੇ ਸਵਾਲਾਂ ਦੇ ਜਵਾਬਾਂ ਵਿੱਚ ਉਨਾਂ ਕੈਪਟਨ ਤੇ ਬਾਦਲ ਪਰਿਵਾਰ ’ਤੇ ਕਈ ਗੰਭੀਰ ਦੋਸ਼ ਲਾਏ।

ਸਵਾਲ : ਨੌਕਰੀ ਛੱਡ ਕੇ ਸਿਆਸਤ ਕਿਉਂ ਚੁਣੀ?

ਜਵਾਬ : ਨੌਕਰੀ ਛੱਡਣਾ ਮੇਰੀ ਮਜਬੂਰੀ ਬਣ ਗਈ ਸੀ ਕਿਉਂਕਿ ਜਿਹੜੀ ਜਾਂਚ ਮੈਨੂੰ ਸੌਂਪੀ ਗਈ ਸੀ, ਉਹ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਨਾਲ਼ ਜੁੜੀ ਹੋਈ ਸੀ। ਜਾਂਚ ਦਰਮਿਆਨ ਵੱਖ-ਵੱਖ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਪੜਤਾਲ ਕੀਤੀ ਗਈ ਅਤੇ ਬਹੁਤ ਸਾਰੇ ਸੰਬੰਧਤਾਂ ਕੋਲ਼ੋਂ ਸਿੱਧੇ ਤੌਰ ’ਤੇ ਪੁੱਛ-ਪੜਤਾਲ ਕੀਤੀ ਗਈ। ਇਸੇ ਕੇਸ ਨਾਲ਼ ਸਬੰਧਤ ੯ ਚਲਾਨ ਪੇਸ਼ ਕੀਤੇ ਗਏ ਸਨ। ੯ ਅਪ੍ਰੈਲ ੨੦੨੧ ਨੂੰ ਦਸਵਾਂ ਚਲਾਨ ਅਦਾਲਤ ਵਿੱਚ ਪੇਸ਼ ਕਰਨਾ ਸੀ ਜਿਸ ਸੰਬੰਧੀ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਨੇ ਅੜਚਣ ਖੜੀ ਕਰ ਦਿੱਤੀ। ਮੈਂ ਪਹਿਲਾਂ ਹੀ ਧਾਰ ਚੁੱਕਾ ਸੀ ਕਿ ਜੇ ਮੇਰੇ ’ਤੇ ਕਿਸੇ ਕਿਸਮ ਦਾ ਵੀ ਦਬਾਅ ਬਣਿਆ ਤਾਂ ਮੈਂ ਨੌਕਰੀ ਛੱਡ ਦਿਆਂਗਾ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਮੇਰੀ ਸ਼ਰਧਾ ਹੈ।

ਸਵਾਲ : ਦਸਵੇਂ ਚਲਾਨ ਵਿੱਚ ਕਿੰਨਾਂ ਦੇ ਨਾਂ ਸ਼ਾਮਲ ਸਨ?

ਜਵਾਬ : ਕਿਉਂਕਿ ਦਸਵਾਂ ਚਲਾਨ ਅਹਿਮ ਚਲਾਨ ਸੀ, ਜਿਸ ਦੇ ਨਾਲ਼ ਦੋਸ਼ੀਆਂ ’ਤੇ ਕਾਰਵਾਈ ਹੋਣੀ ਲਾਜ਼ਮੀ ਸੀ। ਕੈਪਟਨ ਨੇ ਮੈਨੂੰ ਨੂੰ ਦਸਵਾਂ ਚਲਾਨ ਪੇਸ਼ ਕਰਨ ਲਈ ਬੇਵੱਸ ਕਰ ਦਿੱਤਾ ,ਕਿਉਂਕਿ ਕੈਪਟਨ ਦੀ ਦੋਸਤੀ ਬਾਦਲ ਪਰਿਵਾਰ ਨਾਲ਼ ਹੋ ਗਈ ਸੀ। ਇਸ ਚਲਾਨ ਵਿੱਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਸਿੱਧੇ ਤੌਰ ’ਤੇ ਦੋਸ਼ੀ ਸਾਬਤ ਹੋ ਰਹੇ ਸਨ।

**ਸਵਾਲ : ਸੁਖਬੀਰ ਬਾਦਲ ਆਪਣੇ ਆਪ ਨੂੰ ਨਿਰਦੋਸ਼ ਦੱਸਦੇ ਹਨ?**

ਜਵਾਬ : 2015 ਵਿੱਚ ਬੇਅਦਬੀਆਂ ਹੋਈਆਂ। ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਹੋਏ। ਜੇ ਸੁਖਬੀਰ ਇਨਾਂ ਵਿੱਚ ਨਿਰਦੋਸ਼ ਹਨ ਤਾਂ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ। ਇਹ ਕਹਿ ਦੇਣਾ ਕਿ ‘ਮੈਂ ਨਿਰਦੋਸ਼ ਹਾਂ’, ਨਾਲ਼ ਕੋਈ ਨਿਰਦੋਸ਼ ਨਹੀਂ ਬਣ ਜਾਂਦਾ। ਜਾਂਚ ਦੱਸਦੀ ਹੈ ਕਿ ਉਹ ਦੋਸ਼ੀ ਹਨ ਤਾਂ ਸੁਖਬੀਰ ਬਾਦਲ ਨਿਰਦੋਸ਼ ਕਿਵੇਂ ਹੋ ਸਕਦੇ ਹਨ। ਇਹ ਕਹਿ ਦੇਣਾ ਕਿ ਬੇਅਦਬੀ ਕਰਨ ਤੇ ਬੇਅਦਬੀ ਦੇ ਮੁੱਦੇ ’ਤੇ ਸਿਆਸਤ ਕਰਨ ਵਾਲੇ ਦਾ ਕੱਖ ਨਾ ਰਹੇ ਤਾਂ ਸੁਖਬੀਰ ਦੱਸਣ ਕਿ ਪੰਜਾਬ ’ਚ ਉਨਾਂ ਦਾ ਸਿਆਸੀ ਭਵਿੱਖ ਕਿੱਥੇ ਖੜਾ ਹੈ। ਸੱਤਾ ਵਿੱਚ ਰਹਿਣ ਵਾਲੇ ਵਿਰੋਧੀ ਧਿਰ ਵੀ ਨਾ ਬਣ ਸਕਣ, ਇਹ ਤਾਂ ਗੁਰੂ ਸਾਹਿਬ ਦਾ ਹੀ ਇਨਸਾਫ਼ ਹੈ।



ਸਵਾਲ : ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਕੀ ਕਹਿੰਦੀ ਸੀ?

ਜਵਾਬ : ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ ’ਤੇ ਹੀ ਅ ਐੱਸ.ਆਈ.ਟੀ. ਗਠਨ ਕੀਤਾ ਗਿਆ, ਜਿਸ ਵਿੱਚ ਉਨਾਂ ਸਮੇਤ ਪੰਜ ਮੈਂਬਰ ਮੌਜੂਦ ਸਨ। ਜਿਉਂ-ਜਿਉਂ ਕੇਸ ਦੀਆਂ ਕੜੀਆਂ ਖੁੱਲਦੀਆਂ ਗਈਆਂ, ਤਿਉਂ-ਤਿਉਂ ਐੱਸ.ਆਈ.ਟੀ. ਦੇ ਮੈਂਬਰ ਵੱਖ ਹੁੰਦੇ ਗਏ, ਜਿਸ ਦਾ ਕਾਰਨ ਬਾਦਲ ਪਰਿਵਾਰ ਦਾ ਸਿੱਧੇ ਤੌਰ ’ਤੇ ਇਸ ’ਚ ਸ਼ਾਮਲ ਹੋਣਾ ਸੀ। ਮੇਰੇ ’ਤੇ ਬਹੁਤ ਦਬਾਅ ਬਣਾਏ ਗਏ, ਪਰ ਮੈਂ ਹਾਰ ਨਾ ਮੰਨਦੇ ਹੋਏ ਇਸ ਕੇਸ ਸੰਬੰਧੀ ਕਾਰਵਾਈ ਕਰਦਾ ਅੱਗੇ ਵਧਦਾ ਗਿਆ। ਮੈਨੂੰ ਨਹੀਂ ਸੀ ਪਤਾ ਕਿ ਆਖ਼ਰ ਨਤੀਜਾ ਸਾਹਮਣੇ ਆਉਣ ’ਤੇ ਇਨਾਂ ਨੇ ਸਭ ਕੁਝ ਖ਼ਤਮ ਕਰ ਦੇਣਾ ਹੈ।

**ਸਵਾਲ : ਜੇ ‘ਆਪ’ ਦੀ ਸਰਕਾਰ ਬਣੀ ਤਾਂ ਕੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣਗੀਆਂ?**

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹਰ ਪੰਜਾਬੀ ਲਈ ਅਸਹਿ ਹੈ। ਬੇਅਦਬੀ ਦਾ ਇਨਸਾਫ਼ ਪਹਿਲ ਦੇ ਅਧਾਰ ’ਤੇ ਕੀਤਾ ਜਾਵੇਗਾ। ਬੇਅਦਬੀ ਦੇ ਮੁੱਖ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੰਦੇ ਹੋਏ ਸਲਾਖ਼ਾਂ ਪਿੱਛੇ ਭੇਜਿਆ ਜਾਵੇਗਾ। ਕੇਜਰੀਵਾਲ ਤੇ ਭਗਵੰਤ ਮਾਨ ਵੀ ਇਹੀ ਚਾਹੁੰਦੇ ਹਨ ਕਿ ਸੰਗਤ ਨੂੰ ਬੇਅਦਬੀਆਂ ਦਾ ਇਨਸਾਫ਼ ਪਹਿਲ ਦੇ ਆਧਾਰ ’ਤੇ ਦਿਵਾਇਆ ਜਾਵੇ। ਕੀਤੀ ਗਈ ਜਾਂਚ ਨੂੰ ਅੰਤਮ ਰੂਪ ਦੇ ਕੇ ਇਹ ਅਧਿਆਏ ਖ਼ਤਮ ਕੀਤਾ ਜਾਵੇਗਾ।

**ਸਵਾਲ : ਕੀ ‘ਆਪ’ ਦੀ ਸਰਕਾਰ ਆਉਣ ’ਤੇ ਬੇਅਦਬੀਆਂ ਬੰਦ ਹੋਣਗੀਆਂ?**

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ, ਕੁਰਾਨ ਸ਼ਰੀਫ਼, ਭਗਵਤ ਗੀਤਾ ਅਤੇ ਬਾਈਬਲ ਦੀਆਂ ਹੋਈਆਂ ਬੇਅਦਬੀਆਂ ਦੀ ਜ਼ਿੰਮੇਵਾਰ ਉਸ ਸਮੇਂ ਦੀ ਸਰਕਾਰ ਹੈ। ਸਰਕਾਰ ਦੀ ਮਰਜ਼ੀ ਤੋਂ ਬਗ਼ੈਰ ਕੋਈ ਵੀ ਬੇਅਦਬੀ ਨਹੀਂ ਹੋ ਸਕਦੀ ਕਿਉਂਕਿ ਬੇਅਦਬੀ ਹੀ ਸੁਖਬੀਰ ਬਾਦਲ ਨੇ ਕਰਵਾਈ ਹੈ। ਸੁਖਬੀਰ ਦਾ ਇਹ ਦੁਹਾਈ ਦੇਣਾ ਕਿ ਬੇਅਦਬੀਆਂ ਏਜੰਸੀਆਂ ਦਾ ਕੰਮ ਹੈ ਤਾਂ ਉਹ ਇਹ ਵੀ ਦੱਸਣ ਕਿ ਏਜੰਸੀਆਂ ਕਿਸ ਦੇ ਦਬਾਅ ਹੇਠ ਕੰਮ ਕਰਦੀਆਂ ਸਨ?

**ਸਵਾਲ : ਸਿਆਸਤ ਦਾ ਰਾਹ ਕਿਉਂ ਚੁਣਿਆ?**

ਜਵਾਬ : ਆਈ.ਪੀ.ਐੱਸ. ਦੀ ਨੌਕਰੀ ਤੋਂ ਅਸਤੀਫ਼ਾ ਦੇਣ ਮਗਰੋਂ ਤਿੰਨ ਮਹੀਨੇ ਲਗਾਤਾਰ ਲੋਕਾਂ ਨਾਲ਼ ਰਾਬਤੇ ’ਚ ਰਿਹਾ। ਲੋਕਾਂ ਨੇ ਮੈਨੂੰ ਸਿਆਸਤ ਦਾ ਰਾਹ ਅਪਣਾਉਣ ਲਈ ਪ੍ਰੇਰਿਤ ਕੀਤਾ ਕਿਉਂਕਿ ਲੋਕ ਮੇਰੇ ਕੰਮ ਨੂੰ ਭਲੀਭਾਂਤ ਜਾਣਦੇ ਹਨ। ਮੈਂ ਸਖ਼ਤ ਅਫ਼ਸਰ ਰਿਹਾ ਹਾਂ ਕਿਉਂਕਿ ਆਪਣੇ ਥੱਲੇ ਗ਼ਲਤ ਕੰਮ ਬਰਦਾਸ਼ਤ ਨਹੀਂ ਕਰਦਾ। ਮੇਰੇ ਬਾਰੇ ਹਾਲੇ ਵੀ ਇਹੋ ਕਿਹਾ ਜਾਂਦਾ ਹੈ ਕਿ ਮੈਂ ਇੱਕ ਅਫ਼ਸਰ ਹਾਂ ਤੇ ਸਖ਼ਤ ਹਾਂ। ਮੈਂ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਨਾਲ਼ ਨਹੀਂ, ਗ਼ਲਤ ਕੰਮ ਕਰਨ ਵਾਲਿਆਂ ਨਾਲ਼ ਸਖ਼ਤ ਰਵੱਈਆ ਹੀ ਰੱਖਾਂਗਾ।

**ਸਵਾਲ : ਪੰਜਾਬ ਵਿੱਚ ਤਾਂ ਨਸ਼ੇ ਦਾ ਬੋਲਬਾਲਾ ਹੈ?**

ਜਵਾਬ : ਪੰਜਾਬ ਨੂੰ ‘ਹੱਸਦਾ ਪੰਜਾਬ, ਵੱਸਦਾ ਪੰਜਾਬ’ ਮੁੜ ਬਣਾਵਾਂਗੇ। ਹੁਣ ਪੰਜਾਬ ਨੂੰ ‘ਉਡਤਾ ਪੰਜਾਬ’ ਦੇ ਨਾਂ ਨਾਲ਼ ਨਹੀਂ ਬੁਲਾਉਣ ਦਿਆਂਗੇ। ਪੰਜਾਬ ਨੂੰ ਮੁੜ ‘ਸੋਨੇ ਦੀ ਚਿੜੀ’ ਬਣਾਵਾਂਗੇ। ਕੈਪਟਨ ਅਮਰਿੰਦਰ ਸਿੰਘ ਨੇ ਚਾਰ

ਬਾਕੀ ਸਫ਼ਾ 33 ’ਤੇ

# ਵਿਦੇਸ਼ਾਂ ਵਿੱਚ ਪੰਜਾਬੀ ਵਿਦਿਆਰਥੀਆਂ ਨਾਲ਼ ਠੱਗੀ

**ਪਰਮਿੰਦਰ ਸਵੈਚ**

ਜਦੋਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਭਾਰਤ ਖ਼ਾਸਕਰ ਪੰਜਾਬ ਤੋਂ ਵਿਦੇਸ਼ਾਂ ਵਿੱਚ ਬਹੁਤੀ ਗਿਣਤੀ ਵਿੱਚ ਪੜਨ ਆਉਣਾ ਸ਼ੁਰੂ ਕੀਤਾ, ਉਦੋਂ ਤੋਂ ਹੀ ਉਹ ਥੋੜੇ-ਥੋੜੇ ਚਿਰ ਬਾਅਦ ਮੀਡੀਆ ਦੀਆਂ ਸੁਰਖ਼ੀਆਂ ਬਣ ਰਹੇ ਹਨ। ਪਰ ਹੁਣ ਇਹ ਸੁਰਖ਼ੀਆਂ ਸਿਖ਼ਰ ’ਤੇ ਪਹੁੰਚ ਚੁੱਕੀਆਂ ਹਨ ਜਦੋਂ ਅਸੀਂ ਦੇਖ ਰਹੇ ਹਾਂ ਕਿ ਕੈਨੇਡਾ ਦੇ ਸੂਬੇ ਕਿਊਬੈਕ ਦੇ ਤਿੰਨ ਕਾਲਜਾਂ ਨੇ ਖ਼ੁਦ ਨੂੰ ਦੀਵਾਲੀਆ ਕਰਾਰ ਦੇ ਕੇ, ਵਿਦਿਆਰਥੀਆਂ ਨੂੰ ਡੂੰਘੀ ਮੰਝਧਾਰ ਵਿੱਚ ਫਸਾ ਕੇ ਉਨਾਂ ਦੇ ਭਵਿੱਖ ਨਾਲ਼ ਖਿਲਵਾੜ ਕੀਤਾ ਹੈ ਤੇ ਇਸ ਤਰਾਂ ਧੋਖਾਧੜੀ ਦੀ ਹੱਦ ਟੁੱਟ ਗਈ ਹੈ। ਇਸੇ ਤਰਾਂ ਕੁਝ ਦਿਨ ਪਹਿਲਾਂ ਵਿਦਿਆਰਥੀਆਂ ਤੇ ਮਾਪਿਆਂ ਦੇ ਸਿਰ ’ਤੇ ਕੜਕਦੀ ਬਿਜਲੀ ਵਰਗੀ ਖ਼ਬਰ ਆਈ ਕਿ ਅੰਤਰਰਾਸ਼ਟਰੀ ਵਿਦਿਆਰਥਣਾਂ ਆਪਣੀ ਮਰਜ਼ੀ ਨਾਲ਼ ਦੇਹ ਵਪਾਰ ਦੇ ਧੰਦੇ ਵਿੱਚ ਜਾ ਰਹੀਆਂ ਹਨ, ਜਿਸ ਨਾਲ਼ ਵਿਦਿਆਰਥਣਾਂ ਨੂੰ ਸ਼ੱਕ ਦੀ ਨਜ਼ਰ ਨਾਲ਼ ਦੇਖਿਆ ਜਾਣ ਲੱਗਾ। ਇਹ ਪਹਿਲੀਆਂ ਖ਼ਬਰਾਂ ਨਹੀਂ ਹਨ, ਇਸ ਤੋਂ ਪਹਿਲਾਂ ਵੀ ਬਹੁਤ ਕੁਝ ਹੋਇਆ ਹੈ।

ਅਜਿਹੀਆਂ ਦਿਲ ਕੰਬਾਊ ਖ਼ਬਰਾਂ ਤੋਂ ਬਾਅਦ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਇਨਾਂ ਸਮੱਸਿਆਵਾਂ ਦੀਆਂ ਜੜਾਂ ਨੂੰ ਟੋਲਣ ਦੀ ਕੋਸ਼ਿਸ਼ ਕਰੀਏ ਨਾ ਕਿ ਇਨਾਂ ਬੱਚਿਆਂ ਨੂੰ ਬਿਨਾਂ ਸੋਚੇ ਸਮਝੇ ਦੋਸ਼ੀ ਗਰਦਾਨ ਦੇਈਏ। ਇਹ ਜ਼ਰੂਰ ਦੇਖੀਏ ਕਿ ਨੁਕਸ ਕਿੱਥੇ ਹੈ? ਸਾਡਾ ਅੱਜ ਦਾ ਮੁੱਦਾ ਸਿਰਫ਼ ਭਾਰਤ ਤੋਂ ਕੈਨੇਡਾ ਆ ਰਹੇ ਵਿਦਿਆਰਥੀਆਂ ਦਾ ਹੈ। ਇਸ ਵਿਸ਼ੇ ਨੂੰ ਵਿਚਾਰਨ ਤੋਂ ਵੀ ਪਹਿਲਾਂ ਕੁਝ ਸਵਾਲ ਅਜਿਹੇ ਹਨ ਜੋ ਸਾਡੇ ਸਾਹਮਣੇ ਮੂੰਹ ਅੱਡੀ ਖੜੇ ਹਨ। ਸਵਾਲ ਪੈਦਾ ਹੋ ਰਹੇ ਹਨ ਕਿ ਵਿਦਿਆਰਥੀ ਬਾਹਰਲੇ ਦੇਸ਼ਾਂ ਨੂੰ ਕਿਉਂ ਆ ਰਹੇ ਹਨ? ਮਾਪੇ ਆਪਣੀ ਜ਼ਿੰਦਗੀ ਦੀ ਵਡਮੁੱਲੀ ਕਮਾਈ ਭਾਵ ਆਪਣੇ ਬੱਚਿਆਂ ਨੂੰ ਅੱਖੋਂ ਪਰੋਖੇ ਕਿਉਂ ਕਰ ਰਹੇ ਹਨ? ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਜਾਂ ਜ਼ਮੀਨਾਂ ਵੇਚ ਕੇ ਬੱਚੇ ਕੈਨੇਡਾ ਕਿਉਂ ਭੇਜ ਰਹੇ ਹਨ? ਕੀ ਬੱਚੇ ਕੈਨੇਡਾ ਆ ਕੇ ਬਹੁਤ ਸੁਖੀ ਜ਼ਿੰਦਗੀ ਬਤੀਤ ਕਰ ਰਹੇ ਹਨ? ਕੀ ਉਹ



ਇੱਥੇ ਆ ਕੇ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਦੂਰ ਕਿਨਾਰਾ ਕਰ ਜਾਂਦੇ ਹਨ? ਕੈਨੇਡਾ ਸਰਕਾਰ ਨੇ ਕੀ ਬੱਚਿਆਂ ਦੇ ਫ਼ਾਇਦੇ ਲਈ, ਉਨਾਂ ਨੂੰ ਇੱਥੇ ਆਉਣ ਦੀ ਖੁੱਲ ਦੇ ਰੱਖੀ ਹੈ? ਸਰਕਾਰਾਂ ਦਾ ਇਸ ਵਿੱਚ ਅਸਲ ਰੋਲ ਕੀ ਹੈ? ਆਦਿ। ਪੰਜਾਬ ਵਿੱਚ ਜਦੋਂ ਬੱਚਾ ਢਾਈ ਸਾਲ ਦਾ ਹੋ ਜਾਂਦਾ ਹੈ ਤਾਂ ਮਾਪਿਆਂ ਨੂੰ ਉਸਨੂੰ ਸਕੂਲ ਭੇਜਣ ਦਾ ਫ਼ਿਕਰ ਹੀ ਨਹੀਂ ਪੈ ਜਾਂਦਾ ਸਗੋਂ ਦਸ ਕਿੱਲੋ ਵਜ਼ਨ ਉਹਦੇ ਮੋਢਿਆਂ ’ਤੇ ਰੱਖ ਕੇ ਪ੍ਰਾਈਵੇਟ ਸਕੂਲਾਂ ਵਿੱਚ ਅੰਨੀਆਂ ਫ਼ੀਸਾਂ ਦੇ ਕੇ ਸਿਰਫ਼ ਅੰਗਰੇਜ਼ੀ ਸਿਖਾਉਣ ਲਈ ਭੇਜਿਆ ਜਾਂਦਾ ਹੈ ਜਦਕਿ ਬੱਚੇ ਦੀ ਜ਼ਿੰਦਗੀ ਦੇ ਪਹਿਲੇ ਪੰਜ ਸਾਲ ਆਪਣੀ ਮਾਂ ਬੋਲੀ ਨਾਲ਼ ਆਪਣੇ ਮਾਪਿਆਂ ਦੀ ਛਤਰ ਛਾਇਆ ਥੱਲੇ ਵਧਣ ਫੁੱਲਣ ਲਈ ਚਾਹੀਦੇ ਹੁੰਦੇ ਹਨ। ਪਰ ਭਾਰਤ ਦੀਆਂ ਸਰਕਾਰਾਂ ਨੇ ਆਪਣੀ ਸਰਕਾਰੀ ਸਕੂਲਾਂ ਪ੍ਰਤੀ ਜ਼ਿੰਮੇਵਾਰੀ ਨੂੰ ਗਲੋਂ ਲਾਹ ਕੇ, ਮਨੁੱਖ ਦੀ ਖਾਣ ਪੀਣ ਜਾਂ ਰਹਿਣ ਸਹਿਣ ਦੀ ਮੁੱਢਲੀ ਲੋੜ ਦੀ ਤਰਾਂ ਗਿਆਨ ਹਾਸਲ ਕਰਨ ਦੀ ਲੋੜ ਦਾ ਅਜਿਹਾ ਬਜ਼ਾਰੀਕਰਨ ਕਰ ਦਿੱਤਾ ਹੈ ਕਿ ਹੁਣ ਪ੍ਰਾਈਵੇਟ ਵੱਡੇ-ਛੋਟੇ ਸਕੂਲਾਂ ਵਿੱਚ ਮਹਿੰਗੀ ਸਸਤੀ ਪੜਾਈ ਵਿਕ ਰਹੀ ਹੈ। ਹਰ ਮਾਪਾ ਕੋਸ਼ਿਸ਼ ਕਰ ਰਿਹਾ ਹੈ ਕਿ ਸਾਡੇ ਬੱਚੇ ਨੂੰ ਅੰਗਰੇਜ਼ੀ ਆ ਜਾਵੇ ਤਾਂ ਕਿ ਆਈਲੈਟਸ ਦਾ ਇਮਤਿਹਾਨ ਦੇ ਕੇ ਉਹ ਬਾਹਰਲੇ ਦੇਸ਼ ਦਾ ਬੂਹਾ ਖੜਕਾ ਸਕੇ।

ਪਹਿਲਾਂ-ਪਹਿਲ ਵਿਦਿਆਰਥੀ ਇੱਥੇ ਉਚੇਰੀ ਵਿੱਦਿਆ ਹਾਸਲ ਕਰਨ ਆਉਂਦੇ ਸਨ ਅਤੇ ਪੜ ਕੇ ਜਾਂ ਤਾਂ ਵਤਨ ਪਰਤ ਜਾਂਦੇ ਜਾਂ ਐਥੇ ਵਧੀਆ ਜੌਬਾਂ ’ਤੇ ਸੈਟਲ ਹੁੰਦੇ ਸਨ। ਹੁਣ ਵਿਦਿਆਰਥੀਆਂ ਦਾ ਸ਼ੋਸ਼ਣ ਤਾਂ ਉੱਥੇ ਖੁੱਲੇ ਆਈਲੈਟਸ ਸਕੂਲਾਂ ਤੋਂ ਬੈਂਡ ਲੈਣ ਲਈ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸਕੂਲ ਮਨਮਰਜ਼ੀ ਦੀਆਂ ਫ਼ੀਸਾਂ ਲੈ ਕੇ, ਬੈਂਡਾਂ ਦੇ ਦਾਅਵੇ ਕਰਕੇ ਵਿਦਿਆਰਥੀਆਂ ਦੀ ਲੁੱਟ ਕਰਦੇ ਹਨ। ਫਿਰ ਇਮੀਗ੍ਰੇਸ਼ਨ ਸਲਾਹਕਾਰ ਜੋ ਕੈਨੇਡਾ ਵਿੱਚ ਥਾਂ ਥਾਂ ’ਤੇ ਖੁੰਬਾਂ ਵਾਂਗੂੰ ਉੱਗੇ ਕਾਲਜਾਂ ਨਾਲ਼ ਰਾਬਤਾ ਕਰਕੇ ਦੋ-ਦੋ ਜਾਂ ਤਿੰਨ-ਤਿੰਨ ਸਾਲ ਦੀਆਂ ਪਹਿਲਾਂ ਹੀ ਫ਼ੀਸਾਂ ਭਰਵਾ ਲੈਂਦੇ ਹਨ। ਮਾਪਿਆਂ ਜਾਂ ਬੱਚਿਆਂ ਨੂੰ ਇਨਾਂ ਸਕੂਲਾਂ ਕਾਲਜਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ ਹੁੰਦੀ ਪਰ ਰੀਸੋ-ਰੀਸ ਉਹ ਇੱਕ ਦੂਜੇ ਤੋਂ ਅੱਗੇ ਪਿੱਛੇ ਭੱਜਦੇ ਹਨ। ਸਲਾਹਕਾਰਾਂ ਦੀ ਵੀ ਇਹੀ ਹੋੜ ਹੈ ਕਿ ਜੋ ਉਨਾਂ ਕੋਲ਼ ਇੱਕ ਵਾਰ ਫਸ ਗਿਆ, ਉਹਨੂੰ ਕਿਵੇਂ ਨਾ ਕਿਵੇਂ ਉਹ ਨੂੰ ਜਹਾਜ਼ੇ ਚੜਾ ਦੇਣ ਤੇ ਆਪਣੀਆਂ ਜੇਬਾਂ ਭਰ ਲੈਣ। ਉਨਾਂ ਨਾਲ਼ ਬਾਅਦ ਵਿੱਚ ਕੀ ਵਾਪਰਦਾ ਹੈ ਉਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ। ਇਸ ਦਾ ਹੀ ਸਿੱਟਾ ਹੈ ਕਿ ਜੋ ਕਿਊਬੈਕ ਵਿੱਚ ਤਿੰਨ ਕਾਲਜ ਦੀਵਾਲੀਆ ਹੋ ਗਏ ਹਨ ਉਨਾਂ ਵਿੱਚ 1173 ਦੇ ਕਰੀਬ ਭਾਵ 95% ਵਿਦਿਆਰਥੀ ਪੰਜਾਬ ਤੋਂ ਸਨ। ਇਨਾਂ ਵਿੱਚੋਂ 633 ਵਿਦਿਆਰਥੀ ਕੋਵਿਡ ਕਰਕੇ ਭਾਰਤ ਤੋਂ ਇੱਥੇ ਪਹੁੰਚ ਹੀ ਨਹੀਂ ਸਕੇ ਪਰ ਹਰ ਵਿਦਿਆਰਥੀ ਨੇ 15 ਹਜ਼ਾਰ ਡਾਲਰ ਫ਼ੀਸ ਭਰੀ ਸੀ। ਉਨਾਂ ਦੇ ਵੀਜ਼ੇ ਵੀ ਰੱਦ ਕਰ ਦਿੱਤੇ ਗਏ ਅਤੇ ਡਾਲਰ ਵੀ ਰੀਫੰਡ ਨਹੀਂ ਕੀਤੇ ਜਾ ਰਹੇ। ਇਨਾਂ ਕਾਲਜਾਂ ਨੇ ਬੱਚਿਆਂ ਤੋਂ 64 ਲੱਖ ਡਾਲਰ ਇਕੱਠਾ ਕਰਕੇ ਆਪਣਾ ਝੁੱਗਾ ਚੱਕ ਦਿੱਤਾ ਹੈ। ਇਨਾਂ ਕਾਲਜਾਂ ਦੇ ਮਾਲਕਾਂ ਦਾ ਇਹ ਬਿਜ਼ਨੈੱਸ ਪਹਿਲਾਂ ਵੀ 2016 ਵਿੱਚ ਸੈਸਪੈਂਡ ਕੀਤਾ ਗਿਆ ਸੀ, ਪਰ ਸਰਕਾਰ ਨੇ ਇਨਾਂ ਨੂੰ ਦੁਬਾਰਾ ਬਿਜ਼ਨੈੱਸ ਲਾਇਸੈਂਸ ਦੀ ਮਨਜ਼ੂਰੀ ਦੇ ਕੇ ਵਿਦਿਆਰਥੀਆਂ ਨੂੰ ਬਲੀ ਦੇ ਬੱਕਰੇ ਬਣਾਇਆ ਹੈ। ਜਿਹੜੇ ਵਿਦਿਆਰਥੀ ਇੱਥੇ ਪਹੁੰਚ ਵੀ ਗਏ ਹਨ ਉਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ 150 ਦਿਨਾਂ ਵਿੱਚ ਹੋਰ ਕਾਲਜਾਂ ਦੀਆਂ ਫ਼ੀਸਾਂ ਭਰਕੇ ਉੱਥੇ ਦਾਖ਼ਲ ਹੋ ਸਕਦੇ ਹਨ। ਜਿਹੜੀਆਂ ਦੋ ਸਾਲਾਂ ਦੀਆਂ ਫ਼ੀਸਾਂ 28 ਤੋਂ 30 ਹਜ਼ਾਰ ਦੂਸਰੇ ਕਾਲਜ ਹੋਰ ਲੈਣਗੇ, ਉਹ ਹੁਣ ਕਿਹੜਾ ਖੂਹ ਪੁੱਟਣ। ਉਨਾਂ ਦੇ ਵਰਕ ਪਰਮਿਟ ਵੀ ਸਕੂਲਾਂ ਦੇ ਸਟੱਡੀ ਵੀਜ਼ੇ ਦੇ ਨਾਲ਼ ਹੀ ਖ਼ਤਮ ਹੋ ਗਏ ਹਨ। ਇਸ ਬਾਰੇ ਇੱਕ ਐਮ. ਪੀ. ਨੇ ਕਿਹਾ ਕਿ ਫੈਡਰਲ ਸਰਕਾਰ ਇਹਦੇ ਵਿੱਚ ਕੁਝ ਨਹੀਂ ਕਰ ਸਕਦੀ, ਇਹ ਸੂਬਿਆਂ ਦਾ ਮਾਮਲਾ ਹੈ। ਸ਼ੱਕ ਇਹ ਪੈਦਾ ਹੁੰਦਾ ਹੈ ਕਿ ਇਨਾਂ ਕਾਲਜਾਂ ਦੀ ਇਨਫ਼ਰਮੇਸ਼ਨ ਤਾਂ ਕੈਨੇਡਾ ਦੀ ਵੈੱਬਸਾਈਟ ਕੈਨੇਡਾ ਡੌਟ ਸੀ ਏ ’ਤੇ ਹੀ ਪਾਈ ਗਈ ਸੀ, ਜਿਸਤੋਂ ਇਹ ਵਿਦਿਆਰਥੀ ਚੈੱਕ ਕਰਕੇ ਦਾਖ਼ਲਾ ਲੈਂਦੇ ਹਨ।

ਇਸ ਮਸਲੇ ’ਤੇ ਗ਼ੌਰ ਕਰਦਿਆਂ ਨਜ਼ਰੀਂ ਪੈਂਦਾ ਹੈ ਕਿ ਇਹ ਦੇਸ਼ ਜੋ ਕੁਝ ਸਾਲ ਪਹਿਲਾਂ ਇੱਥੇ ਵਾਧੂ ਚਿੜੀ ਨਹੀਂ ਸੀ ਫਟਕਣ ਦਿੰਦੇ ਉਹ ਐਨੇ ਦਿਆਲੂ ਕਿਵੇਂ ਹੋ ਗਏ? ਇਨਾਂ ਨੂੰ ਇਹ ਹੇਜ ਕਿਉਂ ਜਾਗਿਆ ਕਿ ਜਿਹੜੇ 17-17 ਸਾਲ ਦੇ ਬੱਚਿਆਂ ਨੂੰ ਲੱਖਾਂ ਦੀ ਗਿਣਤੀ ਵਿੱਚ ਬੁਲਾ ਰਹੇ ਹਨ। ਇਹ ਗੱਲ ਤਾਂ ਸਾਨੂੰ ਅੱਖਾਂ ਮੀਚ ਕੇ ਮੰਨ ਲੈਣੀ ਚਾਹੀਦੀ ਹੈ ਕਿ ਪੂੰਜੀਵਾਦ ਦਾ ਮੁੱਢਲਾ ਕੰਮ ਸਿਰਫ਼ ਮੁਨਾਫ਼ਾ ਹੈ। ਇਸ ਦੇ ਮੱਦੇਨਜ਼ਰ ਹੀ ਇਸ ਸ਼ੋਸ਼ਣ ਦੀ ਸ਼ੁਰੂਆਤ ਹੁੰਦੀ ਹੈ

ਬਾਕੀ ਸਫ਼ਾ 33 ’ਤੇ

# ਭ੍ਰਿਸ਼ਟਾਚਾਰ ਰੋਕਣ ਲਈ ਪਹਿਲਾਂ ਚੋਣਾਂ ਵਿੱਚ ਭ੍ਰਿਸ਼ਟਾਚਾਰ ਰੋਕਣਾ ਪਵੇਗਾ



**ਗੁਰਮੀਤ ਸਿੰਘ ਪਲਾਹੀ**
9815802070

ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ, ਵਿਧਾਨ ਸਭਾ ਚੋਣਾਂ ਲਈ ਪ੍ਰਤੀ ਉਮੀਦਵਾਰ ਖ਼ਰਚੇ ਦੀ ਹੱਦ ਲੋਕ ਸਭਾ ਲਈ 70 ਲੱਖ ਤੋਂ 95 ਲੱਖ ਅਤੇ ਰਾਜਾਂ ਦੀਆਂ ਚੋਣਾਂ ਲਈ ਹੱਦ 28 ਲੱਖ ਤੋਂ 40 ਲੱਖ ਕਰ ਦਿੱਤੀ ਹੈ। ਇਹ ਹੱਦ ਪੰਜਾਬ ਸਮੇਤ ਦੇਸ਼ ਵਿੱਚ ਹੋ ਰਹੀਆਂ ਪੰਜ ਸੂਬਿਆਂ ਦੀਆਂ ਚੋਣਾਂ ’ਤੇ ਲਾਗੂ ਹੋਏਗੀ। ਪਰ ਚੋਣਾਂ ਵਿੱਚ ਭ੍ਰਿਸ਼ਟਾਚਾਰ ਦਾ ਇੰਨਾ ਬੋਲਬਾਲਾ ਵੇਖਣ ਨੂੰ ਮਿਲਦਾ ਹੈ ਕਿ ਸ਼ਰਾਬ ਅਤੇ ਪੈਸੇ ਦੀ ਚੋਣਾਂ ਵਿੱਚ ਅੰਤਾਂ ਦੀ ਵਰਤੋਂ ਹੁੰਦੀ ਹੈ। ਕਾਲੇ ਧਨ ਦੀ ਸ਼ਰੇਆਮ ਵਰਤੋਂ ਹੁੰਦੀ ਹੈ। ਭਾਵੇਂ ਚੋਣਾਂ ਉੱਤੇ ਖ਼ਰਚੇ ਜਾਣ ਵਾਲੀ ਰਕਮ ਦੀ ਹੱਦ ਲਗਭਗ ਹਰੇਕ ਉਮੀਦਵਾਰ ਪੂਰੀ ਰੱਖਦਾ ਹੈ, ਪਰ ਅਸਲ ਮਾਅਨਿਆਂ ਵਿੱਚ ਖ਼ਰਚਾ ਉਸ ਹੱਦ ਤੋਂ ਕਿਧਰੇ ਵੱਧ ਵੇਖਣ ਨੂੰ ਮਿਲਦਾ ਹੈ।

ਸਾਰੇ ਜਾਣਦੇ ਹਨ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਤਿੰਨ ਐੱਮ ਭਾਰੂ ਰਹੇ। ਪਹਿਲਾ ਐੱਮ- ਮਨੀ (ਧਨ), ਦੂਜਾ ਐੱਮ-ਮਸ਼ੀਨ ਅਤੇ ਤੀਜਾ ਐੱਮ-ਮੀਡੀਆ। ਚੌਥਾ ਐੱਮ-ਮਾਡਲ ਕੋਡ ਆਫ ਕੰਡਕਟ (ਚੋਣ ਜਾਬਤਾ) ਕਿਧਰੇ ਨਹੀਂ ਦਿਸਿਆ। ਅੰਦਾਜ਼ਨ 60,000 ਕਰੋੜ ਲੋਕ ਸਭਾ 2019 ਵਿੱਚ ਖ਼ਰਚੇ ਗਏ, ਜਿਸ ਵਿੱਚੋਂ ਭਾਰਤੀ ਜਨਤਾ ਪਾਰਟੀ ਨੇ 27,000 ਕਰੋੜ (45 ਫੀਸਦੀ) ਖ਼ਰਚੇ। ਮੀਡੀਆ ਦਾ ਰੋਲ ਇਨਾਂ ਚੋਣਾਂ ਵਿੱਚ ਬਹੁਤ ਧਾਕੜ ਰਿਹਾ, ਜਿਸਨੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਅਤੇ ਉਸਦੀ ਪਾਰਟੀ ਦਾ ਪ੍ਰਚਾਰ ਪ੍ਰਮੁੱਖਤਾ ਨਾਲ ਕੀਤਾ। ਅਸਲ ਵਿੱਚ ਤਿੰਨ ਐੱਮ, ਮਨੀ, ਮਸ਼ੀਨ ਅਤੇ ਮੀਡੀਆ ਨੇ ਇਨਾਂ ਚੋਣਾਂ ਵਿੱਚ ਲੋਕਤੰਤਰ ਨੂੰ ਜ਼ਬਰਦਸਤੀ ਹਥਿਆ ਲਿਆ।ਚੋਣਾਂ ਹੀ ਹਨ, ਜਿਹੜੀਆਂ ਕਾਰਪੋਰੇਟ ਸੈਕਟਰਾਂ ਨੂੰ ਸਿਆਸਤਦਾਨਾਂ ਉੱਤੇ ਪ੍ਰਭਾਵ ਪਾਉਣ ਅਤੇ ਆਪਣੀ ਸ਼ਕਤੀਆਂ ਵਧਾਉਣ ਦਾ ਮੌਕਾ ਦਿੰਦੀਆਂ ਹਨ, ਕਿਉਂਕਿ ਸਿਆਸੀ ਪਾਰਟੀਆਂ ਕਾਰਪੋਰੇਟ ਸੈਕਟਰ ਦੇ ਬਲਬੂਤੇ ’ਤੇ ਚੋਣਾਂ ਲੜਦੀਆਂ ਅਤੇ ਜਿੱਤਦੀਆਂ ਹਨ। ਇਹ ਵਰਤਾਰਾ ਹੀ ਅਸਲ ਵਿੱਚ ਭ੍ਰਿਸ਼ਟਾਚਾਰ ਦਾ ਮੁੱਢ ਬੰਨਦਾ ਹੈ।

ਪਿਛਲੇ ਚਾਰ ਦਹਾਕਿਆਂ ਤੋਂ ਭ੍ਰਿਸ਼ਟਾਚਾਰ ਦਾ ਕੇਂਦਰ ਬਿੰਦੂ ਸਿਰਫ਼ ਸਿਆਸੀ ਖੇਤਰ ਹੀ ਨਹੀਂ ਰਿਹਾ, ਬਲਕਿ ਪ੍ਰਸ਼ਾਸਨ, ਪੁਲਿਸ, ਬਿਜਲੀ, ਕਚਹਿਰੀ, ਉਦਯੋਗ, ਨਿਵੇਸ਼, ਬੈਂਕਿੰਗ, ਜਹਾਜ਼ਰਾਨੀ, ਸੈਨਾ, ਸਿੱਖਿਆ, ਸਿਹਤ, ਨਿਆਪਾਲਿਕਾ, ਸੰਚਾਰ ਮਾਧਿਆਮ, ਨਗਰ ਪਾਲਿਕਾ, ਨੌਕਰਸ਼ਾਹੀ ਸੇਵਾ ਦੇ ਸਾਰੇ ਖੇਤਰ ਇਸਦੀ ਪਕੜ ਵਿੱਚ ਹਨ। ਘੱਟ ਕਾਰਪੋਰੇਟ ਖੇਤਰ ਅਤੇ ਖੇਤੀ ਮੰਡੀਆਂ ਵੀ ਨਹੀਂ, ਜਿੱਥੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਨਾ ਹੋਵੇ। ਪਿਛਲੇ ਸੱਤ ਵਰਿਆਂ ਤੋਂ ਸਰਕਾਰ ਕਹਿੰਦੀ ਹੈ, ‘ਭ੍ਰਿਸ਼ਟਾਚਾਰ ਖ਼ਤਮ ਕਰ ਦਿਆਂਗੇ।’ ਪਰ ਭ੍ਰਿਸ਼ਟਾਚਾਰ ਹਰ ਖੇਮੇ ਵਿੱਚ ਵਧਦਾ ਹੀ ਜਾ ਰਿਹਾ ਹੈ। ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰਨਾ ਹੁਣ ਝੂਠੀ ਜਿਹੀ ਗੱਲ ਵਾਂਗ ਲੱਗਦਾ ਹੈ, ਸਚਾਈ ਤੋਂ ਕੋਹਾਂ ਦੂਰ।

25 ਜਨਵਰੀ 2022 ਨੂੰ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਨੇ ਇੱਕ ਰਿਪੋਰਟ ਛਾਪੀ ਹੈ। ਸਾਲ 2021 ਦਾ “ਕਾਰਡ ਪਰਸੈਪਸ਼ਨ ਇੰਡੈਕਸ ਜਾਰੀ ਕੀਤਾ ਹੈ। ਭਾਰਤ ਨੇ 100 ਅੰਕਾਂ ਵਿੱਚੋਂ ਪਹਿਲਾਂ ਦੀ ਤਰਾਂ 40 ਅੰਕ ਪ੍ਰਾਪਤ ਕੀਤੇ। ਸਾਲ 2013 ਵਿੱਚ ਭਾਰਤ ਦਾ ਭ੍ਰਿਸ਼ਟਾਚਾਰ ਅੰਕ 36 ਸੀ, ਸਾਲ 2014-15 ਵਿੱਚ 38 ਹੋ ਗਿਆ। ਹੁਣ ਇਹ ਅੰਕ 40 ਹੋ ਗਿਆ। ਭਾਵ ਭ੍ਰਿਸ਼ਟਾਚਾਰ ਵਿੱਚ ਪਿਛਲੇ ਸਾਲਾਂ ਵਿੱਚ ਮਾਮੂਲੀ ਕਮੀ ਵੇਖਣ ਨੂੰ ਮਿਲੀ, ਪਰ ਇਹ ਇੰਨੀ ਨਹੀਂ ਸੀ, ਜਿੰਨੀ 2014 ਦੀ ਸਰਕਾਰ ਬਣਨ ’ਤੇ ਦਮਗਜੇ ਮਾਰਦੀ ਸੀ, ਆਖਦੀ ਸੀ ਕਿ ਕਾਲਾ ਧੰਨ ਖ਼ਤਮ ਕਰ ਦਿਆਂਗੇ, ਭ੍ਰਿਸ਼ਟਾਚਾਰ ਨੂੰ ਨੱਥ ਪਾ ਦਿਆਂਗੇ।

ਦੁਨੀਆ ਦੇ ਸਭ ਤੋਂ ਭ੍ਰਿਸ਼ਟ ਦੇਸ਼ਾਂ ਵਿੱਚ ਦੱਖਣੀ ਸੁਡਾਨ ਹੈ ਅਤੇ ਡੈਨਮਾਰਕ ਸਭ ਤੋਂ ਬਿਹਤਰ ਹੈ। ਅਮਰੀਕਾ ਦੀ ਸਥਿਤੀ 100 ਵਿੱਚੋਂ 27ਵੇਂ ਨੰਬਰ ’ਤੇ ਟਿਕੀ ਹੋਈ ਹੈ। ਅਸਲ ਵਿੱਚ ਭ੍ਰਿਸ਼ਟਾਚਾਰ ਵਿਸ਼ਵ ਵਿਆਪੀ ਵਰਤਾਰਾ ਹੈ। ਰਿਪੋਰਟ ਅਨੁਸਾਰ ਦੁਨੀਆ ਦੇ ਇੱਕ ਸੌ ਇਕੱਤੀ ਦੇਸ਼ਾਂ ਨੇ ਇੱਕ ਦਹਾਕੇ ਵਿੱਚ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਵਿੱਚ ਕੋਈ ਖ਼ਾਸ ਪ੍ਰਾਪਤੀ ਨਹੀਂ ਕੀਤੀ। ਭਾਰਤ ਵੀ ਉਨਾਂ ਵਿੱਚੋਂ ਇੱਕ ਹੈ। ਦੇਸ਼ ਭਾਰਤ ਵਿੱਚ ਬੈਂਕ ਘੁਟਾਲਿਆਂ ਨੇ ਮੌਜੂਦਾ ਸਰਕਾਰ ਵੇਲੇ ਵੱਡੀ ਬਦਨਾਮੀ ਖੱਟੀ ਹੈ। ਬਹੁਤ ਸਾਰੇ ਹੋਰ ਘਪਲੇ, ਘੁਟਾਲੇ ਵੀ ਸਾਹਮਣੇ ਆਏ ਹਨ, ਪਰ ਘੁਟਾਲਿਆਂ ਦੇ ਉਜਾਗਰ ਨਾ ਹੋਣ ਦਾ ਕਾਰਨ ਇਹ ਨਹੀਂ ਹੈ ਕਿ ਭ੍ਰਿਸ਼ਟਾਚਾਰੀ ਕਾਰਵਾਈਆਂ ਉੱਤੇ ਕਾਬੂ ਪਾ ਲਿਆ ਗਿਆ ਹੈ। ਅਸਲ ਵਿੱਚ ਤਾਂ ਭ੍ਰਿਸ਼ਟਾਚਾਰ ਇੱਕ ਨਾਸੂਰ ਦੀ ਤਰਾਂ ਵਧਦਾ ਹੀ ਜਾ ਰਾਹ ਹੈ।

ਭ੍ਰਿਸ਼ਟਾਚਾਰ ਦਾ ਇਤਿਹਾਸ ਭਾਰਤ ਵਿੱਚ ਅੰਗਰੇਜ਼ ਸਾਮਰਾਜ ਵੇਲੇ ਹੀ ਸ਼ੁਰੂ ਹੋ ਗਿਆ ਸੀ। ਅੰਗਰੇਜ਼ਾਂ ਦੀ ਭ੍ਰਿਸ਼ਟਾਚਾਰ ਬਾਰੇ ਜੋ ਨੀਤੀ ਸੀ, ਅਜ਼ਾਦ ਭਾਰਤ ਵਿੱਚ ਵੀ ਉਵੇਂ ਹੀ ਅਪਣਾਈ ਗਈ। ਹੁਣ ਤਾਂ ਦੇਸ਼ ਵਿੱਚ ਭ੍ਰਿਸ਼ਟਾਚਾਰ ਨੂੰ ਲਾਇਲਾਜ ਬੀਮਾਰੀ ਦੀ ਤਰਾਂ ਵੇਖਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਭ੍ਰਿਸ਼ਟਾਚਾਰ ਸਬੰਧੀ ਚਰਚਾ ਨਹੀਂ ਹੁੰਦੀ, ਇਸਦਾ ਵਿਰੋਧ ਸਾਰੇ ਕਰਦੇ ਹਨ। ਇਸ ਤੋਂ ਕਿਵੇਂ ਛੁਟਕਾਰਾ ਪਾਉਣਾ ਹੈ, ਇਸ ਸਬੰਧੀ ਸੱਚੇ ਮਨ ਨਾਲ ਕੋਈ ਵੀ ਧਿਰ ਅੱਗੇ ਨਹੀਂ ਆ ਰਹੀ, ਉਵੇਂ ਹੀ ਜਿਵੇਂ ਦੇਸ਼ ਦੀ ਕਾਨੂੰਨ ਘੜਨੀ ਸਭਾ ਵਿੱਚ ਅਪਰਾਧਿਕ ਮਾਮਲਿਆਂ ਵਾਲੇ ਲੋਕ ਮੈਂਬਰ ਬਣ ਰਹੇ ਹਨ। ਇਸਦੀ ਨਿੰਦਾ ਤਾਂ ਸਾਰੇ ਕਰਦੇ ਹਨ, ਪਰ ਕੋਈ ਵੀ ਇਸਦੇ ਖ਼ਾਤਮੇ ਦੀ ਚਰਚਾ ਨਹੀਂ ਕਰਦਾ। ਸਰਕਾਰ ਇਸ ਸਬੰਧੀ ਆਮ ਤੌਰ ’ਤੇ ਚੁੱਪੀ ਵੱਟੀ ਰੱਖਦੀ ਹੈ।

ਦੇਸ਼ ਵਿੱਚ ਅਜ਼ਾਦੀ ਤੋਂ ਬਾਅਦ 1948 ਵਿੱਚ ਜੀਪ ਘੁਟਾਲਾ ਹੋਇਆ, 1951 ਵਿੱਚ ਮੁਦਲ ਮਾਮਲਾ ਸਾਹਮਣੇ ਆਇਆ। ਕਾਂਗਰਸ ਰਾਜ ਵੇਲੇ ਘੁਟਾਲਿਆਂ ਬੋਲ ਬਾਲਾ ਰਿਹਾ। ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨੇ 1962 ਵਿੱਚ ਭ੍ਰਿਸ਼ਟਾਚਾਰ ਮਿਟਾਉਣ ਲਈ ਇੱਕ ਸੰਮਤੀ ਦਾ ਗਠਨ ਕੀਤਾ। ਇਸ ਸੰਮਤੀ ਨੇ ਸਪਸ਼ਟ ਤੌਰ ’ਤੇ ਰਿਪੋਰਟ ਜਾਰੀ ਕੀਤੀ ਕਿ ਪਿਛਲੇ 16 ਵਰਿਆਂ ਵਿੱਚ ਮੰਤਰੀਆਂ ਨੇ ਨਜਾਇਜ਼ ਰੂਪ ਵਿੱਚ ਧੰਨ ਹਾਸਲ ਕੀਤਾ ਹੈ ਅਤੇ ਆਪਣੀ ਵੱਡੀ ਜਾਇਦਾਦ ਬਣਾਈ ਹੈ।

1971 ਵਿੱਚ ਨਾਗਰਵਾਲਾ ਘੁਟਾਲਾ ਅਤੇ ਫਿਰ 1986 ਵਿੱਚ ਬੋਫ਼ਰਜ਼ ਘੁਟਾਲਾ ਸਾਹਮਣੇ ਆਇਆ, ਜਿਸ ਵਿੱਚ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉੱਤੇ ਦਲਾਲੀ ਦਾ ਦੋਸ਼ ਲੱਗਿਆ। ਇਸ ਤੋਂ ਬਾਅਦ ਕੇਂਦਰ ਸਰਕਾਰ ਦੇ ਮੰਤਰੀਆਂ ਉੱਤੇ ਘੁਟਾਲਿਆਂ, ਘਪਲਿਆਂ ਤੇ ਨਜਾਇਜ਼ ਸੰਪਤੀ ਬਣਾਉਣ ਦੇ ਦੋਸ਼ ਲੱਗਦੇ ਰਹੇ। ਕੇਂਦਰ ਹੀ ਕਿਉਂ ਸੂਬਿਆਂ ਦੇ ਮੁੱਖ ਮੰਤਰੀ ਅਤੇ ਮੰਤਰੀ ਵੀ ਇਨਾਂ ਦੋਸ਼ਾਂ ਤੋਂ ਬਚ ਨਹੀਂ ਸਕੇ। ਚਾਰਾ ਘੁਟਾਲਾ ਵਿੱਚ ਬਿਹਾਰ ਦਾ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਹਾਲੇ ਤਕ ਫਸਿਆ ਹੋਇਆ ਹੈ।

ਮੌਜੂਦਾ ਸਰਕਾਰ ਨੇ ਸਵਿੱਸ ਬੈਂਕ ਵਿੱਚ ਪਏ ਭਾਰਤੀ ਨੇਤਾਵਾਂ, ਨੌਕਰਸ਼ਾਹਾਂ ਦੇ ਕਾਲੇ ਧੰਨ ਨੂੰ ਵਾਪਸ ਲਿਆਉਣ ਦਾ ਵਾਅਦਾ ਕੀਤਾ ਸੀ। ਪਰ ਇਹ ਵਾਅਦਾ ਕਦੇ ਵੀ ਵਫ਼ਾ ਨਾ ਹੋ ਸਕਿਆ। ਇੱਕ ਰਹੱਸ ਹੀ ਬਣਿਆ ਹੋਇਆ ਹੈ। ਸਵਿੱਸ ਬੈਂਕ ਦੇ ਨਿਰਦੇਸ਼ਕ ਦਾ ਕਹਿਣਾ ਹੈ ਕਿ ਭਾਰਤ ਦੇ ਅੱਸੀ ਲੱਖ ਕਰੋੜ ਰੁਪਏ ਉਨਾਂ ਦੇ ਬੈਂਕ ਵਿੱਚ ਜਮਾਂ ਹਨ। ਜੇਕਰ ਇਹ ਕਾਲਾ ਧੰਨ ਵਾਪਸ ਆ ਜਾਏ ਤਾਂ ਭਾਰਤ ਨੇ ਜਿਹੜਾ ਕਰਜ਼ਾ ਵਿਸ਼ਵ ਬੈਂਕ ਤੋਂ ਲਿਆ ਹੈ, ਉਹ ਅਸਾਨੀ ਨਾਲ ਵਾਪਸ ਕੀਤਾ ਜਾ ਸਕਦਾ ਹੈ।

ਭ੍ਰਿਸ਼ਟਾਚਾਰ ਦਾ ਦੇਸ਼ ਅਤੇ ਸਮਾਜ ਦੀ ਆਰਥਿਕ, ਸਿੱਖਿਆ ਸਥਿਤੀ, ਰੁਜ਼ਗਾਰ ਅਤੇ ਸਿਹਤ ਉੱਤੇ ਡੂੰਘਾ ਅਸਰ ਪੈਂਦਾ ਹੈ। ਅਸਰ ਤਾਂ ਇਸਦਾ ਨਿਆਂ ਵਿਵਸਥਾ, ਸਮਾਜਿਕ ਸੁਰੱਖਿਆ, ਖੁਸ਼ਹਾਲੀ ਦੇ ਪੈਮਾਨਿਆਂ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਵੀ ਹੈ, ਲੇਕਿਨ ਆਰਥਿਕ ਖੇਤਰ, ਸਿਹਤ ਪ੍ਰਸ਼ਾਸਨ ਅਤੇ ਨਿਆਂ ਵਿਵਸਥਾ ਉੱਤੇ ਪੈਣ ਵਾਲਾ ਅਸਰ ਸਮਾਜ ਨੂੰ ਝੰਜੋੜ ਰਿਹਾ ਹੈ, ਮੁਸ਼ਕਿਲ ਵਿੱਚ ਪਾ ਰਿਹਾ ਹੈ।

ਵਿਡੰਬਨਾ ਵੇਖੋ, ਕੇਂਦਰ ਸਰਕਾਰ ਕਹਿੰਦੀ ਹੈ ਕਿ ਉਹ ਦੇਸ਼ ਨੂੰ ਆਰਥਿਕ ਖੇਤਰ ਵਿੱਚ ਦੁਨੀਆ ਦੀ ਮਹਾਂਸ਼ਕਤੀ ਬਣਾਏਗੀ। ਪਰ ਅਮਰੀਕਾ ਵਾਂਗ ਮਹਾਂਸ਼ਕਤੀ ਬਣਨ ਲਈ ਉਕਤ ਤਕਨੀਕ ਵਿਕਸਤ ਹੋਣੀ ਜ਼ਰੂਰੀ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਵਿਦੇਸ਼ਾਂ ਤੋਂ ਕੋਈ ਚੀਜ਼ ਨਾ ਮੰਗਵਾਉਣੀ ਪਵੇ। ਦੂਜਾ, ਮਹਾਂਸ਼ਕਤੀ ਬਣਨ ਲਈ ਉਪਭੋਗਤਾ ਵਸਤੂਆਂ ਦਾ ਅਧਿਕ ਉਤਪਾਦਨ ਹੋਣਾ ਜ਼ਰੂਰੀ ਹੈ, ਜੋ ਭਾਰਤ ਨਾਲੋਂ ਚੀਨ ਕੋਲ ਜ਼ਿਆਦਾ ਹੈ। ਜਿਸ ਢੰਗ ਨਾਲ ਭਾਰਤ ਵਿੱਚ ਅਸਮਾਨਤਾ ਹੈ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਉਸ ਅਨੁਸਾਰ ਭਾਰਤ ਮਹਾਂਸ਼ਕਤੀ ਬਣਨ ਦੇ ਨੇੜੇ ਤੇੜੇ ਨਹੀਂ ਪੁੱਜ ਰਿਹਾ।

ਬੋਫ਼ਰਜ਼ ਘੁਟਾਲਾ, ਅਗਸਤਾ ਵੈਸਟਲੈਂਡ ਹੈਲੀਕਾਪਟਰ ਘੁਟਾਲਾ, ਆਦਰਸ਼ ਸੁਸਾਇਟੀ ਘੁਟਾਲਾ ਕੀ ਮਿਲਟਰੀ ਵਿੱਚ ਘੁਟਾਲੇ ਦਾ ਸੰਕੇਤ ਨਹੀਂ ? ਕੀ ਮੀਡੀਆ ਵਿੱਚ ਪੇਡ ਨਿਊਜ਼ ਅਤੇ ਗਲਤ ਖ਼ਬਰਾਂ ਪ੍ਰਮੁੱਖਤਾ ਨਾਲ ਛਾਪਣਾ ਭ੍ਰਿਸ਼ਟਾਚਾਰ ਨਹੀਂ ? ਨੌਕਰਸ਼ਾਹੀ ਵੀ ਭ੍ਰਿਸ਼ਟਾਚਾਰ ਤੋਂ ਬਚੀ ਨਹੀਂ। ਭ੍ਰਿਸ਼ਟਾਚਾਰ ਰੋਕਣ ਲਈ ਕੇਂਦਰ ਸਰਕਾਰ ਦੇ ਕਈ ਕਾਨੂੰਨ ਹਨ, ਜਿਸ ਵਿੱਚ ਭਾਰਤੀ ਦੰਡ ਸੰਹਿਤਾ ਕਾਨੂੰਨ 1860, ਭ੍ਰਿਸ਼ਟਾਚਾਰ ਕਾਨੂੰਨ 1988, ਬੇਨਾਮੀ ਲੈਣ ਦੇਣ ਅਧਿਨਿਯਮ ਨਿਵਾਰਤ ਕਾਨੂੰਨ 2002, ਆਮਦਨ ਕਰ ਕਾਨੂੰਨ 1961, ਲੋਕਪਾਲ ਕਾਨੂੰਨ 2013 ਪ੍ਰਮੁੱਖ ਹਨ।

ਕੀ ਸਿਰਫ਼ ਕਾਨੂੰਨ ਬਣਾਉਣ ਨਾਲ ਭ੍ਰਿਸ਼ਟਾਚਾਰ ਰੋਕਿਆ ਜਾ ਸਕਦਾ ਹੈ ? ਕਦਾਚਿਤ ਨਹੀਂ। ਭ੍ਰਿਸ਼ਟਾਚਾਰ ਰੋਕਣ ਲਈ ਪਹਿਲਾਂ ਚੋਣਾਂ ਵਿੱਚ ਭ੍ਰਿਸ਼ਟਾਚਾਰ ਰੋਕਣਾ ਪਵੇਗਾ, ਅਪਰਾਧੀਆਂ ਦਾ ਲੋਕ ਸਭਾ, ਵਿਧਾਨ ਸਭਾਵਾਂ ਵਿੱਚ ਦਾਖ਼ਲਾ ਬੰਦ ਕਰਨਾ ਹੋਏਗਾ। ਭ੍ਰਿਸ਼ਟਾਚਾਰ ਰੋਕਣ ਲਈ ਨਿਆਂਪਾਲਿਕਾ, ਕਾਰਜਪਾਲਿਕਾ, ਵਿਧਾਇਕਾਂ ਅਤੇ ਮੀਡੀਆ ਨੂੰ ਆਪਣੇ ਕਰਤਵ ਇਮਾਨਦਾਰੀ ਨਾਲ ਨਿਭਾਉਣੇ ਹੋਣਗੇ ਅਤੇ ਨਾਲ ਹੀ ਸ਼ਾਸਨ ਪ੍ਰਸ਼ਾਸਨ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ।





# ਸਿਹਤ ਸੰਭਾਲ




# ਪੰਜਾਬ ਦੇ ਪਿੰਡਾਂ ਦੇ ਪਾਣੀ ਵਿੱਚ ਯੂਰੇਨੀਅਮ ਕਾਰਨ ਪੰਜਾਬੀਆਂ ਦੀ ਸਿਹਤ ਵਿਗੜੀ

## ✪ ਕਿਡਨੀ, ਕੈਂਸਰ ਦੀਆਂ ਬੀਮਾਰੀਆਂ ਦਾ ਸ਼ਿਕਾਰ ਪੰਜਾਬੀ ✪ ਵਿੰਗੇ ਟੇਡੇ, ਅੰਗਹੀਣ ਬੱਚੇ ਜਨਮ ਲੈਣ ਲੱਗੇ ✪ ਨੇਤਾ ਆ ਕੇ ਵੋਟਾਂ ਲੈ ਜਾਂਦੇ ਹਨ ਪਰ ਕਿਸੇ ਨੇ ਪੀੜਤਾਂ ਦੀ ਕੋਈ ਸਹਾਇਤਾ ਨਹੀਂ ਕੀਤੀ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਮਾਲਵੇ ਦੇ ਅੱਧੀ ਦਰਜਨ ਜ਼ਿਲੇ ਯੂਰੇਨੀਅਮ ਦੀ ਮਾਰ ਹੇਠ ਆਏ ਹੋਏ ਹਨ। ਫ਼ਾਜ਼ਿਲਕਾ, ਅਬੋਹਰ ਦੇ ਕੁਝ ਹਿੱਸਿਆਂ ਵਿੱਚ ਇਹ ਮਾਤਰਾ ਪੰਜ ਗੁਣਾ ਵੱਧ ਤੱਕ ਪਾਈ ਗਈ ਹੈ। ਇਨਾਂ ਜ਼ਿਲਿਆਂ ਦੇ ਧਰਤੀ ਹੇਠਲੇ ਪਾਣੀ ਵਿੱਚ ਇਕੱਲੀ ਯੂਰੇਨੀਅਮ ਦੀ ਮਾਤਰਾ ਹੀ ਵੱਧ ਨਹੀਂ ਬਲਕਿ ਪਾਣੀ ਵਿੱਚ ਭਾਰੀ ਧਾਤਾਂ ਦੀ ਮਾਤਰਾ ਵੀ ਵੱਧ ਪਾਈ ਗਈ ਹੈ। ਸਾਲ 2008-2009 ਦੌਰਾਨ ਯੂਰੇਨੀਅਮ ਮਸਲਾ ਹੋਰ ਵੀ ਚਰਚਾ ਵਿੱਚ ਆਇਆ ਸੀ। ਇਸ ਹਾਲਤ ਨੂੰ ਬਿਹਤਰ ਸਮਝਣ ਲਈ ਬਾਬਾ ਫ਼ਰੀਦ ਸੈਂਟਰ ਫ਼ਾਰ ਸਪੈਸ਼ਲ ਚਿਲਡਰਨ ਨੇ ਜਰਮਨੀ ਦੀ ਹਰਜ਼ਬਰੁਕ ਵਿਖੇ ਮਾਈਕਰੋ ਟਰੇਸ ਮਿਨਰਲਜ਼ ਲੈਬ ਵਿੱਚ ਸੌ ਤੋਂ ਵੱਧ ਬੱਚਿਆਂ ਦੇ ਸੈਂਪਲ ਭੇਜੇ। ਰਿਪੋਰਟ ਮੁਤਾਬਕ ਜਿਨਾਂ ਬੱਚਿਆਂ ਦੇ ਸੈਂਪਲ ਟੈਸਟ ਕੀਤੇ ਗਏ ਸਨ, ਉਨਾਂ ਵਿੱਚੋਂ 149 ਬੱਚਿਆਂ ਵਿੱਚੋਂ 87 ਫ਼ੀਸਦ ਵਿੱਚ ਯੂਰੇਨੀਅਮ ਸੀ, 86 ਫ਼ੀਸਦ ਵਿੱਚ ਅਲੂਮੀਨੀਅਮ ਅਤੇ 36 ਬੱਚਿਆਂ ਵਿੱਚ ਕੈਡਮੀਅਮ। ਜਦੋਂ ਜਰਮਨੀ ਤੋਂ ਰਿਪੋਰਟ ਆਈ ਤਾਂ ਸਾਰੇ ਪਾਸੇ ਹੜਕੰਪ ਮੱਚ ਗਿਆ, ਕਿਉਂਕਿ ਜ਼ਿਆਦਾਤਰ ਬੱਚਿਆਂ ਵਿੱਚ ਯੂਰੇਨੀਅਮ, ਆਰਸੈਨਿਕ, ਲੈੱਡ, ਨਿੱਕਲ ਵਰਗੇ ਤੱਤ ਤੈਅ ਮਾਤਰਾ ਤੋਂ ਕਿਤੇ ਜ਼ਿਆਦਾ ਗੁਣਾ ਪਾਏ ਗਏ।

ਇੱਕ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਸ ਦੇ ਸਭ ਤੋਂ ਵੱਧ ਫ਼ੀਸਦ ਪਾਣੀ ਦੇ ਨਮੂਨਿਆਂ ਵਿੱਚ ਵਿਸ਼ਵ ਸਿਹਤ ਸੰਗਠਨ ਦੇ ਤੈਅ ਪੈਮਾਨਿਆਂ ਤੋਂ ਵੱਧ ਯੂਰੇਨੀਅਮ ਪਾਇਆ ਗਿਆ ਹੈ।

ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਵੱਲੋਂ ਸਾਲ 2020 ਵਿੱਚ ਜਾਰੀ ਕੀਤੀ ਰਿਪੋਰਟ ਵਿੱਚ ਇਸ ਦਾ ਖ਼ੁਲਾਸਾ ਹੋਇਆ ਹੈ। ਰਿਪੋਰਟ ਮੁਤਾਬਕ ਫ਼ਾਜ਼ਿਲਕਾ, ਅਬੋਹਰ ਦੇ ਕੁਝ ਹਿੱਸਿਆਂ ਵਿੱਚ ਇਹ ਮਾਤਰਾ ਪੰਜ ਗੁਣਾ



ਵੱਧ ਤੱਕ ਪਾਈ ਗਈ ਹੈ। ਮਾਲਵੇ ਦੇ ਦੂਜੇ ਜ਼ਿਲੇ ਬਠਿੰਡਾ, ਮੋਗਾ, ਫ਼ਰੀਦਕੋਟ, ਮੁਕਤਸਰ, ਫ਼ਾਜ਼ਿਲਕਾ, ਸੰਗਰੂਰ, ਫਿਰੋਜ਼ਪੁਰ, ਪਟਿਆਲਾ ਸਮੇਤ ਕਈ ਜ਼ਿਲੇ ਪ੍ਰਭਾਵਿਤ ਹਨ। ਕਈ ਗੰਭੀਰ ਬਿਮਾਰੀਆਂ ਤੇ ਮੌਤ ਦਾ ਕਾਰਨ ਬਣਨ ਵਾਲੇ ਇਹ ਰਸਾਇਣ ਚੋਣਾਂ ਦਾ ਕਈ ਵਾਰ ਮੁੱਦਾ ਵੀ ਬਣੇ ਹਨ ਪਰ ਇਸ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ।

ਜਿਨਾਂ ਬੱਚਿਆਂ ਦੇ ਸੈਂਪਲ ਜਰਮਨੀ ਦੀ ਲੈਬ ਵਿੱਚ ਭੇਜੇ ਗਏ ਦੀਕਸ਼ਾ ਉਨਾਂ ਵਿੱਚੋਂ ਇੱਕ ਸੀ। ਦੀਕਸ਼ਾ ਦੀ ਰਿਪੋਰਟ ਮੁਤਾਬਕ ਉਸ ਦੇ ਸਰੀਰ ਵਿੱਚ ਯੂਰੇਨੀਅਮ ਦੀ ਮਾਤਰਾ ਤੈਅ ਪੈਮਾਨਿਆਂ ਨਾਲ਼ੋਂ ਲਗਭਗ 28 ਗੁਣਾ ਵੱਧ ਸੀ।

ਆਪਣੀ 19 ਸਾਲਾ ਧੀ ਦੀਕਸ਼ਾ ਦੀ ਗੱਲ ਕਰਦਿਆਂ ਪੰਜਾਬ ਦੇ ਫ਼ਰੀਦਕੋਟ ਜ਼ਿਲੇ ਦੇ ਕਸਬੇ ਕੋਟਕਪੂਰਾ ਦੇ ਰਹਿਣ ਵਾਲੇ ਮਨਿੰਦਰ ਅਹੂਜਾ ਦਾ ਗੱਚ ਭਰ ਆਉਂਦਾ ਹੈ। 2002 ਵਿੱਚ ਉਨਾਂ ਦੇ ਘਰ ਜਦੋਂ ਬੇਟੀ ਦਾ ਜਨਮ ਹੋਇਆ ਤਾਂ ਉਨਾਂ ਨੇ ਚਾਅ ਨਾਲ਼ ਉਸਦਾ ਨਾਂ ਰੱਖਿਆ ਦੀਕਸ਼ਾ। ਪਰ ਦੀਕਸ਼ਾ ਨੂੰ ਨਾ ਕਦੇ ਆਪਣੇ ਨਾਂ ਦੀ ਸਮਝ ਲੱਗ ਸਕੀ ਅਤੇ ਨਾ ਹੀ ਉਹ ਆਪਣੇ ਪਿਤਾ ਨੂੰ ਪਾਪਾ ਜਾਂ ਡੈਡੀ ਕਹਿ ਸਕੀ। ਉਨਾਂ ਦੀ ਬੱਚੀ ਨਾ ਬੋਲ ਸਕਦੀ ਹੈ ਅਤੇ ਨਾ ਹੀ ਦਿਮਾਗ਼ੀ ਤੌਰ ਉੱਤੇ ਤੰਦਰੁਸਤ ਹੈ।

ਫ਼ਾਜ਼ਿਲਕਾ ਦਾ ਪਿੰਡ ਤੇਜਾ ਰੁਹੇਲਾ ਜਿੱਥੋਂ ਦੇ ਇੱਕ ਘਰ ਦੇ ਦੋਵੇਂ ਭਰਾ ਹੌਲ਼ੀ-ਹੌਲ਼ੀ ਜੋਤਹੀਣ ਹੋ ਗਏ। ਉਨਾਂ ਮੁਤਾਬਕ ਇਨਾਂ ਰਸਾਇਣਕ ਤੱਤਾਂ ਦਾ ਮਨੁੱਖੀ ਸਿਹਤ ਉੱਪਰ ਬੇਹੱਦ ਮਾੜਾ ਤੇ ਗੰਭੀਰ ਅਸਰ ਪੈਂਦਾ ਹੈ। ਇਹ ਦਿਲ, ਜਿਗ਼ਰ, ਫੇਫੜੇ, ਗੁਰਦੇ ਵਰਗੇ ਮਹੱਤਵਪੂਰਨ ਅੰਗਾਂ ਨੂੰ ਪ੍ਰਭਾਵਿਤ ਕਰਦੇ ਹਨ।

ਪਿੰਡ ਦੋਨਾ ਨਾਨਕਾ ਵਿੱਚ ਇੱਕ ਅਜਿਹਾ ਪਰਿਵਾਰ ਮਿਲਿਆ ਜਿਸ ਦੇ ਦੋਵੇਂ ਜਵਾਨ ਬੱਚੇ ਆਪਣੀ ਅੱਖਾਂ ਦੀ ਰੌਸ਼ਨੀ ਗਵਾ ਚੁੱਕੇ ਹਨ। ਖੇਤੀ ਤੇ ਮਜ਼ਦੂਰੀ ਕਰ ਕੇ ਗੁਜ਼ਾਰਾ ਕਰਨ ਵਾਲਾ ਇਹ ਪਰਿਵਾਰ ਆਪਣੀਆਂ ਮੱਝਾਂ ਵੀ ਬੱਚਿਆਂ ਦੇ ਇਲਾਜ ਪਿੱਛੇ ਵੇਚ ਚੁੱਕਿਆ ਹੈ। ਆਪਣੀ ਅੱਖਾਂ ਦੀ ਰੋਸ਼ਨੀ ਗਵਾ ਚੁੱਕੇ ਸ਼ੰਕਰ ਸਿੰਘ ਨੇ ਦੱਸਿਆ, 'ਪੰਜਵੀਂ ਜਮਾਤ ਤੱਕ ਨਜ਼ਰ ਸਹੀ ਸੀ ਅਤੇ ਫਿਰ ਹੌਲ਼ੀ-ਹੌਲ਼ੀ ਬਾਰਾਂ ਸਾਲ ਦੀ ਉਮਰ ਤੋਂ ਬਾਅਦ ਇਹ ਘੱਟ ਹੋਣੀ ਸ਼ੁਰੂ ਹੋਈ ਅਤੇ 18 ਸਾਲ ਤੱਕ ਦਿਸਣਾ ਬੰਦ ਹੋ ਗਿਆ। ਨੇਤਾ ਆ ਕੇ ਵੋਟਾਂ ਲੈ ਜਾਂਦੇ ਹਨ ਪਰ ਕਿਸੇ ਨੇ ਕੋਈ ਸਹਾਇਤਾ ਨਹੀਂ ਕੀਤੀ।'

ਸ਼ੰਕਰ ਦੀ ਮਾਤਾ ਕਸ਼ਮੀਰਾ ਬਾਈ ਨੇ ਦੱਸਿਆ ਕਿ ਉਨਾਂ ਦੇ ਦੂਸਰੇ ਬੇਟੇ ਵਿਸਾਖਾ ਸਿੰਘ ਦੀ ਰੌਸ਼ਨੀ ਵੀ ਹੌਲ਼ੀ-ਹੌਲ਼ੀ ਘਟ ਗਈ ਹੈ। ਉਸ ਦੇ ਸਰੀਰ ਉੱਪਰ ਦਾਗ ਵੀ ਹਨ ਤੇ ਉਸ ਦਾ ਤੁਰਨਾ-ਫ਼ਿਰਨਾ ਵੀ ਮੁਸ਼ਕਿਲ ਹੈ। ਸਰਕਾਰ ਵੱਲੋਂ ਉਨਾਂ ਦੀ ਕੋਈ ਸਹਾਇਤਾ ਵੀ ਨਹੀਂ ਕੀਤੀ ਗਈ। ਸ਼ੰਕਰ ਦੇ ਪਿਤਾ ਮੋਹਨ ਸਿੰਘ ਨੇ ਦੱਸਿਆ, 'ਸਾਡੇ ਕੋਲ਼ ਦੋ ਕਿੱਲੇ ਜ਼ਮੀਨ ਹੈ ਤੇ ਫ਼ਸਲ ਵੀ ਗੜੇਮਾਰੀ, ਮੌਸਮ ਕਰਕੇ ਖ਼ਰਾਬ ਹੋ ਜਾਂਦੀ ਹੈ।' ਸਰਕਾਰ ਵੱਲੋਂ ਕੋਈ ਸਹਾਇਤਾ ਨਹੀਂ ਕੀਤੀ ਗਈ।

ਅਬੋਹਰ ਫ਼ਾਜ਼ਿਲਕਾ ਦੇ ਕਈ ਇਲਾਕਿਆਂ ਵਿੱਚ ਦੇਖਿਆ ਗਿਆ ਕਿ ਕੁਝ ਪਿੰਡਾਂ ਦੇ ਬੱਚੇ ਮਾਨਸਿਕ ਤੇ ਸਰੀਰਿਕ ਰੂਪ ਵਿੱਚ ਆਪਣੀ ਉਮਰ ਤੋਂ ਘੱਟ ਵਿਕਸਿਤ ਹਨ। ਕੁਝ ਬੱਚੇ ਤੁਰ-ਫ਼ਿਰ ਨਹੀਂ ਸਕਦੇ ਅਤੇ ਕੁਝ ਦੇਖ-ਬੋਲ ਨਹੀਂ ਸਕਦੇ। **ਬਾਕੀ ਸਫ਼ਾ 33 'ਤੇ**

# 'ਈਰਖਾ' ਇੱਕ ਲਾਇਲਾਜ ਬੀਮਾਰੀ

**ਗੁਰਦੀਸ਼ ਕੌਰ ਗਰੇਵਾਲ,**
**ਕੈਲਗਰੀ- ਕੈਨੇਡਾ**
**ਵਟਸਐਪ : + 91 98728 60488**

ਇਸ ਦੁਨੀਆ ਵਿੱਚ ਤਰਾਂ-ਤਰਾਂ ਦੀਆਂ ਬੀਮਾਰੀਆਂ ਫੈਲ ਚੁੱਕੀਆਂ ਹਨ। ਬਹੁਤ ਸਾਰੀਆਂ ਬੀਮਾਰੀਆਂ ਦੇ ਇਲਾਜ ਵੀ ਹੋ ਰਹੇ ਹਨ। ਹਰ ਬੀਮਾਰੀ ਦਾ ਵੱਖਰਾ-ਵੱਖਰਾ ਟੈਸਟ ਹੈ। ਟੈਸਟ ਤੋਂ ਬਾਅਦ ਹੀ ਇਲਾਜ ਸ਼ੁਰੂ ਹੁੰਦਾ ਹੈ। ਤੁਸੀਂ ਹੈਰਾਨ ਹੋਵੋਗੇ ਇਹ ਸੁਣ ਕੇ ਕਿ- ਇੱਕ ਐਸੀ ਬੀਮਾਰੀ ਵੀ ਹੈ, ਜੋ ਅਜੋਕੇ ਯੁੱਗ ਵਿੱਚ ਤਕਰੀਬਨ 98 ਫ਼ੀਸਦ ਲੋਕਾਂ ਨੂੰ ਚੰਬੜੀ ਹੋਈ ਹੈ ਤੇ ਜਿਸ ਦਾ ਨਾ ਕੋਈ ਟੈਸਟ ਹੈ- ਤੇ ਨਾ ਹੀ ਕੋਈ ਇਲਾਜ। ਪਰ ਇਹ ਬੀਮਾਰੀ ਲੋਕਾਂ ਨੂੰ ਘੁਣ ਵਾਂਗ ਖਾ ਕੇ, ਅੰਦਰੋਂ ਖੋਖਲਾ ਕਰੀ ਜਾ ਰਹੀ ਹੈ। ਕੋਈ ਭਾਗਾਂ ਵਾਲਾ ਹੀ ਇਸ ਤੋਂ ਬਚਿਆ ਹੈ। ਤੁਸੀਂ ਸੋਚਦੇ ਹੋਵੋਗੇ ਕਿ-'ਐਸੀ ਕਿਹੜੀ ਬੀਮਾਰੀ ਹੈ ?' ਬਈ- ਇਹ ਬੀਮਾਰੀ ਹੈ- 'ਸਾੜੇ ਦੀ' ਜਾਂ 'ਈਰਖਾ ਦੀ'!

'ਫਲਾਣੇ ਨੇ ਬੜਾ ਵੱਡਾ ਘਰ ਲੈ ਲਿਆ!.. ਫਲਾਣਾ ਹੁਣੇ ਆਇਆ ਕਨੇਡਾ ਤੇ ਰੀਸਾਂ ਕਰਦਾ ਉਹਨਾਂ ਦੀਆਂ ਜਿਹੜੇ ਇੱਥੇ ਤੀਹ ਸਾਲਾਂ ਤੋਂ ਰਹਿ ਰਹੇ ਆ!..ਫਲਾਣੀ ਆਪਣੇ-ਆਪ ਨੂੰ ਬਹੁਤੀ ਸਿਆਣੀ ਸਮਝਦੀ ਆ!.. ਉਹ ਚਾਰ ਕੁ ਅੱਖਰ ਲਿਖ ਕੇ ਆਪਣੇ-ਆਪ ਨੂੰ ਵੱਡਾ ਲੇਖਕ ਸਮਝਣ ਲੱਗ ਗਿਆ!.. ਕੀ ਸੀ ਉਹਦੀ ਕਵਿਤਾ! ਐਵੇਂ ਲੋਕ ਵਾਹ ਵਾਹ ਕਰੀ ਗਏ ?'..ਆਦਿ ਸਭ ਇਸ ਬੀਮਾਰੀ ਦੀਆਂ ਹੀ ਤਾਂ ਅਲਾਮਤਾਂ ਹਨ। ਇਹ ਬੀਮਾਰੀ ਥੋੜੀ ਬਹੁਤ, ਆਪਾਂ ਸਾਰਿਆਂ ਨੂੰ ਹੀ ਚੰਬੜੀ ਹੋਈ ਹੈ। ਇਸ ਬੀਮਾਰੀ ਦੇ ਮਰੀਜ਼ ਤੁਹਾਨੂੰ - ਘਰ ਪਰਿਵਾਰ, ਵਿੱਦਿਅਕ ਅਦਾਰਿਆਂ 'ਚ, ਕੰਮ ਵਾਲੀ ਥਾਂ 'ਤੇ, ਧਾਰਮਿਕ ਤੇ ਸਮਾਜਿਕ ਸੰਸਥਾਵਾਂ 'ਚ, ਮੰਦਰ-ਮਸਜਿਦ ਜਾਂ ਗੁਰੂ ਘਰਾਂ 'ਚ, ਲੇਖਕ ਸਭਾਵਾਂ 'ਚ- ਗੱਲ ਕੀ ਹਰ ਥਾਂ ਤੇ ਮਿਲ ਜਾਂਦੇ ਹਨ। ਆਪਣੇ ਘਰਾਂ ਵਿੱਚ ਛੋਟੇ-ਛੋਟੇ ਬੱਚੇ ਵੀ ਇਸ ਤੋਂ ਨਹੀਂ ਬਚੇ। 'ਉਹ ਬਹੁਤਾ ਲਾਡਲਾ ਹੈ ਤੁਹਾਡਾ..ਉਸ ਨੂੰ ਫਲਾਣੀ ਚੀਜ਼ ਝੱਟ ਲੈ ਦਿੱਤੀ..' ਕਹਿ- ਭੈਣ-ਭਰਾ ਵੀ ਈਰਖਾ ਦਾ ਇਜ਼ਹਾਰ ਕਰਦੇ ਹਨ। ਵੱਡਿਆਂ ਵਿੱਚ ਤਾਂ ਇਸ ਬੀਮਾਰੀ ਨੇ ਘਰ ਹੀ ਕਰ ਲਿਆ ਹੈ।

ਅੱਜਕਲ ਇਨਸਾਨ ਆਪਣੇ ਦੁੱਖਾਂ ਨਾਲ਼ ਇੰਨਾ ਦੁਖੀ ਨਹੀਂ ਹੁੰਦਾ, ਜਿੰਨਾ ਦੂਜਿਆਂ ਦੇ ਸੁੱਖ ਦੇਖ-ਦੇਖ ਹੁੰਦਾ ਹੈ। ਕਹਿੰਦੇ ਹਨ ਕਿ-'ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ'। ਇਸ ਬੀਮਾਰੀ ਦਾ ਨੁਕਸਾਨ, ਦੂਜੇ ਨੂੰ ਤਾਂ ਸ਼ਾਇਦ ਕਦੋਂ ਹੋਵੇ- ਪਰ ਸਭ ਤੋਂ ਪਹਿਲਾਂ ਸਾਡਾ ਅੰਦਰ ਸੜਦਾ ਹੈ- ਜੋ ਘ੍ਰਿਣਾ, ਨਫ਼ਰਤ ਤੇ ਕ੍ਰੋਧ ਵਰਗੀਆਂ ਕਈ ਹੋਰ ਅਲਾਮਤਾਂ ਨੂੰ ਜਨਮ ਦਿੰਦਾ ਹੈ। ਜਿਸ ਨਾਲ਼ ਅਸੀਂ ਈਰਖਾ ਕਰਦੇ ਹਾਂ- ਜੇ ਕਿਤੇ ਉਹ ਸਾਹਮਣੇ ਆ ਜਾਵੇ ਜਾਂ ਉਸ ਦਾ ਕੋਈ ਨਾਂ ਹੀ ਲੈ ਦੇਵੇ- ਸਾਡਾ ਅੰਦਰ ਉੱਬਲਣ ਲੱਗ ਜਾਂਦਾ ਹੈ- ਖ਼ੂਨ-ਖ਼ੌਲਣ ਲੱਗ ਜਾਂਦਾ ਹੈ। ਇਸੇ ਕਾਰਨ ਹੀ ਕਈ ਵਾਰੀ ਭਰਾ ਦਾ ਭਰਾ ਹੱਥੋਂ ਕਤਲ ਵੀ ਹੋ ਜਾਂਦਾ ਹੈ।

ਲਓ ਜੀ- ਹੁਣ ਤੁਹਾਨੂੰ ਇਸ ਬੀਮਾਰੀ ਦੇ ਲੱਛਣ ਦੱਸ ਦਿੱਤੇ- ਤੁਸੀ ਆਪੇ ਸ਼ਨਾਖ਼ਤ ਕਰ ਲੈਣਾ ਕਿ- ਕੌਣ ਕੌਣ ਇਸ ਦਾ ਸ਼ਿਕਾਰ ਹੈ ? ਆਪਾਂ ਹੁਣ ਇਸ ਦੇ ਇਲਾਜ ਬਾਰੇ ਸੋਚੀਏ। ਪਰ ਭਾਈ ਇਲਾਜ ਤਾਂ ਹੀ ਹੋਵੇ ਜੇ ਮਰੀਜ਼ ਮੰਨੇ ਕਿ- 'ਮੈਂ ਬੀਮਾਰ ਹਾਂ'। ਹਰ ਕੋਈ ਇਹੀ ਕਹਿੰਦਾ ਕਿ-'ਮੈਨੂੰ ਨਹੀਂ ਇਹ ਬੀਮਾਰੀ- ਲੋਕਾਂ ਨੂੰ ਹੈ'। ਬਾਕੀ ਇਸ ਦਾ ਟੈਸਟ ਤਾਂ ਕੋਈ ਅਜੇ ਨਿਕਲਿਆ ਨਹੀਂ। ਨਾਲ਼ੇ ਕਿਹੜਾ ਡਾਕਟਰ ਇਸ ਦਾ ਇਲਾਜ ਕਰੂ ? ਡਾਕਟਰ ਵਿਚਾਰੇ ਤਾਂ ਆਪ ਇਸ ਦੇ ਮਰੀਜ਼ ਹਨ। ਹਰੇਕ ਡਾਕਟਰ ਨੂੰ ਇਹ ਝੋਰਾ ਖਾਂਦਾ ਹੈ ਕਿ- ਨਾਲ਼ ਵਾਲੇ ਦੀ ਪ੍ਰੈਕਟਿਸ ਮੇਰੇ ਤੋਂ ਵੱਧ ਕਿਉਂ ਚਲਦੀ ਹੈ ? ਹੋਰ ਤਾਂ ਹੋਰ- ਆਹ ਆਪਣਾ ਲਿਖਾਰੀ ਭਾਈਚਾਰਾ ਕਿਹੜਾ ਇਸ ਤੋਂ ਬਚਿਆ ? ਇਹ ਵੀ ਤਾਂ ਸਾੜੇ ਕਾਰਨ ਹੀ ਇੱਕ ਦੂਜੇ ਦੀਆਂ ਲੱਤਾਂ



ਖਿੱਚਦੇ ਆ..! ਭਾਈ ਆਪਾਂ ਨੂੰ ਰੱਬ ਨੇ ਕਲਮ ਦੀ ਦਾਤ ਦੇ ਕੇ ਇਸ ਲਈ ਨਿਵਾਜਿਆ ਕਿ- ਸਮਾਜ ਦੇ ਰਾਹ ਦਸੇਰੇ ਬਣੀਏ। ਭਲਾਂ ਆਪਾਂ ਨੂੰ ਕੀ ਲੋੜ ਹੈ- ਇਹ ਬੀਮਾਰੀ ਸਹੇੜਨ ਦੀ ? ਮੇਰਾ ਖ਼ਿਆਲ ਹੈ ਕਿ- ਸਾੜੇ ਦੀ ਥਾਂ ਤੇ 'ਰੀਸ' ਕਰਨ ਦੀ ਆਦਤ ਪਾ ਕੇ, ਕਾਫ਼ੀ ਹੱਦ ਤੱਕ, ਮਰੀਜ਼ ਖ਼ੁਦ ਇਸ ਨੂੰ ਕੰਟਰੋਲ ਕਰ ਸਕਦਾ ਹੈ। ਜੇ ਕੋਈ ਸਾਡਾ ਦੋਸਤ, ਗੁਆਂਢੀ, ਸਹੇਲੀ, ਰਿਸ਼ਤੇਦਾਰ, ਜਾਣਕਾਰ- ਤਰੱਕੀ ਕਰ ਰਿਹਾ ਹੈ ਤਾਂ ਉਸ ਦੀ ਤਰੱਕੀ ਦੇ ਰਾਜ਼ ਜਾਣੇ ਜਾਣ। ਉਹ ਮਿਹਨਤੀ ਹੋਏਗਾ, ਉਸਾਰੂ ਸੋਚ ਵਾਲਾ ਹੋਏਗਾ ਜਾਂ ਹੋ ਸਕਦਾ ਉਸ ਨੂੰ ਵਿਰਸੇ ਵਿੱਚ ਕੋਈ ਕੁਦਰਤੀ ਗੁਣ ਮਿਲਆ ਹੋਵੇ। ਉਸ ਦੇ ਤੇ ਸਾਡੇ ਹਾਲਾਤ ਵੱਖਰੇ ਹੋ ਸਕਦੇ ਹਨ। ਅਸੀਂ ਉਸ ਤੋਂ ਸੇਧ ਲੈ ਕੇ, ਆਪਣੇ ਹਾਲਾਤ ਮੁਤਾਬਕ, ਆਪਣੇ ਅੰਦਰ ਦੇ ਹੁਨਰ ਨੂੰ ਪਛਾਣ ਕੇ- ਕਿਸੇ ਹੋਰ ਖੇਤਰ ਵਿੱਚ ਮੱਲਾਂ ਮਾਰ ਸਕਦੇ ਹਾਂ। ਸਫ਼ਲ ਵਿਅਕਤੀਆਂ ਦੀਆਂ ਜੀਵਨੀਆਂ ਵੀ, ਸਾਡੇ ਲਈ ਕਾਰਗਰ ਸਿੱਧ ਹੋ ਸਕਦੀਆਂ ਹਨ। ਸਿੱਖੋ ਸਭ ਤੋਂ- ਪਰ ਕਦੇ ਵੀ ਆਪਣੀ ਜਾਂ ਆਪਣੇ ਬੱਚੇ ਦੀ ਤੁਲਨਾ- ਦੂਜਿਆਂ ਨਾਲ਼ ਨਾ ਕਰੋ। ਪ੍ਰਮਾਤਮਾ ਤੇ ਭਰੋਸਾ ਰੱਖ ਕੇ, ਮਿਹਨਤ ਤੇ ਇਮਾਨਦਾਰੀ ਨਾਲ਼ ਕੰਮ ਕੀਤਿਆਂ, ਅੱਜ ਨਹੀਂ ਤਾਂ ਕੱਲ, ਸਫ਼ਲਤਾ ਜ਼ਰੂਰ ਮਿਲੇਗੀ!

ਪ੍ਰਮਾਤਮਾ ਨੇ ਹਰ ਇਨਸਾਨ ਨੂੰ ਕੋਈ ਨਾ ਕੋਈ ਗੁਣ ਦੇ ਕੇ ਸੰਸਾਰ 'ਤੇ ਭੇਜਿਆ ਹੈ ! ਲੋੜ ਹੈ ਉਸ ਨੂੰ ਪਛਾਣ ਕੇ ਨਿਖ਼ਾਰਨ ਦੀ - ਨਾ ਕਿ ਦੂਜਿਆਂ ਨਾਲ਼ ਈਰਖਾ ਕਰਨ ਦੀ!

ਚੌਥੇ ਪਾਤਸ਼ਾਹ ਵੀ ਸਾਨੂੰ ਸਮਝਾ ਰਹੇ ਹਨ-

**ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥**

**ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥**

**(ਅੰਗ 308 )**

# ਜਾਣੋ ਕੀ ਕਹਿੰਦੀ ਹੈ ਰਿਸਰਚ

## ਕੈਂਸਰ ਤੋਂ ਬਚਾ ਸਕਦੀ ਹੈ ਕੌਫ਼ੀ ?



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਰੋਜ਼ ਪੀਤੀ ਜਾਣ ਵਾਲੀ ਕੌਫ਼ੀ ਤੁਹਾਨੂੰ ਕੈਂਸਰ ਤੋਂ ਬਚਾਉਣ ਦਾ ਵੀ ਕੰਮ ਕਰਦੀ ਹੈ। ਕੌਫ਼ੀ ਪੀਣ ਦੇ ਕਈ ਫ਼ਾਇਦੇ ਹਨ, ਪਰ ਇੱਕ ਨਵੇਂ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਕੌਫ਼ੀ ਪੀਣ ਨਾਲ਼ ਐਂਡੋਮੈਟਰੀਅਲ ਕੈਂਸਰ ਵਿਕਸਤ ਹੋਣ ਦਾ ਜ਼ੋਖਮ ਕਾਫੀ ਘਟ ਜਾਂਦਾ ਹੈ। ਇਸ ਤੋਂ ਇਲਾਵਾ ਕੈਫ਼ੀਨਯੁਕਤ ਕੌਫ਼ੀ ਡੀਕੈਫ਼ੀਨ ਵਾਲੀ ਕੌਫ਼ੀ ਨਾਲ਼ੋਂ ਬਿਹਤਰ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ। ਇਹ ਖੋਜ ਜਰਨਲ ਆਫ਼ ਔਬਸਟੈਟ੍ਰਿਕਸ ਐਂਡ ਗਾਇਨੀਕੋਲੋਜੀ ਰਿਸਰਚ ਵਿੱਚ ਪ੍ਰਕਾਸ਼ਿਤ ਹੋਈ ਹੈ। ਵਿਸ਼ਲੇਸ਼ਣ ਵਿੱਚ ਕੌਫ਼ੀ ਦੀ ਖ਼ਪਤ 'ਤੇ 24 ਅਧਿਐਨ ਸ਼ਾਮਲ ਕੀਤੇ ਗਏ, ਜਿਸ ਵਿੱਚ 966,234 ਵਿਅਕਤੀਆਂ ਵਿੱਚ ਐਂਡੋਮੈਟਰੀਅਲ ਕੈਂਸਰ ਦੇ 9,833 ਨਵੇਂ ਕੇਸ ਸਾਹਮਣੇ ਆਏ। ਜੋ ਲੋਕ ਕੌਫ਼ੀ ਦੀ ਸਭ ਤੋਂ ਜ਼ਿਆਦਾ ਵਰਤੋਂ ਕਰਦੇ ਹਨ ਉਨਾਂ ਵਿੱਚ ਐਂਡੋਮੈਟਰੀਅਲ ਕੈਂਸਰ ਵਿਕਸਿਤ ਹੋਣ ਦਾ ਜ਼ੋਖ਼ਮ 29 ਫ਼ੀਸਦ ਘਟ ਜਾਂਦਾ ਹੈ।

**ਕੌਫ਼ੀ ਦੇ ਹੋਰ ਫ਼ਾਇਦੇ**

ਕੌਫ਼ੀ ਤੁਹਾਡੇ ਸਰੀਰ ਨੂੰ ਤੁਰੰਤ ਕੈਫ਼ੀਨ ਦੀ ਖ਼ੁਰਾਕ ਦਿੰਦੀ ਹੈ ਤੇ ਸਰੀਰ ਵਿੱਚ ਊਰਜਾ ਭਰ ਦਿੰਦੀ ਹੈ।ਇਸੇ ਲਈ ਕਈ ਲੋਕ ਸਵੇਰ ਦੀ ਸ਼ੁਰੂਆਤ ਇੱਕ ਕੱਪ ਕੌਫ਼ੀ ਨਾਲ਼ ਕਰਦੇ ਹਨ। ਬਲੈਕ ਕੌਫ਼ੀ ਜੋ ਬਿਨਾਂ ਦੁੱਧ ਤੇ ਚੀਨੀ ਤੋਂ ਬਣਾਈ ਜਾਂਦੀ ਹੈ ਕੈਲੋਰੀਜ਼ ਫ਼੍ਰੀ ਹੁੰਦੀ ਹੈ।

ਕੌਫ਼ੀ ਦੇ ਫ਼ਾਇਦਿਆਂ ਦੀ ਲੰਮੀ ਲਿਸਟ ਵਿੱਚ ਟਾਈਪ-2 ਡਾਇਬਟੀਜ਼ ਦਾ ਜ਼ੋਖ਼ਮ ਘੱਟ ਹੋਣ ਦੇ ਨਾਲ਼-ਨਾਲ਼ ਸਟ੍ਰੋਕ ਵਰਗੀ ਬੀਮਾਰੀ ਦਾ ਜ਼ੋਖ਼ਮ 25 ਫ਼ੀਸਦ ਘੱਟ ਹੋ ਸਕਦਾ ਹੈ।

# ਸਿਦਕ/ਸਿਰੜ ਤੇ ਮਨੁੱਖਵਾਦੀ ਸੋਚ ਕਲਾ ਦਾ ਕਾਰਜ



## ਕੇਹਰ ਸ਼ਰੀ.ਫ ਜਰਮਨ

ਕਲਾ ਸਮਾਜਿਕ ਤਬਦੀਲੀ ਖ਼ਾਤਰ ਵਧ ਰਹੀ ਲੋਕ ਚੇਤਨਾ ਨੂੰ ਸਹੀ ਸੇਧ ਦੇਣ ਤੇ ਉਸਦੀ ਤੋਰ ਨੂੰ ਤਿੱਖਿਆਂ ਕਰਨ ਵਾਲਾ ਹਥਿਆਰ ਹੈ ਅਤੇ ਇਸ ਹੀ ਨਿਸ਼ਾਨੇ ਵੱਲ ਵਧਦੀਆਂ/ਵਿਗਸਦੀਆਂ ਹੋਰ ਚੇਤਨਾਮਈ ਲਹਿਰਾਂ ਦਾ ਵੱਡਾ ਆਸਰਾ ਵੀ ਹੁੰਦੀ ਹੈ। ਉਹ ਲਹਿਰਾਂ ਜੋ ਇਤਿਹਾਸ-ਮਿਥਿਹਾਸ ਦਾ ਲੇਖਾ-ਜੋਖਾ ਕਰਦੀਆਂ ਪਰੰਪਰਾਵਾਦੀ, ਤਰਕ-ਵਿਹੂਣੇ ਅਤੇ ਅੰਧਵਿਸ਼ਵਾਸੀ ਗਜ਼ ਵਰਤਣ ਦੀ ਥਾਵੇਂ ਉਨਾਂ ਨੂੰ ਰੱਦ ਕਰਦਿਆਂ ਜਾਂ ਨਕਾਰਦਿਆਂ ਸਮੇਂ, ਸਥਿਤੀ ਤੇ ਲੋਕ-ਧਾਰਾਵਾਂ/ਲੋਕ ਮਨਾਂ ਨੂੰ ਤਰਕ ਅਧਾਰਿਤ ਵਿਗਿਆਨਕ ਦਲੀਲਾਂ ਦੇ ਆਸਰੇ ਕੁੱਲ ਲੋਕਾਈ ਦਾ ਭਲਾ ਕਰਨ ਵਾਲੀ ਖ਼ਰੀ ਸੋਚ ਦੀ ਕਸਵੱਟੀ ਨਾਲ਼ ਪਰਖ ਕੇ ਭਵਿੱਖ ਦੀ ਕੁੱਖ ਵਿੱਚ ਝਾਕਦਿਆਂ ਆਸਵੰਦ ਹੋ ਕੇ ਅੱਗੇ ਵਧਦੀਆਂ ਹਨ। ਕਲਾ, ਸਮਾਜ ਦਾ ਮੂੰਹ-ਮੱਥਾ ਸਵਾਰਨ ਵਾਲੀ ਪਵਿੱਤਰ ਭਾਵਨਾ ਵੀ ਹੁੰਦੀ ਹੈ ਜਿਸ ਨਾਲ਼ ਸਮਾਜ ਅੰਦਰ ਸਿਹਤਮੰਦ ਪ੍ਰਵਿਰਤੀਆਂ ਨੂੰ ਵੱਡਾ ਹੁਲਾਰਾ ਮਿਲਦਾ ਹੈ, ਜਿਸ ਰਾਹੀਂ ਸਿਰਜੇ ਗਏ ਵਿਰਸੇ ਉੱਤੇ ਆਉਣ ਵਾਲੀਆਂ ਪੀੜੀਆਂ ਸਦਾ ਹੀ ਮਾਣ ਕਰਦੀਆਂ ਹਨ। ਲੋਕ ਪੱਖੀ ਕਲਾ ਨੇ ਵਰਤਮਾਨ ਰਾਹੀਂ ਭਵਿੱਖ ਨੂੰ ਰੌਸ਼ਨ ਕਰਨਾ ਹੁੰਦਾ ਹੈ।

ਮਨੁੱਖ ਸੋਚਵਾਨ ਹੋਣ ਕਰਕੇ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਭਾਵਿਤ ਹੋ ਜਾਣ ਵਾਲੀ ਪ੍ਰਵਿਰਤੀ ਦਾ ਜ਼ਿੰਦਗੀ ਨਾਲ਼ ਡੂੰਘਾ ਸੰਬੰਧ ਹੁੰਦਾ ਹੈ। ਇੱਥੋਂ ਹੀ ਜ਼ਿੰਦਗੀ ਦੀ ਤੋਰ ਨੇ ਅਗਲੇ ਰਾਹ ਫੜਨੇ ਹੁੰਦੇ ਹਨ। ਜੇ ਰਾਹ ਸਹੀ ਫੜਿਆ ਗਿਆ ਤਾਂ ਮਨੁੱਖੀ ਮਨ ਚੜਦੀ ਕਲਾ ਵਿੱਚ ਰਹਿੰਦਾ ਹੋਇਆ ਉਸਾਰੂ ਸੋਚ ਦੇ ਆਸਰੇ ਅੱਗੇ ਵਧਦਾ ਹੈ। ਅੱਗੇ ਵਧਣ ਤੋਂ ਪਹਿਲਾਂ ਰਾਹ ਦੇ ਰੋੜੇ ਚੁਗਣੇ ਪੈਂਦੇ ਹਨ। ਤਿੱਖੀਆਂ ਸੂਲ਼ਾਂ ਵੱਲੋਂ ਦਿੱਤੇ ਜ਼ਖ਼ਮਾਂ ਕਰਕੇ ਆਪਣੇ-ਬੇਗ਼ਾਨਿਆਂ ਸਭ ਦੀ ਪੀੜ ਹੰਢਾਉਣੀ ਪੈਂਦੀ ਹੈ ਸਾਂਝ ਭਰੇ ਅਮਲਾਂ ਰਾਹੀਂ ਮਲਮ-ਪੱਟੀ ਦਾ ਜੁਗਾੜ ਕਰਨਾ ਪੈਂਦਾ ਹੈ। ਜਾਣੇ-ਅਣਜਾਣੇ ਕੁਰਾਹੇ ਪੈ ਜਾਣ ਨਾਲ਼ ਠੋਕਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੁਰਾਹੇ ਪੈਣ ਨਾਲ਼ ਬਹੁਤ ਸਾਰਾ ਕੀਮਤੀ ਸਮਾਂ ਬਰਬਾਦ ਹੀ ਨਹੀਂ ਹੁੰਦਾ ਸਗੋਂ ਕਈ ਵਾਰ ਤਾਂ ਸਮਾਂ ਅਣਵਰਤਿਆ ਹੀ ਰਹਿ ਜਾਂਦਾ ਹੈ। ਸਮੇਂ ਦੀ ਪਰਵਾਹ ਨਾ ਕਰਨ ਵਾਲਿਆਂ ਦੀ ਸਮਾਂ ਵੀ ਕਦਰ ਨਹੀਂ ਕਰਦਾ, ਇਹ ਸੱਚਾਈ ਹੈ।

ਕੋਈ ਵੀ ਇਨਸਾਨ ਜਨਮ ਤੋਂ ਉਹੋ ਜਿਹਾ ਨਹੀਂ ਹੁੰਦਾ ਜਿਵੇਂ ਇੱਥੇ ਵਿਚਰਦਾ ਹੈ। ਹਰ ਵਿਅਕਤੀ ਨੂੰ ਸਮਾਜ ਪ੍ਰਭਾਵਿਤ ਕਰਦਾ ਹੈ। ਇਸ ਕਰਕੇ (ਸੋਝੀ ਦੀ ਘਾਟ ਕਰਕੇ) ਹੀ ਬਹੁਤ ਸਾਰੇ ਲੋਕ ਸਮਾਜ ਅੰਦਰ ਆਪੇ ਸਿਰਜੀ ਫ਼ੋਕੀ ਇੱਜ਼ਤ-ਮਾਣ ਅਤੇ ਸਸਤੀ ਸ਼ੁਹਰਤ ਵਾਲੀ ਭੇਡ ਚਾਲ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਹੀ ਸਮਾਜ ਨੂੰ ਨੀਵਾਂਣਾ ਵੱਲ ਲੈ ਜਾਣ ਵਾਲਾ ਰਾਹ ਹੁੰਦਾ ਹੈ। ਉਹ ਤਾਂ ਨਿਵੇਕਲੀਆਂ ਪ੍ਰਤਿਭਾਵਾਂ ਹੀ ਹੁੰਦੀਆਂ ਹਨ ਜੋ ਸਮਾਜ ਦੇ ਠਹਿਰੇ/ਖੜੇ ਪਾਣੀਆਂ, ਬੋਦੀ ਹੋ ਗਈ ਸੋਚ ਅੰਦਰ ਹਲਚਲ ਪੈਦਾ ਕਰਕੇ ਉਸਨੂੰ ਪ੍ਰਭਾਵਿਤ ਕਰਦਿਆਂ ਉਸ ਲਈ ਪ੍ਰੇਰਨਾ ਸ਼ਕਤੀ ਬਣਕੇ ਸਭ ਕਾਸੇ ਨੂੰ ਚੰਗੇ ਪਾਸੇ ਤੋਰਨ ਦਾ ਯਤਨ ਕਰਦੀਆਂ/ਕਰਨ ਦਾ ਸਬੱਬ ਬਣਦੀਆਂ ਹਨ। ਕਿਉਂਕਿ ਬੀਮਾਰ ਹੋ ਗਏ ਸਮਾਜ ਅਤੇ ਸੋਚ ਨੂੰ ਸਿਹਤਯਾਬ ਕਰਨ ਵਾਸਤੇ ਤਕੜੇ ਜੇਰੇ, ਜੁੱਸੇ ਦੀ ਅਤੇ ਸੱਚ ਦੇ ਲੜ ਲੱਗ ਸਹੀ ਸੇਧ ਨਾਲ਼, ਸਹੀ ਦਿਸ਼ਾ ਵੱਲ ਵਧਣ ਵਾਸਤੇ ਸ਼ਕਤੀਸ਼ਾਲੀ ਲੋਕ ਲਹਿਰਾਂ ਦੀ ਲੋੜ ਪੈਂਦੀ ਹੈ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨਾਂ ਨੂੰ ਇਸ ਤਰਾਂ ਦੇ ਕਾਫ਼ੀ ਕੁਝ ਕਰਨ ਦੀ ਲੋੜ/ਸਾਰ ਤਾਂ ਮਹਿਸੂਸ ਹੁੰਦੀ ਹੈ, ਉਹ ਕੁਝ ਕਰਨਾ ਵੀ ਚਾਹੁੰਦੇ ਹਨ, ਪਰ ਕਿਸੇ ਵੀ ਪਾਸਿਉਂ ਕੋਈ ਸੇਧ /ਸੂਝ ਨਾ ਮਿਲਣ ਕਰਕੇ ਕੁਝ ਕਰ ਨਹੀਂ ਸਕਦੇ ਜਾਂ ਫੇਰ ਕੁਝ ਕਰਨੋ ਵਾਂਝੇ ਰਹਿ ਜਾਂਦੇ ਹਨ।

ਲੋਕਾਂ ਦੀ ਜ਼ਿੰਦਗੀ ਦੇ ਯਥਾਰਥ ਨਾਲ਼ੋਂ ਟੁੱਟੀ ਕਲਾ ਐਵੇਂ ਹੀ ਕੰਧਾਂ ਨਾਲ਼ ਕੁਵੇਲੇ ਟੱਕਰਾਂ ਮਾਰਨ ਦੇ ਬਰਾਬਰ ਹੁੰਦੀ ਹੈ। ਨਿੱਘਰਦੇ ਸਮਾਜ ਅੰਦਰ ਉਨਾਂ ਸਵਾਲਾਂ ਨੂੰ ਜੋ ਆਮ ਆਦਮੀ ਦੇ ਜੀਵਨ ਨੂੰ ਔਖਿਆਂ ਕਰਦੇ (ਜਾਂ ਔਖਿਆਂ ਕਰਨ ਦਾ ਸਬੱਬ ਬਣਦੇ) ਹਨ ਨਾਲ਼ ਦੋ ਚਾਰ ਹੋਣਾ ਹੀ ਕਲਾ ਦਾ ਕਰਮ ਹੈ, ਤਾਂ ਕਿ ਹਨੇਰੇ ਵੱਲ ਵਧ ਰਹੀ ਜਿੰਦ ਉੱਧਰੋਂ ਮੁੱਖ ਮੋੜ ਰੌਸ਼ਨੀ ਵੱਲ ਮੂੰਹ ਕਰਕੇ ਜੀਊਣਾ ਸਿੱਖੇ। ਕਲਾ ਦਾ ਕਰਮ ਕੀਰਨੇ ਪਾਉਣੇ, ਰਊਂ-ਰਊਂ ਕਰਨਾ ਅਤੇ ਅੱਗੇ ਖੜੇ ਸਵਾਲਾਂ ਕੋਲ਼ੋਂ ਪਾਸਾ ਵੱਟ ਕੇ ਲੰਘ ਜਾਣਾ ਨਹੀਂ ਹੁੰਦਾ, ਜੇ ਕੋਈ ਇੰਞ ਕਰਦਾ ਹੈ ਤਾਂ ਉਹ ਸ਼ਾਇਦ ਆਪ ਤਾਂ ਸੌਖਾ ਰਹੇਗਾ ਪਰ ਕਲਾ ਦਾ ਦਾਅਵੇਦਾਰ ਹੋਣ ਦਾ ਆਪਣਾ ਹੱਕ ਗੁਆ ਬੈਠੇਗਾ। ਉਂਞ ਵੀ ਕਾਰਜ ਰਹਿਤ ਕਲਾ ਆਪਣੇ ਸੁੱਚੇ ਸੁਪਨਿਆਂ ਦੇ ਪੈਰੀਂ ਗ਼ਰਜਾਂ ਦੀ ਪੂਰਤੀ ਵਾਲੇ ਘੁੰਗਰੂ ਬੰਨ ਕੇ ਸ਼ੈਤਾਨ ਦੀ ਸੇਵਾ ਕਰਨ ਤੋਂ ਵੱਧ ਕੁਝ ਨਹੀਂ ਹੁੰਦੀ। ਜਾਗਦੇ ਸਿਰਾਂ ਵਾਲੇ ਲੋਕ ਹੀ ਸਾਂਝਾਂ ਭਰੇ ਕਿਰਤ ਦੇ ਸੱਭਿਆਚਾਰ ਦੇ ਰਾਖੇ ਹੁੰਦੇ ਹਨ। ਸਮਾਜ ਨੂੰ ਜਗਾਉਣ ਦਾ ਹੋਕਾ ਦੇਣ ਵਾਲੇ, ਸਰਬੱਤ ਦੇ ਭਲੇ ਦੀ ਸੋਚ ਲੜ ਬੰਨ ਕੇ ਮੈਦਾਨੇ ਨਿਤਰਨ ਵਾਲੇ ਇਹ ਜਾਗ੍ਰਤਿ ਲੋਕ ਹੀ ਸਾਡੇ ਰਾਹ ਦਸੇਰੇ ਹੁੰਦੇ ਹਨ। ਸ਼ੈਤਾਨ ਕਦੇ ਵੀ ਜ਼ਿੰਦਗੀ ਦਾ ਹੀਰੋ ਨਹੀਂ ਹੋ ਸਕਦਾ। ਇਸ ਕਰਕੇ ਸ਼ੈਤਾਨੀ ਭਰੀ ਇਸ ਮ੍ਰਿਗ-ਤ੍ਰਿਸ਼ਨਾ ਤੋਂ ਬਚਣਾ ਬਹੁਤ ਹੀ ਜ਼ਰੂਰੀ ਹੈ। ਕਲਾ ਨਿਰਾ ਦਿਲ ਪ੍ਰਚਾਵਾ ਹੀ ਨਹੀਂ ਹੁੰਦੀ ਉਸ ਵਿੱਚ ਲੋਕਾਈ ਨੂੰ ਆਪਣਾ ਜੀਵਨ ਸਵਾਰਨ ਵਾਸਤੇ ਸੁਨੇਹਾ ਵੀ ਹੁੰਦਾ ਹੈ। ਕਲਾ, ਲੋਕਾਂ ਦੇ ਸੁਪਨਿਆਂ ਅਤੇ ਜ਼ਮੀਰ ਨੂੰ ਜਗਾਉਣ ਦਾ ਕਾਰਜ ਵੀ ਕਰਦੀ ਹੈ। ਕਲਾ ਵੱਲੋਂ ਦਿੱਤੀ ਸੇਧ ਮਨੁੱਖ ਨੂੰ ਇੱਜ਼ਤ-ਮਾਣ ਨਾਲ਼ ਜੀਊਣਾ ਵੀ ਸਿਖਾਉਂਦੀ ਹੈ। ਕਲਾ ਆਪਣੇ ਲੋਕਾਂ ਨਾਲ਼ ਪਿਆਰ-ਮਹੁੱਬਤ ਕਰਨਾ ਵੀ ਸਿਖਾਂਉਂਦੀ ਹੈ।

ਜਿਹੜੇ ਆਪਣੀ ਜ਼ਿਹਨੀ ਅੱਯਾਸ਼ੀ ਦੀ ਪੂਰਤੀ ਖ਼ਾਤਰ ਕਲਾ ਦੇ ਪੈਰੀਂ ਘੁੰਗਰੂ ਪਾ ਕੇ, ਧਾੜਵੀਆਂ, ਲੁਟੇਰਿਆਂ ਅਤੇ ਲੁਟੇਰੀਆਂ ਜਮਾਤਾਂ ਦੀ ਚਾਕਰੀ ਕਰਕੇ ਰੋਹਬਦਾਰ ਜ਼ਿੰਦਗੀ ਜੀਊਣ ਵਾਸਤੇ ਚਾਰ ਦਮੜੇ ਇਕੱਠੇ ਕਰਨੇ ਚਾਹੁੰਦੇ ਹਨ, ਅਜਿਹੇ ਜੀਊੜਿਆਂ ਅਤੇ ਉਨਾਂ ਦੀ ਮੌਕਾਪ੍ਰਸਤ ਕਲਾ ਨੂੰ ਸਮਾਜ ਵਿੱਚ ਨੰਗਿਆਂ ਕਰਨਾ ਬਹੁਤ ਜ਼ਰੂਰੀ ਹੈ। ਸਮਾਜ ਵਿੱਚ ਦੋ ਹੀ ਜਮਾਤਾਂ ਹਨ, ਲੁੱਟਣ ਵਾਲੀਆਂ ਅਤੇ ਲੁੱਟੀਆਂ ਜਾਣ ਵਾਲੀਆਂ। ਕਲਾ ਦੇ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਪਹਿਲਾਂ ਫ਼ੈਸਲਾ ਇਹ ਕਰਨਾ ਪਵੇਗਾ ਕਿ ਉਹ ਲੋਕ ਪੱਖੀ ਹਨ ਕਿ ਜੋਕ (ਲੁੱਟ) ਪੱਖੀ, ਸੇਧ ਤਾਂ ਫੇਰ ਹੀ ਨਿਰਧਾਰਿਤ ਹੋਵੇਗੀ। ਇਸ ਮਾਮਲੇ ਤੇ ਆਪਣੇ ਆਪ ਨੂੰ ਨਿਰਪੱਖ ਆਖਣ/ਅਖਵਾਉਣ ਵਾਲੇ ਕਮੀਨਗੀ ਦਾ ਸਿਰਾ ਹੁੰਦੇ ਹਨ। ਝੂਠ ਉੱਤੇ ਸੱਚ ਦੀ ਨਕਲੀ ਲੇਪ ਕਰਨ ਵਰਗਾ ਭਰਮ ਪਾਲਣਾ ਆਪਣੇ-ਆਪ ਅਤੇ ਕਲਾ ਦੋਹਾਂ ਨਾਲ਼ ਹੀ ਧੋਖਾ ਹੁੰਦਾ ਹੈ। ਕੋਈ ਕਲਾਕਾਰ ਇਹ ਕੁਝ ਕਰ ਹੀ ਨਹੀਂ ਸਕਦਾ। ਇਹ ਤਾਂ ਸਿਰਫ਼ ਕੋਈ ਧੋਖੇਬਾਜ਼ ਹੀ ਕਰ ਸਕਦਾ ਹੈ। ਕਲਾ ਨੂੰ ਪ੍ਰਣਾਇਆ ਕੋਈ ਵੀ ਲੋਕ ਦਰਦੀ ਅਜਿਹਾ ਕੁਕਰਮ ਕਰਨ ਤੋ ਪਹਿਲਾਂ ਹਜ਼ਾਰ ਵਾਰ ਸੋਚੇਗਾ-ਹਜ਼ਾਰ ਵਾਰ। ਆਪਣੇ ਸਮਾਜ ਅੰਦਰ ਪਲ਼ ਰਹੀ ਪੀੜ ਨੂੰ ਸਮਝਣ ਵਾਲਾ ਹੀ ਇਸ ਦਰਦ ਦੇ ਸਫ਼ਾਏ ਦਾ ਹੋਕਾ ਦਿੰਦਾ ਹੈ। ਇਹ ਇੰਨਾ ਸੌਖਾ ਨਹੀਂ ਹੁੰਦਾ ਕਿਉਂਕਿ ਕਲਾ ਤੋਂ ਮੁਨਾਫ਼ਿਆਂ ਦੀ ਝਾਕ ਰੱਖਣ ਵਾਲੇ ਹਮੇਸ਼ਾਂ ਲੋਕ ਪੀੜਾ ਤੋਂ ਸੱਖਣੀਆਂ ਹਕੂਮਤਾਂ ਦੀ 'ਗੋਦ' ਦਾ ਆਸਰਾ ਲੈਂਦੇ ਹਨ, ਜਿਸ ਨਾਲ਼ ਕਿਸੇ ਵੀ ਸੱਭਿਆਚਾਰ ਅੰਦਰ ਇਖ਼ਲਾਕੀ ਵਿਗਾੜ ਪੈਦਾ ਹੋ ਜਾਂਦੇ ਹਨ।

ਕਲਾ ਦੇ ਕਾਰਜ ਖੇਤਰ ਦੀ ਗੱਲ ਕਰੀਏ ਤਾਂ ਸਾਫ਼ ਹੈ ਕਿ ਸਮਾਜ ਅੰਦਰ ਕੋਈ ਵੀ ਮੁਸੀਬਤ ਆਵੇ ਤਾਂ ਕਲਾ ਨੂੰ ਪ੍ਰਣਾਏ ਲੋਕ ਹਰ ਤਰਾਂ ਦੇ ਬੰਨੇ-ਬਸੀਵੇਂ ਟੱਪ ਕੇ ਦੁਖੀਆਂ ਦੀ ਪੀੜ ਹਰਨ ਕਰਨ ਵਾਸਤੇ ਪਹੁੰਚਦੇ ਹਨ, ਰੋਂਦਿਆਂ ਦੇ ਹੰਝੂ ਪੂੰਝਦੇ ਹਨ। ਬੱਚਿਆਂ ਦੇ ਚਿਹਰਿਆਂ ਦੇ ਹਾਸੇ ਗੁਆਚ ਨਾ ਜਾਣ ਅਤੇ ਭਵਿੱਖ ਹਨੇਰੇ ਵਰਗਾ ਨਾ ਹੋ ਜਾਵੇ ਇਸ ਵਾਸਤੇ ਆਪਣੀ ਕਲਾ ਦੇ ਆਸਰੇ ਅਹੁੜ-ਪਹੁੜ ਕਰਦੇ ਹਨ। ਇਤਿਹਾਸ ਮਿਸਾਲਾਂ ਨਾਲ਼ ਭਰਿਆ ਪਿਆ ਹੈ। ਕਾਫ਼ੀ ਸਮਾਂ ਪਹਿਲਾਂ ਜਦੋਂ ( ਇਹ 1941-42 ਦੀ ਗੱਲ ਹੈ) ਬੰਗਾਲ ਵਿੱਚ ਕਾਲ਼ ਪਿਆ ਸੀ ਉਦੋਂ ਬੰਗਾਲ ਦੇ ਕਾਲ ਪੀੜਤਾਂ ਵਾਸਤੇ ਕਲਾ ਨਾਲ਼ ਜੁੜੇ ਲੋਕ ਦਰਦੀ ਪੰਜਾਬੀ ਕਲਾਕਾਰਾਂ ਨੇ ਇਪਟਾ ਦਾ ਝੰਡਾ ਚੁੱਕ ਕੇ ਘਰ-ਘਰ ਤੱਕ ਪਹੁੰਚ ਕਰਕੇ ਆਪਣੀ ਸਮਰੱਥਾ ਤੋਂ ਵੀ ਵੱਧ ਜਤਨ ਜੁਟਾਏ ਸਨ ਅਤੇ ਬਣਦੀ-ਸਰਦੀ ਮਦਦ ਕਰਕੇ ਆਪਣੇ ਬੰਗਾਲੀ ਭੈਣ-ਭਰਾਵਾਂ ਨੂੰ ਡੋਲਣੋਂ ਬਚਾਇਆ ਸੀ। ਇਸਤੋਂ ਵੱਡੀ ਮਨੁੱਖਤਾ ਦੀ ਸੇਵਾ ਹੋਰ ਕੋਈ ਹੋ ਹੀ ਨਹੀਂ ਸਕਦੀ। ਹੋਰ ਵੀ ਬਹੁਤ ਸਾਰੇ ਮੌਕੇ ਚੇਤੇ ਕੀਤੇ ਜਾ ਸਕਦੇ ਹਨ। ਪਿਛਲੇ ਨੇੜਲੇ ਸਮੇਂ ਦੀ ਗੱਲ ਕਰਨੀ ਹੋਵੇ ਤਾਂ ਮਿਸਾਲ ਵਜੋਂ ਜਦੋਂ ਦੁਨੀਆਂ ਦੇ ਬੰਬਧਾਰੀ ਜਰਵਾਣੇ ਇਕੱਠੇ ਹੋ ਕੇ ਕੋਸੋਵੋ ਉੱਤੇ ਬੰਬਾਂ ਦੀ ਵਰਖਾ ਕਰਦੇ ਹਨ ਤਾਂ ਦੁਨੀਆਂ ਦੇ ਵੱਡੇ ਨਾਂਵਾਂ ਵਾਲੇ ਸੰਗੀਤ ਨਾਲ਼ ਜੁੜੇ ਕਲਾਕਾਰ ਧੱਕੇਸ਼ਾਹਾਂ ਵੱਲੋਂ ਬੰਬਾਂ ਦੇ ਨਾਲ਼ ਸਤਾਏ ਅਤੇ ਸਹਿਮੇ ਹੋਏ ਕੋਸੋਵੋ ਵਾਸੀਆਂ ਦਾ ਦੁੱਖ ਹਰਨ ਲਈ ਉੱਥੇ ਪਹੁੰਚਦੇ ਹਨ - ਆਪਣੀ ਕਲਾ ਨੂੰ ਲੋਕਾਂ ਦੇ ਗੁਆਚੇ ਹਾਸੇ ਵਾਪਸ ਲਿਆਉਣ ਲਈ ਪੇਸ਼ ਕਰਦੇ ਹਨ। ਆਪਣੀ ਕਲਾ ਨੂੰ ਬੰਬਧਾਰੀ ਜਰਵਾਣਿਆਂ ਅਤੇ ਜੰਗ ਦੇ ਖ਼ਿਲਾਫ਼ ਪੇਸ਼ ਕਰਕੇ ਲੋਕਾਂ ਅੰਦਰ ਫੇਰ ਤੋ ਜੀਊਣ ਦਾ ਹੌਂਸਲਾ ਪੈਦਾ ਕਰਦੇ ਹਨ। ਇਹ ਸਾਹਸ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਆਪਣੇ ਆਪ ਨੂੰ ਪੀੜਤ ਲੋਕਾਈ ਦਾ ਹਮਦਰਦ ਜਾਂ ਅੰਗ ਜਾਣੇ ਅਤੇ ਉਨਾਂ ਦੇ ਦਰਦ/ਪੀੜ ਨੂੰ ਆਪਣੇ ਸੀਨੇ ਹੰਢਾਉਣ ਦਾ ਜੇਰਾ ਕਰ ਸਕਦਾ ਹੋਵੇ। ਲੋਕਾਂ ਦੇ ਦੁੱਖ ਦਰਦ, ਪੀੜ ਨੂੰ ਉਨਾਂ ਦਾ ਅੰਗ ਬਣਕੇ ਹੰਢਾਉਣ ਵਾਲਾ ਹੀ ਲੋਕ ਕਲਾਕਾਰ ਅਖਵਾ ਸਕਦਾ ਹੈ। ਪੀੜਤਾਂ ਵੱਲ ਬੇ-ਗ਼ਰਜ ਹੋ ਕੇ ਖੜੇ ਹੋਣ ਵਾਲਾ ਹੀ ਕਲਾ ਦਾ ਅਸਲੀ ਕਾਰਜ ਨਿਭਾਉਂਦਾ ਹੈ।

ਕਲਾ ਨੂੰ ਕਈ ਰੋਜ਼ੀ-ਰੋਟੀ ਦਾ ਸਾਧਨ ਸਮਝਦੇ ਹਨ, ਪਰ ਇਸਦੀ ਪੇਸ਼ਕਾਰੀ ਉਹ ਲੋਕ ਕਲਿਆਣ ਵਾਸਤੇ ਹੀ ਕਰਦੇ ਹਨ। ਉਹ ਸਾਫ਼ ਦਿਲ ਲੋਕ ਕਲਾਕਾਰ (ਭੰਡ-ਮਰਾਸੀ ਆਦਿ) ਸਿਰਫ਼ ਆਪਣੀਆਂ ਗ਼ਰਜਾਂ ਦੀ ਪੂਰਤੀ ਕਰਨ ਵਾਲੇ ਉਨਾਂ ਅਖੌਤੀ ਬੁਧੀਜੀਵੀਆਂ / ਮਹਿੰਗੇ 'ਕਲਾਕਾਰਾਂ' ਤੋਂ ਲੱਖ ਦਰਜ਼ੇ ਚੰਗੇ ਹਨ ਜਿਹੜੇ ਮੌਕਾਪ੍ਰਸਤੀ ਵਾਲੇ ਵੰਝ ਤੇ ਚੜਕੇ ਆਪਣੀ ਅਕਲ ( ਤੇ ਜ਼ਮੀਰ) ਵੇਚਣ ਲੱਗਿਆਂ ਮਿੰਟ ਵੀ ਨਹੀਂ ਲਾਉਂਦੇ।

ਬਾਕੀ ਸਫ਼ਾ 33 'ਤੇ




# ਨਿਸ਼ਾਨੇਬਾਜ਼ੀ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰ ਰਹੀ ਨਵਦੀਪ ਕੌਰ ਸੇਖੋਂ

**ਗੁਰਦਾਸ ਸਿੰਘ ਸੇਖੋਂ**

ਨਵਦੀਪ ਜ਼ਿਲਾ ਮਾਨਸਾ ਦੇ ਪਿੰਡ ਬੋੜਾਵਾਲ ਦੇ ਇੱਕ ਸਾਧਾਰਨ ਪਰਿਵਾਰ ਦੀ ਧੀ ਹੈ। ਇਸ ਮਾਣਮੱਤੀ ਧੀ ਦਾ ਜਨਮ ਪਿਤਾ ਅਵਤਾਰ ਸਿੰਘ ਦੇ ਘਰ ਮਾਤਾ ਹਰਵਿੰਦਰ ਕੌਰ ਦੀ ਕੁੱਖੋਂ 10 ਦਸੰਬਰ 2001 ਨੂੰ ਹੋਇਆ। ਨਵਦੀਪ ਬਚਪਨ ਤੋਂ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਨਾਲ਼-ਨਾਲ਼ ਖੇਡਾਂ ਦੀ ਸ਼ੌਕੀਨ ਹੈ। ਉਸ ਨੇ ਮੁੱਢਲੀ ਪੜ੍ਹਾਈ ਡੀ.ਏ.ਵੀ. ਪਬਲਿਕ ਸਕੂਲ ਬੁਢਲਾਡਾ ਤੋਂ ਹਾਸਿਲ ਕੀਤੀ। ਸੱਤਵੀਂ ਜਮਾਤ ਵਿੱਚ ਪੜਦਿਆਂ ਸਕੂਲ ਦੀ ਅਧਿਆਪਕਾ ਜੋਤੀ ਸ਼ਰਮਾ ਦੀ ਪ੍ਰੇਰਨਾ ਸਦਕਾ ਪਿਸਟਲ ਨਿਸ਼ਾਨੇਬਾਜ਼ੀ ਖੇਡ ਦਾ ਆਗਾਜ਼ ਕਰਨ ਤੋਂ ਲੈ ਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਮੈਡਲ ਜਿੱਤ ਕੇ ਭਾਰਤ ਦਾ ਮਾਣ ਵਧਾਇਆ ਹੈ।

ਲਗਾਤਾਰ 3 ਸਾਲ ਦੇ ਅਭਿਆਸ ਤੇ ਕਰੜੀ ਮਿਹਨਤ ਉਪਰੰਤ 2015 ਵਿੱਚ ਪਿੰਡ ਬਾਦਲ ਵਿਖੇ ਹੋਈਆਂ ਸਟੇਟ ਪੱਧਰੀ ਅੰਡਰ-17 ਖੇਡਾਂ ਵਿੱਚ ਨਵਦੀਪ ਨੇ ਕਾਂਸੀ ਦਾ ਮੈਡਲ ਜਿੱਤਿਆ। ਇਹ ਨਵਦੀਪ ਦਾ ਆਪਣੇ ਪਿਸਟਲ ਨਾਲ਼ ਜਿੱਤਿਆ ਪਹਿਲਾ ਮੈਡਲ ਸੀ।

ਫਿਰ 2016 ਵਿੱਚ ਮੁਕਤਸਰ ਸਾਹਿਬ ਵਿਖੇ ਹੋਈਆਂ ਸਟੇਟ ਪੱਧਰੀ ਖੇਡਾਂ ਵਿੱਚ ਵਿਅਕਤੀਗਤ ਪੱਧਰ 'ਤੇ ਕਾਂਸੀ ਦਾ ਮੈਡਲ ਮਾਨਸਾ ਦੀ ਝੋਲੀ ਪਾਇਆ ਅਤੇ ਇਸੇ ਸਾਲ ਹੈਦਰਾਬਾਦ ਵਿਖੇ ਰਾਸ਼ਟਰੀ ਨਿਸ਼ਾਨੇਬਾਜ਼ੀ ਖੇਡਾਂ ਵਿੱਚ ਭਾਗ ਲਿਆ। ਇਸ ਤੋਂ ਬਾਅਦ ਨਵਦੀਪ ਦੇ ਨਿਸ਼ਾਨੇ ਲਗਾਤਾਰ ਮੈਡਲਾਂ ਉੱਪਰ ਲਗਦੇ ਰਹੇ ਤੇ ਥੋੜੇ ਵਕਫ਼ੇ ਵਿੱਚ ਹੀ ਉਸ ਦਾ ਨਾਂ ਦੇਸ਼ ਦੇ ਉੱਭਰਦੇ ਚੋਟੀ ਦੇ ਮਹਿਲਾ ਨਿਸ਼ਾਨੇਬਾਜ਼ਾਂ ਵਿੱਚ ਸ਼ਾਮਿਲ ਹੋ ਗਿਆ। 2017 ਵਿੱਚ ਨਵਦੀਪ ਨੇ ਰੋਪੜ ਵਿਖੇ ਹੋਈਆਂ ਸਟੇਟ ਪੱਧਰੀ ਖੇਡਾਂ ਵਿੱਚ ਵਿਅਕਤੀਗਤ ਤੌਰ 'ਤੇ ਕਾਂਸੀ ਦਾ ਮੈਡਲ ਫੁੰਡਿਆ ਅਤੇ ਪੂਨਾ ਵਿਖੇ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ। 2018 ਵਿੱਚ ਰੋਪੜ ਵਿਖੇ ਸਟੇਟ ਪੱਧਰੀ ਖੇਡਾਂ ਵਿੱਚ ਵਿਅਕਤੀਗਤ ਤੌਰ 'ਤੇ 10 ਮੀਟਰ ਪਿਸਟਲ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਗੋਲਡ ਮੈਡਲ ਹਾਸਿਲ ਕੀਤਾ ਅਤੇ ਇਸੇ ਸਾਲ ਇੰਦੌਰ ਵਿਖੇ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਕਾਂਸੀ ਦਾ ਮੈਡਲ ਪੰਜਾਬ ਦੀ ਝੋਲੀ ਪਾਇਆ।

ਨਵਦੀਪ ਦੇ ਨਿਸ਼ਾਨੇਬਾਜ਼ੀ ਖੇਡ ਵਿੱਚ ਲਗਾਤਾਰ ਬਿਹਤਰੀਨ ਪ੍ਰਦਰਸ਼ਨ ਦੇ ਆਧਾਰ 'ਤੇ ਉਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ ਵਿਖੇ ਬੀ.ਐੱਸ.ਸੀ. ਕਮਿਸਟਰੀ (ਆਨਰਜ਼) ਵਿੱਚ ਦਾਖ਼ਲਾ ਮਿਲਿਆ। 2019 ਵਿੱਚ ਭੋਪਾਲ (ਮੱਧ ਪ੍ਰਦੇਸ਼) ਵਿਖੇ ਰਾਸ਼ਟਰੀ ਖੇਡਾਂ ਵਿੱਚ ਟੀਮ ਪੱਧਰ 'ਤੇ ਸਿਲਵਰ ਮੈਡਲ ਤੇ ਇਸੇ ਸਾਲ ਪੰਜਾਬ ਯੂਨੀਵਰਸਿਟੀ ਦੀਆਂ ਅੰਤਰ ਕਾਲਜ ਖੇਡਾਂ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਅੰਤਰਵਰਸਿਟੀ ਖੇਡਾਂ ਵਿੱਚ ਸ਼ਮੂਲੀਅਤ ਕੀਤੀ। ਭੋਪਾਲ ਵਿਖੇ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਸਿਖ਼ਰਲੇ 20 ਮੈਡਲ ਜੇਤੂ ਖਿਡਾਰੀਆਂ ਦੇ ਇੰਡੀਅਨ ਸਕੂਐਡ ਟੀਮ ਦੀ ਚੋਣ ਲਈ ਟਰਾਇਲ ਲਏ ਗਏ ਜਿਸ ਨੂੰ ਨਵਦੀਪ ਨੇ ਅਸਾਨੀ ਨਾਲ਼ ਪਾਰ ਕਰ ਲਿਆ।

2021 ਵਿੱਚ ਨਵਦੀਪ ਨੇ ਪੰਜਾਬ ਸਟੇਟ ਸ਼ੂਟਿੰਗ ਚੈਂਪੀਅਨਸ਼ਿਪ ਦੇ 25 ਮੀਟਰ ਮੁਕਾਬਲੇ ਵਿੱਚ ਵਿਅਕਤੀਗਤ ਪੱਧਰ 'ਤੇ ਕਾਂਸੀ ਦਾ ਮੈਡਲ ਅਤੇ 10 ਮੀਟਰ



ਦੇ ਮੁਕਾਬਲੇ ਵਿੱਚ ਟੀਮ ਪੱਧਰ 'ਤੇ ਸਿਲਵਰ ਤੇ ਕਾਂਸੀ ਦੇ ਮੈਡਲ ਜਿੱਤੇ। ਇਸੇ ਸਾਲ ਹੀ ਦਿੱਲੀ ਵਿਖੇ ਹੋਈ ਨੈਸ਼ਨਲ ਚੈਪੀਅਨਸ਼ਿਪ ਵਿੱਚ ਕਾਂਸੀ ਦਾ ਮੈਡਲ ਜਿੱਤਿਆ। ਇਸੇ ਸਾਲ ਪੰਜਾਬ ਯੂਨੀਵਰਸਿਟੀ ਦੀ ਵਿਅਕਤੀਗਤ ਪੱਧਰ ਦੇ 50 ਮੀਟਰ ਮੁਕਾਬਲੇ ਵਿੱਚ ਇੰਟਰ ਕਾਲਜ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਹਾਸਿਲ ਕੀਤਾ।

ਹੁਣ ਨਵਦੀਪ ਦੇ ਅੰਤਰ-ਰਾਸ਼ਟਰੀ ਖੇਡ ਸਫ਼ਰ ਦੀ ਸ਼ੁਰੂਆਤ ਹੋਈ। ਇਸ ਮੁਕਾਮ 'ਤੇ ਪਹੁੰਚਣ ਲਈ ਨਵਦੀਪ ਦੇ ਕੋਚ ਹੋਲਿੰਦਰ ਕੁਮਾਰ ਚੰਡੀਗੜ ਦਾ ਵਡਮੁੱਲਾ ਯੋਗਦਾਨ ਰਿਹਾ। ਇਸ ਤੋਂ ਬਾਅਦ ਪੇਰੂ ਦੇਸ਼ ਦੀ ਰਾਜਧਾਨੀ ਲੀਮਾ ਵਿਖੇ ਹੋਣ ਵਾਲੀ ਜੂਨੀਅਰ ਵਰਲਡ ਚੈਂਪੀਅਨਸ਼ਿਪ ਲਈ ਭਾਰਤੀ ਜੂਨੀਅਰ ਟੀਮ ਦੀ ਚੋਣ ਲਈ ਲਏ ਟਰਾਇਲਾਂ ਵਿੱਚ ਨਵਦੀਪ ਨੇ ਭਾਰਤ ਦੇ ਚੋਟੀ ਦੇ ਨਿਸ਼ਾਨੇਬਾਜ਼ਾਂ ਵਿੱਚੋਂ ਤੀਜਾ ਸਥਾਨ ਹਾਸਿਲ ਕਰਕੇ ਮਿਹਨਤ ਤੇ ਪ੍ਰਤਿਭਾ ਦੇ ਬਲਬੂਤੇ ਆਪਣੀ ਮਜ਼ਬੂਤ ਦਾਅਵੇਦਾਰੀ ਪੇਸ਼ ਕੀਤੀ। ਇਨਾਂ ਟਰਾਇਲਾਂ ਉਪਰੰਤ ਚੁਣੀ ਜੂਨੀਅਰ ਟੀਮ ਦਾ 15 ਦਿਨਾਂ ਟ੍ਰੇਨਿੰਗ ਕੈਂਪ ਨਵੀਂ ਦਿੱਲੀ ਵਿਖੇ ਡਾ. ਕਰਨੀ ਸਿੰਘ ਸ਼ੂਟਿੰਗ ਰੇਂਜ਼ ਵਿਖੇ ਲੱਗਿਆ।

ਅਕਤੂਬਰ 2021 ਵਿੱਚ ਪੇਰੂ ਦੇਸ਼ ਵਿਖੇ ਹੋਈ ਜੂਨੀਅਰ ਵਰਲਡ ਚੈਂਪੀਅਨਸ਼ਿਪ ਵਿੱਚ 32 ਦੇਸ਼ਾਂ ਦੇ ਖਿਡਾਰੀਆਂ ਨੇ ਭਾਗ ਲਿਆ। ਭਾਰਤ ਦੀ ਇਸ ਮਾਣਮੱਤੀ ਧੀ ਨੇ ਇਸ 50 ਮੀਟਰ ਪਿਸਟਲ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵਿਅਕਤੀਗਤ ਪੱਧਰ 'ਤੇ ਕਾਂਸੀ ਦਾ ਮੈਡਲ ਦੇਸ਼ ਦੀ ਝੋਲੀ ਪਾ ਕੇ ਦੱਖਣੀ ਅਮਰੀਕਾ ਮਹਾਂਦੀਪ ਵਿੱਚ ਤਿਰੰਗਾ ਲਹਿਰਾ ਦਿੱਤਾ।

ਨਵਦੀਪ ਨੇ ਖੇਡਾਂ ਦੇ ਨਾਲ਼-ਨਾਲ਼ ਪੜ੍ਹਾਈ ਵਿੱਚ ਵੀ ਸੰਤੁਲਨ ਬਣਾ ਕੇ ਰੱਖਿਆ ਹੈ। ਉਹ ਪੰਜਾਬ ਯੂਨੀਵਰਸਿਟੀ ਚੰਡੀਗੜ ਵਿਖੇ ਕਮਿਸਟਰੀ (ਆਨਰਜ਼) ਸਟਰੀਮ ਦੀ ਗ੍ਰੈਜੂਏਸ਼ਨ ਪੜ੍ਹਾਈ ਦੇ ਬੇਹੱਦ ਰੁਝੇਵੇਂ ਭਰੇ ਸ਼ਡਿਊਲ ਦੇ ਨਾਲ਼-ਨਾਲ਼ ਕੈਂਪਸ ਦੀ ਸ਼ੂਟਿੰਗ ਰੇਂਜ ਵਿੱਚ ਰੋਜ਼ਾਨਾ 5-6 ਘੰਟੇ ਨਿਸ਼ਾਨੇਬਾਜ਼ੀ ਦਾ ਅਭਿਆਸ ਵੀ ਕਰਦੀ ਹੈ।

# ਸਾਡਾ ਤੁਰ ਗਿਆ ਯਾਰ ਰੰਗੀਨ ਧਰਤੀਧੱਕ ਪਰਵੀਨ ਕੁਮਾਰ



**ਸਰਵਣ ਸਿੰਘ**

ਪਰਵੀਨ ਕੁਮਾਰ ਦੇ ਤੁਰ ਜਾਣ ਨਾਲ਼ ਭਾਰਤੀ ਅਥਲੈਟਿਕਸ ਦਾ ਥੰਮ ਡਿੱਗ ਗਿਆ। ਨਵੀਂ ਦਿੱਲੀ ਵਿਖੇ ਆਪਣੀ ਰਿਹਾਇਸ਼ ਵਿਖੇ 74 ਵਰਿਆਂ ਦੀ ਉਮਰੇ ਪਰਵੀਨ ਦਾ 7 ਤੇ 8 ਫ਼ਰਵਰੀ ਦੀ ਦਰਮਿਆਨੀ ਰਾਤ ਦਿਲ ਦਾ ਦੌਰਾ ਪੈਣ ਨਾਲ਼ ਦੇਹਾਂਤ ਹੋ ਗਿਆ ਸੀ।

ਪਰਵੀਨ ਕੁਮਾਰ ਦਾ ਕੱਦ ਛੇ ਫੁੱਟ ਸੱਤ ਇੰਚ ਤੇ ਭਾਰ ਸਵਾ ਕੁਇੰਟਲ ਸੀ। ਪੰਜਾਹ ਇੰਚ ਛਾਤੀ, ਉਣੱਤੀ ਇੰਚ ਪੱਟ ਤੇ ਸਤਾਰਾਂ ਇੰਚ ਡੌਲੇ। ਉਹ ਮੇਰੇ ਵੱਡ-ਵਡੇਰਿਆਂ ਦੇ ਪਿੰਡ ਸਰਹਾਲੀ ਦਾ ਜੰਮਪਲ ਸੀ । ਇਹ ਭਾਈ ਬਿਧੀ ਚੰਦ ਦਾ ਨਾਨਕਾ ਪਿੰਡ ਹੈ ਜਿਸ ਨੇ ਲਾਹੌਰ ਦੇ ਕਿਲੇ ਵਿੱਚੋਂ ਘੋੜੇ ਕੱਢੇ ਸਨ। ਪਰਵੀਨ ਦਾ ਜਨਮ 6 ਦਸੰਬਰ 1947 ਨੂੰ ਸੰਧੂਆਂ ਦੇ ਬਾਹੀਏ ਵਿਚਕਾਰ ਵਸਦੇ ਪੰਡਤਾਂ ਦੇ ਸੋਬਤੀ ਪਰਿਵਾਰ ਵਿੱਚ ਹੋਇਆ। ਉਹਦੀ ਮਸ਼ਹੂਰੀ ਤਰਨਤਾਰਨ ਦੇ ਟੂਰਨਾਮੈਂਟ ਤੋਂ ਸ਼ੁਰੂ ਹੋਈ ਜੋ ਏਸ਼ੀਆ ਤੇ ਕਾਮਨਵੈਲਥ ਦੇਸ਼ਾਂ ਦੀਆਂ ਹੱਦਾਂ ਲੰਘ ਗਈ। ਉਹਨੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਦਰਜਨ ਤੋਂ ਵੱਧ ਤਮਗ਼ੇ ਜਿੱਤੇ। ਉਹਦੀਆਂ ਬਾਹਵਾਂ ਨੇ 65.76 ਮੀਟਰ ਹੈਮਰ ਸੁੱਟਿਆ ਤੇ 56.74 ਮੀਟਰ ਦੂਰ ਡਿਸਕਸ ਸੁੱਟੀ। ਉਹ ਵਾਰ-ਵਾਰ ਏਸ਼ੀਆ ਦਾ ਚੈਂਪੀਅਨ ਬਣਿਆ। 1966 ਵਿੱਚ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਵਿੱਚ ਉਹ ਹੈਮਰ ਸੁੱਟਣ ਵਿੱਚ ਸੈਕਿੰਡ ਰਿਹਾ ਸੀ। ਉਸ ਸਮੇਂ ਉਹ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਸਭ ਤੋਂ ਕੱਦਾਵਰ ਤੇ ਵਜ਼ਨ ਵਿੱਚ ਸਭ ਤੋਂ ਭਾਰਾ ਸੁਟਾਵਾ ਗਿਣਿਆ ਗਿਆ ਸੀ। ਉਦੋਂ ਤੱਕ ਉਹਨੇ ਦੋ ਬੰਦੇ ਹੀ ਆਪਣੇ ਕੱਦ ਤੋਂ ਉੱਚੇ ਵੇਖੇ ਸਨ। ਇੱਕ ਤਰਸਿੱਕੇ ਬਲਾਕ ਵਿੱਚ ਤੇ ਦੂਜਾ ਦਾਰਾ ਦੁਲਚੀਪੁਰੀਆ।

ਸਮੇਂ ਨਾਲ਼ ਉਹਦੇ ਵਿੱਚ ਬੜੀ ਤਬਦੀਲੀ ਆਈ। ਖੇਡ ਅਖਾੜੇ ਵਿੱਚ ਵੜਦਿਆਂ ਉਹ ਸਿੱਧ-ਪੱਧਰਾ ਪੇਂਡੂ ਮਝੈਲ ਸੀ। ਸਰਹਾਲੀ ਤੋਂ ਅੰਬਰਸਰ ਉਹਦੀ ਦੁਨੀਆ ਸੀ। ਪਰ ਬਾਅਦ ਵਿੱਚ ਉਹਨੇ ਏਨੀ ਦੁਨੀਆ ਵੇਖੀ ਕਿ ਉੱਠਦਿਆਂ ਬੈਠਦਿਆਂ ਐਕਟਰਾਂ ਨੂੰ ਵੀ ਮਾਤ ਪਾਉਣ ਲੱਗਾ। ਮਾਤ ਕੀ ਬਣ ਹੀ ਐਕਟਰ ਗਿਆ।

ਜਦੋਂ ਉਹ ਪਹਿਲੀ ਵਾਰ ਪਟਿਆਲੇ ਕੋਚਿੰਗ ਕੈਂਪ ਵਿੱਚ ਆਇਆ ਤਾਂ ਮੈਂ ਉਹਤੋਂ ਖ਼ੁਰਾਕ ਪੁੱਛੀ। ਉਹਨੇ ਕਿਹਾ, 'ਖ਼ੁਰਾਕ ਗਿਣ ਮਿਥ ਕੇ ਥੋੜੋ ਖਾਈਦੀ ਆ। ਕਦੇ ਘੱਟ ਕਦੇ ਵੱਧ।' 'ਨਾ ਤਾਂ ਵੀ। ਘੱਟ ਵੱਧ ਦਾ ਕੁਝ ਤਾਂ ਅੰਦਾਜ਼ਾ ਲੱਗੇ।' 'ਅੰਦਾਜ਼ੇ ਨਾਲ਼ ਪੰਜ ਛੇ ਕਿੱਲੋ ਦੁੱਧ, ਪਾ ਡੇਢ ਪਾ ਘਿਓ, ਛੇ ਸੱਤ ਆਂਡੇ ਤੇ ਕਿੱਲੋ ਸਵਾ ਕਿੱਲੋ ਮੀਟ। ਇਹ ਪਿੰਡ ਦੀ ਗੱਲ ਆ। ਜੇ ਸ਼ਹਿਰ ਵਿੱਚ ਹੋਈਏ ਤਾਂ ਭੁੱਖੇ ਵੀ ਰਹਿ ਲਈਦਾ।'

ਕੈਂਪ ਵਿੱਚ ਅਜਮੇਰ ਸਿੰਘ ਮਸਤ ਰੂਹ ਅਫ਼ਜ਼ੇ ਦੀ ਬੋਤਲ ਲੈ ਆਇਆ। ਪਰਵੀਨ ਨੂੰ ਪਤਾ ਨੀ ਕਿਵੇਂ ਮੁਸ਼ਕ ਆ ਗਿਆ। ਅਜਮੇਰ ਨਹਾਉਣ ਗਿਆ ਤਾਂ ਪਰਵੀਨ ਨੇ ਦਾਅ ਤਕਾ ਕੇ ਬਾਰ ਭੇੜਿਆ, ਬੋਤਲ ਘੜੇ ਵਿੱਚ ਮੂਧੀ ਕੀਤੀ, ਹੱਥ ਨਾਲ਼ ਮਧਾਣੀ-ਗੇੜਾ ਦਿੱਤਾ ਤੇ ਘੜੇ ਨੂੰ ਹੀ ਮੂੰਹ ਲਾ ਕੇ ਪੀ ਗਿਆ। ਉਨੀਂ ਦਿਨੀਂ ਖਾਣ-ਪੀਣ ਬਾਰੇ ਉਹ ਕਿਹਾ ਕਰਦਾ ਸੀ ਕਿ ਰੱਜਵਾਂ ਮਿਲੇ ਤਾਂ ਬੰਦਾ ਖਾਣੋ ਹੀ ਨਾ ਹਟੇ।

ਪਹਿਲਾਂ-ਪਹਿਲ ਪਰਵੀਨ ਨੇ ਪਹਿਲਵਾਨ ਬਣਨ ਦੀ ਠਾਣੀ ਸੀ। ਉਹ ਹਰ ਰੋਜ਼ ਡੇਢ ਦੋ ਸੌ ਡੰਡ ਤੇ ਪੰਜ ਛੇ ਸੌ ਬੈਠਕਾਂ ਕੱਢਦਾ ਸੀ। ਟੋਕਾ ਗੇੜਦਿਆਂ ਦਸ-ਦਸ ਭਰੀਆਂ ਪੱਠਿਆਂ ਦੀਆਂ ਕੁਤਰ ਦੇਣੀਆਂ। ਉਹਦੇ ਪਿਤਾ ਜੀ ਪੁਲਿਸ ਵਿੱਚ ਥਾਣੇਦਾਰ ਸਨ ਤੇ ਖ਼ੁਦ ਖਿਡਾਰੀ ਰਹੇ ਸਨ। ਉਨਾਂ ਨੂੰ ਸ਼ੌਂਕ ਸੀ ਕਿ ਪੁੱਤਰ ਖ਼ੁਰਾਕ ਖਾ ਕੇ ਤਕੜੇ ਖਿਡਾਰੀ ਬਣਨ। ਏਹੋ ਕਾਰਨ ਸੀ ਕਿ ਬੱਚਿਆਂ ਨੂੰ ਖਾਣ-ਪੀਣ ਲਈ ਚੰਗਾ ਚੋਖ਼ਾ ਮਿਲਦਾ ਰਿਹਾ ਤੇ ਉਹ ਬੜੇ ਕੱਦਾਵਰ ਨਿਕਲੇ।

ਪਰਵੀਨ ਤੇ ਉਹਦਾ ਭਾਈ ਹਵੇਲੀ ਸੁੱਤੇ ਪਏ ਸਨ। ਚੋਰਾਂ ਨੇ ਉਨਾਂ ਦੀ ਵਛੇਰੀ ਖੋਲ ਲਈ। ਪਰਵੀਨ ਦੀ ਅੱਖ ਖੁੱਲ ਗਈ। ਉਸ ਨੇ ਬੰਦੂਕ ਵਾਲੇ ਬੰਦੇ ਨੂੰ ਜੱਫਾ ਮਾਰ ਲਿਆ ਤੇ ਬੰਦੂਕ ਦੀ ਨਾਲੀ ਕੱਛ ਹੇਠ ਘੁੱਟ ਲਈ। ਚੋਰ ਨੇ ਫਾਇਰ ਕਰ ਦਿੱਤਾ। ਗੋਲੀ ਕੱਛ ਵਿੱਚ ਦੀ ਲੰਘ ਗਈ। ਨਾਲ਼ ਦੇ ਚੋਰ ਨੇ ਬੰਦੂਕ ਫੜ ਕੇ ਬੱਟ ਸਿਰ ਵਿੱਚ ਮਾਰਿਆ ਜਿਸ ਨਾਲ਼ ਪਰਵੀਨ ਭੁਆਂਟਣੀ ਖਾ ਕੇ ਡਿੱਗ ਪਿਆ। ਚੋਰ ਦੌੜ ਗਏ। ਇਸ ਹਾਦਸੇ ਪਿੱਛੋਂ ਪਰਵੀਨ ਦੀ ਖ਼ੁਰਾਕ ਹੋਰ ਵਧਾ ਦਿੱਤੀ ਗਈ ਕਿ ਕੱਲ-ਕਲੋਤਰ ਨੂੰ ਫਿਰ ਇਹੋ ਜਿਹੀ ਘਟਨਾ ਵਾਪਰੇ ਤਾਂ ਉਹ ਘੱਟੋ-ਘੱਟ ਦੋ ਜਣਿਆਂ ਦਾ ਮੁਕਾਬਲਾ ਤਾਂ ਕਰੇ।

ਮੈਂ ਪਰਵੀਨ ਤੋਂ ਉਹਦਾ ਮਨਭਾਉਂਦਾ ਸ਼ੌਂਕ ਪੁੱਛਿਆ ਤਾਂ ਉਹਨੇ ਕਿਹਾ, 'ਮੇਰਾ ਸ਼ੌਂਕ ਆ ਪਈ ਜੁੱਸਾ ਹੋਰ ਤਗੜਾ ਹੋਵੇ। ਪਈ ਦੇਖਣ ਆਲੇ ਨੂੰ ਦਹਿਸ਼ਤ ਆਵੇ। ਲੋਕ ਰਾਹ ਛੱਡ ਕੇ ਲੰਘਣ। ਅਸਲ ਵਿੱਚ ਜੂਨ ਈ ਤਗੜੇ ਬੰਦੇ ਦੀ ਆ?'

**ਸਖਸ਼ੀਅਤ**

ਉਹਦਾ ਵਾਸਾ ਜਲੰਧਰ ਹੋ ਗਿਆ। ਫਿਰ ਪਿੰਡ ਦੀ ਜ਼ਮੀਨ ਜਾਇਦਾਦ ਵੇਚ ਕੇ ਉਨਾਂ ਨੇ ਦਿੱਲੀ ਜਾ ਕੋਠੀ ਪਾਈ ਤੇ ਉਥੇ ਹੀ ਕਾਰੋਬਾਰ ਤੋਰ ਲਿਆ। ਪਰਵੀਨ ਖ਼ੁਦ ਬਾਰਡਰ ਸਕਿਉਰਿਟੀ ਵਿੱਚ ਕੰਮ ਕਰਦਾ ਰਿਹਾ ਤੇ ਡੀ. ਐਸ. ਪੀ. ਦੇ ਅਹੁਦੇ ਤੱਕ ਚਲਾ ਗਿਆ। ਫਿਰ ਉਹ ਨੌਕਰੀ ਨੂੰ ਲੱਤ ਮਾਰ ਕੇ ਫ਼ਿਲਮਾਂ ਵਿੱਚ ਰੋਲ਼ ਕਰਨ ਲਈ ਬੰਬਈ ਜਾ ਪੁੱਜਾ। ਉਹਨੇ ਦਾਰਾ ਸਿੰਘ ਵਾਂਗ ਮਝੈਲ ਲਹਿਜੇ ਵਿੱਚ ਹਿੰਦੀ ਦੇ ਡਾਇਲਾਗ ਬੋਲੇ ਤੇ ਸੀਰੀਅਲ ਮਹਾਂਭਾਰਤ ਦਾ ਭੀਮ ਬਣਿਆ। ਉਹ ਦੋ ਭਾਈ ਖੇਡਾਂ ਵਿੱਚ ਚਮਕੇ ਪਰ ਕਹਿੰਦੇ ਇਹੋ ਰਹੇ, 'ਖੇਡਾਂ ਵਿੱਚ ਭੁੱਖ ਨੰਗ ਤੋਂ ਸਿਵਾ ਹੋਰ ਹੈ ਵੀ ਕੀ?'

ਪਰਵੀਨ ਨੇ ਸਕੂਲੀ ਸਿੱਖਿਆ ਸਰਹਾਲੀ ਦੇ ਹਾਈ ਸਕੂਲ ਵਿੱਚ ਲਈ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਪੜਨ ਲੱਗਾ ਸੀ ਜਦੋਂ ਬਾਰਡਰ ਸਕਿਉਰਿਟੀ ਫ਼ੋਰਸ ਨੇ ਖਿਡਾਰੀਆਂ ਦੇ ਕੋਟੇ ਵਿੱਚ ਭਰਤੀ ਕਰ ਲਿਆ। ਨੌਕਰੀ ਤਾਂ ਨਾਂ ਦੀ ਸੀ, ਅਸਲ ਕੰਮ ਡਿਸਕਸ ਤੇ ਹੈਮਰ ਸੁੱਟਣਾ ਸੀ। ਹੈਮਰ ਤੇ ਡਿਸਕਸ ਦੇ ਉਸ ਨੇ ਛੋਟੀ ਉਮਰ ਵਿੱਚ ਹੀ ਰਿਕਾਰਡ ਰੱਖ ਦਿੱਤੇ ।



1968 ਵਿੱਚ ਉਸ ਨੂੰ ਅਰਜਨਾ ਅਵਾਰਡ ਮਿਲਿਆ। 1966 ਤੇ 70 ਦੀਆਂ ਏਸ਼ਿਆਈ ਖੇਡਾਂ ਵਿੱਚੋਂ ਉਸ ਨੇ ਸੋਨੇ ਦੇ ਤਿੰਨ ਤਮਗੇ ਜਿੱਤੇ। ਦੋ ਵਾਰ ਓਲੰਪਿਕ ਖੇਡਾਂ ਵਿੱਚ ਭਾਗ ਲਿਆ। ਰੀੜ ਦੇ ਦਰਦ ਕਾਰਨ 1974 ਦੀਆਂ ਏਸ਼ਿਆਈ ਖੇਡਾਂ ਵਿੱਚੋਂ ਉਹ ਚਾਂਦੀ ਦਾ ਤਮਗ਼ਾ ਹੀ ਜਿੱਤ ਸਕਿਆ। ਮਨੀਲਾ ਤੇ ਸਿਓਲ ਦੀਆਂ ਏਸ਼ੀਅਨ ਅਥਲੈਟਿਕ ਮੀਟਾਂ ਵਿੱਚੋਂ ਉਸ ਨੇ ਵਾਰ-ਵਾਰ ਸੋਨੇ ਦੇ ਤਮਗੇ ਜਿੱਤੇ। ਦਸ ਸਾਲ ਉਹ ਏਸ਼ੀਆ ਦਾ ਸਭ ਤੋਂ ਤਕੜਾ ਸੁਟਾਵਾ ਰਿਹਾ। ਜਰਮਨੀ ਵਿੱਚ ਅਥਲੈਟਿਕਸ ਦੇ ਡੈਜ਼ਲਡੋਰਫ਼ ਵਰਲਡ ਕੱਪ ਸਮੇਂ ਉਹ ਏਸ਼ੀਆ ਦੀ ਅਥਲੈਟਿਕ ਟੀਮ ਦਾ ਕਪਤਾਨ ਬਣਿਆ। ਉੱਥੇ ਉਹ ਕੁੱਲ ਦੁਨੀਆ ਵਿੱਚ ਚੌਥੇ ਨੰਬਰ ਤੇ ਆਇਆ। 1974 ਵਿੱਚ ਤਹਿਰਾਨ ਦੀਆਂ ਏਸ਼ੀਆਈ ਖੇਡਾਂ ਸਮੇਂ ਉਸ ਨੇ ਭਾਰਤੀ ਦਲ ਦੀ ਅਗਵਾਈ ਕੀਤੀ।

ਇੱਕ ਵਾਰ ਮੈਂ ਉਹਨੂੰ ਜਲੰਧਰ ਮਿਲਣ ਗਿਆ ਤਾਂ ਉਹ ਪਹਿਲਾਂ ਨਾਲ਼ੋਂ ਬਹੁਤ ਬਦਲਿਆ ਹੋਇਆ ਸੀ। ਭਲਵਾਨਾਂ ਵਾਲੇ ਘੋਨੇ ਸਿਰ ਦੀ ਥਾਂ ਲੰਮੇ ਪਟੇ ਸਨ। ਕੱਪੜਾ-ਲੱਤਾ ਫ਼ੈਸ਼ਨਦਾਰ ਤੇ ਅਦਾਵਾਂ ਸ਼ਹਿਰੀ। ਵੇਖਣ ਨੂੰ ਲਾਟ ਸਾਹਬ। ਮੈਂ ਸਮਝਿਆ, ਖ਼ੌਰੇ ਸਿਆਣੇ ਵੀ ਨਾ। ਗੱਲੀਂ ਬਾਤੀਂ ਖੁੱਲਿਆ ਤਾਂ ਉਹੀ ਸਰਹਾਲੀ ਵਾਲਾ ਪਰਵੀਨ ਨਿਕਲਿਆ। ਉਹੀ ਹਾਸਾ, ਉਹੀ ਮਖ਼ੌਲ ਤੇ ਉਹੀ ਮਝੈਲ ਲਹਿਜ਼ਾ। ਪਰ ਕਦੇ-ਕਦੇ ਉਹ ਅੰਗਰੇਜ਼ੀ ਬੋਲਣ ਲੱਗ ਜਾਂਦਾ ਜਦ ਕਿ ਪਹਿਲਾਂ ਕੋਚ ਦਾ ਇੱਕੋ ਫ਼ਿਕਰਾ ਸੁਣ ਕੇ ਮੁੜਕੋ-ਮੁੜਕੀ ਹੋ ਜਾਂਦਾ ਸੀ। ਉੱਦਣ ਉਹ ਵਿੱਚੇ ਅੰਗਰੇਜ਼ੀ ਬੋਲੀ ਗਿਆ ਤੇ ਵਿੱਚੇ ਅੰਗਰੇਜ਼ੀ ਵਿੱਚ ਕਹੀ ਗਿਆ ਕਿ ਮੈਨੂੰ ਅੰਗਰੇਜ਼ੀ ਚੰਗੀ ਨਹੀਂ ਲੱਗਦੀ। 1966 ਵਿੱਚ ਉਸ ਨੂੰ ਵੋਦਕਾ ਦੀ ਘੁੱਟ ਭਰਨੀ ਨਹੀਂ ਸੀ ਆਈ ਪਰ ਤੁਰ ਫ਼ਿਰ ਕੇ ਉਹ ਕੁੱਲ ਦੁਨੀਆ ਦਾ ਸ਼੍ਰਿਸ਼ਟਾਚਾਰ ਜਾਣ ਗਿਆ।

ਬਾਹਰ ਦੇ ਕੋਚਾਂ ਤੇ ਖਿਡਾਰੀਆਂ ਨਾਲ਼ ਮਿਲ ਗਿਲ ਕੇ ਪੱਤਰਕਾਰਾਂ ਨੂੰ ਇੰਟਰਵਿਊ ਦੇਣ ਵਿੱਚ ਉਹ ਪੂਰਾ ਤਾਕ ਹੋ ਗਿਆ ਸੀ।

ਗੱਲਾਂ ਬਾਤਾਂ ਕਰਦਿਆਂ ਕਦੇ-ਕਦੇ ਉਸ ਦੇ ਵਿੱਚੋਂ ਫਿਰ ਉਹੀ ਪੁਰਾਣਾ ਪਰਵੀਨ ਉਜਾਗਰ ਹੋ ਉਠਦਾ ਜੀਹਦੀਆਂ ਗੱਲਾਂ ਹਾਸੇ ਮਖ਼ੌਲ ਨਾਲ਼ ਲੱਦੀਆਂ ਤੇ ਗਾਲਾਂ ਨਾਲ਼ ਸ਼ਿੰਗਾਰੀਆਂ ਹੁੰਦੀਆਂ ਸਨ। ਜਿਵੇਂ ਮੇਲਾ ਵੇਖ ਕੇ ਜੱਟਾਂ ਦੇ ਛੇ ਮਹੀਨੇ ਲੰਘ ਜਾਂਦੇ ਹਨ ਉਵੇਂ ਪਰਵੀਨ ਦੀਆਂ ਗੱਲਾਂ ਸੁਣ ਕੇ ਵੀ ਉਹਦੇ ਸਾਥੀ ਛੇ ਮਹੀਨੇ ਖਿੜੇ ਰਹਿੰਦੇ ਹਨ। ਮੈਨੂੰ ਯਾਦ ਆਇਆ ਇੱਕ ਦਿਨ ਉਹ ਕਹਿ ਰਿਹਾ ਸੀ, 'ਕੋਚ ਦਾ ਸਿਰ ਦੇਖ, ਹਵਾਈ ਅੱਡੇ ਅਰਗਾ ਗੰਜਾ।'

ਪਤਲੀਆਂ ਲੱਤਾਂ ਵਾਲੇ 'ਸਮਾਰਟ' ਨੌਜਵਾਨ ਬਾਰੇ ਪਰਵੀਨ ਕੁਮਾਰ ਦਾ ਪ੍ਰਵਚਨ ਸੀ, 'ਲੱਤਾਂ ਸਿਗਰਟਾਂ ਅਰਗੀਆਂ, ਅਖੇ ਅਸੀਂ ਸਮਾਰਟ ਆਂ। ਪੈਂਟ ਵਿੱਚ ਲੱਤਾਂ ਇਓਂ ਲੱਗਦੀਆਂ ਜਿਵੇਂ ਝੋਲੇ ਵਿੱਚ ਪੰਪ ਪਾਇਆ ਹੁੰਦਾ। ਗੋਡੇ ਦੇਖ ਜਿਵੇਂ ਰੱਸੇ ਨੂੰ ਗੰਢ ਦਿੱਤੀ ਹੁੰਦੀ ਆ।' ਬਾਅਦ ਵਿੱਚ ਪਤਾ ਲੱਗਾ ਕਿ ਉਹ ਸਮਾਰਟ ਨੌਜਵਾਨ ਵਰਿਆਮ ਸੰਧੂ ਸੀ ਜਿਸ ਨੇ ਉੱਚੀਆਂ ਛਾਲਾਂ ਲਾਉਣ ਪਿੱਛੋਂ ਪੰਜਾਬੀ ਕਹਾਣੀ ਦੇ ਆਕਾਸ਼ ਉੱਤੇ ਛਾਲ ਮਾਰੀ।

ਪਰਵੀਨ ਇੱਕ ਦਿਨ ਗੁਰਮੁਖ ਸਿੰਘ ਬਾਰੇ ਕਹਿਣ ਲੱਗਾ, 'ਮੂੰਹ ਬੋਕ ਅਰਗਾ ਤੇ ਨਾਂ ਗੁਰਮੁਖ ਸਿਓਂ।'

ਇੱਕ ਛੈਲਾ ਬਾਂਕਾ ਪਰ ਕੱਦ ਦਾ ਨਿਕੱਦਾ ਗੱਭਰੂ ਉਹਨੂੰ ਕਹਿਣ ਲੱਗਾ, 'ਪਰਵੀਨ, ਤੇਰੇ ਨਾਲ਼ ਤੁਰਦਿਆਂ ਮੈਂ ਬਹੁਤ ਛੋਟਾ ਲੱਗਦਾਂ। ਮੇਰੀ ਬੇਇੱਜ਼ਤੀ ਹੁੰਦੀ ਆ।'

ਪਰਵੀਨ ਨੇ ਪੁੱਛਿਆ, 'ਹੋਰਨਾਂ ਨਾਲ਼ ਤੁਰਦਿਆਂ ਤੈਨੂੰ 'ਕੱਤੀਆਂ ਤੋਪਾਂ ਦੀ ਸਲਾਮੀ ਮਿਲਦੀ ਆ?'

ਕਿਸੇ ਦੋਸਤ ਨੇ ਕਿਹਾ, 'ਚੱਲ ਪਰਵੀਨ, ਹਿੱਲ ਸਟੇਸ਼ਨ ਤੇ ਚੱਲੀਏ।'

ਬਾਕੀ ਸਫ਼ਾ 34 'ਤੇ

# ਕੀ ਟੁੱਟੇ ਲੱਕ ਵਾਲਾ ਪੰਜਾਬ ਉੱਠ ਸਕੇਗਾ ?



**ਡਾ. ਹਰਸ਼ਿੰਦਰ ਕੌਰ, ਐਮ. ਡੀ.**

**ਫੋਨ ਨੰ. : 0175-2216783**

ਕੁਝ ਖ਼ਬਰਾਂ ਵੱਲ ਜੇ ਗਹੁ ਨਾਲ਼ ਤੱਕੀਏ ਤਾਂ ਪੰਜਾਬ ਅੰਦਰਲੇ ਪਿੰਡਾਂ ਵਿੱਚ ਸੌਖਿਆਂ ਝਾਤ ਵੱਜ ਸਕਦੀ ਹੈ।

ਇਹ ਖ਼ਬਰਾਂ ਹਨ :- 1. ਧਰਤੀ ਹੇਠਲੇ ਪਾਣੀ ਦੀ ਲਗਾਤਾਰ ਅਤੇ ਬੇਤਰਤੀਬੀ ਵਰਤੋਂ ਸਦਕਾ ਪੰਜਾਬ ਹੇਠਲੀ ਧਰਤੀ ਵਿੱਚ ਸਿਰਫ਼ ਅਗਲੇ 17 ਸਾਲਾਂ ਲਈ ਪਾਣੀ ਬਚਿਆ ਹੈ। ਜੇ ਤੁਰੰਤ ਪਾਣੀ ਬਚਾਉਣ ਦੇ ਯਤਨ ਨਾ ਆਰੰਭੇ ਗਏ ਤਾਂ ਪਰਵਾਸ ਮਜਬੂਰੀ ਬਣ ਜਾਵੇਗੀ। ਤੁਰੰਤ 'ਡਰਿੱਪ ਇਰੀਗੇਸ਼ਨ' ਵੱਲ ਧਿਆਨ ਕਰਨ ਦੀ ਲੋੜ ਹੈ। ਹੁਣ ਵੀ ਕੁਝ ਇਲਾਕਿਆਂ ਵਿੱਚ ਪਾਣੀ ਕੱਢਣ ਲਈ 1200 ਫੁੱਟ ਤੱਕ ਦਾ ਬੋਰ ਕੀਤਾ ਜਾ ਰਿਹਾ ਹੈ।

2. ਸ਼ਾਇਦ ਇਹ ਸੁਣ ਕੇ ਕਿਸੇ ਨੂੰ ਹੈਰਾਨੀ ਹੋਵੇ ਕਿ ਲੁਧਿਆਣੇ ਦੇ ਬੁੱਢਾ ਨਾਲੇ ਵਿੱਚੋਂ ਪਹਿਲਾਂ ਲੋਕ ਪੀਣ ਲਈ ਵੀ ਪਾਣੀ ਵਰਤਦੇ ਹੁੰਦੇ ਸਨ ਅਤੇ ਕਪੜੇ ਵੀ ਧੋਂਦੇ ਹੁੰਦੇ ਸਨ। ਹੁਣ ਇਹ ਲੁਧਿਆਣੇ ਦੀਆਂ ਕੈਮੀਕਲ ਤੇ ਹੋਰ ਫੈਕਟਰੀਆਂ ਵੱਲੋਂ ਸੁੱਟੀ ਗੰਦਗੀ ਸਦਕਾ ਅਜਿਹੇ ਗੰਦੇ ਨਾਲੇ ਵਿੱਚ ਤਬਦੀਲ ਹੋ ਚੁੱਕਿਆ ਹੈ ਜਿਸ ਵਿੱਚ ਅਣਗਿਣਤ ਲਾਇਲਾਜ ਬੀਮਾਰੀਆਂ ਦੇ ਕੀਟਾਣੂ ਪਨਪ ਰਹੇ ਹਨ। ਜਾਨ ਨੂੰ ਖ਼ਤਰਾ ਤਾਂ ਇੱਕ ਨਿੱਕੀ ਜਿਹੀ ਖ਼ਬਰ ਤੋਂ ਹੀ ਸਮਝ ਆ ਜਾਂਦਾ ਹੈ ਜਦੋਂ ਅਖ਼ਬਾਰਾਂ ਦੀ ਸੁਰਖ਼ੀ ਵਿੱਚ ਹਮੀਰੇ ਦੀ ਸ਼ਰਾਬ ਫੈਕਟਰੀ ਵਿਚਲੇ ਪ੍ਰਦੂਸ਼ਿਤ ਪਾਣੀ ਨਾਲ਼ ਅਣਗਿਣਤ ਮੱਛੀਆਂ ਅਤੇ ਹੋਰ ਜੀਵਾਂ ਦੇ ਮਰਨ ਦੀ ਖ਼ਬਰ ਛਪੀ।

ਆਈ. ਆਈ. ਟੀ. ਖੜਗਪੁਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ ਅਨੁਸਾਰ ਪੰਜਾਬ ਵਿਚਲੇ ਕਈ ਥਾਈਂ ਗੰਧਲੇ ਹੋ ਚੁੱਕੇ ਪਾਣੀ ਨੂੰ ਸਾਫ਼ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਇਹ ਗੰਧਲਾ ਪਾਣੀ ਆਪਣੇ ਵਿਚਲੇ ਗੰਦਗੀ ਦੇ ਢੇਰ ਨੂੰ ਲੈ ਕੇ ਜ਼ਮੀਨ ਹੇਠਾਂ ਜਜ਼ਬ ਹੁੰਦਾ ਜਾ ਰਿਹਾ ਹੈ ਜਿੱਥੋਂ ਇਹ ਵਾਪਸ ਪੰਪਾਂ ਰਾਹੀਂ ਉਤਾਂਹ ਖਿੱਚ ਕੇ ਖੇਤਾਂ ਲਈ ਤੇ ਘਰਾਂ ਅੰਦਰ ਪੀਣ ਲਈ ਵਰਤਿਆ ਜਾ ਰਿਹਾ ਹੈ। ਇਸ ਜ਼ਹਿਰੀਲੇ ਪਾਣੀ ਸਦਕਾ ਪੰਜਾਬ ਦੇ ਲਗਭਗ ਇੱਕ ਕਰੋੜ ਦੇ ਕਰੀਬ ਲੋਕ ਕਿਸੇ ਨਾ ਕਿਸੇ ਬੀਮਾਰੀ ਨਾਲ਼ ਜੂਝ ਰਹੇ ਹਨ। ਪੂਰੇ ਭਾਰਤ ਵਿੱਚ ਵੀ 25 ਕਰੋੜ ਲੋਕ ਪ੍ਰਦੂਸ਼ਿਤ ਪਾਣੀ ਨਾਲ਼ ਹੋ ਰਹੀਆਂ ਬੀਮਾਰੀਆਂ ਸਹੇੜੀ ਬੈਠੇ ਹਨ। ਇਸੇ ਤਰਾਂ ਪਸ਼ੂ ਤੇ ਪੰਛੀ ਵੀ ਜਾਨਾਂ ਗੁਆ ਰਹੇ ਹਨ।

ਰਹਿੰਦ ਖੂੰਹਦ ਹੁਣ ਕੀਟਨਾਸ਼ਕਾਂ ਦੇ ਭੰਡਾਰ ਨੇ ਪੂਰੀ ਕਰ ਦੇਣੀ ਹੈ, ਜੋ ਧਰਤੀ ਹੇਠਲੇ ਪਾਣੀ ਦੇ ਵਿੱਚ ਧੜਾਧੜ ਪਹੁੰਚ ਰਹੇ ਹਨ।

3. ਸਰਕਾਰੀ ਅੰਕੜਿਆਂ ਵੱਲ ਝਾਤ ਮਾਰੀਏ ਤਾਂ ਸੀ.ਐਮ. ਆਈ.ਈ. ਦੀਆਂ ਛਪੀਆਂ ਖ਼ਬਰਾਂ ਅਨੁਸਾਰ ਭਾਰਤ ਵਿੱਚ ਮਾਰਚ 2020 ਤੋਂ ਮਾਰਚ 2021 ਤੱਕ 99 ਲੱਖ ਦੇ ਕਰੀਬ ਨੌਕਰੀ ਪੇਸ਼ਾ ਲੋਕਾਂ ਦੀ ਨੌਕਰੀ ਖੁੱਸ ਗਈ। ਮਾਰਚ 2021 ਵਿੱਚ ਸਿਰਫ਼ 7.62 ਕਰੋੜ ਲੋਕ ਹੀ ਨੌਕਰੀ ਕਰਦੇ ਰਹਿ ਗਏ ਸਨ। ਇਹ ਵੀ ਖ਼ਬਰਾਂ ਵਿੱਚ ਅਨੁਮਾਨ ਲਾਇਆ ਗਿਆ ਕਿ ਬੇਰੁਜ਼ਗਾਰ ਹੋਏ ਲੋਕਾਂ ਦਾ ਅਸਲ ਅੰਕੜਾ ਕਿਤੇ ਵੱਧ ਹੈ। ਇਨਾਂ ਵਿੱਚੋਂ ਵੀ ਸਭ ਤੋਂ ਵੱਧ ਮਾਰ ਔਰਤਾਂ ਉੱਤੇ ਪਈ। ਬੇਰੁਜ਼ਗਾਰੀ ਦਰ 30 ਫ਼ੀਸਦੀ ਵਧੀ ਅਤੇ ਜ਼ਿਆਦਾਤਰ 20 ਤੋਂ 30 ਸਾਲ ਦੇ ਉਮਰ ਦੇ ਲੋਕ ਨੌਕਰੀਆਂ ਵਿੱਚੋਂ ਕੱਢੇ ਗਏ।

ਜੇ ਦੇਸ਼ ਦੀ ਅਬਾਦੀ ਦੇ ਹਿਸਾਬ ਅਨੁਸਾਰ ਵੇਖੀਏ ਤਾਂ ਸਭ ਤੋਂ ਵੱਧ ਗਿਣਤੀ 30 ਤੋਂ 35 ਸਾਲਾਂ ਦੇ ਲੋਕਾਂ ਦੀ ਹੈ। ਸੌਖਿਆਂ ਸਮਝ ਆ ਸਕਦੀ ਹੈ ਕਿ ਭਾਰਤ ਦੇ ਵੱਡੀ ਗਿਣਤੀ ਨੌਜਵਾਨ ਕੰਮ ਲਈ ਧੱਕੇ ਖਾਂਦੇ ਫ਼ਿਰ ਰਹੇ ਹਨ। ਪੰਜਾਬ ਅੰਦਰ ਵਧਦੀਆਂ ਖ਼ੁਦਕੁਸ਼ੀਆਂ ਅਤੇ ਸੜਕਾਂ ਉੱਤੇ ਡਾਂਗਾਂ ਖਾਂਦੇ ਬੇਰੁਜ਼ਗਾਰ ਇਸੇ ਪਾਸੇ ਵੱਲ ਇਸ਼ਾਰਾ ਕਰ ਰਹੇ ਹਨ।

ਇੱਕ ਅਖ਼ਬਾਰ ਵਿੱਚ ਛਪੀ ਖ਼ਬਰ ਅਨੁਸਾਰ ਪਿੰਡਾਂ ਵਿੱਚ ਵੀ ਲਗਭਗ 12 ਕਰੋੜ ਕਾਮੇ ਬੇਰੁਜ਼ਗਾਰੀ ਨਾਲ਼ ਜੂਝ ਰਹੇ ਹਨ।

ਮਹਾਂਮਾਰੀ ਦੌਰਾਨ ਛੋਟੇ ਦੁਕਾਨਦਾਰ, ਮਕੈਨਿਕ, ਰੇੜ੍ਹੀ ਚਾਲਕ, ਢਾਬੇ ਆਦਿ ਵੀ ਬਰਬਾਦੀ ਦੀ ਕਗਾਰ ਉੱਤੇ ਪਹੁੰਚ ਗਏ ਸਨ।

ਗ਼ਰੀਬੀ ਦਾ ਅੰਕੜਾ ਜਾਨਣਾ ਹੋਵੇ ਤਾਂ ਸਾਲ 1991 ਵਿੱਚ ਛਪੀ ਰਿਪੋਰਟ ਅਨੁਸਾਰ ਉਦੋਂ 5 ਲੱਖ ਦੇ ਕਰੀਬ ਗ਼ਰੀਬ ਕਿਸਾਨ ਸਨ ਜਿਨਾਂ ਵਿੱਚੋਂ ਸੰਨ 2005 ਤੱਕ 1.6 ਲੱਖ ਕਿਸਾਨ ਖੇਤੀ ਦਾ ਕੰਮ ਛੱਡਣ ਲਈ ਮਜਬੂਰ ਹੋ ਚੁੱਕੇ ਸਨ। ਇਨਾਂ ਸਿਰ ਚੜੇ ਕਰਜ਼ੇ ਕਦੇ ਵੀ ਘਟੇ ਨਹੀਂ।

4. ਅਧਿਆਪਕ ਆਪਣੀ ਤਨਖ਼ਾਹ ਅਤੇ ਨੌਕਰੀਆਂ ਲਈ ਸੜਕਾਂ ਉੱਤੇ ਜੂਝਦੇ ਫ਼ਿਰਦੇ ਹਨ। ਸਕੂਲਾਂ ਵਿੱਚ ਵੀ ਉਨਾਂ ਦੇ ਬੈਠਣ ਲਈ ਕੁਰਸੀਆਂ ਨਹੀਂ। ਕਿਤੇ ਕੰਪਿਊਟਰ ਨਹੀਂ ਅਤੇ ਕਿਤੇ ਪ੍ਰਿੰਟਰ ਨਹੀਂ। ਵੇਲੇ ਕੁਵੇਲੇ ਅਲੱਗ-ਅਲੱਗ ਪ੍ਰਬੰਧਕੀ ਕੰਮਾਂ ਵਾਸਤੇ ਇੱਧਰ-ਉੱਧਰ ਧੱਕ ਦਿੱਤਾ ਜਾਂਦਾ ਹੈ। ਕਈ ਥਾਈਂ ਰੋਜ਼ ਦੋ ਵੱਖੋ-ਵੱਖ ਸਕੂਲ ਨਿਪਟਾਉਣੇ ਪੈਂਦੇ ਹਨ। ਇਨਾਂ ਕਾਰਜਾਂ ਲਈ ਸਫ਼ਰੀ ਭੱਤਾ ਵੀ ਨਹੀਂ ਦਿੱਤਾ ਜਾਂਦਾ।

ਸਭ ਤੋਂ ਭੱਦਾ ਮਜ਼ਾਕ ਤਾਂ ਇਹ ਹੈ ਕਿ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪ੍ਰਤੀ ਬੱਚੇ ਨੂੰ ਸਿਰਫ਼ 600 ਰੁਪਏ ਦਿੱਤੇ ਜਾਂਦੇ ਹਨ ਜਿਸ ਨਾਲ਼ ਉਸ ਨੇ ਪੂਰੀ ਵਰਦੀ ਖ਼ਰੀਦਣੀ ਹੁੰਦੀ ਹੈ। ਭਲਾ ਕੋਈ ਦੱਸੇ ਕਿ ਏਨੇ ਰੁਪਇਆਂ ਵਿੱਚ ਕੋਈ ਪੈਂਟ, ਕਮੀਜ਼, ਬੂਟ, ਸਵੈਟਰ, ਟਾਈ, ਬੈਲਟ ਆਦਿ ਖ਼ਰੀਦ ਕੇ ਪਾ ਸਕਦਾ ਹੈ? ਕਮਾਲ ਤਾਂ ਇਹ ਹੈ ਕਿ ਬਥੇਰੇ ਅਧਿਆਪਕ ਮਹਿਜ਼ 2000 ਜਾਂ 3000 ਰੁਪਏ ਮਹੀਨਾ ਉੱਤੇ ਰੱਖੇ ਜਾ ਰਹੇ ਹਨ। ਜਦੋਂ ਇਨਾਂ ਅਧਿਆਪਿਕਾਂ ਵੱਲੋਂ ਦੱਸੇ ਤੱਥਾਂ ਉੱਤੇ ਖ਼ਬਰਾਂ ਛਪਦੀਆਂ ਹਨ ਤਾਂ ਕਲੇਜਾ ਮੂੰਹ ਨੂੰ ਆ ਜਾਂਦਾ ਹੈ ਕਿ ਸਾਡੇ ਪੰਜਾਬ ਦੇ ਬੱਚਿਆਂ ਦਾ ਭਵਿੱਖ ਕਿਵੇਂ ਸੁਆਰਿਆ ਜਾ ਸਕਦਾ ਹੈ? ਇਨਾਂ ਅਧਿਆਪਿਕਾਂ ਨੂੰ ਰੈਗੂਲਰ ਤੌਰ ਉੱਤੇ ਤਨਖ਼ਾਹ ਵੀ ਨਹੀਂ ਦਿੱਤੀ ਜਾਂਦੀ। ਪ੍ਰਾਇਮਰੀ ਸਕੂਲ ਦੇ ਅਧਿਆਪਿਕਾਂ ਨੂੰ ਤਾਂ ਬਥੇਰੀ ਵਾਰ ਚਪੜਾਸੀ, ਚੌਕੀਦਾਰ, ਰਸੋਈਆ ਤੋਂ ਲੈ ਕੇ ਮਰਦਮਸ਼ੁਮਾਰੀ, ਚੋਣ ਕਰਮਚਾਰੀ, ਡਾਕੀਆ ਤੱਕ ਦੇ ਕੰਮ ਲੈਣ ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਸਿਫ਼ਾਰਿਸ਼ ਦੇ ਆਧਾਰ ਉੱਤੇ ਮੈਰਿਟ ਨੂੰ ਦਰਕਿਨਾਰ ਕਰ ਕੇ ਬਥੇਰੇ ਅਧਿਆਪਕ ਦੂਰ ਦੁਰੇਡੇ ਭੇਜ ਦਿੱਤੇ ਜਾਂਦੇ ਹਨ ਜਿਸ ਲਈ ਕਿਰਾਇਆ ਭੱਤਾ ਵੀ ਉਨਾਂ ਨੂੰ ਪੱਲਿਓਂ ਹੀ ਲਾਉਣਾ ਪੈਂਦਾ ਹੈ। ਇਹ ਵੀ ਖ਼ਬਰ ਛਪ ਚੁੱਕੀ ਹੈ ਕਿ ਕਰਮਚਾਰੀਆਂ ਦੀ ਘਾਟ ਸਦਕਾ ਕਈ ਵਾਰ ਅਧਿਆਪਿਕਾਂ ਨੂੰ ਗ਼ੁਸਲਖ਼ਾਨਾ ਤੱਕ ਸਾਫ਼ ਕਰਨ ਦੀ ਨੌਬਤ ਆ ਗਈ ਸੀ।

5. ਗੁਰਮੀਤ ਸਿੰਘ ਪਲਾਹੀ ਜੀ ਵੱਲੋਂ ਲਿਖੀ ਪੁਸਤਕ 'ਪੰਜਾਬ ਡਾਇਰੀ-2021' ਵਿੱਚ ਉਨਾਂ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿਚਲੀਆਂ ਸਾਲਾਨਾ ਸਕੂਲੀ ਖੇਡਾਂ ਲਈ ਕੋਈ ਸਰਕਾਰੀ ਫੰਡ ਨਹੀਂ ਦਿੱਤੇ ਜਾਂਦੇ। ਨਾ ਹੀ ਖਿਡਾਰੀਆਂ ਦੇ ਖਾਣ-ਪੀਣ ਅਤੇ ਇਨਾਮਾਂ ਲਈ ਕੋਈ ਰਕਮ ਦਿੱਤੀ ਜਾਂਦੀ ਹੈ। ਇਸ ਵਾਸਤੇ ਬਹੁਤੀ ਥਾਈਂ ਅਧਿਆਪਕ ਆਪਣੀ ਜੇਬ ਵਿੱਚੋਂ ਖ਼ਰਚਾ ਕਰਦੇ ਹਨ। ਜਦੋਂ ਬੱਚੇ ਬਲਾਕ ਪੱਧਰ ਉੱਤੇ ਹੋਣ ਵਾਲੇ ਮੁਕਾਬਲਿਆਂ ਲਈ ਜਾਂਦੇ ਹਨ ਤਾਂ ਉੱਥੋਂ ਵੀ ਪੈਸੇ ਦੀ ਘਾਟ ਸਦਕਾ ਬਿਨਾਂ ਇਨਾਮ ਲਏ ਵਾਪਸ ਮੁੜਦੇ ਹਨ।

6. ਇੱਕ ਅਹਿਮ ਨੁਕਤਾ ਹੈ- ਅਫ਼ਸਰਸ਼ਾਹੀ, ਵੱਡੀਆਂ ਅੰਗਰੇਜ਼ੀ ਦੀਆਂ ਅਖ਼ਬਾਰਾਂ ਵਿੱਚ ਸਿਆਸੀ ਲੋਕਾਂ ਦੇ ਇਰਦ-ਗਿਰਦ ਘੇਰਾ ਪਾ ਕੇ ਬੈਠੀ ਅਫ਼ਸਰਸ਼ਾਹੀ ਨੂੰ 'ਵੈਦਰ-ਕੌਕ' ਜਾਂ ਹਵਾ ਨਾਲ਼ ਘੁੰਮ ਜਾਂਦਾ ਹੋਇਆ ਘਰ ਉੱਪਰਲੀ ਸਿਖ਼ਰ ਉੱਤੇ ਲੱਗਿਆ ਕੁੱਕੜ ਦਾ ਨਿਸ਼ਾਨ ਮੰਨ ਲਿਆ ਗਿਆ ਹੈ। ਇਸ ਕੁੱਕੜ ਦਾ ਕੰਮ ਹੀ ਹਵਾ ਨਾਲ਼ ਘੁੰਮ ਜਾਣਾ ਹੁੰਦਾ ਹੈ; ਬਸ ਇਸ ਤੋਂ ਵੱਧ ਕੁੱਝ ਨਹੀਂ।

ਹੁਣ ਇਸੇ ਅਫ਼ਸਰਸ਼ਾਹੀ ਵਿੱਚ ਕੁੱਝ ਉਲਟ ਫੇਰ ਹੋਇਆ ਵੇਖਿਆ ਗਿਆ ਹੈ।

ਇਹ 'ਵੈਦਰ-ਕੌਕ' ਹੁਣ ਹੌਲੀ-ਹੌਲੀ ਸਿਆਸੀ ਲੋਕਾਂ ਨੂੰ ਵੀ ਆਪਣੇ ਹਿਸਾਬ ਨਾਲ਼ ਘੁਮਾਉਣ ਲੱਗ ਪਏ ਹਨ। ਖ਼ਬਰਾਂ ਅਨੁਸਾਰ ਤਾਂ ਪੰਜਾਬ ਵਿੱਚ ਇੱਕ ਪਾਸੇ ਮਾਫ਼ੀਆ ਤੇ ਦੂਜੇ ਪਾਸੇ ਅਫ਼ਸਰਸ਼ਾਹੀ ਰਾਜ ਚੱਲ ਰਿਹਾ ਹੈ। ਸਿਆਸਤ ਉੱਤੇ ਭਾਰੂ ਪੈਂਦੀ ਅਫ਼ਸਰਸ਼ਾਹੀ ਆਪਣੇ ਟੱਬਰਾਂ ਦੀ ਵੱਧ ਫ਼ਿਕਰ ਕਰਨ ਲੱਗ ਪਈ ਹੈ। 'ਪੰਜਾਬ ਡਾਇਰੀ-2021' ਵਿੱਚ ਤਾਂ ਗੁਰਮੀਤ ਸਿੰਘ ਪਲਾਹੀ ਜੀ ਪੰਨਾ ਨੰਬਰ 27 ਉੱਤੇ ਸਪਸ਼ਟ ਲਿਖਦੇ ਹਨ, 'ਅਫ਼ਸਰਸ਼ਾਹੀ ਦੀ ਆਪਣੀ ਫ਼ਿਕਰ ਐ, ਮਾਫ਼ੀਏ ਨਾਲ਼ ਰਲ਼ ਕੇ ਕਮਾਈ ਕਰਨ ਦੀ, ਤਨਖ਼ਾਹੋਂ ਉੱਪਰ ਮਾਲ ਕਮਾਉਣ ਦੀ। ਜੇ ਇੰਜ ਨਾ ਹੁੰਦਾ ਤਾਂ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਏਨਾ ਬੋਲਬਾਲਾ ਨਾ ਹੁੰਦਾ। ਅਫ਼ਸਰਸ਼ਾਹੀ ਨੇ ਸਿਹਤ ਢਾਂਚੇ ਨੂੰ ਤਕੜਾ ਕਰਨ ਲਈ ਕੁੱਝ ਨਹੀਂ ਕੀਤਾ। ਕੇਂਦਰ ਤੋਂ ਨਵੀਆਂ ਸਕੀਮਾਂ ਨਹੀਂ ਲਿਆਏ। ਅਫ਼ਸਰਸ਼ਾਹੀ ਨੇ ਤਾਂ ਪੰਜਾਬ ਨੂੰ ਮਧੋਲ ਸੁੱਟਿਆ ਹੈ। ਸਿਆਸਤਦਾਨ ਵੀ ਏਨੇ ਖ਼ੁਦਗਰਜ਼ ਹੋ ਗਏ ਹਨ ਕਿ ਉਹ ਸਿਰਫ਼ ਵੋਟ ਦੀ ਗੱਲ ਕਰਦੇ ਹਨ ਜਾਂ ਆਪਣੇ ਮੁਨਾਫ਼ੇ ਦੀ ਗੱਲ ਕਰਦੇ ਹਨ। ਪੰਜਾਬ ਦੀ ਕਿਸੇ ਨੂੰ ਪ੍ਰਵਾਹ ਨਹੀਂ। ਹਾਕਮ ਧਿਰ ਤਾਂ ਅਫ਼ਸਰਸ਼ਾਹੀ ਨੂੰ ਨੱਥ ਪਾਉਣ ਦੀ ਉੱਕਾ ਕੋਈ ਗੱਲ ਨਹੀਂ ਕਰਦੀ।'

ਲੋਕਾਂ ਦੀ ਲੁੱਟ-ਖਸੁੱਟ ਬਾਰੇ ਕੋਈ ਕੁਸਕਦਾ ਹੀ ਨਹੀਂ। ਹੁਣ ਤਾਂ ਅਫ਼ਸਰਸ਼ਾਹੀ ਵੱਲੋਂ ਲਈ ਜਾਂਦੀ ਰਿਸ਼ਵਤ ਦੀਆਂ ਵੀ ਅਨੇਕ ਖ਼ਬਰਾਂ ਨਸ਼ਰ ਹੋ ਚੁੱਕੀਆਂ ਹਨ।

ਇਹ ਵੀ ਲਿਖਿਆ ਮਿਲਦਾ ਹੈ ਕਿ ਰਿਟਾਇਰਮੈਂਟ ਤੋਂ ਬਾਅਦ ਮਲਾਈਦਾਰ ਅਹੁਦੇ ਹਾਸਲ ਕਰਨ ਲਈ ਅਫ਼ਸਰਸ਼ਾਹੀ ਵਿਚਲੇ ਕਾਫ਼ੀ ਲੋਕ ਸਿਆਸਤਦਾਨਾਂ ਦੇ ਹਰ ਉਲਟੇ ਸਿੱਧੇ ਕੰਮ ਕਰਨ ਲਈ ਤਿਆਰ-ਬਰ-ਤਿਆਰ ਮਿਲਦੇ ਹਨ, ਜੋ ਪੰਜਾਬ ਦੇ ਅਸਲ ਨਿਘਾਰ ਦੇ ਕਾਰਨ ਬਣਦੇ ਜਾ ਰਹੇ ਹਨ। ਇਸ ਮੱਕੜ ਜਾਲ ਨੇ ਪੰਜਾਬ ਦੇ ਸਾਹ ਸੂਤ ਲਏ ਹਨ।

ਇਹ ਸਭ ਕੁੱਝ ਜਾਣਦਿਆਂ ਬੁਝਦਿਆਂ ਵੀ ਵੱਡੀ ਗਿਣਤੀ ਲੋਕ ਚੁੱਪੀ ਧਾਰ ਕੇ, 'ਚਲੋ ਕੋਈ ਨਾ' ਦੀ ਸੋਚ ਅਧੀਨ ਸਮਾਂ ਟਪਾ ਰਹੇ ਹਨ। ਇਹੀ ਕਾਰਨ ਹੈ ਕਿ ਸਮੱਸਿਆਵਾਂ ਘਟਣ ਦੀ ਥਾਂ ਵਧਦੀਆਂ ਜਾ ਰਹੀਆਂ ਹਨ। ਹੁਣ ਤਾਂ ਆਖ਼ਰੀ ਸਵਾਲ ਇਹ ਹੀ ਬਚਿਆ ਹੈ ਕਿ ਕੀ ਟੁੱਟੇ ਲੱਕ ਵਾਲਾ ਬਣ ਚੁੱਕਿਆ ਇਹ ਪੰਜਾਬ ਕਦੇ ਉੱਠ ਸਕੇਗਾ?

ਇੱਕੋ ਉਮੀਦ ਹੈ ਕਿ ਲੋਕ ਵੇਲੇ ਸਿਰ ਜਾਗ ਕੇ ਆਪਣੇ ਹੱਕ ਪਛਾਣ ਕੇ, ਸਹੀ ਲੋਕਾਂ ਨੂੰ ਕੁਰਸੀਆਂ ਉੱਤੇ ਬਿਠਾਉਣ ਜੋ ਪੰਜਾਬ ਦੇ ਹਿੱਤਾਂ ਲਈ ਮਰ ਮਿਟਣ ਨੂੰ ਤਿਆਰ ਹੋਣ।

# 'ਇੱਕ ਪਿੰਡ ਇੱਕ ਬੂਥ' 'ਤੇ ਅਮਲ ਕਰਨ ਦੀ ਅਹਿਮੀਅਤ



**ਗੋਬਿੰਦਰ ਸਿੰਘ ਢੀਂਡਸਾ**

ਭਾਰਤ ਇੱਕ ਲੋਕਤਾਂਤਰਿਕ ਦੇਸ਼ ਹੈ ਅਤੇ ਇਸ ਦੇ ਵੱਖੋ-ਵੱਖਰੇ ਸਥਾਨਾਂ 'ਤੇ ਸਮੇਂ-ਸਮੇਂ ਉੱਤੇ ਨਿਰੰਤਰ ਚੋਣਾਂ ਦਾ ਕੰਮ ਚਲਦਾ ਰਹਿੰਦਾ ਹੈ। ਪੰਜਾਬ ਵਿੱਚ ਪੰਚਾਇਤੀ ਚੋਣਾਂ, ਬਲਾਕ ਸੰਮਤੀ, ਜ਼ਿਲਾ ਪ੍ਰੀਸ਼ਦ ਚੋਣਾਂ, ਨਗਰ ਨਿਗਮ, ਨਗਰ ਕੌਂਸਲ, ਨਗਰ ਪੰਚਾਇਤ, ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਅਹਿਮ ਹਨ ਜੋ ਕਿ ਪੰਜੇ ਸਾਲ ਕਿਸੇ ਨਾ ਕਿਸੇ ਰੂਪ ਵਿੱਚ ਚਲਦੀਆਂ ਰਹਿੰਦੀਆਂ ਹਨ।

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ 2022 ਦਾ ਬਿਗੁਲ ਵੱਜ ਚੁੱਕਾ ਹੈ। ਪੰਜਾਬ ਵਿੱਚ 20 ਫ਼ਰਵਰੀ ਨੂੰ ਇੱਕੋ ਗੇੜ ਵਿੱਚ ਮਤਦਾਨ ਹੋਵੇਗਾ ਅਤੇ 10 ਮਾਰਚ ਨੂੰ ਬਾਕੀ ਦੇ ਚਾਰ ਸੂਬਿਆਂ ਗੋਆ, ਉੱਤਰਾਖੰਡ, ਉੱਤਰਪ੍ਰਦੇਸ਼ ਅਤੇ ਮਨੀਪੁਰ ਨਾਲ਼ ਵੋਟਾਂ ਦੀ ਗਿਣਤੀ ਹੋਵੇਗੀ। ਪੰਜਾਬ ਵਿੱਚ ਪਹਿਲੀ ਨਜ਼ਰਸਾਨੀ ਵਿੱਚ ਮੁੱਖ ਤੌਰ 'ਤੇ ਮੁਕਾਬਲਾ ਕਾਂਗਰਸ, ਆਮ ਆਦਮੀ ਪਾਰਟੀ ਅਤੇ ਅਕਾਲੀ-ਬਸਪਾ ਗੱਠਜੋੜ ਵਿਚਕਾਰ ਹੈ, ਹੋਰਨਾਂ ਵਿੱਚ ਆਜ਼ਾਦ ਉਮੀਦਵਾਰਾਂ ਤੋਂ ਸਿਵਾਏ ਸੰਯੁਕਤ ਸਮਾਜ ਮੋਰਚਾ-ਸੰਯੁਕਤ ਸਮਾਜ ਪਾਰਟੀ ਗੱਠਜੋੜ, ਭਾਜਪਾ-ਕੈਪਟਨ-ਢੀਂਡਸਾ ਗੱਠਜੋੜ ਅਤੇ ਲੋਕ ਇਨਸਾਫ਼ ਪਾਰਟੀ ਆਦਿ ਸਰਗਰਮ ਹਨ। ਜਿੱਤ ਕਿਸਦੀ ਝੋਲੀ ਪੈਂਦੀ ਹੈ, ਕੌਣ ਕਿੰਨੀਆਂ ਸੀਟਾਂ ਪ੍ਰਾਪਤ ਕਰਦਾ ਹੈ ਇਹ ਪੰਜਾਬ ਦੇ ਵੋਟਰ ਫ਼ੈਸਲਾ ਕਰਨਗੇ।

ਇੱਕੋ ਪਿੰਡ/ਮੁਹੱਲੇ ਵਿੱਚ ਰਹਿੰਦੇ ਹੋਣ ਦੇ ਬਾਵਜੂਦ ਚੋਣਾਂ ਦੌਰਾਨ ਸਮਾਜਿਕ ਤ੍ਰੇੜ ਚਿੰਤਾਜਨਕ ਹੈ। ਚੋਣਾਂ ਦੌਰਾਨ ਹਿੰਸਾ ਦੀ ਘਟਨਾਵਾਂ ਸਾਹਮਣੇ ਆਉਂਦੀਆਂ ਰਹੀਆਂ ਹਨ ਜੋ ਕਿ ਸਮਾਜਿਕ ਰਿਸ਼ਤਿਆਂ ਦਾ ਘਾਣ ਕਰ ਛੱਡਦੀਆਂ ਹਨ, ਪੀੜੀ ਦਰ ਪੀੜੀ ਦੁਸ਼ਮਣੀ ਦੀ ਪਿਓਂਦ ਲਗਾ ਜਾਂਦੀਆਂ ਹਨ। ਵੋਟਾਂ ਸਮੇਂ ਵੱਖੋ-ਵੱਖਰੇ ਧੜਿਆਂ ਨਾਲ਼ ਸੰਬੰਧਿਤ ਪਿੰਡਾਂ/ਸ਼ਹਿਰਾਂ ਦੇ ਵੋਟਰ ਲੀਡਰਾਂ ਪਿੱਛੇ ਬਹਿਸ ਕਰਦੇ, ਲੜਦੇ-ਝਗੜਦੇ ਆਮ ਦੇਖੇ ਜਾ ਸਕਦੇ ਹਨ। ਉਨਾਂ ਦੀ ਆਪਸੀ ਕੜੱਤਣ ਉਨਾਂ ਦੇ ਪਰਿਵਾਰਿਕ ਅਤੇ ਸਮਾਜਿਕ ਸੰਬੰਧਾਂ ਨੂੰ ਖੋਰਾ ਲਾ ਛੱਡਦੀ ਹੈ। ਇੱਕ ਦੂਜੇ ਪ੍ਰਤੀ ਵੈਰ ਦੀ ਭਾਵਨਾ ਨੂੰ ਪਾਲ ਛੱਡਦੇ ਹਨ ਜਦਕਿ ਸੰਬੰਧਿਤ ਵਿਅਕਤੀਆਂ ਦੇ ਲੀਡਰਾਂ ਨੂੰ ਇਨਾਂ ਨਾਲ਼ ਕੋਈ ਜ਼ਿਆਦਾ ਫ਼ਰਕ ਨਹੀਂ ਪੈਂਦਾ। ਉਹ ਸਿਰਫ਼ ਆਪਣੀ ਕੁਰਸੀ ਲਈ ਇਨਾਂ ਦਾ ਫ਼ਾਇਦਾ ਉਠਾਉਂਦੇ ਹਨ। ਅਜੋਕੇ ਲੀਡਰ ਤਾਂ ਡੱਡੂ ਟਪੂਸੀ ਲਾਉਣ ਵਿੱਚ ਮਾਹਿਰ ਹਨ, ਕਿਉਂਕਿ ਲੀਡਰਾਂ ਨੂੰ ਇੱਕ ਪਾਰਟੀ ਤੋਂ ਉਮੀਦਵਾਰੀ ਦੀ ਟਿਕਟ ਨਾ ਮਿਲਣ ਤੇ ਝੱਟ ਵਿਰੋਧੀ ਪਾਰਟੀ ਵਿੱਚ ਚਲੇ ਜਾਂਦੇ ਹਨ, ਰਾਤੋ ਰਾਤ ਮਨ ਬਦਲਾਅ ਹੋ ਜਾਂਦਾ ਹੈ। ਉਸ ਤੋਂ ਟਿਕਟ ਪ੍ਰਾਪਤ ਕਰਦੇ ਹਨ ਜਿਸ ਪਾਰਟੀ ਨੂੰ ਪਹਿਲਾਂ ਉਹ ਪਾਣੀ ਪੀ-ਪੀ ਭੰਡਦੇ ਰਹੇ ਹੋਣ ਤੇ ਲੀਡਰਾਂ ਪਿੱਛੇ ਅੱਖਾਂ ਮੀਟ ਘੁੰਮਦੇ ਵਰਕਰਾਂ ਦੇ ਮੂੰਹ ਅੱਡੇ ਤੇ ਅੱਡੇ ਰਹਿ ਜਾਂਦੇ ਹਨ ਅਤੇ ਠੱਗੇ ਹੋਏ ਮਹਿਸੂਸ ਕਰਦੇ ਹਨ।

ਪੋਲਿੰਗ ਸਟੇਸ਼ਨਾਂ ਦੇ ਬਾਹਰ ਵੱਖੋ-ਵੱਖਰੀਆਂ ਪਾਰਟੀਆਂ ਅਤੇ ਉਮੀਦਵਾਰਾਂ ਦੇ ਲੱਗੇ ਪੋਲਿੰਗ ਬੂਥ ਆਪਸੀ ਪੇਂਡੂ ਭਾਈਚਾਰਕ ਸਾਂਝ ਵਿੱਚ ਵਖਰੇਵੇਂ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੋ ਨਿਬੜਦੇ ਹਨ। ਪੰਜਾਬ ਵਿੱਚ ਵਿਰਲੇ ਹੀ ਪਿੰਡ ਹੋਣਗੇ ਜਿੱਥੇ ਚੋਣਾਂ ਦੌਰਾਨ ਆਪਸੀ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ ਅਤੇ ਉਨਾਂ 'ਇੱਕ ਪਿੰਡ ਇੱਕ ਬੂਥ' ਦਾ ਨਾਅਰਾ ਲਾ ਕੇ ਇਸ ਨੂੰ ਅਮਲੀ ਰੂਪ ਦਿੱਤਾ ਹੈ ਜੋ ਕਿ ਸ਼ਲਾਘਾਯੋਗ ਹੈ। ਵੋਟ ਪਾਉਣੀ ਹਰ ਬਾਲਗ ਦਾ ਆਪਣਾ ਨਿੱਜੀ ਅਧਿਕਾਰ ਹੈ ਪ੍ਰੰਤੂ ਵੋਟਾਂ ਪਿੱਛੇ ਆਪਸੀ ਭਾਈਚਾਰਕ ਸਾਂਝ ਨੂੰ ਸੱਟ ਮਾਰਨਾ ਕਿਸੇ ਵੀ ਪੱਖੋਂ ਸਲਾਹੁਣਯੋਗ ਨਹੀਂ ਕਿਹਾ ਜਾ ਸਕਦਾ। ਚੋਣਾਂ ਦੌਰਾਨ ਆਪਣੀ ਗੱਲ ਦਲੀਲ ਦੇ ਆਧਾਰ ਤੇ ਸਹੀ ਸ਼ਬਦਾਵਲੀ ਵਿੱਚ ਰੱਖੀ ਜਾ ਸਕਦੀ ਹੈ, ਕਿਸੇ ਨੂੰ ਉਕਸਾਉਣ ਅਤੇ ਨੀਚਾ ਵਿਖਾਉਣਾ ਦੀ ਪ੍ਰਵਿਰਤੀ ਆਪ-ਮੁਹਾਰੇ ਰਿਸ਼ਤਿਆਂ ਵਿੱਚ ਪਾਟ ਪਾ ਦਿੰਦੀ ਹੈ, ਚੋਣਾਂ ਤਾਂ ਗੁਜ਼ਰ ਜਾਂਦੀਆਂ ਹਨ ਪ੍ਰੰਤੂ ਜ਼ਖ਼ਮ ਡੂੰਘੇ ਦੇ ਜਾਂਦੀਆਂ ਹਨ ਸੋ ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਨੂੰ ਪਹਿਲ ਦੇਣੀ ਚਾਹੀਦੀ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਪਤਵੰਤੇ ਸੱਜਣਾਂ, ਨੌਜਵਾਨ ਕਲੱਬਾਂ ਨੂੰ 'ਇੱਕ ਪਿੰਡ ਇੱਕ ਬੂਥ' ਦੀ ਅਹਿਮੀਅਤ ਨੂੰ ਸਮਝਣਾ ਚਾਹੀਦਾ ਹੈ ਅਤੇ ਪਹਿਲਕਦਮੀ ਕਰਨੀ ਚਾਹੀਦੀ ਹੈ ਕਿ ਕੋਈ ਵੀ ਬਾਲਗ ਵੋਟ ਕਿਸੇ ਨੂੰ ਵੀ ਪਾਵੇ ਪ੍ਰੰਤੂ ਪੋਲਿੰਗ ਸਟੇਸ਼ਨ ਦੇ ਬਾਹਰ ਪੋਲਿੰਗ ਬੂਥ ਇੱਕ ਹੀ ਲੱਗੇਗਾ ਤੇ ਸਾਰੇ ਮਿਲਕੇ ਏਕੇ ਦਾ ਸਬੂਤ ਦੇਣਗੇ ਜਿਸ ਨਾਲ਼ ਚੋਣਾਂ ਦੌਰਾਨ ਆਈ ਆਪਸੀ ਕੜੱਤਣ ਨੂੰ ਵੀ ਕੁਝ ਠੱਲ ਪਵੇਗੀ ਅਤੇ ਭਾਈਚਾਰਕ ਸਾਂਝ ਦੀ ਬੂਟੀ ਦੀ ਮਹਿਕ ਸਾਰੇ ਪਿੰਡ ਅਤੇ ਸ਼ਹਿਰ/ਮੁਹੱਲਿਆਂ ਨੂੰ ਖ਼ੁਸ਼ਬੋਆਂ ਵੰਡੇਗੀ।

## ਬੀਤੇ ਦੀਆਂ ਬਾਤਾਂ

ਲੋਕੀਂ ਕੋਠਿਆਂ ਤੇ ਭੁੱਲਗੇ ਸੌਣਾ,
ਮੰਜਿਆਂ ਨੂੰ ਕਾਣ ਕੀ ਪਵੇ।
ਨਾ ਲੌਂਗ ਦਾ ਪਵੇ ਲਿਸ਼ਕਾਰਾ,
ਹਾਲੀਆਂ ਦੇ ਹਲ ਨਾ ਰਹੇ।
ਨਾ ਚਰਖਾ ਬੋਲੀਆਂ ਪਾਵੇ,
ਨਾ ਕੱਤਣੀ ਕਬਿੱਤ ਬੋਲਦੀ।
ਨਾ ਜੋਗੀ ਉਤਰ ਪਹਾੜੋਂ ਆਉਂਦੇ,
ਚਰਖੇ ਦੀ ਘੂਕ ਨਾ ਸੁਣੇ।
ਕੋਈ ਆਵੇ ਕੀ ਲੁਹਾਰ ਮੁੰਡਾ ਬਣਕੇ,
ਤੱਕਲੇ ਨੂੰ ਵਲ ਨਾ ਪਵੇ।
ਨਾ ਕੋਈ ਨਿੰਮ ਦਾ ਮਾਣ ਹੁਣ ਕਰਦਾ,
ਤੋਤਿਆਂ ਨੂੰ ਬਾਗ ਨਾ ਬਚੇ।
ਸੌਣ ਵੀਰ ਨਾ ਕਰੇ ਹੁਣ ਕੱਠੀਆਂ,
ਭਾਦੋਂ ਕੀ ਵਿਛੋੜੇ ਪਾਊਗੀ।
ਨਾ ਸੱਸ ਕੁੱਟੀਦੀ ਸੰਦੂਕਾਂ ਓਹਲੇ,
ਨਿੰਮ ਦੇ ਨਾ ਰਹੇ ਘੋਟਣੇ।
ਜੰਨ ਤੁਰਦੀ ਕਾਰਾਂ ਤੇ ਹੁਣ ਚੜਕੇ,
ਰਾਹਾਂ ਦਾ ਰੇਤਾ ਖੰਡ ਕੀ ਬਣੇ।
ਗੁੱਤਾਂ ਮੁੰਨਕੇ ਕਰਾ ਲਈਆਂ ਪੋਨੀਆਂ,
ਕਿਥੇ ਪਾਈਏ ਡਾਕ ਬੰਗਲਾ।
ਪਾਈ ਕੈਪਰੀ ਗਿੱਟੇ ਨੀ ਢਕਦੀ,
ਚਾਦਰੇ ਦਾ ਕੀ ਲੜ ਲਮਕੇ।
ਗੱਲ ਸਿੱਧੂਆ ਸਾਫ ਤੇ ਸਿੱਧੀ,
ਜਮਾਨੇ ਸੰਗ ਪਊ ਚੱਲਣਾ।

**ਕੁਲਵਿੰਦਰ ਸਿੱਧੂ ਕਾਮੇਕੇ**

# ਭਗਤ ਰਵਿਦਾਸ ਦੀ ਇਤਿਹਾਸਕ ਭੂਮਿਕਾ

**ਦਰਸ਼ਨ ਕੌਰ ਭੀਖੀ**

ਭਾਰਤ ਨੂੰ ਗੁਰੂਆਂ, ਭਗਤਾਂ, ਸੰਤਾਂ ਅਤੇ ਮਹਾਂਪੁਰਸ਼ਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਭਾਰਤ ਦੇ ਹਰੇਕ ਪ੍ਰਾਂਤ ਤੇ ਖਿੱਤੇ ਵਿੱਚ ਸਮੇਂ-ਸਮੇਂ 'ਤੇ ਕਈ ਮਹਾਂਪੁਰਸ਼ਾਂ ਨੇ ਜਨਮ ਲਿਆ, ਜਿਨਾਂ ਨੇ ਕੁਰਾਹੇ ਪਏ ਸਮਾਜ ਨੂੰ ਸੇਧ ਦਿੱਤੀ। ਇਨਾਂ ਮਹਾਂਪੁਰਸ਼ਾਂ ਵਿੱਚ ਭਗਤ ਰਵਿਦਾਸ ਦਾ ਅਹਿਮ ਸਥਾਨ ਹੈ।

ਭਗਤ ਰਵਿਦਾਸ ਦੇ ਜਨਮ ਸਥਾਨ ਅਤੇ ਤਰੀਕ ਬਾਰੇ ਖੋਜ ਜਗਤ ਵਿੱਚ ਅਜੇ ਵੀ ਪੂਰੀ ਤਰਾਂ ਸਪਸ਼ਟਤਾ ਨਹੀਂ ਹੈ। ਡਾ. ਹਰਨੇਕ ਸਿੰਘ ਕਲੇਰ ਦੇ ਸ਼ੋਧ-ਪ੍ਰਬੰਧ ਵਿੱਚ ਭਗਤ ਰਵਿਦਾਸ ਦੇ ਜੀਵਨ ਸੰਬੰਧੀ ਅੰਦਰਲੀ ਗਵਾਹੀ ਤੇ ਬਾਹਰਲੀ ਗਵਾਹੀ ਪੇਸ਼ ਕੀਤੀ ਗਈ ਹੈ। ਅੰਦਰਲੀ ਗਵਾਹੀ ਅਨੁਸਾਰ ਭਗਤ ਰਵਿਦਾਸ ਜੀ ਦੇ ਜੀਵਨ ਸੰਬੰਧੀ ਸਭ ਤੋਂ ਮੁੱਢਲੇ ਅਤੇ ਪ੍ਰਮਾਣਿਕ ਸਰੋਤ ਉਨਾਂ ਦੀ ਆਪਣੀ ਬਾਣੀ ਹੈ, ਜਿਸ ਤਹਿਤ ਉਨਾਂ ਦਾ ਜਨਮ 1376ਈ. ਵਿੱਚ ਪਿਤਾ ਰਘੂ ਰਾਇ ਤੇ ਮਾਤਾ ਕਰਮਾ ਦੇਵੀ ਦੇ ਘਰ ਹੋਇਆ। ਉਨਾਂ ਦੀ ਬਾਣੀ 'ਚੋਂ ਇਹ ਪੁਸ਼ਟੀ ਹੁੰਦੀ ਹੈ ਕਿ ਉਹ ਬਨਾਰਸ ਦੇ ਆਸ-ਪਾਸ ਮਰੇ ਹੋਏ ਢੋਰ ਢੋਣ ਤੇ ਉਨਾਂ ਨੂੰ ਸਮੇਟਣ ਦਾ ਕੰਮ ਕਰਦੇ ਸਨ। ਇਤਿਹਾਸਕ ਤੇ ਸ਼ੋਧਪੂਰਨ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਭਗਤ ਰਵਿਦਾਸ ਦਾ ਜਨਮ ਸੰਮਤ ਮਾਘ ਸੁਦੀ ਪੰਦਰਾਂ 1433 ਬਿਕਰਮੀ ਸੰਮਤ (25 ਜਨਵਰੀ 1376-77) ਦਿਨ ਐਤਵਾਰ ਨੂੰ ਹੋਇਆ। ਉਹ ਬਚਪਨ ਤੋਂ ਹੀ ਮਹਾਂਪੁਰਖਾਂ ਦੀ ਸੇਵਾ ਅਤੇ ਰੱਬ ਦੀ ਭਗਤੀ ਵਿੱਚ ਲੀਨ ਰਹਿੰਦੇ। ਉਨਾਂ ਦੇ ਜੀਵਨ ਨਾਲ਼ ਸੰਬੰਧਤ ਕਥਾਵਾਂ ਤੋਂ ਉਨਾਂ ਦੀ ਨਿਰਲੇਪਤਾ ਦਾ ਪਤਾ ਲੱਗਦਾ ਹੈ। ਉਨਾਂ ਅਧਿਆਤਮਕ ਪ੍ਰਾਪਤੀਆਂ ਕਰਕੇ ਅਦੁੱਤੀ ਵਡਿਆਈ ਪ੍ਰਾਪਤ ਕੀਤੀ। ਵਰਣ-ਵੰਡ ਦੇ ਸਮਰਥਕ ਬ੍ਰਾਹਮਣੀ ਸਮਾਜ ਨੇ ਉਨਾਂ ਦਾ ਸਖ਼ਤ ਵਿਰੋਧ ਕੀਤਾ।

ਸੰਤ ਗੁਰੂ ਰਵਿਦਾਸ ਦਾ ਵਿਅਕਤੀਤਵ ਬਹੁਪੱਖੀ ਮੰਨਿਆ ਗਿਆ ਹੈ। ਉਹ ਸੱਚ ਦੇ ਉਪਾਸਕ, ਜਾਤ-ਪਾਤ ਵਿਰੋਧੀ, ਸਾਦਗੀ ਦੇ ਪੁੰਜ, ਕਰਮ ਨੂੰ ਹੀ ਧਰਮ ਮੰਨਣ ਵਾਲੇ ਅਤੇ ਨਿਮਰਤਾ ਦੇ ਪ੍ਰਤੀਕ ਸਨ। ਉਹ ਧਾਰਮਿਕ ਵਿਚਾਰਧਾਰਾ ਤੇ ਆਦਰਸ਼ ਦੇ ਪੱਕੇ ਸਨ। ਸੰਤ ਗੁਰੂ ਰਵਿਦਾਸ ਦੇ 40 ਪਦ (ਸ਼ਬਦ) ਅਤੇ ਇੱਕ ਦੋਹਾ (ਸਾਖੀ) ਜਾਂ ਸਲੋਕ ਆਦਿ ਗ੍ਰੰਥ ਵਿੱਚ ਦਰਜ ਹਨ। ਇਹ ਸਾਰੇ ਸ਼ਬਦ ਸੋਲਾਂ ਰਾਗਾਂ ਵਿੱਚ ਅੰਕਿਤ ਹਨ। ਇਹ ਰਾਗ ਇਸ ਤਰਾਂ ਹਨ: ਸਿਰੀ, ਗਾਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਓ, ਬਸੰਤ ਅਤੇ ਮਲਾਰ। ਭਗਤ ਰਵਿਦਾਸ ਦੀ ਰਚਨਾ ਕਾਵਿ-ਗੁਣਾਂ ਨਾਲ਼ ਭਰਪੂਰ ਹੈ। ਉਹ ਪ੍ਰਮਾਤਮਾ ਨੂੰ ਕਣ-ਕਣ ਵਿੱਚ ਅਨੁਭਵ ਕਰਦੇ ਸਨ।

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥**

ਉਹ ਪ੍ਰਮਾਤਮਾ ਨੂੰ ਸਰਵ-ਉੱਚ ਮੰਨਦੇ ਸਨ। ਉਨਾਂ ਅਨੁਸਾਰ ਜੀਵ ਰੂਪੀ ਪੰਛੀ ਹੱਡ-ਮਾਸ ਦੇ ਪਿੰਜਰੇ ਵਿੱਚ ਨਿਵਾਸ ਕਰਦਾ ਹੈ।

ਜਲ ਕੇ ਭੀਤਿ ਪਵਨ ਦਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥

ਮਨੁੱਖੀ ਦੇਹੀ ਕੀਮਤੀ ਦਾਤ ਹੈ, ਇਸ ਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ। ਸੰਤ ਗੁਰੂ ਰਵਿਦਾਸ ਦਾ ਫ਼ੁਰਮਾਨ ਹੈ :

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥

ਉਨਾਂ ਦੀ ਬਾਣੀ ਵਿੱਚ ਲਿਖਿਆ ਹੈ ਕਿ ਹਿਰਨ, ਮੱਛੀ, ਪਤੰਗੇ ਅਤੇ ਹਾਥੀ ਨੂੰ ਇੱਕ-ਇੱਕ ਵਿਕਾਰ ਕਰਕੇ ਮਰਨਾ ਪੈਂਦਾ ਹੈ ਪਰ ਮਨੁੱਖ ਵਿੱਚ ਤਾਂ ਪੰਜ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਵਿਕਾਰ ਹਨ। ਉਸ ਦਾ ਕੀ ਹਸ਼ਰ ਹੋਵੇਗਾ ? ਮਾਇਆ ਦੇ ਪ੍ਰਭਾਵ ਕਾਰਨ ਮਨੁੱਖ ਚੰਚਲ ਮਨ ਦੇ ਪਿੱਛੇ ਹੀ ਲੱਗ ਜਾਂਦਾ ਹੈ।

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥**
**ਜਬ ਕਛੁ ਪਾਵੈ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥**

ਜਿਉਂਦੇ ਜੀਅ ਮਨੁੱਖ ਨੂੰ ਪਰਿਵਾਰ, ਰਿਸ਼ਤੇਦਾਰ ਤੇ ਸਮਾਜ ਆਪਣਾ-ਆਪਣਾ ਕਹਿੰਦੇ ਹਨ ਪਰ ਸੱਚ ਇਹ ਹੈ ਕਿ ਜਦ ਮਨੁੱਖ ਮਰ ਜਾਂਦਾ ਹੈ ਤਾਂ ਸਕੇ ਸੰਬੰਧੀ ਉਸ ਦੀ ਲਾਸ਼ ਤੋਂ ਵੀ ਨਫ਼ਰਤ ਕਰਦੇ ਹਨ ਤੇ ਦੂਰ ਭੱਜਦੇ ਹਨ।

**ਘਰ ਕੀ ਨਾਰਿ ਉਰਹਿ ਤਨ ਲਾਗੀ॥**
**ਉਹ ਤਉ ਭੂਤੁ ਭੂਤੁ ਕਰਿ ਭਾਗੀ॥**

**ਭਗਤ ਰਵਿਦਾਸ ਜੀ ਨੇ ਜਗਤ ਨੂੰ ਮਿੱਥਿਆ ਮੰਨਿਆ ਹੈ। ਉਨਾਂ ਨੇ ਮਨੁੱਖੀ ਜਗਤ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ਼ ਕੀਤੀ ਹੈ।**

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥**

ਅੰਤ ਵਿੱਚ ਭਗਤ ਰਵਿਦਾਸ ਜੀ ਨੇ ਸਦਗੁਣਾਂ ਨੂੰ ਧਾਰਨ ਕਰਨ ਲਈ ਕਿਹਾ ਹੈ ਤੇ ਔਗੁਣਾਂ ਨੂੰ ਛੱਡਣ ਲਈ ਕਿਹਾ ਹੈ। ਉਨਾਂ ਨੇ ਨਾਮ ਸਿਮਰਨ, ਸਤਿਸੰਗ ਤੇ ਗੁਰੂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਨਿੰਦਿਆ, ਪਾਪ ਤੇ ਹਉਮੈ ਦਾ ਤਿਆਗ ਕਰਨ ਨੂੰ ਕਿਹਾ ਹੈ। ਭਗਤ ਰਵਿਦਾਸ ਦਾ ਨਿਰਵਾਣ ਸੰਮਤ ਚੇਤ ਵਦੀ ਚਤੁਰਸੀ ਕ੍ਰਿਸ਼ਨ ਪੱਥ 1534 ਬਿਕਰਮੀ ਸੰਮਤ ਦਿਨ ਸ਼ੁੱਕਰਵਾਰ ਵਧੇਰੇ ਪ੍ਰਮਾਣਿਕ ਤੇ ਸਹੀ ਮੰਨਿਆ ਗਿਆ ਹੈ। ਉਹ ਕਾਸ਼ੀ ਮੰਦਰ ਵਿੱਚ ਜੋਤੀ ਜੋਤ ਸਮਾਏ। ਇੱਥੇ ਇੱਕ ਚਬੂਤਰੇ ਦੇ ਰੂਪ ਵਿੱਚ ਉਨਾਂ ਦੀ ਸਮਾਧੀ ਬਣੀ ਹੋਈ ਹੈ। ਅਜੋਕੇ ਸਮਾਜ ਵਿੱਚ ਭਗਤ ਰਵਿਦਾਸ ਜੀ ਦੇ ਵਿਚਾਰਾਂ ਨੂੰ ਗ੍ਰਹਿਣ ਕਰਦਿਆਂ ਸੇਧ ਪ੍ਰਾਪਤ ਕਰਨੀ ਜ਼ਰੂਰੀ ਹੈ ਅਤੇ ਉਨਾਂ ਦੀ ਰਚੀ ਬਾਣੀ ਅਨੁਸਾਰ ਸਮਾਜਿਕ ਤਬਦੀਲੀ ਲਈ ਯਤਨਸ਼ੀਲ ਵੀ ਹੋਣਾ ਚਾਹੀਦਾ ਹੈ।

# ਭਗਤ ਰਵਿਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ



**ਅਜੈਪਾਲ ਸਿੰਘ ਚਵਿੰਡਾ**
**ਫ਼ੋਨ-9464265464**

ਸੰਗੀਤ ਦੇ ਖੇਤਰ ਵਿੱਚ ਗੁਰਮਤਿ ਸੰਗੀਤ ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿੱਚ ਆਪਣਾ ਸਥਾਨ ਰੱਖਦੀ ਹੈ। ਭਾਰਤੀ ਸੰਗੀਤ ਤੋਂ ਇਸ ਦੀਆਂ ਵਿਸ਼ੇਸ਼ਤਾਵਾਂ ਕੁਝ ਵੱਖਰੀਆਂ ਹਨ, ਜਿਸ ਕਾਰਨ ਇਸਦਾ ਆਪਣਾ ਅਲੱਗ ਸਵਰੂਪ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਦਾ ਗਾਇਨ ਉਸਦੇ ਨਿਰਧਾਰਿਤ ਰਾਗਾਂ ਵਿੱਚ ਹੁੰਦਾ ਹੈ। ਨਿਰਧਾਰਿਤ ਰਾਗਾਂ ਵਿੱਚ ਬਾਣੀ ਨੂੰ ਜਦੋਂ ਗਾਇਆ ਜਾਂਦਾ ਹੈ ਤਾਂ ਇਸ ਨੂੰ ਗੁਰਮਤਿ ਸੰਗੀਤ ਕਹਿੰਦੇ ਹਨ।

ਗੁਰਮਤਿ ਸੰਗੀਤ ਦੀ ਉਤਪਤੀ-ਗੁਰਮਤਿ ਸੰਗੀਤ ਪਰੰਪਰਾ ਦਾ ਪਰਵਾਹ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦਾ ਹੈ। ਗੁਰੂ ਜੀ ਨੇ ਰਾਜਾ ਮਹਾਰਾਜਾ ਦੀ ਬਜਾਏ ਅਧਿਆਤਮਿਕ ਵਿਸ਼ਿਆਂ ਨਾਲ਼ ਭਰਪੂਰ ਕਾਵਿ ਰਚਨਾਵਾਂ ਦੀ ਸਿਰਜਣਾ ਕੀਤੀ। ਗੁਰੂ ਜੀ ਦੁਆਰਾ ਰਚਿਤ ਇਸ ਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਉਣ ਨਾਲ਼ ਗੁਰਮਤਿ ਸੰਗੀਤ ਦੀ ਪ੍ਰਥਾ ਆਰੰਭ ਹੋਈ। ਇਸ ਤਰਾਂ ਗੁਰਮਤਿ ਸੰਗੀਤਕ ਪ੍ਰਣਾਲੀ ਦਾ ਆਰੰਭ ਹੋਇਆ। ਇਸ ਨੂੰ ਹੋਰ ਗੁਰੂ ਸਾਹਿਬਾਨ ਨੇ ਵੀ ਕਾਇਮ ਰੱਖਿਆ ਤੇ ਵੱਧ ਤੋਂ ਵੱਧ ਵਿਕਸਿਤ ਕੀਤਾ। ਇਹ ਪ੍ਰਥਾ ਅੱਜ ਤੱਕ ਕਾਇਮ ਹੈ।

**ਭਗਤ ਰਵਿਦਾਸ ਜੀ ਦੁਆਰਾ ਬਾਣੀ ਦੀ ਰਚਨਾ**

ਗੁਰਮਤਿ ਸੰਗੀਤ ਵਿੱਚ ਭਗਤ ਜੀ ਦਾ ਬਹੁਤ ਯੋਗਦਾਨ ਹੈ। ਆਪ ਜੀ ਨੇ ਵੈਰਾਗ, ਨਿਮਰਤਾ, ਪ੍ਰੇਮਾ ਭਗਤੀ ਆਦਿ ਵਿਸ਼ਿਆਂ 'ਤੇ ਬਾਣੀ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਭਗਤ ਜੀ ਦੇ 40 ਸ਼ਬਦ ਅਤੇ ਇੱਕ ਸਲੋਕ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਉਸ ਨੂੰ ਧੁਰ ਕੀ ਬਾਣੀ ਦਾ ਦਰਜਾ ਦਿੱਤਾ।

ਭਾਈ ਮਰਦਾਨਾ ਜੀ ਦੁਆਰਾ ਭਗਤ ਜੀ ਦੀ ਬਾਣੀ ਦਾ ਗਾਇਨ ਕਰਨਾ

ਜਦੋਂ ਗੁਰੂ ਨਾਨਕ ਦੇਵ ਜੀ ਭਗਤ ਜੀ ਨੂੰ ਮਿਲੇ ਤਾਂ ਉਨਾਂ ਨੇ ਭਗਤ ਜੀ ਕੋਲ਼ੋਂ ਉਨਾਂ ਦੀ ਲਿਖੀ ਬਾਣੀ ਪ੍ਰਾਪਤ ਕੀਤੀ ਜੋ ਕਿ ਉਨਾਂ ਨੇ ਸਾਂਭ ਕੇ ਰੱਖੀ ਸੀ। ਮਿਹਰਬਾਨ ਵਾਲੀ ਜਨਮਸਾਖੀ ਅਨੁਸਾਰ ਭਾਈ ਮਰਦਾਨਾ ਜੀ, ਭਗਤ ਜੀ ਦੀ ਬਾਣੀ ਨੂੰ ਗਾਇਆ ਕਰਦੇ ਸਨ।

**ਰਾਗ ਅਧੀਨ ਬਾਣੀ ਦੀ ਰਚਨਾ**

ਗੁਰਮਤਿ ਸੰਗੀਤ ਵਿੱਚ ਯੋਗਦਾਨ ਪਾਉਂਦੇ ਹੋਏ ਭਗਤ ਜੀ ਨੇ ਆਪਣੀ ਬਾਣੀ ਨੂੰ ਰਾਗਾਂ ਅਧੀਨ ਰਚਿਆ। ਉਨਾਂ ਨੇ ਕੁਲ 16 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਜਿਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

| | | |
|---|---|---|
| 1. | ਸਿਰੀ | 1 ਸ਼ਬਦ |
| 2. | ਗਉੜੀ | 5 ਸ਼ਬਦ |
| 3. | ਆਸਾ | 6 ਸ਼ਬਦ |
| 4. | ਗੂਜਰੀ | 1 ਸ਼ਬਦ |
| 5. | ਸੋਰਠਿ | 7 ਸ਼ਬਦ |
| 6. | ਧਨਾਸਰੀ | 3 ਸ਼ਬਦ |
| 7. | ਜੈਤਸਰੀ | 1ਸ਼ਬਦ |
| 8. | ਬਿਲਾਵਲ | 2 ਸ਼ਬਦ |
| 9. | ਸੂਹੀ | 3 ਸ਼ਬਦ |
| 10. | ਗੌਂਡ | 2 ਸ਼ਬਦ |
| 11. | ਰਾਮਕਲੀ | 1 ਸ਼ਬਦ |
| 12. | ਮਾਰੂ | 2 ਸ਼ਬਦ |
| 13. | ਕੇਦਾਰਾ | 1 ਸ਼ਬਦ |
| 14. | ਭੈਰਉ | 1 ਸ਼ਬਦ |
| 15. | ਬਸੰਤ | 1 ਸ਼ਬਦ |
| 16. | ਮਲਾਰ | 3 ਸ਼ਬਦ |

**ਆਰਤੀ ਬਾਣੀ ਦੀ ਰਚਨਾ**

ਗੁਰਮਤਿ ਸੰਗੀਤ ਵਿੱਚ ਯੋਗਦਾਨ ਪਾਉਂਦੇ ਹੋਏ ਭਗਤ ਜੀ ਨੇ ਆਰਤੀ ਬਾਣੀ ਦੀ ਰਚਨਾ ਕੀਤੀ ਜਿਸ ਬਾਣੀ ਦਾ ਗੁਰੂਘਰਾਂ ਵਿੱਚ ਰੋਜ਼ਾਨਾ ਗਾਇਨ ਕੀਤਾ ਜਾਂਦਾ ਹੈ। ਜੋ ਕਿ ਹੇਠ ਲਿਖੇ ਅਨੁਸਾਰ ਹੈ :

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥1 ॥ ਰਹਾਉ ॥**
**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**
**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥1 ॥**
**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**
**ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥2 ॥**
**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥**
**ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥3 ॥**
**ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥**
**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥4 ॥3 ॥**

ਸਿੱਖ ਪ੍ਰੰਪਰਾਵਾਂ ਅਨੁਸਾਰ ਬਾਣੀ ਦੀ ਰਚਨਾ- ਭਗਤ ਜੀ ਨੇ ਆਪਣੀ ਬਾਣੀ ਵਿੱਚ ਰਹਾਉ, ਅੰਕ, ਘਰ, ਰਾਗ ਆਦਿ ਦੁਆਰਾ ਸਿੱਖ ਪਰੰਪਰਾਵਾਂ ਨੂੰ ਕਾਇਮ ਰੱਖਿਆ ਜਿਨਾਂ ਦਾ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਸੰਗੀਤ ਪ੍ਰਤੀ ਸੂਖ਼ਮ ਸੂਝ-ਬੂਝ ਰੱਖਣ ਵਾਲੇ ਸਨ। ਉਨਾਂ ਨੇ ਵੱਖ-ਵੱਖ ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇੱਕ ਪ੍ਰਫੁੱਲਤ ਸੰਗੀਤ ਪ੍ਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੀ ਹੈ, ਨਾਲ਼ ਹੀ ਗੁਰਮਤਿ ਸੰਗੀਤ ਨੂੰ ਵਿਕਸਿਤ ਕਰਨ ਵਿੱਚ ਭਗਤ ਰਵਿਦਾਸ ਜੀ ਦਾ ਵੱਡਾ ਯੋਗਦਾਨ ਹੈ।





# ‘ਆਪਿ ਬਸੰਤੁ ਜਗਤ ਸਭ ਵਾੜੀ’



**ਡਾ. ਦਿਲਵਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮੁੱਖ 31 ਰਾਗਾਂ ਵਿੱਚ ਬਸੰਤ ਵੀ ਇੱਕ ਰਾਗ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 25ਵੇਂ ਸਥਾਨ ’ਤੇ ਦਰਜ ਹੈ। ਇਹ ਰਾਗ ਬਸੰਤ ਰੁੱਤ ਵਿੱਚ ਕਿਸੇ ਵੇਲੇ ਵੀ ਗਾਇਆ ਜਾ ਸਕਦਾ ਹੈ ਅਤੇ ਬਸੰਤ ਰੁੱਤ ਤੋਂ ਬਾਅਦ ਅੰਮ੍ਰਿਤ ਵੇਲੇ ਗਾਉਣ ਦੀ ਤਾਕੀਦ ਹੈ। ਬਸੰਤ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਦੀ ਉਚਾਰਨ ਕੀਤੀ ਹੋਈ ਬਾਣੀ ਦਰਜ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ 1168 ਤੋਂ 1196 ਤੱਕ ਦਰਜ ਹੈ। ਜਿਸ ਵਿੱਚ ਗੁਰੂ ਸਾਹਿਬਾਨ ਦੇ ਉਚਾਰਨ ਕੀਤੇ 63 ਸ਼ਬਦ, 11 ਅਸ਼ਟਪਦੀਆਂ, ਇੱਕ ਵਾਰ ਅਤੇ ਭਗਤ ਸਾਹਿਬਾਨ ਦੇ 13 ਸ਼ਬਦ ਦਰਜ ਹਨ। ਗੁਰੂ ਸਾਹਿਬਾਨ ਨੇ ਬਸੰਤ ਅਤੇ ਬਸੰਤ ਹਿੰਡੋਲ ਵਿੱਚ ਬਾਣੀ ਦਾ ਉਚਾਰਨ ਕੀਤਾ ਹੈ। ਗੁਰਬਾਣੀ ਵਿੱਚ ਜਿੱਥੇ ਬਸੰਤ ਦਾ ਜ਼ਿਕਰ ਅਨੇਕਾਂ ਵਾਰ ਆਇਆ ਹੈ ਉੱਥੇ ਰਾਗ ਮਾਲਾ ਵਿੱਚ ਹਿੰਡੋਲ ਦਾ ਵੀ ਜ਼ਿਕਰ ਆਉਂਦਾ ਹੈ ‘ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗ ਅਸਟ ਸੁਤ’॥( ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **1430**)।

ਬਸੰਤ ਰਾਗ ਹਿੰਡੋਲ ਰਾਗ ਦਾ ਪੁੱਤਰ ਹੈ ਜੋ ਰਾਗ ਮਾਲਾ ਤੋਂ ਸਪੱਸ਼ਟ ਹੋ ਜਾਂਦਾ ਹੈ : ਗਾਵਹਿ ਸਰਸ ਬਸੰਤ ਕਮੋਦਾ॥( ਉਹੀ ਪੰਨਾ **1430**)। ਬਸੰਤ ਰੁੱਤ ਦੇ ਆਉਣ ਬਾਰੇ ਵੀ ਗੁਰਬਾਣੀ ਵਿੱਚ ਫ਼ੁਰਮਾਨ ਹੈ ਕਿ ‘ਰੁਤ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥’ ਜਿਸ ਤਰਾਂ ਕਿ ਚੇਤਰ ਮਹੀਨਾ ਦੇਸੀ ਸਾਲ ਦਾ ਪਹਿਲਾ ਅਤੇ ਵੈਸਾਖ ਦੂਜਾ ਮਹੀਨਾ ਹੈ ਉਸੇ ਤਰਾਂ ਦੇਸੀ ਸਾਲ ਦੀ ਪਹਿਲੀ ਰੁੱਤ ਬਸੰਤ ਹੈ ਕਿਉਂਕਿ ਗੁਰਬਾਣੀ ਵਿੱਚ ਵੀ ਦਰਜ ਹੈ : ‘ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸ ਜੀਉ’॥



ਸਾਡੇ ਦੇਸ਼ ਵਿੱਚ ਜੋ ਛੇ ਰੁੱਤਾਂ ਆਉਂਦੀਆਂ ਹਨ ਉਨਾਂ ਵਿੱਚੋਂ ਬਸੰਤ ਰੁੱਤ ਪਹਿਲੀ ਰੁੱਤ ਹੈ। ਇਹ ਰੁੱਤ ਸਭ ਤੋਂ ਪਿਆਰੀ ਮੰਨੀ ਗਈ ਹੈ ਪਰ ਗੁਰਮਤਿ ਅਨੁਸਾਰ ਸਾਰੀਆਂ ਰੁੱਤਾਂ ਚੰਗੀਆਂ ਹਨ ਕੇਵਲ ਉਹੀ ਰੁੱਤ ਮਾੜੀ ਹੈ ਜਿਸ ਵਿੱਚ ਪ੍ਰਭੂ ਦਾ ਨਾਮ ਵਿਸਰ ਜਾਵੇ। ਇਹ ਉਹ ਰੁੱਤ ਹੈ ਜਿਸ ਦੇ ਆਉਣ ਨਾਲ਼ ਪ੍ਰਕਿਰਤੀ ਵਿੱਚ ਵੀ ਨਵੀਨ ਚੇਤਨਾ ਦਾ ਜਨਮ ਹੁੰਦਾ ਹੈ। ਇਸ ਦੇ ਆਉਣ ਨਾਲ਼ ਬ੍ਰਹਿਮੰਡ ਤੇ ਪਿੰਡ ਦੋਵੇਂ ਸੁਹਾਵਣੇ ਹੋ ਜਾਂਦੇ ਹਨ। ਇਹ ਠੰਡ ਤੇ ਕੜਾਕੇ ਦੇ ਕੱਕਰ (ਤੁਖਾਰ) ਨੂੰ ਤਾਂ ਘਟਾਉਂਦੀ ਹੀ ਹੈ ਪਰ ਗੁਰੂ ਸਾਹਿਬ ਇਸ ਨੂੰ ਜੀਵ ਦੇ ਅੰਦਰ ਜੋ ਵਿਕਾਰਾਂ ਦਾ ਕੱਕਰ ਪੈ ਰਿਹਾ ਹੈ ਉਸ ਤੋਂ ਬਚਣ ਲਈ ਵੀ ਅਮੋਲਕ ਸਮਾਂ ਦੱਸਦੇ ਹਨ। ਇਹ ਅੰਦਰ ਦੀ ਖੇਡ ਵੱਲ ਇਸ਼ਾਰਾ ਹੈ। ਇਸ ਰੁੱਤ ਨਾਲ਼ ਅਨੇਕਾਂ ਤਿਉਹਾਰ ਅਤੇ ਮੇਲੇ ਜੁੜੇ ਹਨ ਜਿਨਾਂ ਵਿੱਚ ਬਸੰਤ ਪੰਚਮੀ, ਹੋਲੀ, ਹੋਲਾ-ਮਹੱਲਾ, ਫਾਗ ਆਦਿ ਵਿਸ਼ੇਸ਼ ਹਨ। ਜਦੋਂ ਅਸੀਂ ਗੁਰਬਾਣੀ ਦੇ ਸੰਦਰਭ ਵਿੱਚ ਬਸੰਤ ਨੂੰ ਵੇਖਦੇ ਹਾਂ ਤਾਂ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਮਨੁੱਖਾ ਜਨਮ ਰੂਪ ਬਸੰਤ ਰੁੱਤ ਆਈ ਹੈ। ਜਿਹੜੇ
ਉਸ ਪ੍ਰਭੂ ਨੂੰ ਸਿਮਰਦੇ ਹਨ ਉਨਾਂ ਵਾਸਤੇ ਇਹ
ਸਾਰਾ ਮਨੁੱਖਾ ਜਨਮ ਹੀ ਬਸੰਤ ਰੁੱਤ ਹੈ। ਜੋ ਉਸ
ਸੱਚੇ ਪ੍ਰਭੂ ਦੇ ਰੰਗ ਵਿੱਚ ਰੰਗੇ ਜਾਂਦੇ ਹਨ ਉਨਾਂ
ਨੂੰ ਸਦਾ ਹੀ ਬਸੰਤ ਭਾਸਦੀ ਹੈ। ਜਿਹੜੇ ਜੀਵ
ਦਾ ਮਨ ਮਾਇਆ ਦੇ ਮੋਹ ਵਿੱਚ, ਮੇਰ-ਤੇਰ ਵਿੱਚ ਫਸ ਕੇ ਆਤਮਿਕ ਮੌਤ ਸਹੇੜ ਲੈਂਦਾ ਹੈ ਉਸ ਨੂੰ ਇਸ ਆਤਮਕ ਖਿੜਾਓ ਬਸੰਤ ਦੀ ਛੋਹ ਪ੍ਰਾਪਤ ਨਹੀਂ ਹੁੰਦੀ। ਪ੍ਰਭੂ ਦੀ ਸਿਫ਼ਤ ਸਲਾਹ ਕਰਦਿਆਂ ਜੋ ਆਤਮਿਕ ਆਨੰਦ ਮਨੁੱਖ ਨੂੰ ਮਿਲਦਾ ਹੈ ਉਹ ਹੀ ਸਦਾ ਬਸੰਤ ਦੀ ਅਵਸਥਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਮਨੁੱਖਾ ਜਨਮ ਰੂਪੀ ਬਸੰਤ ਭਲੀ ਰੁੱਤ ਵਿੱਚ ਪ੍ਰੇਮ ਰੂਪੀ ਚੇਤਰ ਦਾ ਮਹੀਨਾ ਚੜਿਆ ਹੈ ਉਸ ਦਾ ਆਨੰਦ ਮਾਣੋ। ਜੇਕਰ ਇਸ ਭਲੀ ਰੁੱਤ ਵਿੱਚ ਪ੍ਰੇਮ ਰੂਪੀ ਚੇਤਰ ਦਾ ਆਨੰਦ ਮਾਣ ਲਿਆ ਤਾਂ ਫੇਰ ਤੇਰੇ ਹਿਰਦੇ ਵਿੱਚ ਪ੍ਰਮੇਸ਼ਰ ਸਾਖ਼ਸ਼ਾਤ ਹੋ ਜਾਵੇਗਾ। ਇਸ ਕਰਕੇ ਭੌਰੇ ਵਾਂਗ ਜਗਿਆਸੂ ਬਿਰਤੀ ਧਾਰਨ ਕਰਕੇ ਸ਼ੁਭ ਗੁਣਾਂ ਰੂਪੀ ਸੁਗੰਧੀ ਨੂੰ ਲੈ ਕੇ ਆਪਣੀ ਜੀਵਨ ਨੂੰ ਆਨੰਦਦਾਇਕ ਬਣਾਉਣ ਦਾ ਉਪਰਾਲਾ ਕਰ।

ਗੁਰਵਾਕ ਹੈ : ਤਿਨ੍ ਬਸੰਤੁ ਜੋ ਹਰਿ ਗੁਣ ਗਾਇ॥(ਉਹੀ, ਪੰਨਾ **1176**)

ਜਿਸ ਜੀਵ ਉੱਤੇ ਪ੍ਰਭੂ ਕ੍ਰਿਪਾਲ ਹੋ ਜਾਵੇ, ਗੁਰੂ ਦਿਆਲ ਹੋ ਜਾਵੇ, ਤੇ ਹਿਰਦੇ ਵਿੱਚ ਨਾਮ ਵਸ ਜਾਵੇ, ਉਸ ਦੇ ਘਰ ਭਾਵ ਹਿਰਦੇ ਰੂਪੀ ਗ੍ਰਿਹ ਵਿੱਚ ਸਦੀਵੀ ਬਸੰਤ ਹੁੰਦੀ ਹੈ। ਗੁਰੂ ਸਾਹਿਬ ਇਹ ਵੀ ਦੱਸਦੇ ਹਨ ਕਿ ਇਹ ਜੀਵ ਦੇ ਵੱਸ ਨਹੀਂ ਹੈ। ਇਹ ਗੁਰੂ ਦੀ ਕ੍ਰਿਪਾ ਸਦਕਾ ਹੀ ਸੰਭਵ ਹੈ ਜੋ ਸਦਾ ਬਸੰਤ ਖਿੜਿਆ ਰਹੇ। ਪ੍ਰਭੂ ਨਾਲ਼ ਪ੍ਰੇਮ ਕਰਨਾ ਹੀ ਬਸੰਤ ਹੈ। ਉਹੀ ਜੀਵ ਸ਼ਾਂਤ, ਅਡੋਲਤਾ ਅਤੇ ਆਨੰਦ ਵਿੱਚ ਵੱਸਦੇ ਹਨ ਜੋ ਪ੍ਰਭੂ ਪ੍ਰੇਮ ਰੂਪੀ ਬਸੰਤੀ ਰੰਗ ਵਿੱਚ ਰੰਗੇ ਗਏ ਹਨ ਭਾਵ ਜਿਹੜੇ ਜੀਵ ਗੁਰੂ ਦੀ ਘਾਲ ਅੰਦਰ ਲੀਨ ਹੋਏ ਹਨ। ਇਹੀ ਨਾਮ ਰੂਪੀ ਬਸੰਤ ਜੀਵ ਦੇ ਤਨ ਤੇ ਮਨ ਨੂੰ ਹਰਿਆ ਰੱਖਦਾ ਹੈ :-

**ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥**
**ਰਾਮ ਨਾਮੁ ਰਾਖੈ ਉਰ ਧਾਰੇ ॥3॥**
**ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥**
**ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥4॥3॥15॥**
**ਪੰਨਾ 1176**

ਗੁਰੂ ਸਾਹਿਬ ਤਾਂ ਪ੍ਰਭੂ ਨੂੰ ਹੀ ਬਸੰਤ ਅਤੇ ਜਗਤ ਨੂੰ ਉਸਦੀ ਵਾੜੀ ਦੱਸਦੇ ਹਨ। ਭਾਵ ਉਸ ਦਾ ਨਾਮ ਹੀ ਉਸ ਦੇ ਬਗੀਚੇ ਨੂੰ ਸਦਾ ਹਰਿਆ ਭਰਿਆ ਰੱਖਣ ਦੇ ਸਮਰੱਥ ਹੈ : ਫ਼ੁਰਮਾਨ ਹੈ : ਆਪਿ ਬਸੰਤੁ ਜਗਤੁ ਸਭੁ ਵਾੜੀ॥

---

# ‘ਜੋ ਜੋ ਦੀਸੈ ਸੋ ਸੋ ਰੋਗੀ।।ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-26**

**ਸੰਪਾਦਤ: ਸਰਬਜੀਤ ਕੌਰ ਸਰਬ**

ਮਨੁੱਖ ਰੋਗ ਹੈ ਅਤੇ ਇਹ ਰੋਗ ਦੋ ਹਿੱਸਿਆਂ ਵਿੱਚ ਪ੍ਰਗਟ ਹੁੰਦਾ ਹੈ। ਪਹਿਲਾਂ ‘ਤਨ ਦੇ ਤਲ ਉੱਤੇ ਰੋਗ ਬਣ ਕੇ ਅਤੇ ਦੂਜਾ ਮਨ ਦੇ ਤਲ ਉੱਤੇ ਸੋਗ ਬਣ ਕੇ’। ਇਸ ਤੋਂ ਪਤਾ ਚੱਲਦਾ ਹੈ ਕਿ ਜੀਵਨ ਭਰ ਰੋਗ ਤੇ ਸੋਗ ਵਿੱਚ ਜਿਊਣਾ ਹੀ ਮਨੁੱਖ ਦਾ ਭਵਿੱਖ ਹੈ। ਇਹ ਹੀ ਮਨੁੱਖ ਹੈ ਜੋ ਰੋਗ ਵਿੱਚ ਜੀਅ ਰਿਹਾ ਹੈ ਸੋਗ ਵਿੱਚ ਜੀਅ ਰਿਹਾ ਹੈ। ਇਸ ਨੂੰ ਏਨੀ ਜ਼ਿਆਦਾ ਚਿੰਤਾ ਹੈ ਤੇ ਪੀੜਾ ਹੈ ਅਤੇ ਇਸ ਦੇ ਮਨ ਉੱਤੇ ਇੰਨਾ ਜ਼ਿਆਦਾ ਬੋਝ ਹੈ। ਗੁਰੂ ਅਰਜਨ ਦੇਵ ਜੀ ਪਾਤਸ਼ਾਹ ਨੇ ਇੱਕ ਬੜਾ ਸੁੰਦਰ ਉਦਾਹਰਣ ਦਿੱਤਾ ਹੈ :- ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ ਬੈਸ੍ਵਾਂਤਰਹ ॥ ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥ ਅਨਿਕ ਸਾਧਨੰ ਨ ਸਿਧਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ ॥**17**॥ ਪੰਨਾ **1355**

ਕੋਈ ਮਨੁੱਖ ਬਹੁਤ ਉੱਚੇ ਪਹਾੜ ਦੀ ਚੋਟੀ ਤੋਂ ਗਿਰ ਰਿਹਾ ਹੋਵੇ ਹਜ਼ਾਰਾਂ ਫੁੱਟ ਦੀ ਬੁਲੰਦੀ ਤੋਂ ਥੱਲੇ ਗਿਰ ਰਿਹਾ ਹੋਵੇ ਜਾਂ ਜਵਾਲਾਮੁਖੀ ਦੀ ਅੱਗ ਵਿੱਚ ਗਿਰ ਜਾਵੇ ਜਾਂ ਕੋਈ ਜ਼ਿੰਦਾ ਜਲ ਰਿਹਾ ਹੋਵੇ ।

ਅਥਾਹ ਸਾਗਰ ਦੀਆਂ ਲਹਿਰਾਂ ਵਿੱਚ ਗੋਤੇ ਖਾ ਰਿਹਾ ਹੋਵੇ ਡੁੱਬ ਰਿਹਾ ਹੋਵੇ ਬੜੀ ਬੁਲੰਦੀ ਤੋਂ ਗਿਰ ਰਿਹਾ ਹੋਵੇ ਇਸ ਨਾਲ਼ ਸਰੀਰਕ ਤੇ ਮਾਨਸਿਕ ਪੀੜਾ ਹੁੰਦੀ ਹੈ। ਇਸ ਮਾਨਸਿਕ ਚਿੰਤਾ ਵਿੱਚ ਹੀ ਘਰੇਲੂ ਚਿੰਤਾ, ਜਗਤ ਦੀ ਚਿੰਤਾ, ਪਰਿਵਾਰ ਦੀ ਚਿੰਤਾ, ਆਰਥਿਕ ਚਿੰਤਾ ਛੁਪੀ ਹੋਈ ਹੈ। ਇਹ ਇੱਕ ਅਜਿਹੀ ਚਿੰਤਾ ਹੈ ਜਿਸ ਨੂੰ ਮਹਾਰਾਜ ਜੀ ਕਹਿੰਦੇ ਨੇ ਜੈਸਾ ਕੋਈ ਪਹਾੜ ਦੀ ਬੁਲੰਦੀ ਤੂੰ ਗਿਰ ਰਿਹਾ ਹੋਵੇ ਫਿਰ ਅਥਾਹ ਸਾਗਰ ਦੀਆਂ ਲਹਿਰਾਂ ਵਿੱਚ ਡੁੱਬ ਰਿਹਾ ਹੋਵੇ ਜਾਂ ਇੰਜ ਕਹਿ ਲਵੋ ਕਿ ਮਨੁੱਖ ਦਾ ਪਤਨ ਹਰ ਵਕਤ ਹੋ ਰਿਹਾ ਹੈ ਗਿਰ ਰਿਹਾ ਹੈ। ਯਾਤਰਾ ਤਾਂ ਚੜ੍ਹਾਈਆਂ ਵਿੱਚ ਹੁੰਦੀ ਹੈ ਨਿਵਾਣ ਵਿੱਚ ਤਾਂ ਪਤਨ ਹੈ ਗਿਰਾਵਟ ਹੈ । ਪਾਣੀ ਨਿਵਾਣ ਵਿੱਚ ਜਾ ਰਿਹਾ ਹੈ ਇਸ ਵਾਸਤੇ ਕਹਿੰਦੇ ਹਾਂ ਕਿ ਪਾਣੀ ਗਿਰ ਰਿਹਾ ਹੈ ਜ਼ਿੰਦਗੀ ਨਿਵਾਣ ਦੀ ਤਰਫ਼ ਜਾ ਰਹੀ ਹੈ ਗਿਰਾਵਟ ਦੀ ਤਰਫ਼ ਜਾ ਰਹੀ ਹੈ । ਯਾਤਰਾ ਤਾਂ ਉਹ ਹੁੰਦੀ ਹੈ ਜੋ ਚੜ੍ਹਾਈਆਂ ਦੀ ਹੋਵੇ ਜਦ ਕੋਈ ਚੜ੍ਹਦਾ ਹੈ ਸੰਤ ਕਬੀਰ ਜੀ ਆਖਦੇ ਹਨ :

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥164॥ ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥ ਇੱਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥165॥ ਪੰਨਾ 1373**

ਕਿਸੇ ਹੱਦ ਤੱਕ ਮਨੁੱਖ ਦੀ ਜੀਵਨ ਸ਼ਕਤੀ ਨਿਵਾਣ ਦੀ ਤਰਫ਼ ਜਾਵੇ ਤਾਂ ‘ਕਾਮ’ ਬਣਦੀ ਹੈ। ਜੀਵਨ ਸ਼ਕਤੀ ਉਚਾਈਆਂ ਦੀ ਤਰਫ਼ ਜਾਵੇ ਤਾਂ ‘ਰਾਮ’ ਬਣਦੀ ਹੈ। ਰਾਮਰਸ ਤੇ ਕਾਮਰਸ ਜਾਂ ਇੰਜ ਕਹਿ ਲਵੋ ਕਿ ਬੁਲੰਦੀ ਅਤੇ ਨਿਵਾਣ ਹੈ। ਇਸ ਪਤਨ ਦੀ ਥੋੜੀ ਜਿਹੀ ਦੇਰ ਲਈ ਤਾਂ ਲੋੜ ਹੈ ਤਾਂ ਕੀ ਖ਼ਿਆਲ ਆ ਜਾਏ ਕਿ ਚੜ੍ਹਾਈਆਂ ਉੱਤੇ ਚੜ੍ਹਨਾ ਹੈ। ਜਦ ਸ਼ਕਤੀ ਨਿਵਾਣ ਦੀ ਤਰਫ਼ ਜਾਂਦੀ ਹੈ ਤਾਂ ਕੁਝ ਦੇਰ ਲਈ ਮਨ ਵਿੱਚ ਭੈਅ ਪ੍ਰਗਟ ਹੁੰਦਾ ਹੈ ਪਰ ਇਹ ਜਾਣੀ ਵੀ ਚਾਹੀਦੀ ਹੈ ਇੱਥੇ ਹੀ ਸੰਤਾਨ ਨੂੰ ਜਨਮ ਦਿੰਦੀ ਹੈ। ਜਦੋਂ ਇਹ ਸ਼ਕਤੀ ਚੜ੍ਹਾਈਆਂ ਦੀ ਤਰਫ਼ ਜਾਂਦੀ ਹੈ ਤਾਂ ਭਗਵਾਨ ਨੂੰ ਜਨਮ ਦਿੰਦੀ ਹੈ। ਮਨੁੱਖ ਹੈ ਜੋ ਸੰਤਾਨ ਨੂੰ ਵੀ ਜਨਮ ਦਿੰਦਾ ਹੈ ਤੇ ਭਗਵਾਨ



ਨੂੰ ਵੀ ਜਨਮ ਦੇ ਸਕਦਾ ਹੈ। ਸੰਤਾਨ ਨੂੰ ਜਨਮ ਦੇਣ ਵਿੱਚ ਤੇ ਪਸ਼ੂ ਵੀ ਸਮਰੱਥ ਹੋਏ ਨੇ ਕੀੜੇ ਮਕੌੜੇ ਵੀ ਸਮਰੱਥ ਹੋਏ ਨੇ ਪਰ ਅਸਲ ਜੀਵਨ ਤਾਂ ਉਸ ਸਮੇਂ ਹੀ ਸਫ਼ਲ ਹੁੰਦਾ ਹੈ ਜਦੋਂ ਇਨਸਾਨ ਭਗਵਾਨ ਨੂੰ ਜਨਮ ਦਿੰਦਾ ਹੈ ਅਸੀਂ ਉਹ ਸਵੈ-ਭਾਗਮਈ ਹੋ ਜਾਂਦਾ ਹੈ।

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥ ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥6॥3॥ ਪੰਨਾ 969**

ਹੁਣ ਇੱਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਗਰ ਜੀਵਨ ਰੋਗ ਹੈ, ਮਨ ਸੋਗ ਹੈ, ਤਨ ਰੋਗ ਹੈ ਤਾਂ ਫਿਰ ਕੀ ਕਰੀਏ ? ਰੋਗ ਵਿੱਚ ਜਾਈਏ ਸੋਗ ਵਿੱਚ ਜਾਈਏ ਇਸ ਤੋਂ ਛੁਟਕਾਰਾ ਹੋ ਸਕਦਾ ਹੈ ਬਸ ਧਾਰਮਿਕ ਗਿਆਨ ਤੇ ਜਗਤ ਦੇ ਗਿਆਨ ਵਿੱਚ ਇਹੀ ਅੰਤਰ ਹੈ। ਇੱਕ ਦਾਰਸ਼ਨਿਕ ਕਹਿੰਦਾ ਹੈ ਕਿ ਕਾਮ ਦੇ ਵਿੱਚ ਤਾਂ ਜਿਉਣਾ ਪਏਗਾ ਹੰਕਾਰ ਦੇ ਵਿੱਚ, ਲੋਭ ਦੇ ਵਿੱਚ ਤਾਂ ਜੀਵਣਾ ਪਏਗਾ ਇਹ ਮਨੁੱਖ ਦੀ ਸ਼ਕਤੀ ਹੈ ਤੇ ਇਸ ਸ਼ਕਤੀ ਨਾਲ਼ ਲੜ ਕੇ ਮਨੁੱਖ ਬਚ ਨਹੀਂ ਸਕਦਾ। ਇਹ ਤਾਂ ਇੱਕ ਮਹਾਨ ਤਾਕਤ ਹੈ ਲੋਕ ਤਾਂ ਇਸ ਤੋਂ ਕੁਝ ਕਰਾਉਣਾ ਚਾਹੁੰਦਾ ਹੈ ਹੰਕਾਰੀ ਕੋਲ਼ੋਂ ਬਹੁਤ ਕੁਝ ਕਰਾਵੇਗਾ ਕਾਮ ਵੀ ਇਸ ਤੋਂ ਬਹੁਤ ਕੁਝ ਕਰਵਾਵੇਗਾ ਇਸ ਦੇ ਵਿੱਚ ਤਾਂ ਜਿਊਣਾ ਪਵੇਗਾ ।

ਪਰ ਭਾਰਤ ਦਾ ਮੁਨੀਸ਼ (ਸਾਧੂ) ਤਾਂ ਕਹਿੰਦਾ ਹੈ ਕਿ ਇਸ ਤੋਂ ਬਚਿਆ ਜਾ ਸਕਦਾ ਹੈ ਇਸ ਤੋਂ ਉੱਚਾ ਉੱਠਿਆ ਜਾ ਸਕਦਾ ਹੈ ਕਰੀਬ-ਕਰੀਬ ਪੱਛਮੀ ਵਿਦਵਾਨ ਐਸਾ ਕਹਿੰਦੇ ਨੇ ਕਿ ਭਾਰਤ ਦੇ ਮੁਨੀਸ਼ ਬਹੁਤੀਆਂ ਕਲਪਨਾਵਾਂ ਵਿੱਚ ਹਨ ਤੇ ਜੇ ਭਾਰਤ ਦੇ ਮੁਨੀਸ਼ ਦੀ ਭਾਸ਼ਾ ਵਿੱਚ ਬੋਲੀਏ ਤਾਂ ਕਹਿ ਸਕਦੇ ਹਾਂ ਕਿ ਪੱਛਮੀ ਵਿਦਵਾਨ ਕਿਸੇ ਹੱਦ ਤੱਕ ਭੁਲੇਖੇ ਵਿੱਚ ਹਨ ਅਗਿਆਨ ਵਿੱਚ ਹਨ। ਉਹ ਤਾਂ ਕਹਿ ਰਹੇ ਹਨ ਕਿ ਭਾਰਤ ਦੇ ਮੁਨੀਸ਼ ਕਲਪਨਾ ਦੀ ਦੁਨੀਆ ਵਿੱਚ ਜੀਅ ਰਹੇ ਹਨ ਪਰ ਇਨਾਂ ਨੂੰ ਕੌਣ ਦੱਸੇ ਕਿ ਉਸ ਦੀ ਕਲਪਨਾ ਵੀ ਤਾਂ ਕੀਤੀ ਜਾ ਸਕਦੀ ਹੈ ਜੋ ਨਹੀਂ ਹੈ। ਜੇਕਰ ਪਿਆਸ ਹੈ ਤੇ ਪਾਣੀ ਜ਼ਰੂਰ ਹੈ, ਭੁੱਖ ਹੈ ਤੇ ਭੋਜਨ ਵੀ ਹੈ, ਜੀਵਨ ਵਿੱਚ ਜੇ ਪਰਮ ਸੁਖ ਦੀ ਪਿਆਸ ਹੈ ਤੇ ਪਰਮ ਸੁੱਖ ਹੈ, ਪਰਮ ਆਨੰਦ ਦੀ ਜੇ ਤੜਪ ਹੈ ਤੇ ਪਰਮ ਆਨੰਦ ਵੀ ਹੈ। ਉਹ ਕਹਿੰਦੇ ਹਨ ਕਿ ਟੋਲ-ਟੋਲ ਕੇ ਖੋਜ-ਖੋਜ ਕੇ ਐਸਾ ਦੇਖਿਆ ਕਿ ਧਨ ਮਿਲਿਆ, ਸੰਪਦਾ ਮਿਲੀ ਹੋਰ ਤਰਾਂ-ਤਰਾਂ ਦੇ ਅੰਬਾਰ ਲੱਗੇ ਹਨ ਸੁਖ ਤਾਂ ਕਿਧਰੇ ਵੀ ਨਹੀਂ ਮਿਲਿਆ ਇਹ ਇੱਕ ਅਧੂਰੀ ਸੱਚਾਈ ਹੈ ਉਨਾਂ ਨੇ ਵੀ ਕਬੂਲ ਕੀਤੀ ਹੈ। ਹੁਣ ਤਾਂ ਮੈਡੀਕਲ ਸਾਇੰਸ ਵੀ ਕਹਿ ਰਹੀ ਹੈ ਕਿ 60 ਫ਼ੀਸਦੀ ਬੀਮਾਰੀ ਸਾਡੇ ਕਾਬੂ ਵਿੱਚ ਨਹੀਂ ਹੁਣ ਤਾਂ ਮਨੋਚਿੰਤਕ ਵੀ ਕਹਿ ਰਹੇ ਹਨ ਕਿ ਮਾਨਸਿਕ ਰੋਗ ਵਿੱਚ ਜੀਵਣਾ ਬਸ ਇਹੀ ਮਨੁੱਖ ਦੀ ਜ਼ਿੰਦਗੀ ਹੈ ਹੋਰ ਕੁਝ ਨਹੀਂ। ਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਆਖਦੇ ਹਨ ਕਿ ਇੱਕ ਪਰਮ ਜੀਵਨ ਵੀ ਹੈ ਐਸਾ ਜੀਵਨ ਜਿਸ ਵਿੱਚ ਜਨਮ ਦਾ ਦੁੱਖ ਨਹੀਂ ਹੈ ਜਿਸ ਵਿੱਚ ਮਰਨ ਦਾ ਵੀ ਦੁੱਖ ਨਹੀਂ ਹੈ ਤੇ ਜਿਸ ਵਿੱਚ ਬੁਢੇਪੇ ਦੇ ਰੋਗ ਦਾ ਦੁੱਖ ਵੀ ਨਹੀਂ ਹੈ। ਕੁਝ ਨਾ ਕੁਝ ਸਮਝ ਐਸਾ ਕਹਿੰਦੇ ਹਨ ਕਿ ਅਸੀਂ ਕਿਉਂ ਮੰਨੀਏ ਕਿ ਜੀਵਨ ਦੁਖਿਆ ਸਰੀਰ ਰੋਗ ਹੈ ਚੰਗੇ ਭਲੇ ਸਵੱਸਥ ਸਰੀਰ ਦਿਖਾਈ ਦਿੰਦੇ ਹਨ, ਪਰ ਗੁਰਬਾਣੀ ਨਹੀਂ ਮੰਨਦੀ। ਜੇਕਰ ਸਵੱਸਥ ਦਿਖਾਈ ਦਿੰਦੇ ਹਨ ਤਾਂ ਇੱਕ ਦਿਨ ਬੁਢਾਪਾ ਕਿਸ ਤਰਾਂ ਹੋ ਜਾਂਦਾ ਹੈ। ਆਖ਼ਰ ਬੁੱਢੇ ਹੋਣ ਦਾ ਬੀਜ ਇਸ ਦੇ ਅੰਦਰ ਹੀ ਪਿਆ ਹੈ ਤੇ ਜਿਹੜਾ ਬੀਜ ਇਸ ਨੂੰ ਬੁੱਢਾ ਕਰ ਸਕਦਾ ਹੈ ਉਸ ਨੂੰ ਹੀ ਤਾਂ ਰੋਗ ਆਖਿਆ ਜਾਵੇਗਾ। ਬੁਢਾਪਾ ਇੱਕ ਐਸਾ ਰੋਗ ਹੈ ਜਿਸ ਨੂੰ ਸੀਮਤ ਕਰਨਾ ਵੀ ਬੜਾ ਔਖਾ ਹੈ, ਕਠਿਨ ਹੈ। ਇਹ ਤਾਂ ਵਧਦਾ ਜਾਏਗਾ ਵਧਦਾ ਹੀ ਜਾਏਗਾ ਭਾਰਤ ਦੇ ਸਾਰੇ ਚਿੰਤਕ ਕਹਿੰਦੇ ਹਨ ਕਿ ਬੁਢਾਪਾ ਸਵੈਮ ਇੱਕ ਰੋਗ ਹੈ।

# ਅਕਾਲੀ ਆਗੂਆਂ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਵਿਚਾਲੇ ਫੁੱਟ ਪਾਉਣ ਦਾ ਜ਼ਿੰਮੇਵਾਰ ਗਾਂਧੀ

**ਖ਼ੁਸ਼ਹਾਲ ਲਾਲੀ**

1920 ਤੋਂ ਬਾਅਦ ਮੋਹਨਦਾਸ ਕਰਮ ਚੰਦ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਨੇ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਲੜਾਈ ਛੇੜੀ ਤੇ ਇਹ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰਨ ਵਾਲੀ ਪ੍ਰਮੁੱਖ ਸਿਆਸੀ ਧਿਰ ਬਣ ਗਈ। ਅਜ਼ਾਦੀ ਤੋਂ ਬਾਅਦ ਕਾਂਗਰਸ ਨੇ ਭਾਰਤ ਵਿੱਚ ਕਈ ਦਹਾਕੇ ਰਾਜ ਕੀਤਾ, ਇਸ ਵੇਲੇ ਵੀ ਇਹ ਸੰਸਦ ਵਿੱਚ ਮੁੱਖ ਵਿਰੋਧੀ ਪਾਰਟੀ ਹੈ ਅਤੇ ਦੇਸ਼ ਦੇ ਕਈ ਸੂਬਿਆਂ ਵਿੱਚ ਇਸ ਦੀਆਂ ਜਾਂ ਇਸ ਨਾਲ ਗਠਜੋੜ ਵਾਲੀਆਂ ਸਿਆਸੀ ਧਿਰਾਂ ਦੀਆਂ ਸਰਕਾਰਾਂ ਹਨ। ਗਠਨ ਤੋਂ ਅਗਲੇ ਕੁਝ ਸਮੇਂ ਦੌਰਾਨ ਕਾਂਗਰਸ ਲੋਕ ਭਾਵਨਾਵਾਂ ਦੀ ਤਰਜਮਾਨੀ ਕਰਨ ਲੱਗੀ ਅਤੇ ਅਗਲੇ 15 ਸਾਲ ਵਿੱਚ ਕਾਂਗਰਸ ਨੇ ਭਾਰਤ ਦੇ ਅੰਦਰੂਨੀ ਮਾਮਲਿਆਂ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲਈ।

1919 ਦੇ ਅਰਾਜਕ ਤੇ ਕ੍ਰਾਂਤੀਕਾਰੀ ਅਪਰਾਧ ਕਾਨੂੰਨ, ਜਿਸ ਨੂੰ ਰੌਲਟ ਐਕਟ ਕਿਹਾ ਗਿਆ ਖ਼ਿਲਾਫ਼ ਮੁਹਿੰਮ ਅਤੇ ਜਲਿਆਂਵਾਲਾ ਬਾਗ ਦੇ ਸਾਕੇ ਤੋਂ ਬਾਅਦ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਨੇ ਸਿਆਸੀ ਲਹਿਰ ਦਾ ਰੂਪ ਅਖ਼ਤਿਆਰ ਕਰ ਲਿਆ।

ਪੰਜਾਬ ਨਾਲ ਕੀਤੇ ਧੱਕੇ ਅਤੇ ਅਕਾਲੀਆਂ ਤੇ ਖ਼ਿਲਾਫ਼ਤ ਲਹਿਰ ਕਾਰਨ ਜ਼ਮੀਨ ਤਿਆਰ ਹੋ ਚੁੱਕੀ ਸੀ, ਜੋ ਕਾਂਗਰਸ ਦੇ ਸਿਆਸੀ ਲਹਿਰ ਬਣ ਕੇ ਉੱਭਰਨ ਦਾ ਅਧਾਰ ਬਣ ਗਈ।

**ਲਾਲਾ ਲਾਜਪਤ ਰਾਏ ਤੇ ਪੰਜਾਬ ਕਾਂਗਰਸ**

ਕਾਂਗਰਸ ਦੇ ਸ਼ੁਰੂਆਤੀ ਦੌਰ ਦੌਰਾਨ ਜਿਹੜੇ ਆਗੂਆਂ ਨੇ ਕਾਂਗਰਸ ਦੀ ਅਗਵਾਈ ਕੀਤੀ, ਉਨ੍ਹਾਂ ਵਿੱਚ ਪੰਜਾਬ ਤੋਂ ਲਾਲਾ ਲਾਜਪਤ ਰਾਏ ਪ੍ਰਮੁੱਖ ਸਨ। ਲਾਲਾ ਲਾਜਪਤ ਰਾਏ ਪੰਜਾਬ ਵਿੱਚ ਆਰੀਆ ਸਮਾਜ ਲਹਿਰ ਦੇ ਆਗੂ ਅਤੇ ਭਾਰਤ ਦੀ ਅਜ਼ਾਦੀ ਦੀ ਲਹਿਰ ਦੇ ਵੱਡੇ ਆਗੂ ਸਨ। ਕਨਿਸ਼ਕਾ ਸਿੰਘ ਲਿਖਦੇ ਹਨ, 'ਪੰਜਾਬ ਕੇਸਰੀ ਦੇ ਨਾਂ ਨਾਲ ਜਾਣੇ ਜਾਂਦੇ ਲਾਲਾ ਲਾਜਪਤ ਰਾਏ ਨੇ 1923 ਵਿੱਚ ਭਾਰਤ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੰਡਣ ਦਾ ਵਿਵਾਦਤ ਬਿਆਨ ਦਿੱਤਾ ਸੀ।'

ਪੰਜਾਬ ਦੇ ਡੈਲੀਗੇਟਸ ਨੇ ਕੋਲਕਾਤਾ ਇਜਲਾਸ ਵਿੱਚ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਨਾਮਿਲਵਰਤਨ ਦਾ ਮਤਾ ਪਾਸ ਕਰਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਈ ਸੀ। ਇਸ ਦੌਰ ਦੇ ਵੱਡੇ ਕਾਂਗਰਸੀ ਆਗੂਆਂ ਵਿੱਚ ਸੈਫ਼-ਉਦ-ਦੀਨ ਕਿਚਲੂ, ਗੋਪੀ ਚੰਦ ਭਾਰਗਵ, ਸੰਤਾਨਮ, ਰਾਮ ਭਜ ਦੱਤ, ਰੁਚੀ ਰਾਮ ਸਾਹਨੀ, ਫ਼ਰੋਜ਼-ਉਦ-ਦੀਨ, ਡਾ. ਪਰਸੂ ਰਾਮ ਸ਼ਰਮਾ ਅਤੇ ਸਰਦੂਲ ਸਿੰਘ ਕਵੀਸ਼ਰ ਦਾ ਨਾਂ ਸ਼ਾਮਿਲ ਸੀ। ਇਸ ਤੋਂ ਇਲਾਵਾ ਆਗਾ ਸਫ਼ਦਰ, ਲਾਲਾ ਦੁਨੀ ਚੰਦ, ਹੰਸ ਰਾਜ, ਕੁਮਾਰੀ ਲੱਜਿਆਵਤੀ, ਮੌਲਾਨਾ ਅਬਦੁਲ ਕਾਦਰ, ਅਤੇ ਸੁਆਮੀ ਰਾਮਾਨੰਦ ਦਾ ਨਾਮ ਜ਼ਿਕਰਯੋਗ ਸੀ।

ਪੰਜਾਬ ਵਿੱਚ ਕਾਂਗਰਸ ਦਾ ਪਹਿਲਾ ਇਜਲਾਸ ਦਿਆਲ ਸਿੰਘ ਮਜੀਠੀਆ ਦੀ ਪਹਿਲਕਦਮੀ ਉੱਤੇ 1893 ਦੌਰਾਨ ਲਾਹੌਰ ਵਿੱਚ ਹੋਇਆ ਸੀ, ਪਰ ਪੰਜਾਬ ਦੇ ਹਾਲਾਤ ਨੂੰ ਸਮਝਦਿਆਂ 7 ਸਾਲ ਬਾਅਦ ਹੀ 1900 ਵਿੱਚ ਚੰਦਰਵਾਰਕਰ ਦੀ ਪ੍ਰਧਾਨਗੀ ਹੇਠ ਲਾਹੌਰ ਵਿੱਚ ਇੱਕ ਹੋਰ ਇਜਲਾਸ ਕੀਤਾ ਗਿਆ।

ਪੰਜਾਬ ਵਿੱਚ ਭਗਤ ਸਿੰਘ ਦੇ ਅਤੇ ਕਾਂਗਰਸ ਆਗੂ ਚਾਚਾ ਅਜੀਤ ਸਿੰਘ ਦੀ ਅਗਵਾਈ ਵਿੱਚ 1907 ਵਿੱਚ ਕਿਸਾਨੀ ਅੰਦੋਲਨ ਹੋਇਆ ਸੀ। ਕਿਸਾਨੀ ਅੰਦੋਲਨ ਤੋਂ ਬਾਅਦ 1912-1914 ਦੌਰਾਨ ਅਮਰੀਕਾ, ਕੈਨੇਡਾ ਦੇ ਪਰਵਾਸੀ ਪੰਜਾਬੀ ਭਾਰਤ ਨੂੰ ਅੰਗਰੇਜ਼ ਹਕੂਮਤ ਤੋਂ ਅਜ਼ਾਦ ਕਰਵਾਉਣ ਦੇ ਮਕਸਦ ਨਾਲ 'ਗ਼ਦਰ' ਕਰਨ ਲਈ ਸਵਦੇਸ਼ ਆਏ। ਉਨ੍ਹਾਂ ਵੀ 1857 ਦੀ ਤਰਜ਼ ਉੱਤੇ ਪੰਜਾਬੀ ਫ਼ੌਜੀਆਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਦੂਜੀ ਵਾਰ ਹਥਿਆਰਬੰਦ ਸੰਘਰਸ਼ ਦੀ ਕੋਸ਼ਿਸ਼ ਕੀਤੀ ਸੀ।

ਇਸ ਨੂੰ ਗ਼ਦਰ ਲਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਵੇਂ ਇਹ ਲਹਿਰ ਅਸਫ਼ਲ ਹੋ ਗਈ ਪਰ ਇਸ ਨੇ ਪੰਜਾਬ ਦੇ ਆਮ ਲੋਕਾਂ ਵਿੱਚ





ਰਾਜਸੀ ਚੇਤਨਾ ਨੂੰ ਹੋਰ ਪ੍ਰਚੰਡ ਕਰ ਦਿੱਤਾ। ਸੋ, ਜਦੋਂ ਮਹਾਤਮਾ ਗਾਂਧੀ 1915 ਵਿੱਚ ਦੱਖਣੀ ਅਫ਼ਰੀਕਾ ਤੋਂ ਆ ਕੇ ਕਾਂਗਰਸ ਦੀ ਪ੍ਰਧਾਨਗੀ ਸੰਭਾਲਦੇ ਹਨ, ਉਦੋਂ ਪੰਜਾਬ ਵਿੱਚ ਮਾਹੌਲ ਪਹਿਲਾਂ ਹੀ ਗਰਮ ਹੋ ਰਿਹਾ ਸੀ। ਬਾਲ ਗੰਗਾਧਰ ਤਿਲਕ ਜਿਹੜੇ ਬਾਅਦ ਵਿੱਚ ਕਾਂਗਰਸ ਦੇ ਵੱਡੇ 'ਤੇ ਸਰਗਰਮ ਆਗੂ ਬਣੇ ਨੇ ਇੱਥੋਂ ਹੀ 'ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ', ਦਾ ਨਾਅਰਾ ਬੁਲੰਦ ਕੀਤਾ ਸੀ।

**ਪੰਜਾਬ ਵਿੱਚ ਕਾਂਗਰਸ ਦੀਆਂ ਜੜ੍ਹਾਂ ਲਾਉਣ ਵਾਲਾ ਅੰਦੋਲਨ**

ਪ੍ਰਿਥੀਪਾਲ ਸਿੰਘ ਕਪੂਰ ਆਪਣੀ ਕਿਤਾਬ 'ਪੰਜਾਬ ਵਿੱਚ ਸੁਤੰਤਰਤਾ ਸੰਗਰਾਮ ਦੀਆਂ ਪ੍ਰਮੁੱਖ ਲਹਿਰਾਂ' ਵਿੱਚ ਲਿਖਦੇ ਹਨ, 'ਸਮਝਿਆ ਜਾਂਦਾ ਹੈ ਕਿ ਗਾਂਧੀ ਨੇ ਸਵਰਾਜ ਦੀ ਮੰਗ ਨਾ-ਮਿਲਵਰਤਨ ਲਹਿਰ ਦੀ ਸੂਚੀ ਵਿੱਚ ਲਾਲਾ ਲਾਜਪਤ ਰਾਏ ਦੇ ਕਹਿਣ ਉੱਤੇ ਸ਼ਾਮਿਲ ਕੀਤੀ ਸੀ।' ਕਪੂਰ ਅੱਗੇ ਲਿਖਦੇ ਹਨ, 'ਨਾ-ਮਿਲਵਰਤਨ ਲਹਿਰ ਵਿੱਚ ਸਿੱਖਾਂ ਦੀਆਂ ਗੁਰਦੁਆਰਾ ਸੁਧਾਰ ਲਹਿਰ ਦੀਆਂ ਮੰਗਾਂ ਵੀ ਸ਼ਾਮਿਲ ਕੀਤੀਆਂ ਗਈਆਂ।'

ਇਸ ਨਾਲ ਗੁਰਦੁਆਰਾ ਸੁਧਾਰ ਲਹਿਰ ਦਾ ਘੇਰਾ ਕੌਮੀ ਪੱਧਰ ਦਾ ਬਣਦਾ ਸੀ ਅਤੇ ਇਸੇ ਲਈ ਸੈਂਟਰਲ ਸਿੱਖ ਲੀਗ ਨੇ ਆਪਣੇ ਲਾਹੌਰ ਵਿੱਚ ਹੋਏ ਸਾਲਾਨਾ ਸਮਾਗਮ ਦੌਰਾਨ ਨਾ-ਮਿਲਵਰਤਨ ਦੀ ਹਮਾਇਤ ਦਾ ਮਤਾ ਪਾਸ ਕੀਤਾ।ਨਾ-ਮਿਲਵਰਤਨ ਲਹਿਰ ਦੌਰਾਨ ਪੰਜਾਬ ਵਿੱਚ ਸਾਰੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਕਾਂਗਰਸ ਕਮੇਟੀਆਂ ਬਣਾਉਣ ਦਾ ਮਿਸ਼ਨ ਪੰਜਾਬ ਦੇ ਆਗੂਆਂ ਅੱਗੇ ਰੱਖਿਆ ਗਿਆ।

ਇਸ ਲਈ ਡਾ. ਸੈਫ਼-ਉ-ਦੀਨ ਕਿਚਲੂ ਨੇ 5 ਲੱਖ ਰੁਪਏ ਇਕੱਠੇ ਕਰਕੇ ਕਾਂਗਰਸ ਦੀਆਂ ਜੜ੍ਹਾਂ ਲਾਉਣ ਦੀ ਮੁਹਿੰਮ ਵਿੱਚ ਦਿੱਤੀ। ਇਸ ਤਹਿਤ ਥਾਂ-ਥਾਂ ਜਲਸੇ, ਵਿਦੇਸ਼ੀ ਚੀਜ਼ਾਂ ਦਾ ਬਾਈਕਾਟ, ਸ਼ਰਾਬ ਦੇ ਠੇਕਿਆਂ ਅੱਗੇ ਧਰਨੇ, ਸਨਮਾਨ ਮੋੜਨ ਵਰਗੇ ਪ੍ਰੋਗਰਾਮ ਕੀਤੇ ਗਏ।

ਅਦਾਲਤਾਂ ਵਿੱਚ ਲਾਲਾ ਲਾਜਪਤ ਰਾਏ, ਦੁਨੀ ਚੰਦ ਲਾਹੌਰ, ਆਗਾ ਸਫ਼ਦਰ, ਕੇ ਸੰਤਾਨਮ ਸਣੇ 50 ਵਕੀਲਾਂ ਨੇ ਵਕਾਲਤ ਛੱਡ ਦਿੱਤੀ।

ਪੰਜਾਬ ਸਰਕਾਰ ਨੇ ਇਸ ਲਹਿਰ ਨੂੰ ਦੇਸ਼ਧ੍ਰੋਹੀ ਲਹਿਰ ਦੱਸ ਕੇ ਜ਼ਬਰ ਸ਼ੁਰੂ ਕੀਤਾ ਅਤੇ ਲੋਕਾਂ ਨੂੰ ਧੱਕੇ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਤਤਕਾਲੀ ਪ੍ਰਮੁੱਖ ਆਗੂ ਲਾਲਾ ਲਾਜਪਤ ਰਾਏ, ਗੋਪੀ ਚੰਦ ਭਾਰਗਵ, ਰਾਮਭਜ ਦੱਤ, ਡਾ. ਸੈਫ਼-ਉ-ਦੀਨ ਕਿਚਲੂ, ਸੰਤਾਨਮ ਅਤੇ ਸਰਦੂਲ ਸਿੰਘ ਕਵੀਸ਼ਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਵੰਦੇ ਮਾਤਰਮ ਕਹਿਣ ਉੱਤੇ 2000 ਹਜ਼ਾਰ ਰੁਪਏ ਜੁਰਮਾਨਾ ਅਤੇ ਜਲਸਿਆਂ ਉੱਤੇ ਪੰਬਾਦੀਆਂ ਲਾ ਦਿੱਤੀਆਂ ਗਈਆਂ। 1922 ਵਿੱਚ ਜਦੋਂ ਮਹਾਤਮਾਂ ਗਾਂਧੀ ਨੇ ਨਾ-ਮਿਲਵਰਤਨ ਅੰਦੋਲਨ ਵਾਪਿਸ ਲੈ ਲਿਆ ਤਾਂ ਵੀ ਪੰਜਾਬੀਆਂ ਦਾ ਜੋਸ਼ ਠੰਡਾ ਨਾ ਪਿਆ, ਭਾਵੇਂ ਕਿ ਇਸ ਨੇ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਨਿਰਾਸ਼ ਜ਼ਰੂਰ ਕੀਤਾ ਸੀ। ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨੇ ਸਿਖ਼ਰ ਤੋਂ ਡਿੱਗੀ ਲਹਿਰ ਕਾਰਨ ਲੋਕਾਂ ਨੂੰ ਨਿਰਾਸ਼ ਹੋਣ ਤੋਂ ਬਚਾਉਣ ਲਈ ਪੰਜਾਬ ਦਾ ਆਪਣਾ ਨਵ-ਸਿਰਜਤ ਖ਼ਾਦੀ ਪ੍ਰੋਗਰਾਮ ਸ਼ੁਰੂ ਕਰ ਦਿੱਤਾ।

ਅਗਲੇ ਦੋ ਸਾਲਾਂ ਵਿੱਚ ਹੀ ਭਾਰਤ ਦੇ 32 ਫ਼ੀਸਦ ਖ਼ਾਦੀ ਉਤਪਾਦਨ ਦੇ ਮੁਕਾਬਲੇ ਪੰਜਾਬ ਵਿੱਚ 66 ਫ਼ੀਸਦ ਹੋ ਗਿਆ। ਨਸ਼ਾਬੰਦੀ ਕਮੇਟੀ ਦੇ ਮੁਜ਼ਾਹਰੇ ਕਾਫ਼ੀ ਤਿੱਖਾ ਐਕਸ਼ਨ ਬਣ ਗਏ, ਛੂਤ-ਛਾਤ ਦੇ ਖ਼ਿਲਾਫ਼ ਵੀ ਮੁਹਿੰਮ ਵਿੱਢੀ ਗਈ। ਅਜਿਹੇ ਪ੍ਰੋਗਰਾਮਾਂ ਨੇ ਪੰਜਾਬ ਵਿੱਚ ਕਾਂਗਰਸ ਦੀਆਂ ਜੜ੍ਹਾਂ ਲਾ ਦਿੱਤੀਆਂ।1929 ਵਿੱਚ ਕਾਂਗਰਸ ਦਾ ਕੌਮੀ ਟੀਚਾ 51718 ਮੈਂਬਰ ਭਰਤੀ ਕਰਨ ਦਾ ਸੀ, ਪਰ ਇਕੱਲੇ ਪੰਜਾਬ ਵਿੱਚ ਹੀ ਇੱਕ ਸਾਲ ਦੌਰਾਨ 28122 ਜਣੇ ਕਾਂਗਰਸ ਵਿੱਚ ਸ਼ਾਮਿਲ ਹੋਏ।

**ਜਦੋਂ ਕਾਂਗਰਸੀ ਅਕਾਲੀ ਇੱਕ ਹੀ ਸਨ**

ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ ਕਿ ਅਕਾਲੀਆਂ ਨੇ ਕਾਂਗਰਸ ਦੀ ਮੈਂਬਰਸ਼ਿਪ ਵਧਾਉਣ ਲਈ ਕਾਫ਼ੀ ਮਦਦ ਕੀਤੀ। ਇਸ ਤੱਥ ਦੇ ਸਬੂਤ ਵਜੋਂ ਉਹ ਲਾਲਾ ਲਾਜਪਤ ਰਾਏ ਦੀ ਮਾਸਟਰ ਤਾਰਾ ਸਿੰਘ ਨੂੰ ਲਿਖੀ ਇੱਕ ਚਿੱਠੀ ਦਾ ਹਵਾਲਾ ਦਿੰਦੇ ਹਨ।

ਉਹ ਲਿਖਦੇ ਹਨ, 'ਮੈਂ ਇਹ ਪੱਤਰ ਖ਼ਾਲਸਾ ਕਾਲਜ, ਅੰਮ੍ਰਿਤਸਰ ਲਾਇਬ੍ਰੇਰੀ ਵਿੱਚ ਸੁਰੱਖਿਅਤ ਦਸਤਾਵੇਜ਼ਾਂ ਵਿੱਚ ਦੇਖਿਆ ਸੀ।' ਭਾਵੇਂ ਅਕਾਲੀ ਦਲ 1920 ਵਿੱਚ ਬਣ ਗਿਆ ਸੀ, ਪਰ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਅਕਾਲੀ ਆਗੂਆਂ ਨੇ ਕਾਂਗਰਸ ਦੀ ਕੌਮੀ ਲਹਿਰ ਵਿੱਚ ਅੱਗੇ ਵਧ ਕੇ ਰੋਲ ਅਦਾ ਕੀਤਾ ਸੀ।

ਬਾਬਾ ਖੜਕ ਸਿੰਘ ਅਕਾਲੀ ਲਹਿਰ ਦੇ ਸਿਰਮੌਰ ਆਗੂ ਸਨ, ਉਹ ਅੰਗਰੇਜ਼ ਪੱਖੀ ਜਗੀਰਦਾਰਾਂ ਅਤੇ ਅਖੌਤੀ ਮਹਾਨ ਸਿੱਖਾਂ ਦੀ ਅੰਗਰੇਜ਼ ਖ਼ੁਸ਼ਾਮਦ ਦੇ ਸਖ਼ਤ ਆਲੋਚਕ ਸਨ। ਬਾਬਾ ਖੜਕ ਸਿੰਘ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਮੋਹਰੀ ਆਗੂ ਸਨ, ਸ੍ਰੀ ਦਰਬਾਰ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਅਜ਼ਾਦ ਕਰਵਾਉਣ ਲਈ ਲੱਗੇ ਚਾਬੀਆਂ ਦੇ ਮੋਰਚੇ ਸਮੇਂ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਉਦੋਂ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਟੈਲੀਗਰਾਮ ਭੇਜ ਕੇ ਮੁਬਾਰਕਬਾਦ ਦਿੱਤੀ ਸੀ ਅਤੇ ਕਿਹਾ ਸੀ, 'ਅਜ਼ਾਦੀ ਦੇ ਯੁੱਧ ਵਿੱਚ ਪਹਿਲੀ ਜੰਗ ਫ਼ਤਿਹ ਹੋ ਗਈ।'

ਡਾਕਟਰ ਕਿਚਲੂ ਨੇ ਇੱਕ ਵਾਰ ਕਿਹਾ ਸੀ, 'ਸਿੱਖਾਂ ਨੂੰ ਕੌਮੀ ਮੁੱਖ ਧਾਰਾ ਵਿੱਚ ਲਿਆਉਣ ਦਾ ਸਿਹਰਾ ਬਾਬਾ ਖੜਕ ਸਿੰਘ ਸਿਰ ਬੱਝਦਾ ਹੈ।' 1922 ਵਿੱਚ ਲਾਲਾ ਲਾਜਪਤ ਰਾਏ ਦੀ ਗ੍ਰਿਫ਼ਤਾਰੀ ਮਗਰੋਂ ਬਾਬਾ ਖੜਕ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਮਹਾਤਮਾ ਗਾਂਧੀ ਨੇ ਬਕਾਇਦਾ ਚਿੱਠੀ ਲਿਖ ਕੇ ਪੰਜਾਬ ਕਾਂਗਰਸ ਨੂੰ ਵਧਾਈ ਭੇਜੀ ਸੀ।

**ਬਾਬਾ ਖੜਕ ਸਿੰਘ ਦੇ ਮੋਤੀ ਲਾਲ ਨਾਲ ਮਤਭੇਦ**

1929 ਵਿੱਚ ਬਾਬਾ ਖੜਕ ਸਿੰਘ ਦੇ ਮੋਤੀ ਲਾਲ ਨਹਿਰੂ ਰਿਪੋਰਟ ਕਾਰਨ ਕਾਂਗਰਸ ਨਾਲ ਤਿੱਖੇ ਮਤਭੇਦ ਹੋ ਗਏ। ਉਹ ਕਾਂਗਰਸ ਨੂੰ ਪੂਰਨ ਸਵਰਾਜ ਦਾ ਮਤਾ ਪਾਸ ਕਰਨ ਲਈ ਕਹਿ ਰਹੇ ਸਨ। ਗਾਂਧੀ ਨੇ ਘੱਟਗਿਣਤੀਆਂ ਦੇ ਹੱਕਾਂ ਲਈ ਕਈ ਤਰਾਂ ਦੇ ਭਰੋਸੇ ਦਿੱਤੇ ਪਰ ਬਾਬਾ ਖੜਕ ਸਿੰਘ ਨੇ ਕਾਂਗਰਸ ਦੇ ਸਿਵਲ ਨਾਫ਼ਰਮਾਨੀ ਅੰਦੋਲਨ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ। ਉਦੋਂ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨੇ ਗਾਂਧੀ ਦੇ ਭਰੋਸੇ ਨੂੰ 'ਦਾਨਸ਼ਮੰਦੀ' ਵਾਲਾ ਕਦਮ ਆਖ ਕੇ ਵਿਸ਼ਵਾਸ਼ ਕਰ ਲਿਆ। ਉਨ੍ਹਾਂ ਸਿਵਲ ਨਾਫ਼ਰਮਾਨੀ ਲਹਿਰ ਦਾ ਸਮਰਥਨ ਕਰ ਦਿੱਤਾ। ਸਿੱਟੇ ਵਜੋਂ ਉਹ ਸਿੱਖਾਂ ਦੇ ਵੱਡੇ ਆਗੂ ਬਣ ਕੇ ਉੱਭਰ ਆਏ। ਜਿਸ ਕਾਰਨ ਬਾਬਾ ਖੜਕ ਸਿੰਘ ਦੀ ਥਾਂ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣ ਗਏ, ਖ਼ੁਦ ਨੂੰ ਧਰਮ ਨਿਰਪੱਖ ਦੱਸਣ ਵਾਲੀ ਕਾਂਗਰਸ ਨੇ ਇਸ ਬਦਲੀ ਦਾ ਸਵਾਗਤ ਕੀਤਾ। ਮਾਸਟਰ ਤਾਰਾ ਸਿੰਘ ਨੇ ਸਿਵਲ ਨਾ ਫ਼ੁਰਮਾਨੀ ਲਹਿਰ ਦਾ ਸਮਰਥਨ ਕਰ ਦਿੱਤਾ। ਸਿੱਟੇ ਵਜੋਂ ਉਹ ਸਿੱਖਾਂ ਦੇ ਵੱਡੇ ਆਗੂ ਬਣਕੇ ਉੱਭਰ ਆਏ।

**ਜਦੋਂ ਬਾਦਲ ਨੇ ਕਾਂਗਰਸ ਦੀ ਟਿਕਟ ਉੱਤੇ ਚੋਣ ਲੜੀ**

ਇਸ ਤੋਂ ਬਾਅਦ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਦੋਵੇਂ ਹੀ ਕਾਂਗਰਸ ਦੇ ਸੱਤਿਆਗ੍ਰਿਹਾਂ ਵਿੱਚ ਹਿੱਸਾ ਲੈਂਦੇ ਰਹੇ ਅਤੇ 1946 ਦੀਆਂ ਚੋਣਾਂ ਵਿੱਚ ਵੀ ਉਨ੍ਹਾਂ ਕਾਂਗਰਸ ਦੀ ਹਮਾਇਤ ਕੀਤੀ। ਦੋਵੇਂ ਹੀ ਪਾਕਿਸਤਾਨ ਬਣਾਉਣ ਅਤੇ ਮੁਲਕ ਦੀ ਵੰਡ ਦੇ ਕੱਟੜ ਵਿਰੋਧੀ ਸਨ। 1947 ਵਿੱਚ ਦੇਸ਼ ਦੀ ਵੰਡ ਦੌਰਾਨ ਅਕਾਲੀ ਲੀਡਰਸ਼ਿਪ ਨੇ ਫ਼ੈਸਲਾ ਲਿਆ ਕਿ ਸਿੱਖ ਭਾਰਤ ਨਾਲ ਰਹਿਣਗੇ। 1950ਵਿਆਂ ਦੇ ਅੱਧ ਤੱਕ ਅਕਾਲੀਆਂ ਤੇ ਕਾਂਗਰਸ ਵਿਚਾਲੇ ਸਾਂਝ ਬਣੀ ਰਹੀ। 1956 ਵਿੱਚ ਪੈਪਸੂ ਸਟੇਟ ਦੇ ਪੰਜਾਬ ਵਿੱਚ ਸ਼ਾਮਲ ਹੋਣ ਮੌਕੇ ਅਕਾਲੀਆਂ ਨੇ ਕਾਂਗਰਸ ਨਾਲ ਸਿਆਸੀ ਸਾਂਝ ਪਾਈ।

ਅਕਾਲੀਆਂ ਨੇ 1957 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਕਾਂਗਰਸ ਨਾਲ ਮਿਲ ਕੇ ਲੜੀਆਂ ਸਨ। ਅਕਾਲੀ ਦਲ ਦੇ ਉਮੀਦਵਾਰਾਂ ਨੇ ਕਾਂਗਰਸ ਦੇ ਚੋਣ ਨਿਸ਼ਾਨ ਉੱਤੇ ਹੀ ਚੋਣਾਂ ਲੜੀਆਂ ਸਨ। ਅਕਾਲੀ ਆਗੂ ਗਿਆਨ ਸਿੰਘ ਰਾੜੇਵਾਲਾ ਅਤੇ ਗਿਆਨੀ ਕਰਤਾਰ ਸਿੰਘ ਕਾਂਗਰਸ ਸਰਕਾਰ ਵਿੱਚ ਮੰਤਰੀ ਬਣੇ ਸਨ। ਪ੍ਰਕਾਸ਼ ਸਿੰਘ ਬਾਦਲ ਵੀ ਉਦੋਂ ਕਾਂਗਰਸ ਦੀ ਟਿਕਟ ਉੱਤੇ ਪਹਿਲੀ ਵਾਰ ਵਿਧਾਇਕ ਬਣੇ ਸਨ।

ਇਸ ਤੋਂ ਬਾਅਦ ਪੰਜਾਬ ਵਿੱਚ ਅਕਾਲੀ ਦਲ ਨੇ ਖੇਤਰੀ ਪਾਰਟੀਆਂ ਦੇ ਉਭਾਰ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦਾ ਏਜੰਡਾ ਅੱਗੇ ਵਧਾਇਆ ਤੇ ਖ਼ੁਦ ਨੂੰ ਪੰਥਕ ਪਾਰਟੀ ਬਣਾ ਕੇ ਕਾਂਗਰਸ ਤੋਂ ਰਾਹਾਂ ਵੱਖ ਕਰ ਲਈਆਂ। ਅਜ਼ਾਦੀ ਤੋਂ ਬਾਅਦ ਭਾਰਤ ਦੀ ਸੱਤਾ ਉੱਤੇ ਜਿਵੇਂ ਕਾਂਗਰਸ ਦਾ ਕਬਜ਼ਾ ਹੋਇਆ, ਪੰਜਾਬ ਵੀ ਅਛੂਤਾ ਨਹੀਂ ਸੀ।

15 ਅਗਸਤ 1947 ਨੂੰ ਪੰਜਾਬ ਦੀ ਪਹਿਲੀ ਅੰਤ੍ਰਿਮ ਸਰਕਾਰ ਦਾ ਮੁੱਖ ਮੰਤਰੀ ਗੋਪੀ ਚੰਦ ਭਾਰਗਵ ਨੂੰ ਬਣਾਇਆ ਗਿਆ ਸੀ। ਉਹ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਸਨ ਅਤੇ ਅਜ਼ਾਦੀ ਲਹਿਰ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਸੀ। ਉਨ੍ਹਾਂ ਤੋਂ ਬਾਅਦ ਭੀਮ ਸੈਨ ਸੱਚਰ ਨੇ ਪੰਜਾਬ ਦੀ ਵਾਗਡੋਰ ਸੰਭਾਲੀ, ਇਹ ਦੋਵੇਂ ਆਗੂ 1956 ਤੱਕ ਬਤੌਰ ਮੁੱਖ ਮੰਤਰੀ ਪੰਜਾਬ ਸਰਕਾਰ ਦੀ ਅਗਵਾਈ ਕਰਦੇ ਰਹੇ?

1956 ਵਿੱਚ ਤੀਜੇ ਚਿਹਰੇ ਪ੍ਰਤਾਪ ਸਿੰਘ ਕੈਰੋਂ ਦੀ ਐਂਟਰੀ ਹੁੰਦੀ ਹੈ, ਉਹ ਪੰਜਾਬ ਦੇ ਤੀਜੇ ਮੁੱਖ ਮੰਤਰੀ ਬਣੇ। ਉਨ੍ਹਾਂ ਨੂੰ ਭਾਰਤੀ ਪੰਜਾਬ ਦਾ ਅਜ਼ਾਦੀ ਤੋਂ ਬਾਅਦ ਦਾ ਸਿਰਜਣਹਾਰ ਕਿਹਾ ਜਾਂਦਾ ਹੈ। ਉਹ ਪੰਜਾਬ ਦੇ ਤਰਨ ਤਾਰਨ ਦੇ ਪਿੰਡ ਕੈਰੋਂ ਦੇ ਰਹਿਣ ਵਾਲੇ ਸਨ ਅਤੇ ਭਾਰਤ ਦੀ ਅਜ਼ਾਦੀ ਦੀ ਲੜਾਈ ਦੌਰਾਨ ਕਈ ਵਾਰ ਜੇਲ ਗਏ ਸਨ।

1965 ਵਿੱਚ ਕੈਰੋਂ ਦਾ ਦਿੱਲੀ ਤੋਂ ਵਾਪਸ ਆਉਂਦੇ ਸਮੇਂ ਕਤਲ ਕਰ ਦਿੱਤਾ ਗਿਆ ਅਤੇ ਫਿਰ ਅਜ਼ਾਦੀ ਘੁਲਾਟੀਏ ਅਤੇ ਖੱਬੇਪੱਖੀ ਵਿਚਾਰਾਂ ਦੇ ਧਾਰਨੀ ਰਾਮ ਕਿਸ਼ਨ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਨੂੰ 'ਕਾਮਰੇਡ' ਵੀ ਕਿਹਾ ਜਾਂਦਾ ਸੀ।

ਕਾਮਰੇਡ ਰਾਮ ਕਿਸ਼ਾਨ ਤੋਂ ਬਾਅਦ ਕੁਝ ਮਹੀਨਿਆਂ ਲਈ ਪੰਜਾਬ ਦੀ ਵਾਗਡੋਰ ਲੇਖਕ ਤੇ ਅਜ਼ਾਦੀ ਘੁਲਾਟੀਏ ਗੁਰਮੁਖ ਸਿੰਘ ਮੁਸਾਫ਼ਰ ਹੱਥ ਆਈ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਵੀ ਰਹਿ ਚੁੱਕੇ ਸਨ।

ਗੁਰਮੁਖ ਸਿੰਘ ਮੁਸਾਫ਼ਰ 1949 ਤੋਂ 1961 ਤੱਕ ਕਰੀਬ 12 ਸਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹੇ ਸਨ। ਉਨ੍ਹਾਂ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਨੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, ਉਹ ਭਾਰਤ ਦੇ ਗ੍ਰਹਿ ਮੰਤਰੀ ਤੇ ਫਿਰ ਰਾਸ਼ਟਰਪਤੀ ਵੀ ਰਹੇ। ਉਨ੍ਹਾਂ ਦੇ ਕੇਂਦਰ ਦੀ ਸਿਆਸਤ ਵਿੱਚ ਜਾਣ ਮਗਰੋਂ ਪੰਜਾਬ ਵਿੱਚ ਸੱਤਾ ਉੱਤੇ ਕਾਂਗਰਸ ਦੀ ਅਗਵਾਈ ਦਰਬਾਰਾ ਸਿੰਘ ਨੇ ਕੀਤੀ। ਦਰਬਾਰਾ ਸਿੰਘ ਮਗਰੋਂ ਪੰਜਾਬ ਵਿੱਚ ਖ਼ਾਲਿਸਤਾਨ ਲਹਿਰ ਦੌਰਾਨ ਮੁੜ ਕਾਂਗਰਸ 1992 ਵਿੱਚ ਸੱਤਾ ਵਿੱਚ ਆਈ ਤੇ ਬੇਅੰਤ ਸਿੰਘ ਮੁੱਖ ਮੰਤਰੀ ਬਣ ਗਏ।

ਬੇਅੰਤ ਸਿੰਘ ਉੱਤੇ ਆਪਣੇ ਕਾਰਜਕਾਲ ਦੌਰਾਨ ਹਥਿਆਰਬੰਦ ਖ਼ਾਲਿਸਤਾਨੀ ਲਹਿਰ ਨੂੰ ਜ਼ਬਰੀ ਖ਼ਤਮ ਕਰਨ ਅਤੇ ਇਸ ਦੇ ਉੱਤੇ ਬੇਕਸੂਰ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਰਵਾਉਣ ਦੇ ਇਲਜ਼ਾਮ ਲੱਗੇ। ਖ਼ਾਲਿਸਤਾਨੀ ਖਾੜਕੂਆਂ ਨੇ ਚੰਡੀਗੜ੍ਹ ਸਿਵਲ ਸਕੱਤਰੇਤ ਦੇ ਬਾਹਰ ਆਤਮਘਾਤੀ ਬੰਬ ਧਮਾਕੇ ਵਿੱਚ ਬੇਅੰਤ ਸਿੰਘ ਦਾ ਕਤਲ ਕਰ ਦਿੱਤਾ। ਇਸ ਮਗਰੋਂ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੂੰ ਬਣਾ ਦਿੱਤਾ ਗਿਆ। ਪਰ ਕਰੀਬ ਡੇਢ ਕੁ ਸਾਲ ਬਾਅਦ ਅਗਲੀਆਂ ਚੋਣਾਂ ਨੂੰ ਦੇਖਦਿਆਂ ਬੀਬੀ ਰਾਜਿੰਦਰ ਕੌਰ ਭੱਠਲ ਮੁੱਖ ਮੰਤਰੀ ਬਣੀ।

2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਇੱਕ ਵਾਰ ਮੁੜ ਪੰਜਾਬ ਦੀ ਸੱਤਾ ਵਿੱਚ ਆਈ ਤੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ।

2007 ਦੀਆਂ ਚੋਣਾਂ ਹਾਰਨ ਮਗਰੋਂ ਅਕਾਲੀ ਦਲ ਲਗਾਤਾਰ 10 ਸਾਲ ਸੱਤਾ ਵਿੱਚ ਰਿਹਾ ਪਰ 2017 ਵਿੱਚ ਕਾਂਗਰਸ ਨੇ ਮੁੜ ਸੱਤਾ ਹਾਸਲ ਕਰਕੇ ਕੈਪਟਨ ਅਮਰਿੰਦਰ ਸਿੰਘ ਦੂਜੀ ਵਾਰ ਮੁੱਖ ਮੰਤਰੀ ਬਣ ਗਏ।

**ਪੰਜਾਬ ਵਿੱਚ ਸੱਤਾ ਲਈ ਧੜੇਬੰਦੀ**

ਪੰਜਾਬ ਕਾਂਗਰਸ ਵਿੱਚੋਂ ਕਈ ਆਗੂਆਂ ਨੇ ਕੇਂਦਰੀ ਸਿਆਸਤ ਵਿੱਚ ਆਪਣੀ ਥਾਂ ਬਣਾਈ। ਸਵਰਨ ਸਿੰਘ ਮੁਲਕ ਦੇ ਰੱਖਿਆ ਤੇ ਵਿਦੇਸ਼ ਮੰਤਰੀ ਰਹੇ, ਇਸੇ ਤਰਾਂ ਬਲਦੇਵ ਸਿੰਘ ਨੇ ਵੀ ਰੱਖਿਆ ਮੰਤਰੀ

ਬਾਕੀ ਸਫ਼ਾ 33 'ਤੇ

# ਸੰਤ ਸਮਾਜ ਤੇ ਟਕਸਾਲ ਨੇ ਚੋਣਾਂ ਵਿਚ ਅਕਾਲੀ-ਬਸਪਾ ਗਠਜੋੜ ਦੀ ਹਮਾਇਤ ਦਾ ਕੀਤਾ ਐਲਾਨ

## ਬਾਬਾ ਧੁੰਮਾ ਵਲੋਂ ਬਾਦਲ ਦਲ ਦੀ ਹਮਾਇਤ, ਸੰਤ ਭਿੰਡਰਾਂਵਾਲਿਆਂ ਦੀ ਨੀਤੀ ਤੇ ਗੁਰੂ ਗ੍ਰੰਥ ਤੇ ਗੁਰੂ ਪੰਥ ਪ੍ਰਤੀ ਨੀਤੀ ਦੇ ਉਲਟ : ਬਾਬਾ ਬੇਦੀ

**ਜਲੰਧਰ/ਏ.ਟੀ.ਨਿਊਜ਼** :- ਸੰਤ ਸਮਾਜ, ਜਿਸ ਵਿਚ ਉਦਾਸੀਨ, ਨਿਰਮਲੇ, ਕਾਰ ਸੇਵਾ ਵਾਲੇ ਤੇ ਨਿਹੰਗ ਸਿੰਘਾਂ ਸਮੇਤ ਹੋਰ ਕਈ ਸੰਪਰਦਾਵਾਂ ਸ਼ਾਮਲ ਹਨ, ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਬਸਪਾ ਗੱਠਜੋੜ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਸੰਤ ਸਮਾਜ ਦੀ ਗੁਰਦੁਆਰਾ ਬਾਬੇ ਸ਼ਹੀਦਾਂ ਸਰਮਸਤਪੁਰ ਵਿਖੇ ਵੱਖ-ਵੱਖ ਸੰਪਰਦਾਵਾਂ ਦੇ ਮੁਖੀਆਂ ਤੇ ਪ੍ਰਤੀਨਿਧੀਆਂ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਹੇਠ ਕੀਤੀ ਗਈ ਇਕੱਤਰਤਾ ਵਿਚ ਇਹ ਫ਼ੈਸਲਾ ਕਰਦਿਆਂ ਸਿੱਖਾਂ ਤੇ ਪੰਜਾਬੀਆਂ ਨੂੰ ਮੌਜੂਦਾ ਚੋਣਾਂ ਵਿਚ ਅਕਾਲੀ ਦਲ ਤੇ ਬਸਪਾ ਗਠਜੋੜ ਦੀ ਡਟਵੀਂ ਹਮਾਇਤ ਦੀ ਅਪੀਲ ਵੀ ਕੀਤੀ। ਇਸ ਇਕੱਤਰਤਾ ਵਿਚ 300 ਦੇ ਕਰੀਬ ਸੰਤਾਂ ਨੇ ਸ਼ਮੂਲੀਅਤ ਕੀਤੀ।

ਸੰਤ ਸਮਾਜ ਦੇ ਫ਼ੈਸਲੇ ਦਾ ਐਲਾਨ ਕਰਦਿਆਂ ਸੰਤ ਹਰਨਾਮ ਸਿੰਘ ਧੁੰਮਾ ਨੇ ਕਿਹਾ ਕਿ ਇਹ ਫ਼ੈਸਲਾ ਪਿਛਲੀਆਂ ਅਕਾਲੀ ਦਲ ਦੀ ਅਗਵਾਈ ਵਾਲੀਆਂ ਸਰਕਾਰਾਂ ਵੱਲੋਂ ਪੰਥਕ ਹਿੱਤਾਂ ਦੀ ਪਹਿਰੇਦਾਰੀ ਕਰਦਿਆਂ ਵੱਡੇ-ਵੱਡੇ ਮੋਰਚੇ ਲਾ ਕੇ ਦਿੱਤੀਆਂ ਕੁਰਬਾਨੀਆਂ ਨੂੰ ਵੇਖਦਿਆਂ ਲਿਆ ਗਿਆ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਖਾਲਸਾ ਪੰਥ ਦੀ ਉਹ ਮਹਾਨ ਸੰਸਥਾ ਹੈ, ਜਿਸ ਦਾ ਜਨਮ ਪੰਥ ਦੀਆਂ ਧਾਰਮਿਕ ਤੇ ਰਾਜਨੀਤਿਕ ਚੁਣੌਤੀਆਂ ਭਰਪੂਰ ਪ੍ਰਸਥਿਤੀਆਂ ਦੌਰਾਨ ਵੱਡੇ ਸੰਘਰਸ਼ ਤੇ ਕੁਰਬਾਨੀਆਂ ਦੇ ਪਿੜ ਵਿਚ ਹੋਇਆ ਹੈ।

ਸੰਤ ਧੁੰਮਾ ਨੇ ਕਿਹਾ ਕਿ ਪਿਛਲੀਆਂ ਅਕਾਲੀ ਸਰਕਾਰਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਵਿਰਾਸਤੀ ਮਾਰਗ ਦਾ ਸੁੰਦਰੀਕਰਨ, ਜੂਨ 1984 ਦੇ ਸ਼ਹੀਦੀ ਘੱਲੂਘਾਰੇ ਦੀ ਯਾਦਗਾਰ, ਛੋਟੇ ਤੇ ਵੱਡੇ ਘੱਲੂਘਾਰੇ ਦੀ ਯਾਦਗਾਰ, ਵਿਰਾਸਤ ਏ ਖਾਲਸਾ, ਚਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਬਣਾਉਣ ਆਦਿ ਦੀ ਸੇਵਾ ਕਰ ਕੇ ਪੰਥ ਦੇ ਸ਼ਾਨਾਮੱਤੇ ਇਤਿਹਾਸ ਅਤੇ ਵਿਰਾਸਤ ਨੂੰ ਸੰਭਾਲਣ ਲਈ ਕੀਤੇ ਗਏ ਕਾਰਜਾਂ ਉੱਪਰ ਪੰਥ ਨੂੰ ਮਾਣ ਹੈ। ਉਨਾਂ ਨੇ ਸਮੁੱਚੇ ਸੰਤ ਸਮਾਜ ਵੱਲੋਂ ਗੁਰੂ ਪੰਥ ਅਤੇ ਪੰਜਾਬ ਵਾਸੀਆਂ ਨੂੰ ਪੰਜਾਬ ਅਤੇ ਪੰਥ ਦੇ ਵਡੇਰੇ ਹਿੱਤਾਂ ਲਈ 20 ਫਰਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗਠਜੋੜ ਦੇ ਉਮੀਦਵਾਰਾਂ ਦੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ।

ਇਸ ਇਕੱਤਰਤਾ ਦੌਰਾਨ ਸ਼ਾਮਲ ਸੰਤਾਂ-ਮਹਾਪੁਰਸ਼ਾਂ ਵਿਚ ਬਾਬਾ ਗੁਰਦਿਆਲ ਸਿੰਘ ਟਾਂਡੇਵਾਲੇ, ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਬਾਬਾ ਹਾਕਮ ਸਿੰਘ, ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣਾਂ ਵਾਲੇ, ਤਰਲੋਕ ਸਿੰਘ ਖਿਆਲੇ ਵਾਲੇ, ਸੁਰਜੀਤ ਸਿੰਘ ਘਨੁਰਕੀ ਵਾਲੇ, ਬਾਬਾ ਅਮਰਜੀਤ ਸਿੰਘ ਹਰਖੋਵਾਲ, ਅਵਤਾਰ ਸਿੰਘ ਧੂਲਕੋਟ, ਭਾਈ ਅਮਰਜੀਤ ਸਿੰਘ ਚਾਵਲਾ, ਮਾਨ ਸਿੰਘ ਮੜੀਆਂਵਾਲੇ, ਬਾਬਾ ਧੰਨਾ ਸਿੰਘ ਨਾਨਕਸਰ ਬੂੜੰਦੀ ਨੇ ਬਾਬਾ ਪਰਮਜੀਤ ਸਿੰਘ ਹੰਸਾਲੀ ਸਾਹਿਬ ਸਮੇਤ ਵੱਡੀ ਗਿਣਤੀ ਵਿਚ ਸੰਤ ਮਹਾਪੁਰਖ ਸ਼ਾਮਲ ਸਨ।





**ਸ਼ਾਂਤੀ ਤੇ ਖ਼ੁਸ਼ਹਾਲੀ ਲਈ ਸਮੁੱਚੇ ਪੰਥ ਨੂੰ ਨਾਲ ਲੈ ਕੇ ਚੱਲਾਂਗੇ : ਸੁਖਬੀਰ**

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਹਮਾਇਤ ਲਈ ਸੰਤ ਸਮਾਜ ਦਾ ਧੰਨਵਾਦ ਕਰਦਿਆ ਕਿਹਾ ਕਿ ਜੋ ਜ਼ਿੰਮੇਵਾਰੀ ਸੰਤਾਂ-ਮਹਾਪੁਰਸ਼ਾਂ ਨੇ ਉਨਾਂ ਦੇ ਮੋਢਿਆਂ ’ਤੇ ਪਾਈ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਹੀ ਸੂਬੇ ਵਿਚ ਵਿਰਸੇ ਤੇ ਸਭਿਆਚਾਰ ਦੀ ਰਾਖੀ ਵਾਸਤੇ ਸਿਰਤੋੜ ਯਤਨ ਕੀਤੇ ਹਨ। ਉਹ ਭਰੋਸਾ ਦਿਵਾਉਂਦੇ ਹਨ ਕਿ ਅਗਲੀ ਅਕਾਲੀ ਦਲ ਤੇ ਬਸਪਾ ਸਰਕਾਰ ਪੰਥਕ ਤੇ ਪੰਜਾਬੀ ਵਿਰਸੇ ਅਤੇ ਕਦਰਾਂ-ਕੀਮਤਾਂ ਨੂੰ ਬਾਹਰਲਿਆਂ ਦੇ ਹਮਲੇ ਤੋਂ ਬਚਾਉਣ ਲਈ ਕੰਮ ਕਰਦੀ ਰਹੇਗੀ ਅਤੇ ਸ਼ਾਂਤੀ ਤੇ ਖੁਸ਼ਹਾਲੀ ਲਈ ਸਮੁੱਚੇ ਪੰਥ ਨੂੰ ਨਾਲ ਲੈ ਕੇ ਚੱਲੇਗੀ।

**ਬਾਬਾ ਬੇਦੀ ਵਲੋਂ ਵਿਰੋਧ**

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਤੇ ਸੰਤ ਮਹਾਂਪੁਰਖ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ, ਸੰਤ ਹਰੀ ਸਿੰਘ ਰੰਧਾਵੇ ਵਾਲੇ, ਸੰਤ ਲਖਬੀਰ ਸਿੰਘ ਰਤਵਾੜਾ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਜੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਮਹਾਨ ਸ਼ਹਾਦਤ ਤੇ ਪੰਥ ਦੇ ਹਿਤਾਂ ਲਈ ਦਿੱਤੇ ਯੋਗਦਾਨ ਨੂੰ ਦੇਖਦਿਆਂ ਗੁਰੂ ਗ੍ਰੰਥ ਤੇ ਗੁਰੂ ਪੰਥ ਪ੍ਰਤੀ ਨੀਤੀ ਦੇ ਉਲਟ ਜਾ ਕੇ ਬਾਦਲ ਦਲ ਦੀ ਹਮਾਇਤ ਨਹੀਂ ਕਰਨੀ ਚਾਹੀਦੀ ਜੋ ਸਿੱਖ ਸਿਧਾਂਤਾਂ ਤੇ ਸੰਤਾਂ ਦੀ ਪੰਥਕ ਸੋਚ ਦੇ ਉਲਟ ਹੋਵੇ। ਉਨਾਂ ਕਿਹਾ ਕਿ ਬਾਦਲ ਸਰਕਾਰ ਦੌਰਾਨ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ ਤੇ ਬੇਅਦਬੀਆਂ ਦਾ ਪੁਰ ਅਮਨ ਵਿਰੋਧ ਕਰ ਰਹੇ ਸੰਗਤ ਉਪਰ ਗੋਲੀ ਚਲਾਈ ਤੇ ਗੋਲੀ ਚਲਾਉਣ ਕਾਰਨ ਦੋ ਸਿੰਘਾਂ ਨੂੰ ਸ਼ਹੀਦ ਕਰਨ ਵਾਲੀ ਪੁਲਿਸ ਨੂੰ ਬਾਦਲ ਸਰਕਾਰ ਨੇ ਅਣਪਛਾਤੀ ਕਹਿਕੇ ਸੰਵਿਧਾਨ ਤੇ ਕਾਨੂੰਨ ਨਾਲ ਖਿਲਵਾੜ ਕੀਤਾ। ਉਨਾਂ ਕਿਹਾ ਕਿ ਬਾਬਾ ਧੁੰਮਾ ਦਮਦਮੀ ਟਕਸਾਲ ਦਾ ਇਹ ਬਿਆਨ ਸੰਤ ਭਿੰਡਰਾਂਵਾਲਿਆਂ ਤੇ ਬਾਬਾ ਠਾਕੁਰ ਸਿੰਘ ਦੀ ਸੋਚ ਅਨੁਸਾਰ ਨਹੀਂ ਹੈ। ਅਜਿਹੀ ਨੀਤੀ ਪੰਥ ਵਿਰੋਧੀ ਹੈ। ਸੰਤ ਬਾਬਿਆਂ ਨੇ ਕਿਹਾ ਕਿ ਅਸੀਂ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਨਾਲ ਕਾਫੀ ਸਮੇਂ ਤੋਂ ਨਾਤਾ ਤੋੜ ਚੁਕੇ ਹਾਂ, ਕਿਉਂਕਿ ਬਾਬਾ ਹਰਨਾਮ ਸਿੰਘ ਦਮਦਮੀ ਟਕਸਾਲ ਨੇ ਇਸ ਨੂੰ ਬਾਦਲ ਦਲ ਦਾ ਪਿਛਲਗ ਤੇ ਟੂਲ ਬਣਾ ਦਿੱਤਾ ਸੀ। ਸੰਤ ਸਮਾਜ ਦਾ ਮਨੋਰਥ ਸਿਰਫ ਗੁਰਮਤਿ ਦਾ ਪ੍ਰਚਾਰ, ਖਾਲਸਾ ਪੰਥ ਦਾ ਬੋਲਬਾਲਾ ਤੇ ਗੁਰ ਸਿਧਾਂਤਾਂ ਪਖੀ ਰਾਜਨੀਤੀ ਨੂੰ ਉਭਾਰਨਾ ਸੀ। ਬਾਦਲ ਦਲ ਦੀ ਨੀਤੀ ਪੰਥ ਤੇ ਸਿੱਖ ਸਿਧਾਂਤਾਂ ਵਿਰੋਧੀ ਰਹੀ ਹੈ। ਅਸੀਂ ਗੁਰੂ ਗ੍ਰੰਥ ਸਾਹਿਬ, ਗੁਰੂ ਪੰਥ ਪ੍ਰਤੀ ਸਮਰਪਿਤ ਹਾਂ ਕਿਸੇ ਰਾਜਨੀਤਕ ਧੜੇ ਦਾ ਅੰਗ ਨਹੀਂ। ਖਾਲਸਾ ਪੰਥ ਤੇ ਪੰਜਾਬੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਗੋਲੀ ਕਾਂਡ ਕਰਾਉਣ ਵਾਲਿਆਂ ਤੇ ਨਸ਼ੇ ਦੇ ਵਪਾਰੀਆਂ ਦੇ ਬਾਈਕਾਟ ਦਾ ਸਦਾ ਦਿੰਦਿਆਂ ਕਿਹਾ ਕਿ ਇਨਾਂ ਨੇ ਪੰਜਾਬ ਦਾ ਘਾਣ ਕੀਤਾ ਹੈ ਤੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਤੇ ਪੰਜਾਬ ਦੀ ਜਵਾਨੀ ਬਰਬਾਦ ਕੀਤੀ ਹੈ। ਉਨਾਂ ਕਿਹਾ ਕਿ ਪੰਥ ਗੁਰੂ ਪੰਥ ਬਣਕੇ ਗੁਰੂ ਗ੍ਰੰਥ ਸਾਹਿਬ ਦੀ ਸਰਵਉਚਤਾ ਤੇ ਮਾਣ ਸਤਿਕਾਰ ਲਈ ਵਿਧਾਨ ਸਭਾ ਚੋਣਾਂ ਵਿਚ ਆਪਣੀ ਇਤਿਹਾਸਕ ਭੂਮਿਕਾ ਨਿਭਾਵੇ। ਗੁਰੂ ਰੂਪੀ ਖਾਲਸਾ ਜੀ ਨੂੰ ਆਪਣੇ ਗੁਰੂ ਦੀ ਬੇਅਦਬੀ ਨਹੀਂ ਭੁਲਣੀ ਚਾਹੀਦੀ। ਉਨਾਂ ਕਿਹਾ ਕਿ ਪੰਥ ਮਜਬੂਤ ਤੇ ਇਕਮੁਠ ਹੋਣਾ ਚਾਹੀਦਾ ਹੈ ਤਾਂ ਜੋ ਭੁਲਾ ਦਿੱਤੇ ਪੰਜਾਬ ਤੇ ਪੰਥਕ ਮਸਲਿਆਂ ਨੂੰ ਉਭਾਰਿਆ ਜਾਵੇ ਤੇ ਹੱਲ ਕੀਤਾ ਜਾਵੇ। ਸਿੱਖ ਨੌਜਵਾਨਾਂ ਦੀ ਰਿਹਾਈ ਲਈ ਪੁਰਜੋਰ ਯਤਨ ਕੀਤੇ ਜਾਣ। ਉਨਾਂ ਕਿਹਾ ਕਿ ਸਾਨੂੰ ਪਾਰਟੀਆਂ ਦੀ ਰਾਜਨੀਤੀ ਤੋਂ ਬਾਹਰ ਆ ਕੇ ਯੋਗ ਉਮੀਦਵਾਰ ਚੁਣਨੇ ਚਾਹੀਦੇ ਹਨ ਜੋ ਪੰਜਾਬ ਪੱਖੀ ਭੂਮਿਕਾ ਨਿਭਾ ਸਕੀਏ। ਉਨਾਂ ਕਿਹਾ ਕਿ ਪੰਜਾਬ ਦਾ ਵਾਤਾਵਰਨ, ਰੁਜਗਾਰ, ਸਿਹਤ, ਵਿਦਿਆ ਪੰਜਾਬੀ ਬੋਲੀ ਸਾਡੇ ਪੰਜਾਬੀਆਂ ਦੇ ਵੱਡੇ ਮੁੱਦੇ ਹੋਣੇ ਚਾਹੀਦੇ ਹਨ ਤਾਂ ਜੋ ਯਕੀਨਨ ਪੰਜਾਬ ਦੇ ਰਾਜਸੀ ਦ੍ਰਿਸ਼ ਵਿਚ ਲੋਕ-ਪੱਖੀ ਅਤੇ ਸਿਫ਼ਤੀ ਤਬਦੀਲੀ ਆ ਸਕੇ ਤੇ ਪੰਜਾਬ ਦੀ ਸ਼ਾਨ ਬਰਕਰਾਰ ਰਹਿ ਸਕੇ। ਉਨਾਂ ਪੰਜਾਬ ਦੀਆਂ ਸਮੁਚੀਆਂ ਰਾਜਨੀਤਕ ਪਾਰਟੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਮੌਕਾ ਹੈ ਕਿ ਵਰਤਮਾਨ ਸਿਆਸੀ ਪਾਰਟੀਆਂ ਆਪਣੇ ਭ੍ਰਿਸ਼ਟ ਢੰਗ ਤਰੀਕੇ ਬਦਲ ਲਵੇ ਅਤੇ ਲੋਕਾਂ ਦੀਆਂ ਉਮੀਦਾਂ ਮੁਤਾਬਿਕ ਬਣਦਾ ਕੰਮ ਕਰ ਕੇ ਦਿਖਾਵੇ। ਰੱਬ ਨੂੰ ਲੋਕ ਵਿਰੋਧੀ ਪਾਪ ਤੇ ਕਪਟ ਨੀਤੀ ਨਹੀਂ ਭਾਉਂਦੀ ਅਤੇ ਜੋ ਪੰਜਾਬ ਵਿਚ ਲੋਕ ਮੰਥਨ ਚੱਲ ਰਿਹਾ ਹੈ, ਉਸ ਵਿਚੋਂ ਗੁਰੂਆਂ ਦੇ ਪੰਜਾਬ ਨੂੰ ਉਭਾਰਨ ਵਾਲੀ ਨਵੀਂ ਰਾਜਸੀ ਲਹਿਰ ਪੈਦਾ ਹੋਵੇਗੀ। ਸਾਨੂੰ ਗਦਰੀ ਬਾਬਿਆਂ ਤੇ ਪੁਰਾਣੇ ਅਕਾਲੀਆਂ ਦੀ ਲਹਿਰ ਵਾਲਾ ਉਹੀ ਜਜ਼ਬਾ ਮੁੜ ਜਗਾਉਣਾ ਚਾਹੀਦਾ ਹੈ। ਸਾਨੂੰ ਖੇਤੀਬਾੜੀ ਸਨਅਤ, ਖੇਤੀਬਾੜੀ ਯੂਨੀਵਰਸਿਟੀ, ਆਈਆਈਟੀਜ਼, ਆਈਆਈਐਮਜ਼, ਖੋਜ ਤੇ ਵਿਕਾਸ ਦੇ ਕੇਂਦਰ, ਸੂਚਨਾ ਤਕਨਾਲੋਜੀ ਤੇ ਆਟੋ ਸਨਅਤ ਦੇ ਹੱਬ ਉਸਾਰਨ ਦੀ ਲੋੜ ਹੈ। ਪੰਜਾਬ ਦੇ ਵਿਕਾਸ ਲਈ ਵਾਘਾ ਬਾਰਡਰ ਖੁੱਲੇ।

# ਪੰਜਾਬ ਦੀ ਸਿਆਸਤ ਉੱਪਰ ਅਪਰਾਧਿਕ ਪਿਛੋਕੜ ਵਾਲੇ ਤੇ ਕਰੋੜਪਤੀ ਉਮੀਦਵਾਰ ਭਾਰੂ

## ਏ.ਡੀ.ਆਰ. ਦੀ ਰਿਪੋਰਟ ਮੁਤਾਬਕ 25 ਫ਼ੀਸਦੀ ਉਮੀਦਵਾਰਾਂ ’ਤੇ ਅਪਰਾਧਿਕ ਕੇਸ ਦਰਜ

**ਚੰਡੀਗੜ/ਏ.ਟੀ.ਨਿਊਜ਼** :- ਪੰਜਾਬ ਦੀ ਸਿਆਸਤ ਵਿੱਚ ਅਪਰਾਧਕ ਪਿਛੋਕੜ ਵਾਲੇ ਅਤੇ ਅਮੀਰ ਸਿਆਸਤਦਾਨਾਂ ਦੇ ਵਧਦੇ ਬੋਲਬਾਲੇ ਨੇ ਰਾਜਨੀਤੀ ਦਾ ਨਵਾਂ ਰੂਪ ਪੇਸ਼ ਕੀਤਾ ਹੈ। ਵਿਧਾਨ ਸਭਾ ਚੋਣਾਂ ਦੇ ਮੈਦਾਨ ਵਿੱਚ ਨਿੱਤਰੇ ਸਮੁੱਚੇ ਉਮੀਦਵਾਰਾਂ ਦੇ ਕਿਰਦਾਰ ਤੇ ਅਸਾਸਿਆਂ ਦੀ ਸਮੀਖਿਆ ਕਰਦਿਆਂ ਪੰਜਾਬ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫ਼ਾਰ ਡੈਮੋਕ੍ਰੈਟਿਕ ਰਿਫ਼ਾਰਮਜ਼ ਨੇ ਖ਼ੁਲਾਸਾ ਕੀਤਾ ਹੈ ਕਿ ਕੁੱਲ ਉਮੀਦਵਾਰਾਂ ਵਿੱਚੋਂ 25 ਫ਼ੀਸਦੀ ’ਤੇ ਅਪਰਾਧਿਕ ਕੇਸ ਦਰਜ ਹਨ। 2017 ਦੀਆਂ ਚੋਣਾਂ ਦੌਰਾਨ ਇਹ ਗਿਣਤੀ 10 ਫ਼ੀਸਦੀ ਸੀ। ਇਨਾਂ ਵਿੱਚ ਕਤਲ, ਜਬਰ-ਜਨਾਹ ਤੇ ਇਰਾਦਾ ਕਤਲ ਵਰਗੇ ਸੰਗੀਨ ਮਾਮਲੇ ਵੀ ਸ਼ਾਮਲ ਹਨ। ਏ.ਡੀ.ਆਰ. ਦੇ ਟਰੱਸਟੀ ਜਸਕੀਰਤ ਸਿੰਘ, ਪੰਜਾਬ ਇਲੈਕਸ਼ਨ ਵਾਚ ਦੇ ਪਰਵਿੰਦਰ ਸਿੰਘ ਕਿੱਤਣਾ ਅਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ 1276 ਉਮੀਦਵਾਰਾਂ ’ਚੋਂ 228 ਕੌਮੀ ਪਾਰਟੀਆਂ ਦੇ ਹਨ, 256 ਰਾਜ ਪਾਰਟੀਆਂ ਤੋਂ, 354 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਪਾਰਟੀਆਂ ਤੋਂ ਹਨ ਅਤੇ 447 ਉਮੀਦਵਾਰ ਅਜ਼ਾਦ ਚੋਣ ਲੜ ਰਹੇ ਹਨ। ਅਕਾਲੀ ਦਲ ਦੇ 96 ਉਮੀਦਵਾਰਾਂ ਵਿੱਚੋਂ 65 (68 ਫ਼ੀਸਦੀ), ਆਮ ਆਦਮੀ ਪਾਰਟੀ ਦੇ 117 ਉਮੀਦਵਾਰਾਂ ਵਿੱਚੋਂ 58 (50 ਫ਼ੀਸਦੀ), ਭਾਜਪਾ ਦੇ 71 ਉਮੀਦਵਾਰਾਂ ’ਚੋਂ 27 (38 ਫ਼ੀਸਦੀ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ 14 ਉਮੀਦਵਾਰਾਂ ਵਿੱਚੋਂ 4 (29 ਫ਼ੀਸਦੀ), ਬਸਪਾ ਦੇ 20 ਉਮੀਦਵਾਰਾਂ ਵਿੱਚੋਂ 3 (15 ਫ਼ੀਸਦੀ), ਕਾਂਗਰਸ ਦੇ 117 ਵਿੱਚੋਂ 16 (14 ਫ਼ੀਸਦੀ) ਅਤੇ ਪੰਜਾਬ ਲੋਕ ਕਾਂਗਰਸ ਪਾਰਟੀ ਦੇ 27 ਵਿੱਚੋਂ 3 (11 ਫ਼ੀਸਦੀ) ਉਮੀਦਵਾਰਾਂ ਨੇ ਆਪਣੇ ਹਲਫ਼ਨਾਮਿਆਂ ਵਿੱਚ ਆਪਣੇ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹੋਣ ਦਾ ਖ਼ੁਲਾਸਾ ਕੀਤਾ ਹੈ। ਕੁੱਲ 1276 ਉਮੀਦਵਾਰਾਂ ਵਿੱਚੋਂ ਇਹ ਗਿਣਤੀ 315 (25 ਫ਼ੀਸਦੀ) ਬਣਦੀ ਹੈ।

ਜਨਤਕ ਨੁਮਾਇੰਦੇ ਚੁਣੇ ਜਾਣ ਲਈ ਲੋਕ ਕਚਹਿਰੀ ਵਿੱਚ ਉੱਤਰੇ ਇਨਾਂ ਸਿਆਸਤਦਾਨਾਂ ਖ਼ਿਲਾਫ਼ ਗੰਭੀਰ ਮਾਮਲਿਆਂ ਦੇ ਅੰਕੜੇ ਦੇਖੇ ਜਾਣ ਤਾਂ 15 ਉਮੀਦਵਾਰਾਂ ਨੇ ਔਰਤਾਂ ਵਿਰੁੱਧ ਅਪਰਾਧ ਨਾਲ਼ ਸਬੰਧਤ ਕੇਸ ਹੋਣ ਦੀ ਗੱਲ ਕਬੂਲੀ ਹੈ। ਇਨਾਂ 15 ਵਿੱਚੋਂ 2 ਉਮੀਦਵਾਰਾਂ ਨੇ ਜਬਰ-ਜਨਾਹ (ਧਾਰਾ-376) ਨਾਲ਼ ਸਬੰਧਤ ਕੇਸਾਂ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰਾਂ ਚਾਰ ਉਮੀਦਵਾਰਾਂ ਨੇ ਆਪਣੇ ਖ਼ਿਲਾਫ਼ ਕਤਲ ਨਾਲ਼ ਸਬੰਧਤ ਕੇਸ ਐਲਾਨੇ ਹਨ ਜਦੋਂ ਕਿ 33 ਉਮੀਦਵਾਰਾਂ ਨੇ ਆਪਣੇ ਵਿਰੁੱਧ ਇਰਾਦਾ ਕਤਲ ਦੇ ਕੇਸ ਕਬੂਲੇ ਹਨ।

ਏ.ਡੀ.ਆਰ. ਮੁਤਾਬਕ 117 ਹਲਕਿਆਂ ਵਿੱਚੋਂ 57 (49 ਫ਼ੀਸਦੀ) ਰੈੱਡ ਅਲਰਟ ਹਲਕੇ ਹਨ। ਰੈੱਡ ਅਲਰਟ ਹਲਕੇ ਉਹ ਹੁੰਦੇ ਹਨ, ਜਿੱਥੇ ਤਿੰਨ ਜਾਂ ਇਸ ਤੋਂ ਵੱਧ ਚੋਣ ਲੜ ਰਹੇ ਉਮੀਦਵਾਰਾਂ ਨੇ ਆਪਣੇ ਵਿਰੁੱਧ ਅਪਰਾਧਕ ਮਾਮਲਿਆਂ ਦਾ ਐਲਾਨ ਕੀਤਾ ਹੁੰਦਾ ਹੈ। ਪੰਜਾਬ ਭਾਵੇਂ ਗ਼ਰੀਬ ਹੁੰਦਾ ਜਾ ਰਿਹਾ ਹੈ ਪਰ ਅਮੀਰ ਸਿਆਸਤਦਾਨਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਚੋਣ ਮੈਦਾਨ ਵਿੱਚ ਨਿੱਤਰੇ 1276 ਉਮੀਦਵਾਰਾਂ ’ਚੋਂ 521 (41 ਫ਼ੀਸਦੀ) ਕਰੋੜਪਤੀ ਹਨ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 1145 ਉਮੀਦਵਾਰਾਂ ’ਚੋਂ 428 (37 ਫ਼ੀਸਦੀ) ਕਰੋੜਪਤੀ ਸਨ। ਅਕਾਲੀ ਦਲ ਦੇ 96 ਉਮੀਦਵਾਰਾਂ ’ਚੋਂ 89 (93 ਫ਼ੀਸਦੀ), ਕਾਂਗਰਸ ਦੇ 117 ’ਚੋਂ 107 (92 ਫ਼ੀਸਦੀ), ਭਾਜਪਾ ਦੇ 71 ਵਿੱਚੋਂ 60 (85 ਫ਼ੀਸਦੀ), ਬਸਪਾ ਦੇ 20 ਵਿੱਚੋਂ 16 (80 ਫ਼ੀਸਦੀ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ 14 ਵਿੱਚੋਂ 11 (79 ਫ਼ੀਸਦੀ), ‘ਆਪ’ ਦੇ 117 ਵਿੱਚੋਂ 81 (69 ਫ਼ੀਸਦੀ) ਅਤੇ ਪੰਜਾਬ ਲੋਕ ਕਾਂਗਰਸ ਪਾਰਟੀ ਦੇ 27 ਉਮੀਦਵਾਰਾਂ ਵਿੱਚੋਂ 16 (59 ਫ਼ੀਸਦੀ) ਨੇ 1 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਦੇ ਮਾਲਕ ਹੋਣ ਦਾ ਐਲਾਨ ਕੀਤਾ ਹੈ। ਪ੍ਰਤੀ ਉਮੀਦਵਾਰ ਔਸਤ ਜਾਇਦਾਦ 4.31 ਕਰੋੜ ਰੁਪਏ ਹੈ। ਸਭ ਤੋਂ ਵੱਧ ਜਾਇਦਾਦ ਵਾਲੇ ਉਮੀਦਵਾਰ ਮੁਹਾਲੀ ਤੋਂ ‘ਆਪ’ ਦੇ ਕੁਲਵੰਤ ਸਿੰਘ 238 ਕਰੋੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 202 ਕਰੋੜ ਅਤੇ ਮੁਕਤਸਰ ਤੋਂ ਕਾਂਗਰਸ ਦੀ ਕਰਨ ਕੌਰ 155 ਕਰੋੜ ਦੇ ਮਾਲਕ ਹਨ। ਪੰਜ ਉਮੀਦਵਾਰਾਂ ਨੇ ਜ਼ੀਰੋ ਜਾਇਦਾਦ ਐਲਾਨੀ ਹੈ। 90 (7 ਫ਼ੀਸਦੀ) ਮਹਿਲਾ ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੀਆਂ ਹਨ।

**ਚੋਣਾਂ ਲੜ ਰਹੇ 49 ਉਮੀਦਵਾਰ ਅਨਪੜ**

ਪੰਜਾਬ ਦੇ ਉਮੀਦਵਾਰਾਂ ਦੀ ਵਿੱਦਿਅਕ ਯੋਗਤਾ ਦੇਖੀ ਜਾਵੇ ਤਾਂ 695 (54 ਫ਼ੀਸਦੀ) ਉਮੀਦਵਾਰਾਂ ਨੇ ਆਪਣੀ ਵਿਦਿਅਕ ਯੋਗਤਾ 5ਵੀਂ ਅਤੇ 12ਵੀਂ ਜਮਾਤ ਦੇ ਵਿਚਕਾਰ ਐਲਾਨੀ ਹੈ, ਜਦੋਂਕਿ 483 (38 ਫ਼ੀਸਦੀ) ਉਮੀਦਵਾਰਾਂ ਨੇ ਗਰੈਜੂਏਟ ਜਾਂ ਇਸ ਤੋਂ ਵੱਧ ਦੀ ਵਿੱਦਿਅਕ ਯੋਗਤਾ ਹੋਣ ਦਾ ਐਲਾਨ ਕੀਤਾ ਹੈ। ਇਸੇ ਤਰਾਂ 24 ਉਮੀਦਵਾਰ ਡਿਪਲੋਮਾ ਹੋਲਡਰ ਹਨ। 21 ਉਮੀਦਵਾਰਾਂ ਨੇ ਆਪਣੇ ਆਪ ਨੂੰ ਸਿਰਫ਼ ਪੜਿਆ-ਲਿਖਿਆ ਦੱਸਿਆ ਹੈ ਅਤੇ 49 ਉਮੀਦਵਾਰ ਅਨਪੜ ਹਨ।

# ਪੁਰਾਣੀਆਂ ਕੈਸਿਟਾਂ ਅਤੇ ਸੀਡੀਆਂ ਸਾਂਭੀ ਬੈਠਾ 'ਸਰਲ' ਆਡੀਓ ਕੰਪਨੀ ਦਾ ਮਾਲਕ 'ਰਾਜੂ ਅਰੋੜਾ'



**ਤਸਵਿੰਦਰ ਸਿੰਘ ਬੜੈਚ**
ਮੋਬਾ-7527931887

ਰਾਜੂ ਅਰੋੜਾ 'ਸਰਲ' ਆਡੀਓ ਕੰਪਨੀ ਦੇ ਮਾਲਕ ਹਨ ਜੋ ਕਿ ਪੁਰਾਣੇ ਦੌਰ ਦੇ ਸੰਗੀਤ ਦੇ ਦੀਵਾਨੇ ਹਨ। ਉਹ ਦੁਰਲੱਭ ਪੁਰਾਤਨ ਸੰਗੀਤਕ ਕੈਸਿਟਾਂ ਅਤੇ ਸੀਡੀਆਂ ਇੱਕਠੀਆਂ ਕਰਨ ਲਈ ਹਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਉਨਾਂ ਹੁਣ ਤੱਕ 2000 ਆਡੀਓ ਕੈਸਿਟਾਂ, 7000 ਆਡੀਓ ਸੀਡੀਆਂ ਇਕੱਠੀਆਂ ਕੀਤੀਆਂ ਹਨ। ਰਾਜੂ ਅਰੋੜਾ ਕੋਲ ਪੰਜਾਬੀ ਅਤੇ ਹਿੰਦੀ ਕੈਸਿਟਾਂ ਅਤੇ ਸੀਡੀਆਂ ਦਾ ਅਨੋਖਾ ਸੰਗ੍ਰਹਿ ਹੈ ਜੋ ਕਿ ਉਹ ਬੀਤੇ 32 ਸਾਲਾਂ ਤੋਂ ਇਕੱਤਰ ਕਰ ਰਹੇ ਹਨ। ਉਨਾਂ ਕੋਲ ਕਈ ਅਜਿਹੀਆਂ ਪੁਰਾਣੀਆਂ ਕੈਸਿਟਾਂ ਵੀ ਹਨ ਜੋ ਸੰਗੀਤ ਨਿਰਦੇਸ਼ਕਾਂ ਕੋਲ ਵੀ ਉਪਲੱਬਧ ਨਹੀਂ ਹਨ। ਰਾਜੂ ਅਰੋੜਾ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਰੇਲਵੇ ਵਿਭਾਗ ਵਿੱਚ ਕੀਤੀ। ਪਰ ਇਸ ਸਰਕਾਰੀ ਨੌਕਰੀ ਨੂੰ ਰਾਜੂ ਅਰੋੜਾ ਨੇ ਥੋੜੇ ਸਮੇਂ ਬਾਅਦ ਹੀ ਛੱਡ ਦਿੱਤਾ। ਸਰਕਾਰੀ ਨੌਕਰੀ ਨੂੰ ਵਿਚਕਾਰ ਛੱਡਣ ਦੇ ਕਾਰਨ ਬਾਰੇ ਰਾਜੂ ਅਰੋੜਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਜਦੋਂ ਉਹ ਸੰਨ 1982-83 'ਚ ਪੰਜਵੀਂ ਕਲਾਸ 'ਚ ਪੜਦਾ ਸੀ ਉਸ ਸਮੇਂ ਉਹ ਆਪਣੇ ਕਿਸੇ ਜਾਣ-ਪਹਿਚਾਣ ਵਾਲੇ ਸ਼ਖਸ ਦੇ ਘਰੇ ਗਿਆ, ਉਸ ਸ਼ਖਸ ਦੇ ਘਰ ਉਸਨੇ ਕਾਫੀ ਸਾਰੇ ਰਿਕਾਰਡ ਪਏ ਦੇਖੇ। ਉਸ ਨੂੰ ਉਹ ਰਿਕਾਰਡ ਅਨੋਖੇ ਲੱਗੇ ਤੇ ਉਹ ਉਨਾਂ ਰਿਕਾਰਡਾਂ 'ਚੋਂ ਇੱਕ ਰਿਕਾਰਡ ਚੁੱਕ ਕੇ ਵੇਖਣ ਲੱਗ ਪਿਆ। ਜਦੋਂ ਉਸ ਸ਼ਖਸ ਨੇ ਮੇਰੇ ਹੱਥ ਵਿੱਚ ਰਿਕਾਰਡ ਫੜਿਆ ਵੇਖਿਆ ਤਾਂ ਉਸਨੇ ਉਹ ਮੇਰੇ ਹੱਥਾਂ 'ਚੋਂ ਖੋਹ ਲਿਆ ਤੇ ਬੋਲਿਆ ਇਹ ਤੇਰੇ ਕੰਮ ਦੀ ਚੀਜ਼ ਨਹੀਂ, ਜਾਹ ਜਾ ਕੇ ਆਪਣੀ ਪੜਾਈ ਕਰ। ਰਾਜੂ ਅਰੋੜਾ ਦੱਸਦਾ ਹੈ ਕਿ ਉਸਨੂੰ ਇਸ ਗੱਲ ਦਾ ਗੁੱਸਾ ਲੱਗਾ ਤੇ ਉਸਨੇ ਉਸੇ ਸਮੇਂ ਪ੍ਰਣ ਕਰ ਲਿਆ ਕਿ ਉਹ ਰਿਕਾਰਡਾਂ ਦੀ ਆਪਣੀ ਕੰਪਨੀ ਸਥਾਪਿਤ ਕਰਕੇ ਵਿਖਾਵੇਗਾ, ਜਿੱਥੇ ਇਹੋ ਜਹੇ ਹਜ਼ਾਰਾਂ ਰਿਕਾਰਡ ਰੁਲਦੇ ਫਿਰਨਗੇ। ਪੜਾਈ ਪੂਰੀ ਕਰਨ ਤੋਂ ਬਾਅਦ ਉਸਨੂੰ ਜੌਬ ਮਿਲ ਗਈ ਤੇ ਨੌਕਰੀ ਨੂੰ ਵਿਚਾਲੇ ਛੱਡ ਉਸਨੇ ਆਪਣੇ ਮਾਮਾ ਬ੍ਰਿਜ ਮੋਹਨ ਠੁਕਰਾਲ ਅਤੇ ਮਾਮਾ ਨਰਿੰਦਰ ਠੁਕਰਾਲ (ਜੋ ਕਿ ਮਸ਼ਹੂਰ ਆਡੀਓ ਕੰਪਨੀ ਟੀ ਐਮ ਸੀ ਦੇ ਮਾਲਕ ਹਨ) ਦੇ ਚਰਨਾਂ 'ਚ ਜਾ ਡੇਰੇ ਲਾਏ। ਫਿਰ ਉਸਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ ਦਿਨ-ਰਾਤ ਮਿਹਨਤ ਕਰਕੇ 5 ਸਾਲ ਆਪਣੇ ਦੋਵੇਂ ਮਾਮਿਆਂ ਤੋਂ ਇਸ ਕੰਮ ਦੀਆਂ ਬਰੀਕੀਆਂ ਨੂੰ ਸਿੱਖਿਆ ਤੇ ਸਾਲ 2010 'ਚ ਆਪਣੀ 'ਸਰਲ' ਆਡੀਓ ਕੰਪਨੀ ਖੋਲ ਲਈ। ਇਸ ਕੰਪਨੀ ਦਾ ਨਾਂ ਉਨਾਂ ਆਪਣੇ ਬੇਟੇ ਸਰਲ ਅਰੋੜਾ ਦੇ ਨਾਂ 'ਤੇ ਰੱਖਿਆ। ਅੱਜ ਇਸ ਕੰਪਨੀ ਨੇ ਸੰਗੀਤ ਇੰਡਸਟਰੀ ਵਿਚ ਆਪਣੀ ਇੱਕ ਵੱਖਰੀ ਜਗਾ ਬਣਾ ਲਈ ਹੈ। ਸ੍ਰੀ ਮੁਲਖ ਰਾਜ ਅਰੋੜਾ ਤੇ ਸ੍ਰੀਮਤੀ ਲਾਜਵੰਤੀ ਅਰੋੜਾ ਦਾ ਇਹ ਹੋਣਹਾਰ ਸਪੁੱਤਰ ਰਾਜੂ ਅਰੋੜਾ ਜਦੋਂ ਤੋਂ ਸੰਗੀਤਕ ਜਗਤ ਨਾਲ ਜੁੜਿਆ ਹੈ, ਉਦੋਂ ਤੋਂ ਉਸਦੇ ਬਹੁਤ ਸਾਰੇ ਗਾਇਕਾਂ ਤੇ ਗੀਤਕਾਰਾਂ ਨਾਲ ਅੱਛੇ ਸੰਬੰਧ ਬਣ ਚੁੱਕੇ ਹਨ, ਇਨਾਂ ਮਸ਼ਹੂਰ ਗਾਇਕਾਂ ਅਤੇ ਗੀਤਕਾਰਾਂ 'ਚ ਸੁਰਿੰਦਰ ਛਿੰਦਾ, ਗੀਤਕਾਰ, ਅਦਾਕਾਰ ਤੇ ਗਾਇਕ ਘੁੱਲਾ ਸਰਹਾਲੇ ਵਾਲਾ, ਸੁਖਵਿੰਦਰ ਪੰਛੀ, ਤੇਜੀ ਸ਼ਾਹਕੋਟੀ, ਬੂਟਾ ਮੁਹੰਮਦ, ਫਿਰੋਜ ਖਾਨ ਆਦਿ ਦੇ ਨਾਂ ਪ੍ਰਮੁੱਖ ਹਨ। ਮਸ਼ਹੂਰ ਗਾਇਕ ਤੇ ਕੀਤਕਾਰ ਘੁੱਲਾ ਸਰਹਾਲੇ ਵਾਲਾ ਰਿਸ਼ਤੇਦਾਰੀ 'ਚੋਂ ਉਨਾਂ ਦਾ ਭਰਾ ਲੱਗਦਾ ਹੈ। ਆਪਣੇ ਮਾਮਿਆਂ ਕੋਲ ਰਹਿੰਦਿਆਂ ਰਾਜੂ ਅਰੋੜਾ ਨੂੰ ਇਨਾਂ 'ਚੋਂ ਕਈ ਫਟਕਾਰਾਂ ਨੂੰ ਆਪਣੀ ਦੇਖ-ਰੇਖ ਹੇਠ ਰਿਕਾਰਡ ਕਰਨ ਦਾ ਮੌਕਾ ਵੀ ਮਿਲਿਆ। ਰਾਜੂ ਅਰੋੜਾ ਜਿੱਥੇ ਇਨਾਂ ਕਲਾਕਾਰਾਂ ਨੂੰ ਰੱਬ ਦੀ ਤਰਾਂ ਮੰਨਦਾ ਹੈ, ਉੱਥੇ ਉਹ ਮਾਤਾ ਸੀਤਾ ਦੇਵੀ ਜੀ ਦਾ ਵੀ ਅਨਿਨ ਭਗਤ ਹੈ। ਇਸ ਮਾਤਾ ਜੀ ਦਾ ਮੰਦਰ ਫਗਵਾੜਾ-ਬੰਗਿਆਂ ਰੋਡ 'ਤੇ ਪਿੰਡ ਬਿਸਲਾ ਵਿਖੇ ਸੁਸ਼ੋਭਿਤ ਹੈ। ਜਿਥੇ ਹਰ ਸਾਲ ਜਗਰਾਤੇ ਮੌਕੇ ਚੋਟੀ ਦੇ ਕਲਾਕਾਰ ਪਹੁੰਚਦੇ ਹਨ ਤੇ ਮਾਤਾ ਦੀਆਂ ਭੇਟਾ ਗਾਉਂਦੇ ਹਨ। ਰਾਜੂ ਅਰੋੜੀ ਜਗਰਾਤਿਆਂ ਦੀ ਸੇਵਾ ਵੀ ਫ੍ਰੀ ਵਿਚ ਕਰਦੇ ਹਨ। ਰਾਜੂ ਅਰੋੜਾ ਜਿਥੇ ਮਾਤਾ ਸੀਤਾ ਦੇਵੀ ਜੀ ਪ੍ਰਤੀ ਇੰਨੀ ਸ਼ਰਧਾ ਭਾਵਨਾ ਰੱਖਦੇ ਹਨ ਉੱਥੇ ਉਹ ਹੋਰਨਾਂ ਧਰਮਾਂ ਦਾ ਆਦਰ-ਸਤਿਕਾਰ ਵੀ ਬਹੁਤ ਕਰਦੇ ਹਨ।



ਆਓ, ਹੁਣ ਸਾਧਾਰਨ ਜ਼ਿੰਦਗੀ ਜੀਣ ਵਾਲੇ ਇਸ ਸ਼ਖਸ ਵੱਲੋਂ ਸਾਂਭੇ ਪੁਰਾਤਨ ਸੰਗੀਤਕ ਖਜ਼ਾਨੇ ਦੀ ਗੱਲ ਕਰਦੇ ਹਾਂ ਕਿ ਇਸ ਕੋਲ ਕੀ-ਕੀ ਪਿਆ ਹੈ। ਉਸ ਵੱਲੋਂ ਸਾਂਭੀਆਂ ਪੰਜਾਬੀ ਗਾਇਕ-ਗਾਇਕਾਵਾਂ ਦੀਆਂ ਕੈਸਟਾਂ ਅਤੇ ਸੀਡੀਆਂ 'ਚ ਮੁਹੰਮਦ ਸਦੀਕ, ਰਣਜੀਤ ਕੌਰ, ਹੰਸ ਰਾਜ ਹੰਸ, ਕਰਤਾਰ ਰਮਲਾ, ਜਸਦੇਵ ਯਮਲਾ, ਅਮਰ ਸਿੰਘ ਚਮਕੀਲਾ, ਅਮਰਜੋਤ, ਨਰਿੰਦਰ ਬੀਬਾ, ਸੁਰਿੰਦਰ ਛਿੰਦਾ, ਦਿਲਸ਼ਾਦ ਅਖਤਰ, ਕੁਲਦੀਪ ਮਾਣਕ, ਕੁਲਦੀਪ ਕੌਰ, ਸਵਰਨ ਲਤਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਕੇ ਦੀਪ, ਜਗਮੋਹਣ ਕੌਰ, ਹਰਚਰਨ ਗਰੇਵਾਲ, ਕਰਮਜੀਤ ਧੂਰੀ, ਸੁਖਵਿੰਦਰ ਪੰਛੀ, ਬੂਟਾ ਮੁਹੰਮਦ, ਗਿੱਲ ਹਰਦੀਪ, ਹਾਕਮ ਬਖਤੜੀਵਾਲਾ ਤੋਂ ਇਲਾਵਾ ਹੋਰ ਬਹੁਤ ਸਾਰੇ ਫਨਕਾਰਾਂ ਦੀਆਂ ਕੈਸਟਾਂ ਤੇ ਸੀਡੀਆਂ ਸਾਂਭੀਆਂ ਹੋਈਆਂ ਹਨ। ਹਿੰਦੀ ਕੈਸਟਾਂ ਅਤੇ ਸੀਡੀਆਂ 'ਚ ਕਭੀ ਹਾਂ ਕਭੀ ਨਾਂਹ, ਰਾਜ ਕੁਮਾਰ, ਆਜਾ ਮਾਹੀ, ਬਲੈਕ ਮੇਲ, ਤੇਰਾ ਚੇਹਰਾ, ਤਾਜ ਮਹਿਲ, ਪਾਕੀਜਾ, ਪਿਆਰ ਤੂਨੇ ਕਿਆ ਕੀਆਂ, ਸੂਰਜ, ਫੁਰਸਤ ਕੀ ਰਾਤ ਦਿਨ, ਰੋਟੀ ਕੱਪੜਾ ਔਰ ਮਕਾਨ, ਦਿਲ ਸੇ, ਮੁਗਲੇ ਆਜ਼ਮ, ਆਂਧੀ, ਬਾਬਲ, ਬਾਜੀਗਰ, ਸਲਾਮੀ, ਉਮਰਾਓ ਜਾਨ, ਦਿਲ ਚਾਹਤਾ ਹੈ, ਮੁਝੇ ਪੀਆ ਕੀ ਯਾਦ ਸਤਾਏ, ਤੇਰੇ ਸ਼ਹਿਰ ਮੇਂ, ਪ੍ਰੇਮ ਰੋਗ, ਬਰਸਾਤ, ਰਾਜਾ-ਰਾਣੀ, ਬਸੰਤੀ, ਕਭੀ-ਕਭੀ, ਪੱਥਰ ਕੇ ਸਨਮ, ਗੂੰਜ ਉਠੀ ਸ਼ਹਿਨਾਈ, ਏਕ ਚਾਦਰ ਮੈਲੀ ਸੀ, ਫਕੀਰਾ ਆਦਿ ਵੀ ਹਜ਼ਾਰਾਂ ਦੀ ਗਿਣਤੀ ਵਿਚ ਸਾਂਭੀਆਂ ਹੋਈਆਂ ਹਨ। ਉਨਾਂ ਕੋਲ ਅਨੇਕਾਂ ਰਾਗੀਆਂ, ਢਾਡੀਆਂ, ਤੂੰਬੇ ਅਲਗੋਜੇ ਵਾਲੇ ਅਤੇ ਧਾਰਮਿਕ ਕੈਸਟਾਂ ਅਤੇ ਸੀਡੀਆਂ ਦਾ ਅਟੁੱਟ ਭੰਡਾਰ ਵੀ ਮੌਜੂਦ ਹੈ। ਕਿਸੇ ਸਮੇਂ ਉਨਾਂ ਕੋਲ ਰਿਕਾਰਡਾਂ ਦਾ ਵੀ ਬਹੁਤ ਵੱਡਾ ਜਖੀਰਾ ਜਮਾ ਸੀ, ਜੋ ਉਨਾਂ ਆਪਣੇ ਸੰਗੀ-ਸਾਥੀਆਂ ਨੂੰ ਵੰਡ ਦਿੱਤਾ ਸੀ। ਰਾਜੂ ਅਰੋੜਾ ਨੇ ਡੈੱਕ ਅਤੇ ਸੀਡੀ ਪਲੇਅਰ ਵੀ ਸੰਭਾਲ ਕੇ ਰੱਖੇ ਹੋਏ ਹਨ, ਜਿਸ 'ਚ ਜਦੋਂ ਇਹ ਕੈਸਟਾਂ ਅਤੇ ਸੀਡੀਆਂ ਚੱਲਦੀਆਂ ਹਨ ਤਾਂ ਵਿਰਸੇ ਦੀ ਮਿਠਾਸ ਕੰਨਾਂ 'ਚ ਰਸ ਘੋਲਦੀ ਹੈ।

ਅਨੀਤਾ, ਮਿਨਾਕਸ਼ੀ ਅਤੇ ਮਨੀ ਅਰੋੜਾ ਦਾ ਭਰਾ ਰਾਜੂ ਅਰੋੜਾ ਅੱਜ ਕੱਲ ਆਪਣੀ ਬੇਟੀ ਮੁਸਕਾਨ ਅਰੋੜਾ, ਬੇਟਾ ਸਰਲ ਅਰੋੜਾ ਅਤੇ ਪਤਨੀ ਸੋਨੀ ਅਰੋੜਾ ਦੇ ਨਾਲ ਆਪਣੇ ਗ੍ਰਹਿ, ਪੁਤਲੀ ਘਰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਕੂਨ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ ਤੇ ਵਿਕਾਸ ਦੀ ਹੋੜ ਵਿਚ ਜਾਂ ਸਾਇੰਸ ਦੀ ਉੱਨਤੀ ਸਦਕਾ ਆਪਣੇ ਪੁਰਾਣੇ ਰੀਤੀ ਰਿਵਾਜਾਂ, ਸੱਭਿਆਚਾਰ ਦੀਆਂ ਪੁਰਾਣੀਆਂ ਵਸਤੂਆਂ ਤੋਂ ਦੂਰ ਹੁੰਦੀ ਜਾ ਰਹੀ ਅਜੌਕੀ ਪੀੜੀ ਨੂੰ ਪੁਰਾਤਨ ਸੱਭਿਆਚਾਰ ਨਾਲ ਜੋੜੀ ਰੱਖਣ ਲਈ ਯਤਨ ਵੀ ਕਰ ਰਿਹਾ ਹੈ।

# ਮਾਂ ਬੋਲੀ ਬਾਰੇ ਵਿਚਾਰ



**ਸਤਿੰਦਰ ਕੌਰ**

ਸੰਸਾਰ ਵਿੱਚ ਰੰਗ, ਨਸਲ, ਬੋਲੀ, ਧਰਮ ਆਦਿ ਦੇ ਪੱਖ ਤੋਂ ਅਨੇਕਾਂ ਵਿਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਜਿਵੇਂ ਇੱਕੋ ਬਾਗ਼ ਵਿੱਚ ਵੱਖ-ਵੱਖ ਤਰਾਂ ਦੇ ਅਨੇਕਾਂ ਫੁੱਲ ਖਿੜੇ ਹੁੰਦੇ ਹਨ ਅਤੇ ਸਾਰੇ ਹੀ ਮਹਿਕਾਂ ਛੱਡ ਰਹੇ ਹਨ। ਭਾਰਤ ਨੂੰ ਵੀ ਵਿਭਿੰਨਤਾਵਾਂ ਦਾ ਦੇਸ਼ ਕਿਹਾ ਜਾਂਦਾ ਹੈ। ਕਿਉਂਕਿ ਇੱਥੇ ਵੀ ਵੱਖ-ਵੱਖ ਸੱਭਿਆਚਾਰ, ਬੋਲੀਆਂ, ਧਰਮਾਂ ਦੇ ਲੋਕ ਰਹਿੰਦੇ ਹਨ। ਅਨੇਕਤਾ ਵਿੱਚ ਏਕਤਾ ਦਾ ਅਨੋਖਾ ਮੇਲ ਇਸ ਦੇਸ਼ ਵਿੱਚ ਵੇਖਣ ਨੂੰ ਮਿਲਦਾ ਹੈ। ਇਸੇ ਧਰਤੀ ਉੱਤੇ ਪੰਜਾਬੀ ਬੋਲੀ ਦਾ ਜਨਮ ਹੋਇਆ। ਜਿਸ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਅੱਜ ਅਸੀਂ ਆਪਣੀ ਮਾਂ-ਬੋਲੀ ਪੰਜਾਬੀ ਦੀ ਗੱਲ ਕਰ ਰਹੇ ਹਾਂ।

ਦੁਨੀਆਂ ਵਿੱਚ ਸਾਡੀ ਹੋਂਦ ਨੂੰ ਰੂਪਮਾਨ ਕਰਦੀ ਮਾਂ ਬੋਲੀ ਪੰਜਾਬੀ ਨਾ ਸਿਰਫ਼ ਸਾਡੀ ਮਾਂ ਦੀ ਬੋਲੀ ਹੈ ਬਲਕਿ ਸੰਤਾਂ, ਗੁਰੂਆਂ, ਪੀਰਾਂ, ਫ਼ਕੀਰਾਂ, ਸ਼ਾਇਰਾਂ ਅਤੇ ਯੋਧਿਆਂ ਦੀ ਵੀ ਬੋਲੀ ਹੈ। ਇਸ ਬੋਲੀ ਵਿੱਚ ਮਹਾਨ ਗ੍ਰੰਥ ਰਚੇ ਗਏ, ਸਮੇਂ ਦੇ ਨਾਲ਼ ਬਦਲਾਵ ਨੂੰ ਆਪਣੇ ਕਲਾਵੇ 'ਚ ਲੈਂਦੀ ਸਾਡੀ ਮਾਂ ਬੋਲੀ ਪੰਜਾਬੀ ਮੋਹ, ਪਿਆਰ ਦੀਆਂ ਤੰਦਾਂ 'ਚ ਬੱਝੀ ਹੋਈ ਮਹਾਨ ਵਿਰਾਸਤ ਨੂੰ ਸਾਂਭੀ ਬੈਠੀ ਹੈ। ਦੁਨੀਆਂ ਦੇ ਸਭ ਤੋਂ ਅਮੀਰ ਵਿਰਸੇ ਦੀ ਮਾਂ-ਬੋਲੀ ਪੰਜਾਬੀ ਕਿਸੇ ਮਹਾਰਾਣੀ ਤੋਂ ਘੱਟ ਨਹੀਂ। ਕਿਹਾ ਜਾਂਦਾ ਹੈ ਕਿ ਸ਼ਬਦ ਪਹਾੜਾਂ ਵਿੱਚ ਕਾਂਬਾ ਛੇੜ ਸਕਦੇ ਹਨ ਤੇ ਸਮੁੰਦਰਾਂ ਵਿੱਚ ਅੱਗ ਲਾ ਸਕਦੇ ਹਨ, ਪਰ ਇਨਾਂ ਬੋਲਾਂ ਦਾ ਅਸਰ ਤਦ ਹੀ ਹੁੰਦਾ ਹੈ ਜਦੋਂ ਇਹ ਮਾਂ-ਬੋਲੀ ਵਿੱਚ ਹੋਣ ਜੇ ਅਜਿਹਾ ਨਾ ਹੁੰਦਾ ਤਾਂ ਬੁੱਧ ਸੰਸਕ੍ਰਿਤ ਵਿੱਚ ਹੀ ਆਪਣੇ ਬੋਲਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਤੇ ਨਾਨਕ ਵੀ ਪੰਜਾਬੀ ਦੀ ਵਰਤੋਂ ਨਾ ਕਰਦੇ। ਮਾਂ-ਬੋਲੀ ਵਿੱਚ ਆਖੇ ਗਏ ਸ਼ਬਦ ਦਿਲ ਟੁੰਬਵੇਂ ਅਤੇ ਸਿੱਧਾ ਅਸਰ ਕਰਨ ਵਾਲੇ ਹੁੰਦੇ ਹਨ ਜਿਨਾਂ ਨੂੰ ਹਰ ਕੋਈ ਸਮਝ ਸਕਦਾ ਹੈ। ਬੋਲੀ ਸਮਾਜ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮਾਂ-ਬੋਲੀ ਸਾਡੇ ਰਗਾਂ ਵਿੱਚ ਵੱਸੀ ਹੋਈ ਹੈ, ਭਾਵੇਂ ਅਸੀਂ ਵੇਖਾ-ਵੇਖੀ ਆਪਣੇ ਬੋਲਾਂ ਉੱਤੇ ਦੂਜੀਆਂ ਭਾਸ਼ਾਵਾਂ ਦਾ ਲੇਪ ਚੜਾ ਕੇ ਬੋਲਦੇ ਹਾਂ ਪਰ ਇਸ ਸੱਚ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਇੰਞ ਕਰਦੇ ਅਸੀਂ ਬਿਲਕੁਲ ਝੂਠੇ ਤੇ ਨਕਲੀ ਲਗਦੇ ਹਾਂ।

ਸਮੇਂ ਦੇ ਬਦਲਾਵਾਂ ਨੂੰ ਸਹਿੰਦੇ ਹੋਏ ਅੱਜ ਪੰਜਾਬੀ ਦਾ ਰੂਪ ਵਿਗੜਦਾ ਜਾ ਰਿਹਾ ਹੈ। ਅੱਜ ਅਸੀਂ ਫੋਕੀ ਸ਼ਾਨੋ-ਸ਼ੌਕਤ ਲਈ ਪੰਜਾਬੀ ਬੋਲਣ ਵਿੱਚ ਆਪਣੀ ਹੱਤਕ ਸਮਝਦੇ ਹਾਂ। ਆਪਣੀ ਬੋਲੀ ਨਾਲ਼ ਪਿਆਰ, ਜਜ਼ਬਾਤ, ਗੂੜ-ਰਿਸ਼ਤੇ ਤੇ ਭਾਵ ਜੁੜੇ ਹੁੰਦੇ ਹਨ। ਭਾਵੇਂ ਅਸੀਂ ਦੁਨੀਆਂ ਦੀ ਆਪੋ-ਧਾਪੀ ਦੀ ਦੌੜ ਵਿੱਚ ਦੂਜੀਆਂ ਭਾਸ਼ਾਵਾਂ ਨੂੰ ਬਿਨਾਂ ਸੋਚੇ ਸਮਝੇ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਰਹੇ ਹਾਂ ਪਰ ਇਸਦੇ ਅਸਰ ਬਹੁਤ ਗਹਿਰੇ ਹਨ। ਮਾਂ ਬੋਲੀ ਨਾਲ਼ੋਂ ਟੁੱਟਣ ਨਾਲ਼ ਅਸੀਂ ਆਪਣੀ ਮਾਂ ਨਾਲ਼ੋਂ ਵੀ ਟੁੱਟਦੇ ਜਾ ਰਹੇ ਹਾਂ। ਅੱਜ-ਕੱਲ ਬੱਚਿਆਂ ਦਾ ਆਪਣੇ ਮਾਤਾ-ਪਿਤਾ ਨਾਲ਼ ਵੀ ਪਹਿਲਾਂ ਵਰਗਾ ਮੋਹ ਨਹੀਂ ਰਿਹਾ ਸ਼ਾਇਦ ਇਹ ਬੋਲੀ ਨੂੰ ਵਿਸਰ ਜਾਣ ਕਰ ਕੇ ਹੋ ਰਿਹਾ ਹੈ। ਜਿਸ ਕਾਰਨ ਸਮਾਜ ਵਿੱਚ ਵੀ ਉੱਥਲ-ਪੁੱਥਲ ਵੇਖੀ ਜਾ ਸਕਦੀ ਹੈ। ਅੱਜ ਕੱਲ ਬੱਚਿਆਂ ਨੂੰ ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਜੁਰਮਾਨਾ ਤੱਕ ਲਗਾ ਦਿੱਤਾ ਜਾਂਦਾ ਹੈ, ਇਹ ਮਾਂ ਬੋਲੀ ਤੇ ਕੀਤੇ ਜਾ ਰਹੇ ਜ਼ੁਲਮ ਦੀ ਹੱਦ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਇਸ ਸਭ ਤੇ ਚੁੱਪ ਵੱਟ ਕੇ ਬੈਠੇ ਹਾਂ। ਦੂਜੀਆਂ ਬੋਲੀਆਂ ਸਾਡੇ ਰਿਸ਼ਤਿਆਂ ਅਤੇ ਸਾਡੀ ਬੋਲੀ ਨੂੰ ਵੀ ਖਾ ਗਈਆਂ ਹਨ। ਪੰਜਾਬੀ ਨੂੰ ਬੁੱਢੀ ਭਾਸ਼ਾ ਕਹਿ ਕੇ ਨਕਾਰ ਦਿੱਤਾ ਜਾਂਦਾ ਹੈ। ਇੱਥੋਂ ਤੱਕ ਕਿ ਪੰਜਾਬ ਦੇ ਪਿੰਡਾਂ ਦੇ ਸਕੂਲਾਂ ਵਿੱਚ ਵੀ ਬੱਚਿਆਂ ਉੱਤੇ ਦੂਜੀਆਂ ਭਾਸ਼ਾਵਾਂ ਥੋਪੀਆਂ ਜਾਂਦੀਆਂ ਹਨ। ਪਤਾ ਨਹੀਂ ਸੰਸਾਰ ਵਿੱਚ ਇਹ ਹੋੜ ਕਿਉਂ ਆ ਗਈ ਹੈ ਕਿ ਸਭ ਨੂੰ ਇੱਕੋ ਰੰਗਤ ਵਿੱਚ ਰੰਗਣ ਦੀ ਕੋਸ਼ਿਸ਼ ਚੱਲ ਪਈ ਹੈ। ਅਸੀਂ ਸਭ ਜਾਣ ਕੇ ਵੀ ਇਸ ਹੋੜ ਦਾ ਹਿੱਸਾ ਬਣ ਰਹੇ ਹਾਂ ਅਤੇ ਆਪਣੀ ਮਾਂ ਬੋਲੀ ਨੂੰ ਭੁੱਲਦੇ ਜਾ ਰਹੇ ਹਾਂ। ਇਹ ਗੱਲ ਜੱਗ ਜ਼ਾਹਿਰ ਹੈ ਕਿ ਜਿਹੜੀਆਂ ਕੌਮਾਂ ਆਪਣੇ ਵਿਰਸੇ, ਇਤਿਹਾਸ ਆਪਣੀ ਬੋਲੀ ਨੂੰ ਭੁੱਲ ਜਾਂਦੀਆਂ ਹਨ ਉਹ ਦੁਨੀਆਂ ਦੇ ਨਕਸ਼ੇ ਵਿੱਚੋਂ ਮਿਟ ਜਾਂਦੀਆਂ ਹਨ।

ਆਓ ਤੁਸੀਂ, ਅਸੀਂ ਤੇ ਆਪਾਂ ਸਾਰੇ ਰਲ ਕੇ ਮਾਂ ਬੋਲੀ ਦੇ ਸੱਚੇ ਪੁੱਤਰ ਤੇ ਧੀਆਂ ਬਣ ਕੇ ਹੰਭਲਾ ਮਾਰੀਏ ਤੇ ਮਰਦੀ ਜਾ ਰਹੀ ਆਪਣੀ ਪੰਜਾਬੀ ਬੋਲੀ ਨੂੰ ਬਚਾ ਲਈਏ।

# ਵਿਰਸੇ ਦੀਆਂ ਯਾਦਾਂ : 'ਤ੍ਰਿੰਞਣ'



**ਮਾਸਟਰ ਸੰਜੀਵ ਧਰਮਾਣੀ**
9478561356

ਤ੍ਰਿੰਞਣ ਦਾ ਭਾਵ ਹੈ : ਕੁੜੀਆਂ ਦਾ ਇੱਕ ਸਥਾਨ 'ਤੇ ਇਕੱਠੀਆਂ ਹੋ ਕੇ ਚਰਖਾ ਕੱਤਣਾ ਅਤੇ ਗੀਤ ਆਦਿ ਗਾਉਣਾ। ਤ੍ਰਿੰਞਣ ਨਾਲ ਪੰਜਾਬੀ ਲੋਕ- ਜੀਵਨ ਤੇ ਲੋਕ-ਗੀਤ ਜੁੜੇ ਹੋਏ ਹਨ। ਇਸ ਦੇ ਲਈ ਕੋਈ ਸਥਾਨ ਅਤੇ ਸਮਾਂ ਨਿਸ਼ਚਿਤ ਨਹੀਂ ਹੁੰਦਾ। ਸਰਦੀਆਂ ਵਿੱਚ ਕਿਸੇ ਘਰ ਦੇ ਖੁੱਲੇ ਵਿਹੜੇ ਅਤੇ ਗਰਮੀਆਂ ਵਿੱਚ ਚਾਨਣੀ ਰਾਤ ਨੂੰ ਖੁੱਲੇ ਵਿਹੜੇ ਵਿੱਚ ਕੁੜੀਆਂ ਚਰਖੇ ਡਾਹ ਲੈਂਦੀਆਂ ਹੁੰਦੀਆਂ ਸਨ। ਤ੍ਰਿੰਞਣ ਵਿੱਚ ਭਾਗ ਲੈਣ ਵਾਲੀਆਂ ਵਧੇਰੇ ਕੁੜੀਆਂ ਕੁਆਰੀਆਂ ਹੁੰਦੀਆਂ ਸਨ, ਪਰ ਸਹੁਰਿਆਂ ਤੋਂ ਪੇਕੇ ਘਰ ਆਈਆਂ ਲੜਕੀਆਂ ਅਤੇ ਦਰਮਿਆਨੀ ਜਾਂ ਵਡੇਰੀ ਉਮਰ ਦੀਆਂ ਜਨਾਨੀਆਂ ਵੀ ਬੜੀ ਖ਼ੁਸ਼ੀ ਨਾਲ਼ ਸ਼ਾਮਿਲ ਹੁੰਦੀਆਂ ਸਨ। ਤ੍ਰਿੰਞਣ ਵਿੱਚ ਕੁੜੀਆਂ



ਸੂਤਰ ਕੱਤ ਕੇ ਰਜਾਈਆਂ, ਤਲਾਈਆਂ, ਖੇਸ ਆਦਿ ਦਾ ਦਾਜ ਤਿਆਰ ਕਰਦੀਆਂ ਸਨ। ਤ੍ਰਿੰਞਣ ਵਿੱਚ ਕੁੜੀਆਂ ਆਪਣੀ ਪਰਸਪਰ ਸਾਂਝ, ਮਿਲਾਪ, ਸੱਧਰਾਂ, ਵਿਛੋੜੇ ਅਤੇ ਹੋਰ ਭਾਵਨਾਵਾਂ ਦਾ ਪ੍ਰਗਟਾਵਾ ਕਰਦੀਆਂ ਸਨ। ਤ੍ਰਿੰਞਣ ਰਾਹੀਂ ਮਾਂ-ਬਾਪ, ਭੈਣ-ਭਰਾ, ਅਧੂਰੇ ਅਰਮਾਨ, ਖਾਹਿਸ਼ਾਂ ਅਤੇ ਮਿੱਠੀਆਂ ਯਾਦਾਂ ਦਾ ਪ੍ਰਗਟਾਵਾ ਦਿਸ ਪੈਂਦਾ ਸੀ। ਲੜਕੀ ਜਨਮ ਤੋਂ ਲੈ ਕੇ ਜਵਾਨ ਹੋ ਜਾਣ ਤੱਕ ਦਾ ਸਮਾਂ ਆਪਣੇ ਪੇਕਿਆਂ/ਮਾਪਿਆਂ ਕੋਲ ਬਤੀਤ ਕਰਕੇ ਇੱਕ ਦਮ ਪਰਦੇਸਣ ਹੋ ਜਾਂਦੀ ਹੈ ਤੇ ਪਰਦੇਸ ਹੀ ਉਸਦਾ ਅਸਲੀ ਦੇਸ਼ ਬਣ ਜਾਂਦਾ ਹੈ। ਇਸ ਗੀਤ ਵਿੱਚ ਉਸ ਦੇ ਭਾਵਾਂ ਅਤੇ ਅਟੱਲ-ਸੱਚਾਈ ਦਾ ਬਿਆਨ ਮਿਲਦਾ ਹੈ :-

'ਨਿੱਤ-ਨਿੱਤ ਵਧਦੇ ਰਹਿਣਗੇ ਪਾਣੀ
ਅਤੇ ਨਿੱਤ-ਨਿੱਤ ਤੇ ਮੇਲਾ,
ਬਚਪਨ ਨਿੱਤ ਜ਼ਬਾਨੀ ਬਣਸੀ
ਅਤੇ ਨਿੱਤ-ਕੱਤਣ ਦਾ ਵੇਲਾ,
ਪਰ ਜੇ ਪਾਣੀ ਅੱਜ ਪੱਤਣੋਂ ਲੰਘਦਾ,
ਪਰਤ ਨਾ ਆਉਂਦਾ ਭਲਕੇ,
ਬੇੜੀ ਦਾ ਪੂਰ ਤੇ ਤ੍ਰਿੰਝਣ ਦੀਆਂ ਕੁੜੀਆਂ,
ਫੇਰ ਨਾ ਬੈਠਣ ਰਲ ਕੇ।'

# ਭ੍ਰਿਸ਼ਟਾਚਾਰ ਦੀ ਘੁਸਪੈਠ ਬਣਿਆ ਲੋਕਤੰਤਰ



ਹਰਪ੍ਰੀਤ ਸਿੰਘ ਕਾਹਲੋਂ

ਉਹ ਕੁੜੀ ਸੀ। ਸਿੱਖ ਕੁੜੀ ਸੀ। ਉਹਦੇ ਨਾਲ਼ ਪੁਲਿਸ ਰਿਪੋਰਟ ਮੁਤਾਬਕ ਸਮੂਹਿਕ ਬਲਾਤਕਾਰ ਹੋਇਆ ਹੈ। ਜ਼ੁਰਮ ਹੋਇਆ। ਕਿਸੇ ਨੇਰੇ ਵਿੱਚ ਨਹੀਂ ਸਗੋਂ ਇਸ ਵਹਿਸ਼ੀ ਕਾਰੇ ਦੀ ਵੀਡੀਓਗ੍ਰਾਫ਼ੀ ਵੀ ਹੋਈ।

ਉਹ ਗੰਦੀਆਂ-ਗੰਦੀਆਂ ਗਾਲਾਂ ਕੱਢ ਰਹੇ ਸਨ। ਉਹਦੇ ਵਾਲ਼ ਕੈਂਚੀ ਲੈ ਵੱਡ ਦਿੱਤੇ। ਪਰਿਵਾਰ ਦੇ 11 ਜੀਅ ਹੈਵਾਨ ਬਣੇ ਬੈਠੇ ਹਨ, ਵੀਡੀਓਗ੍ਰਾਫ਼ੀ ਹੁੰਦੀ ਹੈ ਆਲੇ ਦੁਆਲੇ ਲੋਕ ਤਮਾਸ਼ਾ ਦੇਖ ਰਹੇ ਹਨ।

11 ਜੀਆਂ ਵਿੱਚੋਂ 8 ਜਨਾਨੀਆਂ ਹਨ, ਇੱਕ ਬੰਦਾ ਹੈ ਅਤੇ 2 ਘੱਟ ਉਮਰ ਦੇ ਜੀਅ ਹਨ ਪਰ ਹੈਵਾਨ ਉਹ ਵੀ ਪੂਰੇ ਹਨ। ਇਨਾਂ 11 ਵਿੱਚੋਂ 9 ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਕੁੜੀ ਨੂੰ ਕਮਰੇ 'ਚ ਬੰਦ ਕਰ ਜਲੀਲ ਕੀਤਾ ਗਿਆ। ਸਮੂਹਿਕ ਬਲਾਤਕਾਰ ਕੀਤਾ ਗਿਆ। ਉਹਦੇ ਵਾਲ਼ ਕੱਟੇ ਬਾਹਰੋਂ ਜਿੰਦਰਾ ਲਾ ਬੰਦ ਕਰ ਦਿੱਤਾ। ਫਿਰ ਕੁੜੀ ਨੂੰ ਬਾਹਰ ਕੱਢ ਜੁੱਤੀਆਂ ਨਾਲ਼ ਕੁੱਟਿਆ ਅਤੇ ਉਹਦਾ ਮੂੰਹ ਕਾਲ਼ਾ ਕਰ ਸੜਕ 'ਤੇ ਇਸ ਵਹਿਸ਼ਤ ਨੂੰ ਅੰਜਾਮ ਦਿੱਤਾ ਗਿਆ। ਹੁਣ ਪੰਜਾਬ ਅਸ਼ਾਂਤ ਹੈ ਅਤੇ ਦਿੱਲੀ ਸ਼ਾਂਤ ਹੈ। ਦਿੱਲੀ ਸਰਕਾਰ ਨੂੰ ਪੁੱਛੋਗੇ ਤਾਂ ਪੰਜਾਬ ਦੀ 74♦ ਪੁੱਛੀ ਜਾਵੇਗੀ। ਕੇਜਰੀਵਾਲ ਸਾਹਬ ਆਪਣੀ ਦਿੱਲੀ ਨੂੰ ਨਹੀਂ ਵੇਖਦੇ। ਗੱਲਾਂ ਦੀ ਬਾਇਨਰੀ ਬਣਾ ਦਿੱਤੀ ਗਈ ਹੈ ਪਰ ਸੱਚ ਇਹ ਹੈ ਕਿ ਜੜ ਹੋਏ ਦਿਮਾਗ਼ ਇਸ ਮਾਹੌਲ ਦੇ ਸਹਿਮ ਅਤੇ ਵਹਿਸ਼ਤ ਨੂੰ ਨਹੀਂ ਸਮਝਦੇ।

ਇਸ ਸਿਆਸਤ ਦੀ ਧਮਾਲ ਚੌਂਕੜੀ ਵਿੱਚ ਅਕਾਲੀ ਦਲ ਦੇ ਰਾਜ ਵਿੱਚ, ਕਾਂਗਰਸ ਦੇ ਰਾਜ ਵਿੱਚ ਅਤੇ ਆਮ ਆਦਮੀ ਪਾਰਟੀ ਅਤੇ ਹਰ ਸਿਆਸੀ ਪਾਰਟੀ ਦੀ ਸਰਕਾਰ ਵਿੱਚ ਇਹੋ ਕਹਾਣੀ ਮਿਲੇਗੀ। ਇਸੇ ਕਰਕੇ ਕਹਿੰਦਾ ਹਾਂ ਕਿ ਇਹ ਸਿਸਟਮ ਹੈ ਅਤੇ ਹਰ ਪਾਰਟੀ ਦਾਗਦਾਰ ਹੈ। ਕਈਆਂ ਨੂੰ ਵਾਪਰੀ ਘਟਨਾ ਅਤੀਤ ਵਿੱਚ ਵਾਪਰੀਆਂ ਉਨਾਂ ਘਟਨਾਵਾਂ ਵਰਗੀ ਨਹੀਂ ਲੱਗਦੀ, ਸੋ ਕਿਸੇ ਘਟਨਾ ਨੂੰ ਬਹਾਨਾ ਬਣਾਕੇ ਸਿੱਖਾਂ ਖ਼ਿਲਾਫ਼ ਤੋੜਾ ਝਾੜਣ ਵਾਲੇ ਵੀ ਚੁੱਪ ਹਨ ਅਤੇ ਨਾਰੀਵਾਦੀਆਂ ਦੀ ਅਵਾਜ਼ ਵੀ ਮੈਨੂੰ ਸੁਣ ਨਹੀਂ ਰਹੀ।

ਜਬਰ ਜਿਨਾਹ ਜਾਂ ਕਿਸੇ ਵੀ ਗ਼ੁਨਾਹ ਦਾ ਅਰਥ ਵੀ ਮਾਹੌਲ ਮੁਤਾਬਕ ਬਦਲਿਆ ਜਾਂਦਾ ਹੈ ਇਸ ਕਰਕੇ ਇਹ ਵਹਿਸ਼ਤ ਹੈ। ਇਹ ਇਕਹਿਰਪੁਣਾ ਇਸ ਦੌਰ ਦੀ ਬਰਬਾਦੀ ਦਾ ਵੱਡਾ ਲੱਛਣ ਹੈ।

ਸੋਚ ਆਪੋ ਆਪਣੀ

ਕਹਿੰਦੇ ਨੇ ਕੁੜੀ 16 ਸਾਲ ਦੀ, ਜਦੋਂ ਮੁੰਡਾ 13 ਸਾਲ ਦਾ ਸੀ। ਹੁਣ ਕੁੜੀ 20 ਸਾਲ ਦੀ ਹੈ ਅਤੇ ਮੁੰਡਾ 16 ਸਾਲ ਦਾ



ਸੀ ਜਿਹੜਾ ਖ਼ੁਦਕੁਸ਼ੀ ਕਰ ਗਿਆ। ਮਨ ਦੀਆਂ ਅਵਸਥਾਵਾਂ ਬੜੀਆਂ ਕਮਜ਼ੋਰ ਹੋ ਗਈਆਂ ਹਨ। ਮੁੰਡਾ ਆਪਣੀ ਹੋਣੀ ਮਰ ਗਿਆ। ਪਰ ਬਦਲਾਪੁਰ ਬਦਲਾ ਲੈਣਾ ਚਾਹੁੰਦਾ ਹੈ। ਇਹ ਕਿਹੋ ਜਿਹਾ ਇਨਸਾਫ਼ ਹੈ ਅਤੇ ਕਿਹੋ ਜਿਹਾ ਵਰਤਾਰਾ ਹੈ। ਸ਼ਹਾਦਰਾ ਦੀ ਇਸ ਘਟਨਾ ਵਿੱਚ ਘਟਨਾ ਨੂੰ ਅੰਜਾਮ ਦੇਣ ਵਾਲਾ ਪਰਿਵਾਰ ਕਿੱਡਾ ਵਹਿਸ਼ੀ ਹੋ ਗਿਆ ਅਤੇ ਇਹਨੂੰ ਵੇਖਣ ਵਾਲੇ ਕਿੱਡੇ ਪੱਥਰ ਹੋ ਗਏ।

ਦਿੱਲੀ ਵਿੱਚ ਇਹ ਨਫ਼ਰਤ ਸਮੇਂ-ਸਮੇਂ ਨਿਕਲ ਆਉਂਦੀ ਹੈ। ਕਦੀ 3 ਦਿਨਾਂ ਵਿੱਚ 3000 ਸਿੱਖ ਕਤਲ ਕਰ ਦਿੱਤੇ, ਪਰ ਇਨਸਾਫ਼ ਕਿੱਥੇ, 38 ਸਾਲ ਬਾਅਦ ਵੀ ਆਗੂ ਬਾਹਰ ਹਨ। ਬੰਦੇ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਭਾਰਤ ਦੇ ਮਹਾਂਨਾਇਕ 'ਤੇ ਇਲਜ਼ਾਮ ਲੱਗਦਾ ਹੈ ਕਿ ਉਨਾਂ ਟੀ. ਵੀ. 'ਤੇ ਲਾਈਵ ਲੋਕਾਂ ਨੂੰ ਭੜਕਾਇਆ। ਪਰ ਕਦੀ ਕਿਸੇ ਸਿਸਟਮ ਨੇ ਲੋਕਾਂ ਨੂੰ ਸੁਣਿਆ ਨਹੀਂ ਅਤੇ ਇਨਸਾਫ਼ ਨੇ ਕੰਨਾਂ 'ਚ ਰੂੰ ਦਿੱਤੀ ਹੋਈ ਹੈ। ਭਾਰਤ ਦੀ ਮਾਂ ਕਹਿਣ ਦਾ ਵਿਸ਼ੇਸ਼ਣ ਹੰਢਾਉਂਦੀ ਬੀਬੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਫ਼ੌਜੀ ਹਮਲਾ ਕੀਤਾ। ਇਹਨੇ ਹੌਂਸਲਾ ਦਿੱਤਾ ਕਿ ਜੇ ਇੰਝ ਕੋਈ ਇਮਾਰਤ ਢਾਹੀ ਜਾ ਸਕਦੀ ਹੈ ਤਾਂ 1992 ਨੂੰ ਬਾਬਰੀ ਮਸਜਿਦ ਕਿਉਂ ਨਹੀਂ ਢਾਹ ਸਕਦੇ।

ਇੱਕ ਘਟਨਾ ਵਿੱਚ ਇਨਸਾਫ਼ ਦੀ ਲੰਮੀ ਉਡੀਕ ਨੇ ਅਗਲੀ ਖ਼ੂਨੀ ਘਟਨਾ ਦੇ ਵਾਪਰਨ ਦਾ ਰਾਹ ਪੱਧਰਾ ਕੀਤਾ। ਅਸੀਂ ਇਨਾਂ ਸਮਿਆਂ ਵਿੱਚ ਸਭ ਵੇਖ ਰਹੇ ਹਾਂ। ਪੱਤਰਕਾਰੀ ਨੂੰ ਇਸ ਵੇਲੇ ਆਗੂਆਂ ਦੀਆਂ ਇੰਟਰਵਿਊ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਉਨਾਂ ਦੀਆਂ ਘਰਵਾਲੀਆਂ ਦੀਆਂ ਇੰਟਰਵਿਊ ਤਾਂ ਬਿਲਕੁਲ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਘਟਨਾਵਾਂ ਨੂੰ, ਲੋਕ ਮਸਲਿਆਂ ਨੂੰ ਰਿਪੋਰਟ ਕਰੀਏ।

ਕਿਉਂਕਿ ਸਿਸਟਮ ਅਜਿਹਾ ਹੈ ਕਿ ਕਿਸੇ ਆਗੂ ਦੀ ਇੰਟਰਵਿਊ ਕਰਨ ਤੋਂ ਪਹਿਲਾਂ ਸਵਾਲ ਮੰਗਵਾਏ ਜਾਂਦੇ ਹਨ। ਜੇ ਇਹੋ ਕਰਨਾ ਹੈ ਤਾਂ ਸਵਾਲਾਂ ਨੂੰ ਫ਼ੋਟੋ ਸਟੇਟ ਕਰਕੇ ਰੱਖ ਲਵੋ ਅਤੇ ਮੁਲਾਕਾਤ ਕਰਨ ਵਾਲੇ ਨੂੰ ਦੇ ਦਿਓ। ਇਹ ਪੱਤਰਕਾਰੀ ਨਹੀਂ ਹੋਵੇਗੀ। ਸਿਆਸੀ ਪਾਰਟੀਆਂ ਨੇ ਚੈਨਲਾਂ 'ਚ ਭ੍ਰਿਸ਼ਟਚਾਰ ਦੀ ਘੁਸਪੈਠ ਕਰਵਾਈ ਹੈ।

ਬਾਕੀ ਸਫ਼ਾ 34 'ਤੇ

# ਜ਼ਿੰਦਗੀ 'ਚੋਂ ਘਟਦਾ ਪਿਆਰ

ਅੰਜੂਜੀਤ ਪੰਜਾਬਣ



ਕਦੇ-ਕਦੇ ਮੇਰੀ ਅਤੇ ਉਹਦੀ ਸੋਚ ਮਿਲਦੀ ਨਹੀਂ ਹੁੰਦੀ, ਨਾ ਕਦੇ-ਕਦੇ ਵਿਚਾਰ ਮਿਲਦੇ ਹੁੰਦੇ। ਪਰ ਫੇਰ ਵੀ ਅਸੀਂ ਰੂਹ ਤੋਂ ਮਿਲਦੀਆਂ ਹਾਂ। ਸਾਡੀ ਦੋਹਾਂ ਦੀ ਆਪਸ ਵਿੱਚ ਕਿਸੇ ਵਿਸ਼ੇ ਉੱਤੇ ਵਿਚਾਰਾਂ ਕਰਦੀਆਂ ਦੀ ਰੱਜ ਕੇ ਬਹਿਸ ਵੀ ਹੋ ਜਾਂਦੀ, ਪਰ ਲੜੀਆਂ ਅਸੀਂ ਕਦੇ ਨਹੀਂ।

ਵਿਚਾਰ ਪੈਦਾ ਕਰਨੇ ਵਿਚਾਰ ਪੇਸ਼ ਕਰਨੇ, ਅਲੋਚਨਾ ਕਰਨੀ ਬਹਿਸ ਕਰਨੀ ਇਹ ਹੋਣਾ ਚਾਹੀਦਾ ਹੈ। ਇਸ ਤਰਾਂ ਦੀਆਂ ਵਿਚਾਰਾਂ ਮਨੁੱਖ ਤੋਂ ਬਿਨਾਂ ਹੋਰ ਕਰ ਵੀ ਕੌਣ ਸਕਦਾ ਹੈ ?

ਨਹੀਂ ਤਾਂ ਬਿਜੜਾ ਬਾਂਦਰ ਖ਼ਿਲਾਫ਼ ਬਗ਼ਾਵਤ ਨਾ ਕਰ ਦੇਵੇ ਕਿ ਮੈਂ ਰਹਿਣ ਲਈ ਘਰ ਬਣਾ ਰਿਹਾ ਹਾਂ ਤੇ ਇਹ ਮੇਰੇ ਘਰ ਨੂੰ ਢਾਹ ਰਿਹਾ ਹੈ।

ਜੇ ਮਨੁੱਖ ਜਿੰਨੀ ਸੋਚ ਹਾਥੀ ਵਿੱਚ ਆ ਜਾਵੇ ਤੇ ਉਹ ਆਪਣੇ ਮਹਾਵਤ ਮੂਹਰੇ ਆਪਣੇ ਤਾਕਤਵਰ ਪੈਰਾਂ ਵਿੱਚ ਪਾਏ ਨਾਚੀਜ਼ ਸੰਗਲ ਖੋਲ ਕੇ ਰੱਖੇ ਤੇ ਅਜ਼ਾਦ ਨਾ ਹੋ ਜਾਵੇ ?

ਜੇ ਚੀਤੇ ਵਿੱਚ ਇੰਨੀ ਸੋਚ ਹੋਵੇ ਕਿ ਉਹ ਤਾਂ ਸ਼ੇਰ ਤੋਂ ਵੱਧ ਫ਼ੁਰਤੀਲਾ ਅਤੇ ਤੇਜ਼ ਦੌੜਾਕ ਹੈ।

ਤਾਂ ਸ਼ੇਰ ਨਾਲ਼ ਬਗ਼ਾਵਤ ਕਰਕੇ ਜੰਗਲ ਦਾ ਰਾਜਾ ਨਾ ਬਣ ਜਾਵੇ ?

ਜੇ ਕੋਇਲ ਨੂੰ ਸੋਝੀ ਆ ਜਾਵੇ ਤਾਂ ਉਹ ਕਦੇ ਵੀ ਆਪਣੇ ਬੱਚੇ ਕਾਂ ਦੇ ਹਵਾਲੇ ਨਾ ਕਰੇ ।

ਜੇ ਮੋਰ ਕੋਲ਼ ਅਕਲ ਹੁੰਦੀ ਉਹ ਕਦੇ ਵੀ ਆਪਣੇ ਖ਼ੂਬਸੂਰਤ ਪੈਰ ਸਰਕ ਨੂੰ ਨਾ ਦਿੰਦਾ ।

ਸੋ ਇੱਕ ਮਨੁੱਖ ਹੀ ਤਾਂ ਹੈ, ਇਸ ਧਰਤੀ ਦਾ ਰਾਜਾ ਜਿਹੜਾ ਵਿਚਾਰਾਂ ਕਰਦਾ ਹੈ ਸੋਚਦਾ ਹੈ ਜਾਣਕਾਰੀ ਰੱਖਦਾ ਹੈ।

ਬਿਨਾਂ ਜਾਣਕਾਰੀ ਤੋਂ ਕੋਈ ਵਿਸ਼ਾ ਛੇੜਿਆ ਹੀ ਨਹੀਂ ਜਾ ਸਕਦਾ ਹੁੰਦਾ।

ਤੁਹਾਨੂੰ ਪਤਾ ਹੁੰਦਾ ਹੈ ਜੋ ਕੁਝ ਤੁਸੀਂ ਸਮਾਜ ਮੂਹਰੇ ਵਿਚਾਰਨ ਲਈ ਰੱਖ ਰਹੇ ਹੋ ਪਹਿਲਾਂ ਤੁਹਾਡਾ ਉਸ ਬਾਰੇ ਵਿਚਾਰਿਆ ਹੋਇਆ ਹੋਣਾ ਜ਼ਰੂਰੀ ਹੈ ਤਾਂ ਕਿ ਤੁਸੀਂ ਹਰ ਗਰਮ-ਸਰਦ ਸੋਚ ਨੂੰ ਵਿਚਾਰ ਤਸੀਰ ਦੇ ਸਕੋ।

ਵਿਚਾਰਾਂ ਦਾ ਤਕਰਾਰ ਹੋਣਾ ਲਾਜ਼ਮੀ ਹੈ ਪਰ ਉਸ ਤਕਰਾਰ ਵਿੱਚ ਤੁਸੀਂ ਆਪਣੇ ਸੰਬੰਧ ਵਿਗਾੜੋ ਜਾਂ ਨਿੱਜੀ ਗੱਲ ਲੈ ਲਵੋ ਮੂਰਖ਼ਤਾ ਹੈ।

ਖ਼ੈਰ, ਮੇਰੀ ਇਸ ਜਰਮਨ ਦੋਸਤ ਦਾ ਨਾਂ ਹਾਈਡੀ ਹੈ। ਮੇਰੀ ਅਤੇ ਉਸ ਦੀ ਦੋਸਤੀ ਕੋਈ ਬਹੁਤੀ ਪੁਰਾਣੀ ਤਾਂ ਨਹੀਂ ਹੈ। ਪਰ ਹਾਂ ਜਿੰਨੀ ਕੁ ਹੈ ਸੋਹਣੀ ਅਤੇ ਅਪਣੱਤ ਭਰੀ ਦੋਸਤੀ ਹੈ।

ਉਹ ਜਰਮਨ ਭਾਸ਼ਾ ਵਿੱਚ ਆਰਟੀਕਲ ਲਿਖਦੀ ਹੈ, ਕਵਿਤਾਵਾਂ ਲਿਖਦੀ ਹੈ।

ਕੁਝ ਸਾਲ ਪਹਿਲਾਂ ਉਹ ਬਿਹਾਰ (ਭਾਰਤ) ਵਿੱਚ ਛੇ ਮਹੀਨੇ ਰਹਿ ਕੇ ਆਈ ਹੈ। ਇੱਧਰ ਜਰਮਨ



ਹਰਫ਼ਾਂ ਦੇ ਨੂਰ

ਚਰਚ ਵੱਲੋਂ ਉਥੇ ਬਿਹਾਰ ਦੇ ਗ਼ਰੀਬ ਪਰਿਵਾਰਾਂ ਦੀ ਮੱਦਦ ਲਈ ਕਿਸੇ ਪ੍ਰਾਜੈਕਟ ਤੇ ਉਹ ਕੰਮ ਕਰ ਰਹੀ ਹੈ।

ਇੱਕ ਦਿਨ ਬੈਠਿਆਂ-ਬੈਠਿਆਂ ਦੇਸ਼ ਦੀ ਗ਼ਰੀਬੀ, ਧਾਰਮਿਕਤਾ, ਰਹਿਣ-ਸਹਿਣ ਬਾਰੇ ਆਮ ਜਿਹੇ ਵਿਸ਼ੇ ਤੋਂ ਛਿੜਦੀ-ਛਿੜਦੀ ਗੱਲ ਵਿਚਾਰਾਂ ਤੱਕ ਪਹੁੰਚ ਗਈ, ਫੇਰ ਬਹਿਸ ਤੱਕ ਪੁਹੰਚ ਗਈ।

ਆਖ਼ਿਰ ਵਿੱਚ ਜਦ ਅਸੀਂ ਬਹਿਸ ਵਾਲੇ zone ਵਿੱਚੋਂ ਬਾਹਰ ਨਿਕਲੀਆਂ ਤਾਂ ਉਹ ਮੈਨੂੰ ਕਹਿੰਦੀ, 'ਚੱਲ ਇੱਕ-ਇੱਕ ਕੱਪ ਕੌਫ਼ੀ ਦਾ ਪੀਂਦੇ ਹਾਂ'।

ਮੈਂ ਵੀ ਹਾਂ ਕਰ ਦਿੱਤੀ । ਅਸੀਂ ਕੌਫ਼ੀ ਪੀਤੀ ਜਿੱਦਾਂ ਹੱਸ ਕੇ ਮਿਲੀਆਂ ਸੀ ਓਦਾਂ ਇੱਕ ਦੂਜੇ ਨਾਲ਼ ਹੱਥ ਮਿਲਾਇਆ ਧੰਨਵਾਦ ਕੀਤਾ, ਆਪੋ-ਆਪਣੇ ਘਰ ਵਾਪਸ ਆ ਗਈਆਂ।

ਉਸ ਮਗਰੋਂ ਕੋਈ ਚਾਰ-ਪੰਜ ਹਫ਼ਤੇ ਸਾਡੀ ਕੋਈ ਗੱਲ ਨਾ ਹੋਈ।

ਮੈਂ ਵੀ ਕੰਮ ਵਿੱਚ ਜ਼ਿਆਦਾ ਉਲਝੀ ਸੀ ਤੇ ਉਹ ਵੀ। ਪਰਸੋਂ ਰਾਤ ਨੂੰ ਉਹਦਾ ਮੈਨੂੰ ਸੁਨੇਹਾ ਆਇਆ

'ਹੇ, ਮੇਰੀ ਪਿਆਰੀ, ਉਮੀਦ ਹੈ ਤੂੰ ਠੀਕ ਹੋਵੇਂਗੀ, ਪਤਾ ਨਹੀਂ ਕਿਉਂ ਮੈਨੂੰ ਤੇਰੀ ਬਹੁਤ ਯਾਦ ਆ ਰਹੀ ਹੈ। ਮੈਂ ਤੇਰੀ ਕਮੀ ਮਹਿਸੂਸ ਕਰ ਰਹੀ ਹਾਂ, ਤੂੰ ਮੇਰੇ ਨਾਲ਼ ਨਾਰਾਜ਼ ਤੇ ਨਹੀਂ ਹੈ ਨਾ ?'

ਅਖ਼ਿਰ ਵਿੱਚ ਲਿਖਿਆ ਸੀ, 'ਮੈਂ ਤੈਨੂੰ ਮਿਲਣਾ ਚਾਹੁੰਦੀ ਹਾਂ, ਤੇਰੇ ਨਾਲ਼ ਕੁਝ ਪਲ ਬਿਤਾਉਣਾ ਚਾਹੁੰਦੀ ਹਾਂ, ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ।'

ਬਹੁਤ ਸਨਮਾਨ ਸਤਿਕਾਰ ।

ਕੱਲ ਸਵੇਰੇ ਕੰਮ 'ਤੇ ਜਾਣ ਲੱਗੀ ਨੇ ਜਦ ਇਹ ਪਿਆਰ ਨਾਲ਼ ਲਬਰੇਜ਼ ਸੁਨੇਹਾ ਪੜਿਆ, ਮੈਨੂੰ ਉਸ ਨਾਲ਼ੋਂ ਵੀ ਵੱਧ ਉਸ 'ਤੇ ਪਿਆਰ ਆਇਆ। ਕਿੰਨਾ ਚੰਗਾ ਲੱਗਦਾ ਹੈ ਜਦ ਕੋਈ ਤੁਹਾਨੂੰ ਤੁਹਾਡੀ ਅਹਿਮੀਅਤ ਬਾਰੇ ਦੱਸਦਾ ਹੈ।

ਅਸੀਂ ਹਰ ਕਿਸੇ ਦੀ ਘਾਟ ਜ਼ਿੰਦਗੀ ਵਿੱਚ ਮਹਿਸੂਸ ਨਹੀਂ ਕਰ ਸਕਦੇ ਹੁੰਦੇ ਹਾਂ ।

ਕੋਈ-ਕੋਈ ਖ਼ਾਸ ਹੀ ਹੁੰਦਾ ਹੈ ਜਿਸ ਬਾਰੇ ਅੱਧੀ ਰਾਤ ਵੇਲੇ ਵੀ ਖਿੱਚ ਮਹਿਸੂਸ ਹੋ ਜਾਂਦੀ ਹੈ। ਉਸਦੀ ਪਿਆਰੇ ਦੀ ਘਾਟ ਮਹਿਸੂਸ ਹੁੰਦੀ ਹੈ। ਜ਼ਰੂਰੀ ਹੈ ਕਿ ਉਸ ਨੂੰ ਆਪਣੀ ਇਮਾਨਦਾਰੀ ਦੱਸਣਾ ਕਿ ਮੈਂ ਤੈਨੂੰ ਯਾਦ ਕਰ ਰਹੀ/ਰਿਹਾ ਹਾਂ।

ਵੈਸੇ ਵੀ, ਅੱਜ ਕੱਲ ਐਸੇ ਸ਼ਬਦ ਜਨਾਬ, ਇਨਸਾਨ ਦੀ ਜ਼ੁਬਾਨ ਵਿੱਚੋਂ ਖ਼ਤਮ ਹੋ ਰਹੇ ਹਨ। ਤਲਖ਼ੀਆਂ ਦੇ ਦੌਰ ਵਿੱਚ ਤਕਰਾਰਾਂ ਵੱਧ ਰਹੀਆਂ ਹਨ।

ਪਿਆਰ ਮੁਹੱਬਤ ਘਟ ਰਿਹਾ ਹੈ। ਤੁਸੀਂ ਭਾਗਾਂ ਵਾਲੇ ਹੋ ਕੋਈ ਇੰਨੀ ਮਸ਼ਰੂਫ਼ ਜ਼ਿੰਦਗੀ ਵਿੱਚੋਂ ਵੀ ਤੁਹਾਨੂੰ ਸ਼ਿੱਦਤ ਨਾਲ਼ ਯਾਦ ਕਰ ਰਿਹਾ ਹੈ। ਅੱਜ ਮੇਰੀ ਛੁੱਟੀ ਹੈ। ਅੱਜ ਦੇ ਦਿਨ ਦੇ ਕੁਝ ਪਲ ਹਾਈਡੀ ਦੇ ਨਾਂ ਜ਼ਰੂਰ ਕਰੂੰਗੀ। ਉਹਦੇ ਹੱਥਾਂ ਦੀ ਕੌਫ਼ੀ ਪੀ ਕੇ।

# ਗੱਲ ਅਸੀਵਿਆਂ ਦੀ ਹੈ...

ਧਾਰੀਵਾਲ ਨਵਾਂ-ਨਵਾਂ ਟੇਸ਼ਨ ਮਾਸਟਰ ਲੱਗਾ ਸਾਂ, ਇੱਕ ਦਿਨ ਬੁਖ਼ਾਰ ਦੀ ਦਵਾਈ ਲੈਣ ਹਸਪਤਾਲ ਚਲਾ ਗਿਆ।



ਕਲਮਾਂ ਦੇ ਜਜ਼ਬਾਤ

ਲਾਈਨ ਲੰਮੀ ਸੀ ਤੇ ਗਰਮੀ ਵੀ ਜ਼ੋਰਾਂ 'ਤੇ, ਅਚਾਨਕ ਰੌਲਾ ਪੈਣ ਲੱਗਾ, ਪੰਜਾਹ-ਪਚਵੰਜਾ ਸਾਲ ਦਾ ਇੱਕ ਬਾਬਾ ਜੀ ਖਲੋਤੇ ਹੋਏ ਸਾਰਿਆਂ ਨੂੰ ਪਾਸੇ ਹਟਾਉਂਦਾ ਹੋਇਆ ਕਾਊਂਟਰ ਪਿੱਛੇ ਬੈਠੀ ਨਰਸ ਕੋਲ ਗਿਆ ਤੇ ਪੁੱਛਣ ਲੱਗਾ, 'ਬੀਬਾ ਮੇਰੀ ਬਸੰਤ ਕੌਰ ਤੇ ਨੀਂ ਵੇਖੀ ?'

ਅੰਦਰ ਬੈਠੀ ਕੁੜੀ ਨੇ ਬੇਧਿਆਨੀ ਵਿੱਚ ਬਿਨਾ ਉਸ ਵੱਲ ਦੇਖਿਆ ਹੀ ਜੁਆਬ ਦੇ ਦਿੱਤਾ, 'ਬਾਬਾ ਜੀ ਨਹੀਂ ਦੇਖੀ ਥੋਡੀ ਬਸੰਤ ਕੌਰ, ਉਸ ਨੂੰ ਤੇ ਓਸੇ ਦਿਨ ਹੀ ਛੁੱਟੀ ਦੇ ਦਿੱਤੀ ਸੀ ਇਥੋਂ..'

'ਤੁਸਾਂ ਜਾਣ ਕਿਉਂ ਦਿੱਤੀ ਕੱਲੀ, ਡਿਸਪਲਿਨ ਨਾਮ ਦੀ ਕੋਈ ਚੀਜ਼ ਹੀ ਹੈਨੀ ਤੁਹਾਡੇ ਵਿੱਚ',

'ਬਸੰਤ ਕੁਰੇ ਜਾਵੀਂ ਨਾ ਮੈਂ ਹੁਣੇ ਆਇਆ, ਉਡੀਕ ਲਵੀਂ ਮੈਨੂੰ'

ਏਨਾ ਕੁਝ ਆਖਦੇ ਹੋਏ ਉਹ ਬਾਬਾ ਜੀ ਬਾਹਰ ਨੂੰ ਭੱਜ ਗਏ ਤੇ ਮਗਰੋਂ ਓਥੇ ਖਲੋਤੇ ਬੰਦੇ ਬੁੜੀਆਂ ਵਿੱਚ ਹਾਸਾ ਜਿਹਾ ਪੈ ਗਿਆ।

ਮੈਨੂੰ ਇਹ ਵਰਤਾਰਾ ਬੜਾ ਹੀ ਅਜੀਬ ਜਿਹਾ ਲੱਗਾ ਤੇ ਕੋਲ਼ ਹੀ ਖਲੋਤੇ ਉਸਦੇ ਪਿੰਡ ਵਾਲੇ ਨੂੰ ਅਸਲ ਕਹਾਣੀ ਪੁੱਛ ਲਈ।

ਪਤਾ ਲੱਗਾ ਕਿ ਫ਼ੌਜ ਵਿੱਚ ਹੁੰਦੇ ਸਨ, ਇੱਥੋਂ ਲਾਗੇ ਸਾਂਝੇ ਸੈਕਟਰ ਵਿੱਚ ਹੀ ਪੋਸਟਿੰਗ ਸੀ। ਇੱਕ ਦਿਨ ਟੈਲੀਗ੍ਰਾਮ ਗਈ ਕਿ ਬਸੰਤ ਕੌਰ ਦਾ ਐਕਸੀਡੈਂਟ ਹੋ ਗਿਆ, ਓਸੇ ਵੇਲੇ ਜੰਮੂ ਤੋਂ ਗੱਡੀ ਫੜ ਪਿੰਡ ਨੂੰ ਦੌੜ ਪਏ। ਇਨਾਂ ਦੀ ਗੱਡੀ ਵੀ ਕਠੂਹੇ ਲਾਗੇ ਲੈਨ ਤੋਂ ਉੱਤਰ ਗਈ..ਉੱਥੋਂ ਪੈਦਲ ਹੀ ਏਨਾ ਆਖਦੇ ਹੋਏ ਪਿੰਡ ਨੂੰ ਭੱਜ ਤੁਰੇ ਕੇ 'ਬਸੰਤ ਕੁਰੇ ਜਾਵੀਂ ਨਾ ਮੈਂ ਬੱਸ ਹੁਣੇ ਆਇਆ।' ਬਸੰਤ ਕੌਰ ਓਸੇ ਦਿਨ ਚੜਾਈ ਕਰ ਗਈ, ਲਾਸ਼ ਤੀਏ ਦਿਨ ਬੋ ਮਾਰਨ ਲੱਗੀ ਤੇ ਅਗਲਿਆਂ ਸੰਸਕਾਰ ਕਰ ਦਿੱਤਾ। ਬਾਬਾ ਜੀ ਨੂੰ ਮੂੰਹ ਤੱਕ ਵੀ ਵੇਖਣਾ ਨਸੀਬ ਨਹੀਂ ਹੋ ਸਕਿਆ। ਸ਼ਰੀਕਾਂ ਬਥੇਰਾ ਆਖਿਆ ਕੇ ਦੂਜਾ ਵਿਆਹ ਕਰ ਦਿੰਨੇ ਆ ਪਰ ਪੱਕੀ ਨਾਂਹ ਹੀ ਫੜੀ ਰੱਖੀ। ਪੰਦਰਾਂ ਵਰੇ ਹੋ ਗਏ ਇਹੀ ਹਾਲ ਏ, ਜਦੋਂ ਲੋਰ ਉੱਠਦਾ ਹਸਪਤਾਲ ਨੂੰ ਭੱਜ ਉਠਦੇ ਨੇ।'

ਮੈਨੂੰ ਕੋਲ਼ ਹੱਸਦੇ ਹੋਇਆਂ ਦੀ ਕਮਜ਼ੋਰ ਮਾਨਸਿਕਤਾ ਤੇ ਬੜਾ ਤਰਸ ਆਇਆ ਤੇ ਮੈਥੋਂ ਉਸਦੀ ਬਾਕੀ ਦੀ ਗੱਲ ਵੀ ਨਾ ਸੁਣੀ ਗਈ, ਅਗਲੇ ਹੀ ਪਲ ਮੈਂ ਬੁਖ਼ਾਰ ਦੀ ਪਰਵਾਹ ਕੀਤੇ ਬਗ਼ੈਰ ਬਾਹਰ ਨੂੰ ਭੱਜ ਉੱਠਿਆ, ਕਿੰਨਾ ਚਿਰ ਲੱਭਦਾ ਰਿਹਾ ਪਰ ਉਹ ਬਾਬਾ ਜੀ ਮੁੜ ਕਿਧਰੇ ਵੀ ਨਹੀਂ ਦਿਸੇ।

ਮੈਥੋਂ ਕਿੰਨੇ ਦਿਨ ਰੋਟੀ ਨਾ ਖਾਧੀ ਗਈ। ਵਾਰ-ਵਾਰ ਬਸ ਇਹੀ ਖ਼ਿਆਲ ਆਈ ਜਾਵੇ ਕਿ ਕਿੰਨੀ ਮਹਾਨ ਤੇ ਕਿਸਮਤ ਵਾਲੀ ਹੋਵੇਗੀ ਉਹ ਬਸੰਤ ਕੌਰ ਤੇ ਉਸਦੀ ਰੂਹਾਨੀ ਮੁਹੱਬਤ, ਜਿਸਨੂੰ ਲੱਭਦਾ ਹੋਇਆ ਇੱਕ ਉਹ ਫ਼ੌਜੀ ਪਾਗ਼ਲ ਤੱਕ ਹੋ ਗਿਆ ਸੀ। ਓਹੀ ਫ਼ੌਜੀ ਜਿਹੜਾ ਇਕੱਹਤਰ ਦੀ ਜੰਗ ਵੇਲੇ ਸੀਨੇ ਵਿੱਚ ਦੋ ਗੋਲੀਆਂ ਖਾਣ ਦੇ ਬਾਵਜੂਦ ਵੀ ਹੱਸਦਾ ਹੋਇਆ ਮੋਰਚੇ ਵਿੱਚ ਡਟਿਆ ਰਿਹਾ ਸੀ।

ਅਕਸਰ ਸੁਣੀਦਾ ਸੀ ਕਿ ਇਸ ਜਹਾਨ ਵਿੱਚ ਹੀ ਕਿਸੇ ਵੇਲੇ ਐਸੇ ਸਰਲ ਤੇ ਸਪੱਸ਼ਟ ਜਮਾਨੇ ਹੋਇਆ ਕਰਦੇ ਸਨ ਜਦੋਂ ਕੁਝ ਵਿਲੱਖਣ ਮੁਹੱਬਤਾਂ ਆਪ ਮੁਹਾਰੇ ਹੀ ਏਨੀਆਂ ਉੱਚੀਆਂ ਸੁੱਚੀਆਂ ਤੇ ਪਾਕ ਪਵਿੱਤਰ ਬਣ ਜਾਇਆ ਕਰਦੀਆਂ ਸਨ ਕਿ ਹਿਮਾਲਿਆ ਵਰਗੇ ਅਸਮਾਨ ਛੂੰਹਦੇ ਪਰਬਤ ਵੀ ਬੌਣੇ ਦਿਸਣ ਲੱਗ ਜਾਇਆ ਕਰਦੇ।

ਤਾਂ ਹੀ ਸ਼ਾਇਦ ਅਕਸਰ ਹੀ ਏਨੀ ਗੱਲ ਸੁਣਨ ਨੂੰ ਮਿਲ ਜਾਇਆ ਕਰਦੀ ਸੀ ਕਿ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।'

ਰਮਨ ਦੀਪ

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ : 11-13**

ਹਥਿਆਰਾਂ ਵਿੱਚ ਸਜੇ ਇਸ ਬਹਾਦਰ ਯੋਧੇ ਦਾ ਰੂਪ ਦੇਖਣ ਯੋਗ ਸੀ।

"ਗੁਰੂ ਦੇ ਪਿਆਰਿਓ, ਸੱਜਣੋਂ! ਅਸੀਂ ਲੋਕ ਦੀਵਾਲੀ ਦਾ ਇਹ ਪਵਿੱਤਰ ਤਿਉਹਾਰ ਉਸ ਸਮੇਂ ਵੀ ਮਨਾਉਂਦੇ ਰਹੇ, ਜਦੋਂ ਸਾਡੇ ਸਿਰ ਉੱਤੇ ਭਿਆਨਕ ਖ਼ਤਰੇ ਮੰਡਰਾਅ ਰਹੇ ਸਨ। ਰਾਖੀ ਪ੍ਰਣਾਲੀ ਦੀ ਬਦੌਲਤ ਅੱਜ ਪੰਜਾਬ ਦੇ ਬਹੁਤ ਵੱਡੇ ਹਿੱਸੇ ਵਿੱਚ ਅਮਨ ਚੈਨ ਹੈ। ਲੋਕ ਆਰਾਮ ਨਾਲ਼ ਸੌਂਦੇ ਨੇ। ਉਹਨਾਂ ਨੂੰ ਦੇਸੀ ਵਿਦੇਸ਼ੀ ਅੱਤਿਆਚਾਰੀਆਂ ਦਾ ਡਰ ਨਹੀਂ ਹੈ। ਇਸ ਵਿੱਚ ਖ਼ਾਲਸਾ ਦਲ ਨੂੰ ਜੋ ਸਫ਼ਲਤਾ ਮਿਲੀ ਹੈ, ਉਸ ਲਈ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ।" ਜੱਸਾ ਸਿੰਘ ਬੋਲ ਰਹੇ ਸਨ ਤੇ ਇਕੱਤਰ ਹੋਏ ਲੋਕ ਪੂਰੇ ਧਿਆਨ ਨਾਲ਼ ਸੁਣ ਰਹੇ ਸਨ। ਉਹਨਾਂ ਦੇ ਇੱਕ-ਇੱਕ ਸ਼ਬਦ ਨੂੰ ਅੰਦਰ-ਮਨ ਵਿੱਚ ਸਮੋਅ ਰਹੇ ਸਨ। "ਪਰ ਡਰ ਅਜੇ ਵੀ ਹੈ। ਅਸੀਂ ਅਜੇ ਵੀ ਬਾਹਰੀ ਤੇ ਅੰਦਰੂਨੀ ਦੁਸ਼ਮਣਾ ਵਿਚਕਾਰ ਘਿਰੇ ਹੋਏ ਹਾਂ। ਉਹਨਾਂ ਦੀ ਤਾਦਾਦ ਵੀ ਜ਼ਿਆਦਾ ਤੇ ਤਾਕਤ ਵੀ ਜ਼ਿਆਦਾ ਹੈ। ਪਰ ਉਹ ਆਪਸ ਵਿੱਚ ਪਾਟੇ ਹੋਏ ਨੇ। ਉਹ ਨਿੱਤ ਆਪਸ ਵਿੱਚ ਟਕਾਰਉਂਦੇ ਨੇ। ਉਹ ਆਪਸ ਵਿੱਚ ਲੜਨਗੇ ਤੇ ਸਾਡੇ ਨਾਲ਼ ਵੀ ਲੜਨਗੇ। ਅੰਤਮ ਜਿੱਤ ਖ਼ਾਲਸੇ ਦੀ ਹੋਏਗੀ। ਸਾਡਾ ਇਹ ਦ੍ਰਿੜ ਵਿਸ਼ਵਾਸ ਹੈ।"

ਵਾਤਾਵਰਣ ਫੇਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਜੈਕਾਰਿਆਂ ਨਾਲ਼ ਗੂੰਜ ਉੱਠਿਆ। ਸਰਦਾਰ ਆਹਲੂਵਾਲੀਆ ਕੁਝ ਚਿਰ ਮੌਨ ਰਹੇ। ਫੇਰ ਬੋਲੇ, "ਜਿੱਤ ਸਕਣਾ ਸਹਿਜ ਨਹੀਂ। ਸਾਨੂੰ ਅਜੇ ਵੀ ਬਹੁਤ ਸਾਰੀਆਂ ਕੁਰਬਾਨੀਆਂ ਦੇਣੀਆਂ ਪੈਂਣਗੀਆਂ। ਜਿੱਤ ਲਈ ਸਾਨੂੰ ਆਪਣੇ ਆਪ ਨੂੰ ਤੇ ਆਪਣੇ ਦੁਸ਼ਮਣ ਨੂੰ ਜਾਂਚਣਾ-ਪਰਖਣਾ ਪਏਗਾ। ਵਿਅਰਥ ਦੇ ਭਰਮ ਪਾਲ ਲੈਣੇ ਠੀਕ ਨਹੀਂ ਹੁੰਦੇ। ਮੁਗ਼ਲਾਨੀ ਬੇਗ਼ਮ ਦੀ ਆਪਣੀ ਤਾਕਤ ਭਾਵੇਂ ਕੁਝ ਵੀ ਨਹੀਂ, ਪਰ ਉਸਨੇ ਅਬਦਾਲੀ ਨਾਲ਼ ਰਿਸ਼ਤਾ ਜੋੜਿਆ ਹੋਇਆ ਹੈ ਤੇ ਹੁਣ ਆਪਣੀ ਬੇਟੀ ਉਮਦਾ ਬੇਗ਼ਮ ਦੀ ਕੁੜਮਾਈ ਅਬਦਾਲੀ ਦੇ ਬੇਟੇ ਤੈਮੂਰ ਨਾਲ਼ ਕਰਕੇ ਇਹ ਰਿਸ਼ਤਾ ਹੋਰ ਪੀਢਾ ਕਰ ਲਿਆ ਹੈ। ਇਹ ਰਿਸ਼ਤਾ ਸਾਨੂੰ ਵੀ ਚੰਗਾ ਨਹੀਂ ਲੱਗਦਾ ਤੇ ਦਿੱਲੀ ਦੇ ਵਜ਼ੀਰ ਗ਼ਾਜ਼ੀ-ਉਲ-ਦੀਨ ਨੂੰ ਵੀ ਪਸੰਦ ਨਹੀਂ। ਗ਼ਾਜ਼ੀ-ਉਲ-ਦੀਨ ਮਰਹੱਟਿਆਂ ਦੇ ਬਲਬੂਤੇ ਉੱਪਰ ਉੱਛਲ ਰਿਹਾ ਹੈ। ਉਸਨੇ ਮਰਹੱਟਿਆਂ ਦੀ ਮਦਦ ਨਾਲ਼ ਸਫ਼ਦਰ ਜੰਗ ਨੂੰ ਦਿੱਲੀ ਵਿੱਚੋਂ ਭਜਾ ਦਿੱਤਾ। ਹੋ ਸਕਦਾ ਹੈ, ਉਹ ਇਸੇ ਬੂਤੇ ਉੱਪਰ ਮੁਗ਼ਲਾਨੀ ਬੇਗ਼ਮ ਦੇ ਨੱਕ ਵਿੱਚ ਵੀ ਨਕੇਲ ਪਾ ਲਏ। ਅਬਦਾਲੀ ਇਸ ਸਮੇਂ ਅੰਦਰੂਨੀ ਬਗ਼ਾਵਤਾਂ ਵਿੱਚ ਘਿਰਿਆ ਹੋਇਆ ਹੈ। ਉਹਨਾਂ ਨਾਲ਼ ਨਿਬੜਨ ਸਾਰ, ਉਹ ਫੇਰ ਹਮਲਾ ਕਰੇਗਾ। ਗਾਜ਼ੀ-ਉਲ-ਦੀਨ ਉਸਦੇ ਸਾਹਵੇਂ ਟਿਕ ਨਹੀਂ ਸਕੇਗਾ। ਜਲੰਧਰ ਤੇ ਸਰਹਿੰਦ ਉੱਪਰ ਅਦੀਨਾ ਬੇਗ਼ ਕਬਜ਼ਾ ਕਰੀ ਬੈਠਾ ਹੈ। ਉਹ ਵੀ ਬੜਾ ਚਾਲਬਾਜ਼ ਤੇ ਜਾਲਸਾਜ਼ ਆਦਮੀ ਹੈ। ਉਹ ਪੰਜਾਬ ਵਿੱਚ ਪੈਦਾ ਹੋਇਆ ਹੈ। ਜਨਮ ਤੋਂ ਮੁਸਲਮਾਨ ਹੈ, ਪਰ ਉਸਦਾ ਮਜ਼ਹਬ ਸਿਰਫ਼ ਨਿੱਜੀ ਹਕੂਮਤ ਕਾਇਮ ਕਰਨਾ ਹੈ। ਛਲ-ਕਪਟ, ਧੋਖੇ ਜਾਂ ਕੁਫ਼ਰ-ਮੱਕਾਰੀ ਕਿਸੇ ਵੀ ਹੀਲੇ ਨਾਲ਼ ਆਪਣੀ ਹਕੂਮਤ ਕਾਇਮ ਰੱਖੀ ਜਾਏ, ਉਹ ਉਹੀ ਹੀਲਾ ਅਪਣਾਏਗਾ। ਉਹ ਵੀ ਸਾਡੇ ਲਈ ਇੱਕ ਖ਼ਤਰਾ ਹੈ, ਪਰ ਬਹੁਤਾ ਵੱਡਾ ਖ਼ਤਰਾ ਨਹੀਂ। ਨਿੱਜੀ ਹਕੂਮਤ ਕਾਇਮ ਕਰਨ ਵਾਲਿਆਂ ਕੋਲ਼ੋਂ ਛੋਟੇ ਮੋਟੇ ਖ਼ਤਰੇ ਹੋਰ ਵੀ ਨੇ। ਜਿਵੇਂ ਕਸੂਰ ਦੇ ਪਠਾਨ ਤੇ ਈਮਾਨਬਾਦ ਦੇ ਖ਼ਵਾਜਾ ਮਿਰਜ਼ਾ ਦਾ ਖ਼ਤਰਾ। ਖ਼ਵਾਜਾ ਮਿਰਜ਼ਾ ਨੇ ਹੁਣੇ ਕੁਝ ਦਿਨ ਪਹਿਲਾਂ ਹੀ ਆਪਣੀ ਤੁਰਕ ਜਾਤੀ ਦੇ ਛੇ ਹਜ਼ਾਰ ਸੈਨਕ ਭਰਤੀ ਕੀਤੇ ਹਨ। ਖ਼ਵਾਜਾ ਮਿਰਜ਼ਾ ਨੂੰ ਤੇ ਉਸਦੇ ਇਹਨਾਂ ਵਿਦੇਸ਼ੀ ਸੈਨਕਾਂ ਨੂੰ ਨਾ ਇਸ ਦੇਸ਼ ਨਾਲ਼ ਪਿਆਰ ਹੈ ਤੇ ਨਾ ਹੀ ਦੇਸ਼ ਦੇ ਲੋਕਾਂ ਨਾਲ਼। ਨਿੱਜੀ ਹਕੂਮਤ ਦਾ ਆਧਾਰ ਸਿਰਫ਼ ਲੁੱਟ ਹੁੰਦਾ ਹੈ। ਜਦੋਂ ਲੁੱਟ-ਖਸੁੱਟ ਦਾ ਧੰਦਾ ਨਾ ਚੱਲਿਆ ਤਾਂ ਇਹੀ ਸੈਨਕ ਖ਼ਵਾਜਾ ਮਿਰਜ਼ਾ ਦੀ ਗਰਦਨ ਰੇਤ ਦੇਣਗੇ।" ਦੀਵਾਨ ਵਿੱਚ ਹਾਸੇ ਦੇ ਗੁਬਾਰੇ ਉੱਡਨ ਲੱਗੇ। "ਸਾਨੂੰ ਇਹਨਾਂ ਖ਼ਵਾਜਿਆਂ ਦੀ ਕਤੱਈ ਪ੍ਰਵਾਹ ਨਹੀਂ।" ਸਰਦਾਰ ਆਹਲੂਵਾਲੀਆ ਨੇ ਫੇਰ ਬੋਲਣਾ ਸ਼ੁਰੂ ਕੀਤਾ, "ਇਹ ਲੋਕ ਸ਼ਮਸ਼ਾਨ ਘਾਟ ਵਿੱਚ ਹਵਾਂਕਣ ਵਾਲੇ ਗਿੱਦੜ ਨੇ, ਸਿਰਫ਼ ਇੱਕੋ ਘੁਰਕੀ ਨਾਲ਼ ਭੱਜ ਖੜੇ ਹੋਣਗੇ। ਸਭ ਤੋਂ ਵੱਡਾ ਖ਼ਤਰਾ ਅਬਦਾਲੀ ਹੈ। ਸਾਡੀ ਆਖ਼ਰੀ ਟੱਕਰ ਉਸੇ ਨਾਲ਼ ਹੋਏਗੀ। ਪਰ ਅਬਦਾਲੀ ਦਾ ਮਕਸਦ ਵੀ ਲੁੱਟ-ਖਸੁੱਟ ਹੈ । ਲੁੱਟ-ਖਸੁੱਟ ਉਪਰ ਖੜੀ ਤਾਕਤ ਰੇਤ ਦੀ ਕੰਧ ਵਰਗੀ ਹੁੰਦੀ ਹੈ...ਉਸਨੂੰ ਢਹਿੰਦਿਆਂ ਦੇਰ ਨਹੀਂ ਲੱਗਦੀ। ਖ਼ਾਲਸਾ ਦਲ ਦਾ ਨਿੱਜੀ ਕੋਈ ਸਵਾਰਥ ਨਹੀਂ ਹੈ। ਅਸੀਂ ਪੂਰੇ ਦੇਸ਼ ਤੇ ਧਰਮ ਦੀ ਆਜ਼ਾਦੀ ਲਈ ਲੜ ਰਹੇ ਹਾਂ। ਖੰਡੇ ਦਾ ਅੰਮ੍ਰਿਤ ਸਾਨੂੰ ਇੱਕ ਜੁੱਟ ਕਰਦਾ ਹੈ ਤੇ ਸਾਨੂੰ ਮਜ਼ਬੂਤ ਬਣਾਉਂਦਾ ਹੈ। ਫੇਰ ਦੇਸ਼ ਦੇ ਲੋਕ ਸਾਡੇ ਨਾਲ਼ ਨੇ। ਇਸ ਲਈ ਜਿੱਤ ਸਾਡੀ ਹੀ ਹੋਏਗੀ।"

ਇਸ ਪਿੱਛੋਂ ਅਗਲੀਆਂ ਯੋਜਨਾਵਾਂ ਬਣਾਈਆਂ ਗਈਆਂ ਤੇ ਗੁਰਮਤੇ ਪਾਸ ਹੋਏ। ਲੋਕੀਂ ਨਵਾਂ ਉਤਸ਼ਾਹ ਤੇ ਨਵੀਆਂ ਆਸਾਂ ਲੈ ਕੇ ਘਰਾਂ ਨੂੰ ਪਰਤੇ।

*****

ਅਲਹੌਲ ਸਿੱਖ ਰਾਖੀ ਪ੍ਰਣਾਲੀ ਅਧੀਨ ਨਹੀਂ, ਲਾਹੌਰ ਸਰਕਾਰ ਦੇ ਅਧੀਨ ਸਨ ਪਰ ਉਹ ਪੂਰੀ ਤਰਾਂ ਸੁਰੱਖਿਅਤ ਸਨ। ਸਾਈਂ ਦੀ ਖ਼ੁਦਾ ਪ੍ਰਸਤੀ ਤੇ ਇਨਸਾਨ ਪ੍ਰਸਤੀ ਦਾ ਪ੍ਰਭਾਵ ਦੂਰ-ਦੂਰ ਤਕ ਫ਼ੈਲਿਆ ਹੋਇਆ ਸੀ। ਲੋਕੀ ਉਹਨਾਂ ਦੀ ਇੱਜ਼ਤ ਕਰਦੇ ਸਨ। ਉਹਨਾਂ ਦੇ ਮਕਬਰੇ ਦੀ ਸਹਾਇਤਾ ਕਰਨਾ ਆਪਣਾ ਧਾਰਮਿਕ ਫ਼ਰਜ਼ ਮੰਨਦੇ ਸਨ। ਉਹਨਾਂ ਦੇ ਮਕਬਰੇ ਵਿੱਚ ਅਨਾਥ ਬੱਚਿਆਂ ਦੀ ਪਾਲਨਾ ਹੁੰਦੀ ਸੀ। ਆਮ ਲੋਕਾਂ ਨੂੰ ਇਹਨਾਂ ਬੱਚਿਆਂ ਨਾਲ਼ ਦਿਲੀ ਹਮਦਰਦੀ ਸੀ। ਇਸ ਲਈ ਉਹਨਾਂ ਦਾ ਇਹਨਾਂ ਦੀ ਮਦਦ ਕਰਨਾ ਸੁਭਾਵਿਕ ਸੀ। ਉਹ ਲੋਕ ਵੀ ਜਿਹੜੇ ਇਹਨਾਂ ਬੱਚਿਆਂ ਨੂੰ ਅਨਾਥ ਬਣਾਉਣ ਦੇ ਜ਼ਿੰਮੇਵਾਰ ਸਨ, ਇਹਨਾਂ ਦੀਆਂ ਦੁਆਵਾਂ ਨਾਲ਼ ਜੰਨਤ ਜਾਣ ਦੇ ਖ਼ਾਹਿਸ਼ਮੰਦ ਸਨ। ਜ਼ਕਰੀਆ ਖ਼ਾਂ, ਯਹੀਆ ਖ਼ਾਂ ਤੇ ਮੀਰ ਮੰਨੂੰ ਵੀ ਸਾਈਂ ਜਹੀਰ ਬਖ਼ਸ਼ ਦੇ ਮਕਤਬ ਨੂੰ ਆਪਣੇ ਖ਼ਜ਼ਾਨੇ ਵਿੱਚੋਂ ਹਮੇਸ਼ਾ ਮਦਦ ਘੱਲਦੇ ਰਹੇ ਸਨ। ਉਹੀ ਮਦਦ ਮੁਗ਼ਲਾਨੀ ਬੇਗ਼ਮ ਵੀ ਭੇਜ ਰਹੀ ਸੀ। ਹੁਣ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ਼ਾਹ ਨਵਾਜ਼ ਨੂੰ ਹਰਾ ਕੇ ਲਾਹੌਰ ਆਪਣੇ ਕਬਜ਼ੇ ਵਿੱਚ ਕੀਤਾ ਤੇ ਪੀਰਾਂ ਫ਼ਕੀਰਾਂ ਨੂੰ ਖ਼ੈਰਾਤ ਵੰਡੀ ਤਾਂ ਉਸੇ ਖ਼ੈਰਾਤ ਦਾ ਇੱਕ ਵੱਡਾ ਹਿੱਸਾ ਇਸ ਮਕਤਬ ਨੂੰ ਵੀ ਭੇਜਿਆ। ਜਿਹੜੇ ਭਾਂਤ-ਭਾਂਤ ਦੇ ਡਾਕੂ ਲੁਟੇਰੇ ਪੈਦਾ ਹੋ ਗਏ ਸਨ, ਉਹ ਵੀ ਅਲਹੌਰ ਦੇ ਮਕਤਬ ਵੱਲ ਅੱਖ ਚੁੱਕ ਕੇ ਦੇਖਣ ਦੀ ਹਿੰਮਤ ਨਹੀਂ ਸਨ ਕਰਦੇ। ਬੱਚਿਆਂ ਦੀ ਗਿਣਤੀ ਹੁਣ ਘੱਟ ਹੋ ਗਈ ਸੀ, ਉਹਨਾਂ ਦੀ ਪੜਾਈ ਤੇ ਦੇਖਭਾਲ ਦਾ ਕੰਮ ਜਿਵੇਂ ਦਾ ਤਿਵੇਂ ਚੱਲ ਰਿਹਾ ਸੀ। ਉਸ ਵਿੱਚ ਜ਼ਰਾ ਵੀ ਫ਼ਰਕ ਨਹੀਂ ਸੀ ਆਇਆ।

ਅੰਮ੍ਰਿਤਸਰ ਵਿੱਚ ਦੀਵਾਨ ਦੀ ਸਮਾਪਤੀ ਤੋਂ ਬਾਅਦ ਭੂਪ ਸਿੰਘ ਆਪਣੇ ਘਰ ਜਾਣ ਦੇ ਬਜਾਏ ਲਾਹੌਰ ਪਹੁੰਚਿਆ। ਨੀਲੇ ਰੰਗ ਦਾ ਤਹਿਮਦ ਤੇ ਨੀਲੇ ਰੰਗ ਦਾ ਲੰਮਾ ਚੋਲਾ ਪਾ ਕੇ ਉਸਨੇ ਸੂਫ਼ੀ ਦਰਵੇਸ਼ ਦਾ ਭੇਸ ਬਣਾਇਆ ਹੋਇਆ ਸੀ। ਇਸ ਵਾਰੀ ਉਸਦੇ ਹੱਥ ਵਿੱਚ ਘੁੰਗਰੂਆਂ ਵਾਲਾ ਗੋਲ ਕੂਲਾ ਡੰਡਾ ਨਹੀਂ, ਕਬੀਰ ਪੰਥੀ ਲੋਟਾ ਸੀ। ਦਸ ਬਾਰਾਂ ਕੋਹ ਦਾ ਪੈਂਡਾ ਕਰਕੇ ਜਦੋਂ ਉਹ ਲਾਹੌਰ ਪਹੁੰਚਿਆ, ਰਾਤ ਘਿਰ ਆਈ ਸੀ। ਮਕਤਬ ਨੇ ਹਨੇਰੇ ਦੀ ਚਾਦਰ ਲਪੇਟੀ ਹੋਈ ਸੀ। ਸਾਈਂ ਜਹੀਰ ਬਖ਼ਸ਼ ਆਪਣੇ ਕਮਰੇ ਵਿੱਚ ਇਕੱਲੇ ਬੈਠੇ ਕੋਈ ਧਾਰਮਕ ਪੁਸਤਕ ਪੜ ਰਹੇ ਸਨ। ਉਹਨਾਂ ਦੀ ਉਮਰ ਅੱਸੀ ਸਾਲ ਦੇ ਆਸਪਾਸ ਸੀ। ਭਰਵੱਟਿਆਂ ਤੇ ਪਲਕਾਂ ਦੇ ਵਾਲ ਚਿੱਟੇ ਹੋ ਗਏ ਸਨ, ਪਰ ਨਜ਼ਰ ਅਜੇ ਠੀਕ ਸੀ। ਉਹ ਦੀਵੇ ਦੀ ਰੌਸ਼ਨੀ ਵਿੱਚ ਵੀ ਆਸਾਨੀ ਨਾਲ਼ ਪੜ੍ਹ



ਰਹੇ ਸਨ। ਸੂਫ਼ੀ ਦਰਵੇਸ਼ ਨੇ ਅੰਦਰ ਆ ਕੇ ਮੱਥਾ ਟੇਗਿਆ ਤਾਂ ਸਾਈਂ ਜਹੀਰ ਬਖ਼ਸ਼ ਨੇ ਉਸਨੂੰ ਤੁਰੰਤ ਪਛਾਣ ਲਿਆ ਤੇ ਆਪਣੇ ਕੋਲ਼ ਬਿਠਾਅ ਕੇ ਪੁੱਛਿਆ—

"ਸੁਣਾਅ ਭੂਪੇ ਸ਼ਾਹ ਕਿੱਧਰੋਂ ਆਉਣੇ ਹੋਏ?"

"ਅੰਮ੍ਰਿਤਸਰੋਂ ਆ ਰਿਹਾਂ ਜੀ।"

"ਦੀਵਾਲੀ ਮਨਾ ਕੇ ਆਇਆ ਏਂ?"

"ਹਾਂ ਜੀ। ਦੀਵਾਲੀ ਮਨਾ ਕੇ।"

"ਹੁਣ ਕਿੱਧਰ ਦੇ ਇਰਾਦੇ ਨੇ?"

"ਲਾਹੌਰ ਜਾਵਾਂਗਾ ਜੀ।"

"ਲਾਹੌਰ!" ਜਹੀਰ ਬਖ਼ਸ਼ ਨੇ ਸਿਰ ਹਿਲਾਉਂਦਿਆਂ ਹੋਇਆਂ ਦੂਹਰਾਇਆ ਤੇ ਜ਼ਰਾ ਰੁਕ ਕੇ ਅੱਗੇ ਕਿਹਾ, "ਸੁਣਿਆਂ ਏ ਮੁਗ਼ਲਾਨੀ ਬੇਗ਼ਮ ਨੇ ਆਪਣੀ ਬੇਟੀ ਦੀ ਕੁੜਮਾਈ ਅਬਦਾਲੀ ਦੇ ਬੇਟੇ ਤੈਮੂਰ ਨਾਲ਼ ਕਰਕੇ ਲਾਹੌਰ ਦਾ ਸਬੰਧ ਕੰਧਾਰ ਨਾਲ਼ ਜੋੜ ਦਿੱਤਾ ਏ।"

"ਸੁਣਿਆਂ ਮੈਂ ਵੀ ਏ।" ਭੂਪ ਸਿੰਘ ਨੇ ਇੱਕ ਨਜ਼ਰ ਜਹੀਰ ਬਖ਼ਸ਼ ਵੱਲ ਦੇਖਿਆ ਤੇ ਆਪਣੇ ਲੋਟੇ ਉਪਰ ਝੁਕ ਕੇ ਕਿਹਾ, "ਪਰ ਇਹ ਸਬੰਧ ਕੱਚੇ ਧਾਗੇ ਵਿੱਚ ਬੱਝਿਆ ਹੋਇਆ ਏ, ਛੇਤੀ ਹੀ ਟੁੱਟ ਜਾਏਗਾ।"

"ਠੀਕ ਕਹਿ ਰਿਹੈਂ ਤੂੰ? ਛੇਤੀ ਟੁੱਟ ਜਾਏਗਾ!" ਸਾਈਂ ਦੀਆਂ ਅੱਖਾਂ ਫ਼ੈਲ ਗਈਆਂ। ਉਹਨਾਂ ਵਿੱਚ ਹੈਰਾਨੀ ਵੀ ਸੀ ਤੇ ਚਿੰਤਾ ਦੇ ਆਸਾਰ ਵੀ।

"ਉਮੀਦ ਤਾਂ ਇਹੀ ਏ ਜੀ।" ਭੂਪ ਸਿੰਘ ਨੇ ਉੱਤਰ ਦਿੱਤਾ ਤੇ ਆਪਣੀ ਗੱਲ ਦੀ ਪੁਸ਼ਟੀ ਲਈ ਦੀਵਾਨ ਵਿੱਚ ਦਿੱਤੇ ਸਰਦਾਰ ਆਹਲੂਵਾਲੀਆ ਦੇ ਭਾਸ਼ਣ ਦਾ ਸਾਰ ਸੁਣਾਇਆ।

ਸਾਈਂ ਜਹੀਰ ਬਖ਼ਸ਼ ਯਾਨੀਕਿ ਭਾਈ ਗੁਰਬਖ਼ਸ਼ ਸਿੰਘ ਸੁਣ ਕੇ ਸੰਤੁਸ਼ਟ ਹੋਏ। ਕੁਝ ਚਿਰ ਸਰਦਾਰ ਆਹਲੂਵਾਲੀਆ, ਦਲ ਖ਼ਾਲਸਾ ਤੇ ਰਾਖੀ ਪ੍ਰਣਾਲੀ ਬਾਰੇ ਗੱਲਾਂ ਹੁੰਦੀਆਂ ਰਹੀਆਂ। ਇਸ ਪਿੱਛੋਂ ਦੋਹਾਂ ਨੇ ਭੋਜਨ ਕੀਤਾ। ਇਸੇ ਦੌਰਾਨ ਇੱਕ 17-18 ਸਾਲ ਦਾ ਮੁੰਡਾ, ਜਿਸਦਾ ਰੰਗ ਕਣਕ-ਵੰਨਾ ਸੀ, ਦੋ ਕੰਬਲ ਲੈ ਕੇ ਅੰਦਰ ਆਇਆ।

"ਭੂਪੇ ਸ਼ਾਹ, ਇਹ ਦੱਸ ਬਈ ਤੂੰ ਇਸ ਮੁੰਡੇ ਨੂੰ ਆਪਣੇ ਨਾਲ਼ ਲੈ ਜਾ ਸਕਦਾ ਏਂ?"

"ਤੁਸੀਂ ਹੁਕਮ ਕਰੋ, ਸਿਰਫ਼ ਇਸ ਨੂੰ ਕਿਉਂ, ਦੋ ਚਾਰ ਹੋਰ ਵੀ ਲਿਜਾ ਸਕਦਾਂ ਜੀ।" ਭੂਪ ਸਿੰਘ ਨੇ ਉੱਤਰ ਦਿੱਤਾ ਤੇ ਫੇਰ ਭੌਂ ਕੇ ਮੁੰਡੇ ਨੂੰ ਪੁੱਛਿਆ, "ਕਿਉਂ ਬਈ, ਚੱਲੇਂਗਾ ਸਾਡੇ ਨਾਲ਼ ਲਾਹੌਰ?"

"ਸਾਈਂ ਜੀ ਦੀ ਇਜਾਜ਼ਤ ਹੋਏ ਤਾਂ ਜ਼ਰੂਰ ਚੱਲਾਂਗਾ।" ਮੁੰਡੇ ਨੇ ਨਿਮਰਤਾ ਨਾਲ਼ ਉੱਤਰ ਦਿੱਤਾ।

"ਤੇਰਾ ਨਾਂ ਕੀ ਏ?"

"ਜੀ, ਮੇਹਰ ਚੰਦ ਉਰਫ਼ ਮੇਹਰ ਅਲੀ।"

"ਕੀ ਮਤਲਬ?"

"ਜੀ, ਜੋ ਵੀ ਤੁਸੀਂ ਸਮਝ ਲਓ।"

"ਤੇਰਾ ਘਰ ਕਿੱਥੇ ਈ?"

"ਜਿੱਥੇ ਸਿਰ ਲੁਕੋਂਣ ਦੀ ਜਗਾ ਮਿਲ ਜਾਏ।"

"ਯਾਨੀ ਇਹ ਮਕਤਬ ਹੀ ਤੇਰਾ ਘਰ ਏ?"

"ਹਾਂ, ਇਸ ਵੇਲੇ ਤਾਂ ਇਹ ਮਕਤਬ ਈ ਮੇਰਾ ਘਰ ਏ।"

"ਸੱਚ ਬੋਲਣਾ ਚੰਗਾ ਹੈ ਜਾਂ ਝੂਠ ਬੋਲਣਾ?"

"ਦੋਹੇਂ ਚੰਗੇ ਨੇ।"

"ਉਹ ਕਿਵੇਂ?"

"ਲੋੜ ਦੀ ਗੱਲ ਏ। ਸੱਚ ਬੋਲਣ ਦੀ ਲੋੜ ਹੋਏ ਤਾਂ ਸੱਚ ਬੋਲਣਾ ਚੰਗਾ ਏ...ਤੇ ਜੇ ਝੂਠ ਬੋਲਣ ਦੀ ਲੋੜ ਹੋਏ ਤਾਂ ਝੂਠ ਬੋਲਣਾ ਚੰਗਾ ਹੁੰਦਾ ਏ। ਦੇਖਣਾ ਇਹ ਹੁੰਦਾ ਏ, ਅਸੀਂ ਕਦੋਂ, ਕਿੱਥੇ ਕਿਹਨਾਂ ਵਿਚਕਾਰ ਕੀ ਬੋਲ ਰਹੇ ਆਂ। ਦੋਸਤਾਂ ਵਿਚਕਾਰ ਬੋਲ ਰਹੇ ਆਂ ਜਾਂ ਦੁਸ਼ਮਣਾ ਵਿਚਕਾਰ ਬੋਲ ਰਹੇ ਆਂ ਤੇ ਕਿਉਂ ਬੋਲ ਰਹੇ ਆਂ।"

"ਸ਼ਾਬਾਸ਼, ਆਪਾਂ ਸਵੇਰੇ ਚੱਲਾਂਗੇ, ਤਿਆਰ ਰਹੀਂ।" ਭੂਪ ਸਿੰਘ ਨੇ ਮੁੰਡੇ ਦੀ ਪਿੱਠ ਥਾਪੜੀ ਤੇ ਜਦੋਂ ਉਹ ਚਲਾ ਗਿਆ ਤਾਂ ਸਾਈਂ ਨੂੰ ਕਿਹਾ, "ਬੜਾ ਹੁਸ਼ਿਆਰ ਮੁੰਡਾ ਏ।"

"ਇਸੇ ਲਈ ਭੇਜ ਰਿਹਾਂ। ਤੇਰੇ ਨਾਲ਼ ਰਹੇਗਾ ਤਾਂ ਬੜਾ ਕੁਝ ਸਿੱਖ ਲਏਗਾ ਤੇ ਘੁੰਮ ਫ਼ਿਰ ਆਏਗਾ।"

ਲਾਹੌਰ ਵਿੱਚ ਭੂਪੇ ਦੇ ਕਈ ਠਿਕਾਣੇ ਸਨ। ਉਹ ਵੱਖ-ਵੱਖ ਭੇਸਾਂ ਵਿੱਚ ਵੱਖ-ਵੱਖ ਠਿਕਾਣਿਆਂ 'ਤੇ ਜਾਂਦਾ ਸੀ। ਉਹਨਾਂ ਦਾ ਉਸ ਦੇ ਇਲਾਵਾ ਕਿਸੇ ਹੋਰ ਨੂੰ ਪਤਾ ਨਹੀਂ ਸੀ। ਉਸਦਾ ਇੱਕ ਠਿਕਾਣਾ ਤਹਿਮਸ ਮਸਕੀਨ ਵੀ ਸੀ। ਮਸਕੀਨ ਦਰਵੇਸ਼ਾਂ ਦਾ ਆਦਰ ਕਰਦਾ ਸੀ ਤੇ ਉਸਨੂੰ ਦਰਸ਼ਨ ਸ਼ਾਸਤਰ ਵਿੱਚ ਰੁਚੀ ਸੀ। ਭੂਪ ਸਿੰਘ ਉਸ ਕੋਲ਼ ਸੂਫ਼ੀ ਫ਼ਕੀਰ ਦੇ ਰੂਪ ਵਿੱਚ ਜਾਂਦਾ ਸੀ। ਉਹਨਾਂ ਵਿਚਕਾਰ ਸੂਫ਼ੀ ਮੱਤ ਤੇ ਧਰਮ ਦੇ ਵੱਖ ਵੱਖ ਪਹਿਲੂਆਂ ਉੱਤੇ ਗੱਲਬਾਤ ਹੁੰਦੀ। ਮਸਕੀਨ ਭੂਪੇ ਦੀ ਵਿਦਵਤਾ ਤੋਂ ਕਾਫ਼ੀ ਪ੍ਰਭਾਵਤ ਸੀ। ਉਸ ਕੋਲ਼ ਰਹਿਣ ਨਾਲ਼ ਭੂਪੇ ਨੂੰ ਕਾਫ਼ੀ ਸਾਰੇ ਭੇਦ ਪਤਾ ਲੱਗ ਜਾਂਦੇ ਸਨ। ਇਸ ਵਾਰੀ ਉਹ ਮੇਹਰ ਚੰਦ ਉਰਫ਼ ਮੇਹਰ ਅਲੀ ਨਾਲ਼ ਉਸਦੇ ਘਰ ਪਹੁੰਚਿਆ। ਮਸਕੀਨ ਨੇ ਖਿੜੇ ਮੱਥੇ ਉਸਦਾ ਸਵਾਗਤ ਕੀਤਾ। ਪਰ ਦੂਜੇ ਹੀ ਪਲ ਮਜ਼ਾਕ ਵਿੱਚ ਕਿਹਾ, "ਦਰਵੇਸ਼ ਜੀ ਮਹਾਰਾਜ ਨੱਠ ਜਾਓ ਇੱਥੋਂ, ਵਰਨਾ ਮੁਗ਼ਲਾਨੀ ਬੇਗ਼ਮ ਕੋੜਿਆਂ ਨਾਲ਼ ਕੁਟਵਾ ਕੇ ਸੀਖਾਂ ਪਿੱਛੇ ਸੁਟਵਾ ਦਏਗੀ।"

"ਕਿਉਂ ਸੁਟਵਾ ਦਏਗੀ? ਮੈਂ ਉਸਦਾ ਕੀ ਵਿਗਾੜਿਐ ਜੀ?"

"ਤੁਸਾਂ ਨਹੀਂ ਵਿਗਾੜਿਆ, ਪਰ ਚਾਰ ਦਿਨ ਪਹਿਲਾਂ ਤੁਹਾਡੇ ਵਰਗਾ ਇੱਕ ਦਰਵੇਸ਼ ਬੇਗ਼ਮ ਨਾਲ਼ ਤਕੜੀ ਠੱਗੀ ਮਾਰ ਗਿਐ।"

"ਇਸ ਦਾ ਮਤਲਬ ਇਹ ਏ ਕਿ ਉਹ ਦਰਵੇਸ਼ ਦੇ ਭੇਖ ਵਿੱਚ ਕੋਈ ਠੱਗ ਸੀ। ਉਸਦੀ ਠੱਗੀ ਦੀ ਸਜ਼ਾ ਸਾਨੂੰ ਮਿਲੇਗੀ ਕਿ?"

"ਕਹਾਵਤ ਏ, ਕਰੇ ਕੋਈ ਭਰੇ ਕੋਈ। ਅਜਿਹੀਆਂ ਵਾਰਦਾਤਾਂ ਨਾਲ਼ ਤਾਂ ਭੇਖ ਬਦਨਾਮ ਹੁੰਦਾ ਏ ਤੇ ਯਕੀਨ ਸਾਰਿਆਂ ਦਾ ਮਾਰਿਆ ਜਾਂਦੈ।"

"ਵਾਰਦਾਤ ਕਿੰਜ ਹੋਈ? ਜ਼ਰਾ ਦਸੋ ਤਾਂ ਸਹੀ।"

"ਵਾਰਦਾਤ ਬੜੀ ਦਿਲਚਸਪ ਏ। ਤੁਸੀਂ ਸੁਣੋਗੇ ਤਾਂ ਖ਼ੂਬ ਹੱਸੋਗੇ। ਪਰ ਪਹਿਲਾਂ ਤੁਸੀਂ ਕੁਝ ਖਾ-ਪੀ ਲਓ ਤੇ ਆਰਾਮ ਕਰੋ। ਸਭ ਕੁਝ ਦੱਸਾਂਗਾ, ਜਲਦੀ ਕੀ ਏ?"

ਭੂਪੇ ਸ਼ਾਹ ਨੇ ਮੇਹਰ ਚੰਦ ਉਰਫ਼ ਮੇਹਰ ਅਲੀ ਬਾਰੇ ਦੱਸਦਿਆਂ ਹੋਇਆਂ ਉਸਦਾ ਨਾਂ ਸ਼ਾਹ ਅਲੀ ਦੱਸਿਆ ਤੇ ਕਿਹਾ ਕਿ ਉਸਨੇ ਸਾਈਂ ਜਹੀਰ ਬਖ਼ਸ਼ ਦੇ ਮਕਤਬ ਵਿੱਚ ਤਾਲੀਮ ਹਾਸਲ ਕੀਤੀ ਏ। ਇਸ ਨਾਤੇ ਮੇਰਾ ਗੁਰ ਭਾਈ ਏ। ਦੋਹਾਂ ਨੇ ਗ਼ੁਸਲਖ਼ਾਨੇ ਵਿੱਚ ਗਰਮ ਪਾਣੀ ਨਾਲ਼ ਗ਼ੁਸਲ (ਇਸ਼ਨਾਨ) ਕੀਤਾ। ਇਸ ਦੌਰਾਨ ਖ਼ਾਨਸਾਮਾ (ਰਸੋਈਆ) ਨਾਸ਼ਤਾ ਤਿਆਰ ਕਰ ਲਿਆਇਆ। ਨਾਸ਼ਤੇ ਤੋਂ ਨਿੱਬੜ ਕੇ ਤਿੰਨੇ ਮਸਨਦ (ਆਰਾਮ ਕਰਨ ਵਾਲੀ ਗੱਦੀ ਜਿਸ ਉੱਤੇ ਢੋਅ ਲਾਉਣ ਲਈ ਵੱਡੇ ਗੋਲ ਸਿਰਹਾਣੇ ਰੱਖੇ ਹੁੰਦੇ ਹਨ) ਉੱਪਰ ਬੈਠ ਗਏ। ਤਹਿਮਸ ਖ਼ਾਂ ਮਸਕੀਨ ਨੇ ਹੁੱਕਾ ਭਰਵਾ ਕੇ ਆਪਣੇ ਅੱਗੇ ਰੱਖ ਲਿਆ। ਉਹ ਕਿੱਸੇ ਵੀ ਲਿਖਦਾ ਸੀ ਤੇ ਕਿੱਸਾ ਸੁਣਾਉਣ ਦੀ ਕਲਾ ਦਾ ਮਾਹਰ ਵੀ ਸੀ। ਹੁੱਕੇ ਦਾ ਇੱਕ ਸੂਟਾ ਲਾ ਕੇ ਉਸਨੇ ਆਪਣੇ ਅੰਦਾਜ਼ ਵਿੱਚ ਕਿੱਸਾ ਸੁਣਾਉਣਾ ਸ਼ੁਰੂ ਕੀਤਾ—

"ਚਾਰ ਦਿਨ ਪਹਿਲਾਂ ਦੀ ਗੱਲ ਹੈ। ਅਸਾਂ ਚਾਰ ਸੌ ਘੁੜਸਵਾਰ ਭਰਤੀ ਕੀਤੇ ਸਨ। ਸ਼ਹਿਰ ਦੇ ਬਾਹਰਵਾਰ ਕੈਂਪ ਲੱਗਿਆ ਹੋਇਆ ਸੀ। ਮੈਂ ਸਵੇਰ ਤੋਂ ਅੱਧੀ ਰਾਤ ਤੱਕ ਇਹਨਾਂ ਘੁੜਸਵਾਰਾਂ ਦੀ ਲਿਸਟ ਬਣਾਉਣ ਵਿੱਚ ਰੁੱਝਿਆ ਰਿਹਾ। ਦਰਬ ਬੇਗ਼ ਤੇ ਮੇਰੇ ਸਿਵਾਏ ਸਾਰੇ ਸੌਂ ਚੁੱਕੇ ਸਨ ਕਿ ਅਚਾਨਕ ਮੁਗ਼ਲਾਨੀ ਬੇਗ਼ਮ ਮਰਦਵੇਂ ਭੇਸ ਵਿੱਚ ਕੈਂਪ ਵਿੱਚ ਆਣ ਵੜੀ।"

"ਮਰਦਾਵੇਂ ਭੇਸ ਵਿੱਚ?"

"ਹਾਂ, ਮਰਦਾਵੇਂ ਭੇਸ ਵਿਚ। ਲੰਮਾ ਚੋਗਾ ਪਾਇਆ ਹੋਇਆ ਸੀ ਤੇ ਸਿਰ ਉਪਰ ਮੁਗ਼ਲਈ ਦਸਤਾਰ ਬੰਨੀ ਹੋਈ ਸੀ। ਮੈਂ ਤੇ ਦਰਬ ਬੇਗ਼ ਦੋਹੇਂ ਤ੍ਰਬਕ ਗਏ। ਪੁੱਛਿਆ ਕਿ ਮਾਜਰਾ ਕੀ ਹੈ। ਬੇਗ਼ਮ ਨੇ ਦੱਸਿਆ ਕਿ ਇੱਕ ਮੁੱਲਾ ਨੇ ਉਹਨਾਂ ਨੂੰ ਇੱਕ ਦੱਬਿਆ ਹੋਇਆ ਖ਼ਜ਼ਾਨਾ ਦੱਸਣ ਦਾ ਵਾਅਦਾ ਕੀਤਾ ਏ। 'ਤੁਸੀਂ ਮੈਨੂੰ ਜਿਹੜਾ ਦੋ ਹਜ਼ਾਰ ਰੁਪਇਆ ਲਿਆ ਕੇ ਦਿੱਤਾ ਸੀ, ਮੈਂ ਉਸ ਮੁੱਲਾ ਨੂੰ ਦੇ ਦਿੱਤਾ ਏ। ਉਹ ਉਹਨਾਂ ਵਿੱਚੋਂ ਪੰਜ ਸੌ ਰੁਪਏ ਦੀ ਧੂਫ਼ ਬੱਤੀ ਖ਼ਰੀਦੇਗਾ, ਪੰਜ ਸੌ ਰੁਪਏ ਦਾ ਕਾਲ਼ੇ-ਚਿੱਟੇ ਰੰਗ ਦਾ ਘੋੜਾ ਖ਼ਰੀਦੇਗਾ—ਜਿਸਦੀ 'ਕੁਰਬਾਨੀ' ਦਿੱਤੀ ਜਾਏਗੀ। ਮੁੱਲਾ ਨੂੰ ਜੋ ਇਨਾਮ ਮਿਲਣਾ ਹੈ, ਹਜ਼ਾਰ ਰੁਪਇਆ ਉਸ ਵਿੱਚੋਂ ਪੇਸ਼ਗੀ ਦੇ ਦਿੱਤਾ ਗਿਆ ਹੈ। ਮੁੱਲਾ ਨੇ ਘੋੜੇ ਦੀ ਕੁਰਬਾਨੀ ਦੇਣ ਦਾ ਇਹੀ ਵੇਲਾ ਠੀਕ ਦੱਸਿਆ ਸੀ। ਤੁਸੀਂ ਮੇਰੇ ਨਾਲ਼ ਚੱਲੋ... ਕੁਦਾਲਚੀ, ਮਸ਼ਾਲਚੀ ਬਾਹਰ ਖੜੇ ਇੰਤਜ਼ਾਰ ਕਰ ਰਹੇ ਨੇ। 'ਮੈਂ ਸੁਣਿਆਂ ਤਾਂ ਮੱਥਾ ਪਿੱਟ ਲਿਆ। ਮੇਰੇ ਸਾਰੇ ਮਨਸੂਬੇ ਮਿੱਟੀ ਵਿੱਚ ਮਿਲ ਗਏ। ਮੈਂ ਫ਼ੈਜ਼ੁੱਲਾ ਬੇਗ਼ ਨੂੰ ਉਸ ਖੰਡਰ ਵਿੱਚ ਭੇਜਿਆ, ਜਿੱਥੇ ਖ਼ਜ਼ਾਨਾ ਦੱਬਿਆ ਦੱਸਿਆ ਗਿਆ ਸੀ...ਤੇ ਜਿੱਥੇ ਕਾਲ਼ੇ-ਚਿੱਟੇ ਘੋੜੇ ਦੀ ਕੁਰਬਾਨੀ ਦਿੱਤੀ ਜਾਣੀ ਸੀ। ਉਹਨੂੰ ਹਦਾਇਤ ਕੀਤੀ ਕਿ ਜਾ ਕੇ ਉਸ ਮੁੱਲਾ ਦਾ ਪਤਾ ਕਰੇ। ਫ਼ੈਜ਼ੁੱਲਾ ਬੇਗ਼ ਨੇ ਆ ਕੇ ਦੱਸਿਆ ਕਿ ਨਾ ਉੱਥੇ ਮੁੱਲਾ ਹੈ, ਨਾ ਘੋੜਾ। ਖੰਡਰ ਵਿੱਚ ਮੁਕੰਮਲ ਸੰਨਾਟਾ ਹੈ। ਉਸਨੂੰ ਦਰਬ ਬੇਗ਼ ਨਾਲ਼ ਦੁਬਾਰਾ ਭੇਜਿਆ ਗਿਆ। ਉਹਨਾਂ ਨੂੰ ਉੱਥੇ ਕੋਈ ਚੂਹੀ ਜਾਂ ਚਕਚੂੰਧਰ ਤੱਕ ਨਜ਼ਰ ਨਹੀਂ ਆਈ। ਇੱਕ ਆਦਮੀ ਮੁੱਲਾ ਦੇ ਮਕਾਨ ਵੱਲ ਭੇਜਿਆ ਗਿਆ। ਗੁਆਂਢੀਆਂ ਨੇ ਦੱਸਿਆ ਕਿ ਮੁੱਲਾ ਨੇ ਇਹ ਮਕਾਨ ਦਸ ਦਿਨਾਂ ਲਈ ਕਿਰਾਏ 'ਤੇ ਲਿਆ ਸੀ। ਕੱਲ ਸ਼ਾਮੀਂ ਮੁੱਲਾ ਤੇ ਉਸਦੇ ਘਰ ਵਾਲੇ ਇੱਥੋਂ ਚਲੇ ਗਏ ਨੇ। ਬੇਗ਼ਮ ਹਿਰਖ ਗਈ ਤੇ ਗੁੱਸੇ ਦੀ ਮਾਰੀ ਆਪੇ 'ਚੋਂ ਬਾਹਰ ਹੋ ਗਈ। ਉਸਨੇ ਮਹਿਲ ਵਿੱਚ ਜਾ ਕੇ ਉਹਨਾਂ ਨੌਕਰਾਂ ਤੇ ਨੌਕਰਾਣੀਆਂ ਨੂੰ ਖ਼ੂਬ ਕੁਟਾਪਾ ਚਾੜਿਆ, ਜਿਹਨਾਂ ਮੁੱਲਾ ਦੇ ਝਾਂਸੇ ਦਾ ਯਕੀਨ ਦਿਵਾਇਆ ਸੀ।"

ਕਿੱਸਾ ਖ਼ਤਮ ਕਰਕੇ ਤਹਿਮਸ ਮਸਕੀਨ ਹੁੱਕੇ ਦੇ ਲੰਮੇਂ-ਲੰਮੇਂ ਸੂਟੇ ਲਾਉਣ ਲੱਗ ਪਿਆ ਤੇ ਧੂੰਆਂ ਛੱਤ ਵੱਲ ਛੱਡਦਾ ਰਿਹਾ। ਭੂਪਾ ਸ਼ਾਹ ਤੇ ਸ਼ਾਹ ਅਲੀ ਚੁੱਪਚਾਪ ਬੈਠੇ ਉਸ ਵੱਲ ਦੇਖਦੇ ਰਹੇ।

"ਮੈਂ ਜਿਹੜੇ ਰੰਗਰੂਟ ਭਰਤੀ ਕੀਤੇ ਸਨ।" ਮਸਕੀਨ ਫੇਰ ਬੋਲਿਆ, "ਮੇਰੇ ਕੋਲ਼ ਉਹਨਾਂ ਨੂੰ ਦੇਣ ਲਈ ਪੈਸੇ ਨਹੀਂ ਸਨ। ਉਹ ਵਿਚਾਰੇ ਲੜ-ਝਗੜ ਕੇ ਭੱਜ ਗਏ।" ਤਹਿਮਸ ਨੇ ਹੁੱਕੇ ਦਾ ਸੂਟਾ ਖਿੱਚਿਆ, ਧੂੰਆਂ ਉੱਪਰ ਵੱਲ ਛੱਡਿਆ ਤੇ ਅੱਗੇ ਕਿਹਾ,

ਬਾਕੀ ਸਫ਼ਾ 34 'ਤੇ

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਮਨੁੱਖਤਾ ਦਾ ਰਿਸ਼ਤਾ



## ਗੁਰਬਚਨ ਸਿੰਘ ਭੁੱਲਰ

ਕੁਝ ਦਿਨ ਪਹਿਲਾਂ ਦੀ ਘਟਨਾ ਹੈ। ਮੈਂ ਦਿੱਲੀ ਆਪਣੇ ਘਰ ਦੇ ਸਾਹਮਣੇ ਗਲੀ ਵਿੱਚ ਕੁਝ ਗੁਆਂਢੀਆਂ ਨਾਲ਼ ਖੜ੍ਹਾ ਗੱਲਾਂ ਕਰ ਰਿਹਾ ਸੀ। ਉਨ੍ਹਾਂ ਵਿੱਚੋਂ ਇੱਕ ਦਾ ਦਸ ਕੁ ਸਾਲ ਦਾ ਲੜਕਾ ਆਇਆ ਅਤੇ ਕਹਿੰਦਾ, 'ਡੈਡੀ, ਆਪ ਕੀ ਸਿਸਟਰ ਆਈ ਹੈ, ਘਰ ਚਲੀਏ।' ਇੰਨਾ ਕਹਿ ਕੇ ਵਾਪਸ ਭੱਜਣ ਲੱਗੇ ਦੀ ਮੈਂ ਬਾਂਹ ਫੜ ਲਈ ਅਤੇ ਕਿਹਾ, 'ਬੇਟਾ, ਉਹ ਤੇਰੀ ਵੀ ਕੁਝ ਲਗਦੀ ਹੈ ਕਿ ਨਹੀਂ ?'

ਉਹਨੇ ਰਿਸ਼ਤਾ ਯਾਦ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ, 'ਲਗਤੀ ਹੈ' 'ਊਂ' 'ਊਂ' ਕਿਆ ਲਗਤੀ ਹੈ 'ਊਂ ਬੂਆ', ਅਤੇ ਉਹ ਬਾਂਹ ਛੁਡਾ ਕੇ ਭੱਜ ਗਿਆ।

ਜੇ ਸਰਸਰੀ ਦੇਖੋ, ਗੱਲ ਛੋਟੀ ਜਿਹੀ ਹੈ ਪਰ ਜੇ ਧਿਆਨ ਨਾਲ਼ ਸੋਚੋ, ਗੱਲ ਬਹੁਤ ਵੱਡੀ ਹੈ। ਇਹ ਸਾਡੇ ਸਮਾਜ ਵਿੱਚ ਰਿਸ਼ਤਿਆਂ ਦੀ ਪਛਾਣ ਅਤੇ ਪਕੜ ਮੱਧਮ ਪੈਂਦੀ ਜਾਣ ਦੀ ਨਿਸ਼ਾਨੀ ਹੈ।

ਅਸਲ ਵਾਰਤਾ ਦੀ ਭੂਮਿਕਾ ਵਜੋਂ ਇੱਕ ਹੋਰ ਗੱਲ ਸੁਣਾਉਣੀ ਵੀ ਠੀਕ ਰਹੇਗੀ। ਕੋਈ ਅੱਧੀ ਸਦੀ ਪਹਿਲਾਂ ਦੀ ਗੱਲ ਹੈ। ਮੇਰੇ ਬਾਪੂ ਜੀ ਦਿੱਲੀ ਸਾਡੇ ਨਾਲ਼ ਰਹਿੰਦਿਆਂ ਜਦੋਂ ਸਾਂਝੀ ਕੰਧ ਵਾਲੇ ਗੁਆਂਢੀਆਂ ਨੂੰ ਇੱਕ ਦੂਜੇ ਦੇ ਅੱਗੇ-ਪਿੱਛੇ ਬਾਰੇ ਬਿਲਕੁਲ ਬੇਪਤਾ ਦੇਖਦੇ ਤਾਂ ਬੜੇ ਹੈਰਾਨ ਹੁੰਦੇ। ਉਹ ਆਖਿਆ ਕਰਦੇ ਸਨ, ਸਾਡੇ ਜ਼ਮਾਨੇ ਵਿੱਚ ਲੋਕ ਅਣਜਾਣੇ ਬੰਦੇ ਨਾਲ਼ ਪੈਦਲ ਰਾਹ ਤੁਰਦਿਆਂ ਜਾਂ ਰੇਲ-ਗੱਡੀ ਵਿੱਚ ਕੋਲ਼ ਬੈਠਿਆਂ ਇੱਕ ਦੂਜੇ ਦਾ ਨਾਂ-ਪਤਾ, ਪਿੰਡ-ਗਰਾਂ ਤਾਂ ਪੁੱਛਦੇ ਹੀ, ਨਾਨਕਿਆਂ-ਦਾਦਕਿਆਂ, ਸਕੇ-ਸੰਬੰਧੀਆਂ, ਵਾਹੀ-ਖੇਤੀ ਤੱਕ ਹੋਰ ਸਾਰੀ ਜਾਣਕਾਰੀ ਦਾ ਵੀ ਲੈਣ-ਦੇਣ ਕਰ ਲੈਂਦੇ ਸਨ।

ਅਸੀਂ ਉਸ ਸਮੇਂ ਜਿਸ ਫ਼ਲੈਟ ਵਿੱਚ ਰਹਿੰਦੇ ਸੀ, ਉਹ ਪੌੜੀਆਂ ਚੜ੍ਹ ਕੇ ਖੱਬੇ ਪਾਸੇ ਸੀ ਅਤੇ ਸਾਹਮਣੇ ਸੱਜੇ ਪਾਸੇ ਇੱਕ ਹੋਰ ਪੰਜਾਬੀ ਪਰਿਵਾਰ ਰਹਿੰਦਾ ਸੀ। ਦੋਵਾਂ ਦਰਵਾਜ਼ਿਆਂ ਵਿਚਕਾਰ ਮਸਾਂ ਤਿੰਨ ਕੁ ਗਜ਼ ਦੀ ਵਿੱਥ ਸੀ। ਜਦੋਂ ਕਦੀ ਪੌੜੀਆਂ ਵਿੱਚ ਮੇਲ ਹੁੰਦਾ, ਮੈਂ ਉਹਨੂੰ ਮਦਾਨ ਸਾਹਿਬ ਆਖ ਕੇ ਦੁਆ-ਸਲਾਮ ਕਰ ਦਿੰਦਾ, ਉਹ ਮੈਨੂੰ ਭੁੱਲਰ ਸਾਹਿਬ ਆਖ ਕੇ ਜਵਾਬ ਦੇ ਦਿੰਦਾ। ਬਾਪੂ ਜੀ ਇੱਕ ਦਿਨ ਮੈਨੂੰ ਕਹਿੰਦੇ, 'ਐਹ ਆਪਣੇ ਸਾਹਮਣੇ ਵਾਲ਼ੇ ਮਦਾਨ ਦਾ ਨਾਂ ਕੀ ਐ ਤੇ ਇਹ ਕਿੱਥੋਂ ਦੇ ਨੇ ?'

ਮੈਂ ਕਿਹਾ, 'ਪਤਾ ਨਹੀਂ, ਬਾਪੂ ਜੀ। ਕਦੇ ਕੁਛ ਜਾਣਨ ਦੀ ਲੋੜ ਹੀ ਨਹੀਂ ਪਈ। ਨਾਂ ਤਾਂ ਸਭ ਮਦਾਨ ਹੀ ਲੈਂਦੇ ਨੇ।'

ਉਹ ਹੈਰਾਨ ਹੋਏ, 'ਹੱਦ ਹੋ ਗਈ ! ਗੁਆਂਢੀ ਹਾਂ ਤੇ ਨਾਂ-ਥਾਂ ਦਾ ਪਤਾ ਨਹੀਂ।'

ਮੈਂ ਕੱਚਾ ਜਿਹਾ ਹੋ ਕੇ ਕਿਹਾ, 'ਬਾਪੂ ਜੀ, ਵੱਡੇ ਸ਼ਹਿਰਾਂ ਦਾ ਜੀਵਨ ਆਪਣੇ ਪਿੰਡਾਂ ਨਾਲ਼ੋਂ ਬਿਲਕੁਲ ਵੱਖਰਾ ਹੈ। ਇੱਥੇ ਇਹੋ ਜਿਹੀ ਪੁੱਛ-ਦੱਸ ਦਾ ਲੋਕ ਬੁਰਾ ਮਨਾਉਂਦੇ ਨੇ। ਕਹਿੰਦੇ ਨੇ, ਕਿਸੇ ਦੂਜੇ ਨੂੰ ਇਨ੍ਹਾਂ ਗੱਲਾਂ ਨਾਲ਼ ਕੀ ਮਤਲਬ।'

ਉਹ ਬੋਲੇ, 'ਉਨ੍ਹਾਂ ਦੀ ਗੱਲ ਠੀਕ ਹੈ। ਜੇ ਕਿਸੇ ਨੇ, ਉਹਦਾ ਇਹ ਸਭ ਪੁੱਛਣ ਦਾ ਕੀ ਮਤਲਬ। ਪਰ ਅਸੀਂ ਕਿਸੇ ਥੋੜ੍ਹੇ ਹਾਂ, ਅਸੀਂ ਤਾਂ ਗੁਆਂਢੀ ਹਾਂ।'

ਇਸ ਮਾਨਵਵਾਦੀ ਤਰਕ ਦਾ ਕੀ ਜਵਾਬ ਹੋ ਸਕਦਾ ਸੀ, ਮੈਂ ਚੁੱਪ ਕਰਨਾ ਹੀ ਠੀਕ ਸਮਝਿਆ। ਮੈਂ ਸੋਚਿਆ, ਗੱਲ ਮੁੱਕ ਗਈ ਪਰ ਮੁੱਕੀ ਹੈ ਨਹੀਂ ਸੀ। ਸ਼ਾਮ ਨੂੰ ਬਾਪੂ ਜੀ ਨੇੜਲੇ ਪਾਰਕ ਵਿੱਚ ਸੈਰ ਕਰ ਕੇ ਮੁੜੇ ਤਾਂ ਸਾਨੂੰ ਦੋਵਾਂ ਨੂੰ ਕੋਲ਼ ਬੁਲਾ ਕੇ ਕਹਿੰਦੇ, 'ਸੈਰ ਤੋਂ ਮੁੜਦਾ ਮੈਂ ਆਪਣੇ ਮਦਾਨ ਦੇ ਘਰ ਚਲਿਆ ਗਿਆ ਸੀ।'

ਫੇਰ ਉਨ੍ਹਾਂ ਨੇ ਸਾਨੂੰ ਮਦਾਨ ਦਾ ਪੂਰਾ ਨਾਂ, ਉਨ੍ਹਾਂ ਦਾ ਪਾਕਿਸਤਾਨ ਦਾ ਪਿੱਛਾ, ਭਰਾ-ਭੈਣ, ਮਾਮੇ-ਭੂਆ, ਦਫ਼ਤਰ, ਵਗੈਰਾ ਦੀ ਸਾਰੀ ਜਾਣਕਾਰੀ ਦੇ ਦਿੱਤੀ ਅਤੇ ਬੋਲੇ, 'ਮਦਾਨ ਦੇ ਘਰੋਂ ਬੀਬੀ ਬੜੀ ਭਲੀ ਹੈ, ਮੱਲੋ-ਜ਼ੋਰੀ ਮਠਿਆਈ ਨਾਲ਼ ਚਾਹ ਪਿਆਈ।'

ਇੱਕ ਰਿਸ਼ਤਾ ਸਕੇ-ਸੰਬੰਧੀਆਂ ਤੇ ਗੁਆਂਢੀਆਂ ਨਾਲ਼ ਹੁੰਦਾ ਹੈ ਅਤੇ ਇੱਕ ਰਿਸ਼ਤਾ ਵਾਕਫ਼ਾਂ-ਦੋਸਤਾਂ ਤੇ ਸਹਿਕਰਮੀਆਂ ਨਾਲ਼ ਹੁੰਦਾ ਹੈ। ਪਰ ਜੇ ਸਮਝੀਏ ਤਾਂ ਮਨੁੱਖ ਦੇ ਨਾਤੇ ਸਾਡਾ ਇੱਕ ਰਿਸ਼ਤਾ ਹਰ ਮਨੁੱਖ ਨਾਲ਼ ਹੁੰਦਾ ਹੈ, ਉਸ ਨੂੰ ਅਸੀਂ ਜਾਣਦੇ ਹੋਈਏ ਜਾਂ ਨਾ। ਤੇ ਇਹੋ ਰਿਸ਼ਤਾ ਸਭ ਤੋਂ ਖ਼ੂਬਸੂਰਤ ਰਿਸ਼ਤਾ ਹੁੰਦਾ ਹੈ। ਜਾਨਵਰਾਂ ਨੂੰ ਕੁਦਰਤ ਨੇ ਇਹ ਸਮਰੱਥਾ ਨਹੀਂ ਦਿੱਤੀ ਪਰ ਅਸੀਂ ਕਿਸੇ ਵੀ ਮਨੁੱਖ ਦੇ ਸੁੱਖ ਵਿੱਚ ਸੁਖੀ ਅਤੇ ਦੁੱਖ ਵਿੱਚ ਦੁਖੀ ਮਹਿਸੂਸ ਕਰਨ ਦੇ ਸਮਰੱਥ ਹਾਂ ਅਤੇ ਸਾਨੂੰ ਕਰਨਾ ਚਾਹੀਦਾ ਵੀ ਹੈ।

ਜਦੋਂ ਕਦੇ ਅਜਿਹਾ ਜ਼ਿਕਰ ਚੱਲਦਾ ਹੈ, ਚਾਚਾ ਗੁਰਬਖ਼ਸ਼ ਸਿੰਘ ਯਾਦ ਆ ਜਾਂਦਾ ਹੈ। ਉਹ ਸਾਡੇ ਸਕੇ ਘਰਾਂ ਵਿੱਚੋਂ ਤਾਂ ਨਹੀਂ ਸੀ ਪਰ ਉਨ੍ਹਾਂ ਦਾ ਮਕਾਨ ਸਾਡੇ ਨੇੜੇ ਹੀ ਸੀ। ਚਾਚੇ ਦੀਆਂ ਤਿੰਨ ਭੈਣਾਂ ਸਨ, ਸਾਡੀਆਂ ਭੂਆ। ਉਸ ਦੇ ਦੁੱਖ-ਸੁਖ ਦੇ, ਖ਼ੁਸ਼ੀ-ਗ਼ਮੀ ਦੇ ਹਰ ਮੌਕੇ ਉਹ ਤਿੰਨੇ ਆ ਹਾਜ਼ਰ ਹੁੰਦੀਆਂ। ਜਦੋਂ ਮੈਂ ਕੁਛ ਵੱਡਾ ਹੋਇਆ ਤਾਂ ਇੱਕ ਦਿਨ ਉਨ੍ਹਾਂ ਦੇ ਟੱਬਰ ਦੀ ਅਤੇ ਚਾਚੇ ਦੇ ਚੰਗੇ ਸੁਭਾਅ ਦੀ ਗੱਲ ਚੱਲੀ ਤੋਂ ਮੇਰੀ ਮਾਂ ਕਹਿੰਦੀ, 'ਸਕੀਆਂ ਭੈਣਾਂ ਤਾਂ ਤੇਰੇ ਚਾਚੇ ਦੀਆਂ ਦੋ ਹੀ ਨੇ, ਤੀਜੀ ਬੰਤੋ ਦੀ ਤਾਂ ਭਾਈ ਹੋਰ ਹੀ ਕਹਾਣੀ ਹੈ।'

ਜਦੋਂ ਮਾਂ ਨੇ ਪੂਰਾ ਕਿੱਸਾ ਸੁਣਾਇਆ, ਉਸ ਸਮੇਂ ਦੇ ਪੇਂਡੂ ਮਾਹੌਲ ਵਿੱਚ ਨੇਕ ਬੰਦਿਆਂ ਦੀ ਅਤੇ ਉਨ੍ਹਾਂ ਦੇ ਨਿਰਮਲ ਦਿਲਾਂ ਦੀਆਂ ਗੱਲਾਂ ਦੀ ਕੋਈ ਘਾਟ ਨਾ ਹੋਣ ਦੇ ਬਾਵਜੂਦ ਮੈਂ ਹੈਰਾਨ ਰਹਿ ਗਿਆ। ਮੇਰੇ ਮੂੰਹੋਂ ਸੁੱਤੇ-ਸਿੱਧ ਨਿਕਲ ਗਿਆ, 'ਵਾਹ ਚਾਚਾ ਗੁਰਬਖ਼ਸ਼ ਸਿਆਂ, ਕਮਾਲ ਕਰ ਦਿੱਤੀ ਤੂੰ ਤਾਂ।'

ਹੁਣ ਤਾਂ ਰੱਬ ਜਾਣੇ, ਉਸ ਤੋਂ ਵੀ ਵੱਡਾ ਜੰਕਸ਼ਨ ਹੋਰ ਕੋਈ ਹੋਰ ਕਿਤੇ ਬਣ ਗਿਆ ਹੈ ਕਿ ਨਹੀਂ, ਬਠਿੰਡਾ ਉਦੋਂ ਰੇਲਾਂ ਦਾ ਏਸ਼ੀਆ ਦਾ ਸਭ ਤੋਂ ਵੱਡਾ ਜੰਕਸ਼ਨ ਮੰਨਿਆ ਜਾਂਦਾ ਸੀ। ਉੱਥੋਂ ਸੱਤ ਪਾਸਿਆਂ ਨੂੰ ਰੇਲਾਂ ਜਾਂਦੀਆਂ ਹਨ। ਮਤਲਬ ਵਾਇਆ ਬਠਿੰਡੇ ਕਿਤੇ ਵੀ ਪਹੁੰਚਿਆ ਜਾ ਸਕਦਾ ਹੈ। ਸਾਡੇ ਪਿੰਡ ਵਾਸਤੇ ਬਠਿੰਡਾ-ਅੰਬਾਲਾ ਲਾਈਨ ਉੱਤੇ ਚੌਵੀ ਘੰਟਿਆਂ ਵਿੱਚ ਦੋ ਗੱਡੀਆਂ ਇੱਧਰ ਨੂੰ ਅਤੇ ਦੋ ਉੱਧਰ ਨੂੰ ਚੱਲਦੀਆਂ ਸਨ। ਅੱਜ ਦੇ ਮਾਰੋ-ਮਾਰ ਰੁਝੇਵੇਂ ਨਹੀਂ ਸਨ ਹੁੰਦੇ। ਇੱਕ ਰੇਲ ਖੁੰਝੀ ਤੋਂ ਲੋਕ ਪਲੇਟਫ਼ਾਰਮ ਉੱਤੇ ਬੈਠੇ ਆਰਾਮ ਨਾਲ਼ ਗੱਲਾਂ ਮਾਰਦੇ ਹੋਏ ਜਾਂ ਲੰਮੇ ਪਏ ਹੋਏ ਅਗਲੀ ਗੱਡੀ ਦੀ ਉਡੀਕ ਕਰਦੇ ਰਹਿੰਦੇ।

ਇੱਕ ਦਿਨ ਚਾਚਾ ਗੁਰਬਖ਼ਸ਼ ਸਿੰਘ ਬਠਿੰਡੇ ਦੇ ਮੁਸਾਫ਼ਰਖ਼ਾਨੇ ਦੇ ਬੈਂਚ ਉੱਤੇ ਬੈਠਾ ਰੇਲ ਉਡੀਕ ਰਿਹਾ ਸੀ ਤਾਂ ਇੱਕ ਸੁਆਣੀ ਉਸੇ ਬੈਂਚ ਉੱਤੇ ਗਠੜੀ ਰੱਖ ਕੇ ਬੈਠ ਗਈ। ਗੱਲਾਂ ਤਾਂ ਚੱਲਣੀਆਂ ਹੀ ਹੋਈਆਂ। ਲੋਕ ਇੱਕ ਦੂਜੇ ਨਾਲ਼ ਮਨੁੱਖੀ ਰਿਸ਼ਤਾ ਸਮਝਦਿਆਂ ਗੱਲੀਂ ਪੈਂਦੇ ਹੀ ਸਨ। ਸੁਆਣੀ ਨੇ ਆਪਣੇ ਪਿੰਡ ਜਾਣ ਵਾਸਤੇ ਮਾਨਸਾ ਵਾਲੀ ਗੱਡੀ ਫੜਨੀ ਸੀ। ਚਾਚੇ ਨੂੰ ਲੱਗਿਆ, ਕੋਈ ਕਸਰ ਜ਼ਰੂਰ ਹੈ, ਉਹ ਕੁਛ ਢਿੱਲੀ ਜਿਹੀ ਹੈ। ਉਹਨੇ ਪੁੱਛਿਆ, 'ਬੀਬੀ, ਤੇਰਾ ਕੁਝ ਦੁਖਦਾ ਹੈ ?' ਉਸ ਨੇ ਨਹੀਂ ਵਿੱਚ ਸਿਰ ਫੇਰਿਆ।

ਚਾਚਾ ਕਹਿੰਦਾ, 'ਫੇਰ ਭਾਈ ਤੂੰ ਉਦਾਸੀ ਜਿਹੀ ਕਿਉਂ ਹੈਂ ?' ਉਹ ਬੋਲੀ, 'ਕੀ ਦੱਸਾਂ ਭਾਈ, ਮਹੀਨੇ ਕੁ ਨੂੰ ਮੇਰੀ ਧੀ ਦਾ ਵਿਆਹ ਐ। ਅੱਜ ਸੁਨਿਆਰ ਨੂੰ ਕੁਝ ਟੂਮ-ਟੱਲਾ ਬਣਨਾ ਦੇ ਕੇ ਆਈ ਆਂ ਤੇ ਐਹ ਕੁਝ ਲੀੜੇ-ਲੱਤੇ ਲੈ ਕੇ ਚੱਲੀ ਆਂ। ਵਿਆਹ ਦੀ ਖ਼ਰੀਦ ਵਿੱਚ ਲੱਗੀ ਦੀ ਮੇਰੀ ਸੁਰਤ ਮੁੜ-ਮੁੜ ਪੇਕਿਆਂ ਵੱਲੀਂ ਭਟਕਦੀ ਰਹੀ। ਮੇਰੇ ਕੋਈ ਭਰਾ ਨਹੀਂ। ਮੈਨੂੰ ਇਹੋ ਵਿਗੋਚਾ ਖਾਈ ਜਾਂਦਾ ਐ ਭਾਈ, ਨਾਨਕੇ ਵਿਹਾਰ ਕਿਵੇਂ ਨਿਭਣਗੇ। ਜੇ ਰੱਬ ਨੇ ਮੇਰੀ ਧੀ ਦਾ ਕੋਈ ਸਕਾ ਮਾਮਾ ਦਿੱਤਾ ਹੁੰਦਾ, ਹੁੱਬ ਕੇ ਵਿਆਹ ਆਉਂਦਾ ਤੇ ਸਾਰੇ ਵਿਹਾਰ ਨਿਭਾਉਂਦਾ।' ਉਹਦੀਆਂ ਅੱਖਾਂ ਭਿੱਜ ਗਈਆਂ ਤੇ ਉਹ ਹੌਕਾ ਲੈ ਕੇ ਚੁੱਪ ਕਰ ਗਈ।

ਚਾਚੇ ਨੇ ਉਹਦਾ ਉਦਾਸਿਆ ਚਿਹਰਾ ਗਹੁ ਨਾਲ਼ ਦੇਖਿਆ ਤੇ ਕਹਿੰਦਾ, 'ਕੁੜੀਏ ਕੌਣ ਕਹਿੰਦਾ ਹੈ, ਤੇਰੇ ਭਰਾ ਨਹੀਂ, ਆਹ ਦੇਖ ਬੈਠਾ ਤੇਰਾ ਭਰਾ, ਤੇਰਾ ਸਕਾ ਭਰਾ, ਗੁਰਬਖ਼ਸ਼ ਸਿਉਂ ਨਾਂ ਹੈ ਮੇਰਾ ਤੇ ਪਿੰਡ ਪਿੱਥੋ। ਪੂਰੇ ਪਿੰਡ ਵਿੱਚ ਹੋਰ ਕੋਈ ਗੁਰਬਖ਼ਸ਼ ਸਿਉਂ ਹੈ ਹੀ ਨਹੀਂ। ਦੋ ਅੱਖਰ ਲਿਖਾ ਕੇ ਡਾਕਖ਼ਾਨੇ ਦਾ ਕੱਚਾ ਕਾਟ ਨਾ ਪਾ ਦੇਈਂ, ਨਾਈ ਹੱਥ ਪੱਕੀ ਗੰਢ ਭੇਜੀਂ। ਨਾਈ ਨੂੰ ਉਹਦਾ ਵਿਹਾਰ ਦੇਊਂ। ਵਿਆਹ ਵੇਲੇ ਜੋ ਟੂਮ-ਟਾਕੀ ਸਰੀ, ਮੈਂ ਤੇਰੀ ਭਰਜਾਈ ਤੇ ਹੋਰ ਸਾਰੇ ਮਹੈਣ ਨਾਲ਼ ਨਾਨਕ-ਛੱਕ ਲੈ ਕੇ ਆਊਂਗਾ। ਨਾਨਕਿਆਂ ਵਾਲੇ ਪੂਰੇ ਵਿਹਾਰ ਕਰਾਂਗੇ ਅੱਗੇ ਹੋ-ਹੋ, ਐਵੇਂ ਨਾ ਉਦਾਸ ਬੈਠ। ਮੇਰੀ ਭਾਣਜੀ ਦਾ ਸਾਹਾ ਐ, ਖ਼ੁਸ਼ੀ ਦਾ ਮੌਕਾ ਐ, ਖ਼ੁਸ਼ ਹੋ ਕਮਲੀਏ।'

ਬੇਯਕੀਨੀ ਜਿਹੀ ਨਾਲ਼ ਸੁਣਦੀ ਰਹੀ ਬੀਬੀ ਦਾ ਜਿਵੇਂ ਕੜ ਪਾਟ ਗਿਆ ਹੋਵੇ। ਉਹ ਉੱਠ ਕੇ ਚਾਚੇ ਦੇ ਗਲ਼ ਨੂੰ ਚਿੰਬੜ ਕੇ ਧਾਹਾਂ ਮਾਰਨ ਲੱਗੀ, 'ਕਿੱਥੇ ਗੁਆਚਿਆ ਰਿਹਾ ਵੇ ਮੇਰਿਆ ਸਰਵਣਾ ਵੀਰਾ।'

ਵਿਆਹ ਦਾ ਦਿਨ ਨੇੜੇ ਆਉਂਦਾ ਜਾਂਦਾ ਸੀ। ਰਿਸ਼ਤੇਦਾਰੀਆਂ ਵਿੱਚ ਗੰਢਾਂ ਭੇਜੀਆਂ ਜਾਣ ਲੱਗੀਆਂ। ਇੱਕ ਦਿਨ ਜਦੋਂ ਜੱਗਰ ਨਾਈ ਨੇ ਬੰਤੋ ਨੂੰ ਪੁੱਛਿਆ, ਅੱਜ ਗੰਢ ਕਿਹੜੀ ਰਿਸ਼ਤੇਦਾਰੀ ਵਿੱਚ ਲੈ ਕੇ ਜਾਣੀ ਹੈ, ਉਹ ਮੁਸਕਰਾਈ, 'ਭਾਈ ਜੱਗਰਾ, ਅੱਜ ਗੰਢ ਮੇਰੇ ਸਕੇ ਭਰਾ ਨੂੰ ਰਾਮਪੁਰੇ ਨੇੜੇ ਪਿੱਥੋ ਦੇਣ ਜਾਣਾ ਹੈ।'

'ਸਕਾ ਭਰਾ ?' ਜੱਗਰ ਹੈਰਾਨ, ਮੁੱਦਤਾਂ ਪਹਿਲਾਂ ਵਿਆਹ ਕੇ ਲਿਆਂਦੀ ਬੰਤੋ ਵੀ ਇਸੇ ਪਿੰਡ ਵਿੱਚ ਰਹਿੰਦੀ ਹੈ ਤੇ ਮੈਂ ਵੀ ਇੱਥੇ ਹੀ ਰਹਿੰਦਾ ਹਾਂ। ਹਰੇਕ ਘਰ ਦੀ ਇੱਕ-ਇੱਕ ਰਿਸ਼ਤੇਦਾਰੀ ਦਾ ਮੈਨੂੰ ਪਤਾ ਹੈ। ਬੰਤ ਕੁਰ ਦੇ ਭਰਾ-ਵਿਰਵੇ ਪੇਕਿਆਂ ਤੋਂ ਨਾ ਕੋਈ ਕਦੇ ਆਇਆ, ਨਾ ਗਿਆ। ਹੁਣ ਇਹਦੇ ਇਹ ਦੂਜੇ ਪੇਕੇ ਪਿੱਥੋ ਪਿੰਡ ਕਿੱਥੋਂ ਨਿੱਕਲ ਆਏ, ਤੇ ਪੇਕੇ ਵੀ ਭਰਾ ਵਾਲ਼ੇ।

ਬੰਤੋ ਉਹਦੀ ਉਲਝਣ ਦੇਖ ਕੇ ਕਹਿੰਦੀ, 'ਤੂੰ, ਭਾਈ ਜੱਗਰਾ, ਸੋਚਾਂ ਵਿੱਚ ਨਾ ਪੈ। ਜਾ ਕੇ ਦੇਖੀਂ, ਤੈਨੂੰ ਕਿਵੇਂ ਹੱਥਾਂ 'ਤੇ ਚੱਕਦੇ ਐ ਤੇ ਵਧੀਆ ਲਾਗ ਦਿੰਦੇ ਐ।'

ਨਾਈ ਗੰਢ ਲਿਆਇਆ, ਚਾਚੀ ਨੇ ਉਹਨੂੰ ਖੇਸ ਤੇ ਪੰਜ ਰੁਪਏ ਦਿੱਤੇ। ਭਾਣਜੀ ਦੇ ਵਿਆਹ ਦਾ ਸਾਰਾ ਲੈਣ-ਦੇਣ ਉਸੇ ਹਿਸਾਬ ਨਾਲ਼ ਕੀਤਾ ਜਿਵੇਂ ਦੋਵਾਂ ਸਕੀਆਂ ਭੈਣਾਂ ਦੀਆਂ ਧੀਆਂ ਦੇ ਵਿਆਹਾਂ ਵੇਲੇ ਕੀਤਾ ਸੀ। ਉਸ ਦਿਨ ਤੋਂ ਚਾਚੇ ਦੀਆਂ ਦੋ ਦੀ ਥਾਂ ਤਿੰਨ ਸਕੀਆਂ ਭੈਣਾਂ ਤਾਂ ਹੋ ਹੀ ਗਈਆਂ, ਉਸ ਮਗਰੋਂ ਉਹਦੀ ਔਲਾਦ ਲਈ ਵੀ ਉਹ ਤਿੰਨੇ ਬਰਾਬਰ ਦੀਆਂ ਸਕੀਆਂ ਭੂਆ ਰਹੀਆਂ।

ਇਉਂ ਜੇ ਬੰਦਾ ਸਮਝੇ-ਪਛਾਣੇ, ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ਼ ਸਭ ਤੋਂ ਸੰਘਣਾ ਰਿਸ਼ਤਾ ਮਨੁੱਖਤਾ ਦਾ ਰਿਸ਼ਤਾ ਹੀ ਹੁੰਦਾ ਹੈ।

---

# ਸਬਰ

**ਸੰਦੀਪ ਦਿਉੜਾ**
**8437556667**

ਸਤਵੰਤ ਕੌਰ ਸਵੇਰ-ਸਵੇਰ ਵੇਲੇ ਪਾਠ ਕਰਕੇ ਉੱਠੀ ਹੀ ਸੀ ਕਿ ਉਸਦਾ ਮੋਬਾਇਲ ਫ਼ੋਨ ਵੱਜਣ ਲੱਗ ਪਿਆ। ਮਨ ਵਿੱਚ ਸੋਚਦੀ ਉੱਠੀ ਕਿ ਵਾਹਿਗੁਰੂ ਸਭ ਸੁੱਖ ਸਾਂਦ ਹੀ ਹੋਵੇ, ਐਨੀ ਸਵੇਰੇ-ਸਵੇਰੇ ਕਿਸ ਦਾ ਫ਼ੋਨ ਆ ਗਿਆ।

'ਹੈਲੋ, ਹੈਲੋ, ਮਾਤਾ ਸਤਿ ਸ੍ਰੀ ਅਕਾਲ।

ਸਤਿਸ੍ਰੀਅਕਾਲ ਭੋਲੀ ਤੂੰ, ਸਭ ਠੀਕ-ਠਾਕ ਤਾਂ ਹੈ।

'ਠੀਕ ਕੀ ਹੋਣਾ ਹੈ ਜਦੋਂ ਤੱਕ ਬੁੱਢੀ ਬੈਠੀ ਹੈ।'

'ਨਾ ਪੁੱਤ ਐਂ ਨਹੀਂ ਕਹਿੰਦੇ, ਸੱਸ ਵੀ ਮਾਂ ਹੀ ਹੁੰਦੀ ਹੈ। ਤੇਰੇ ਫ਼ੋਨ ਨੇ ਤਾਂ ਮੇਰਾ ਕਾਲਜਾ ਹੀ ਕੱਢ ਲਿਆ ਸੀ। ਮੈਂ ਸੋਚਾਂ ਸੱਤੀ ਸਵੇਰੇ ਕਿਸ ਦਾ ਫ਼ੋਨ ਆ ਗਿਆ।'

'ਤੈਨੂੰ ਕੀ ਪਤਾ ਮੈਂ ਰਾਤ ਕਿਵੇਂ ਕੱਢੀ ਹੈ ?'

'ਅੱਛਾ ਫਿਰ ਦੱਸ ਮੇਰੀ ਰਾਣੀ ਧੀ ਕੀ ਗੱਲ ਹੋ ਗਈ ?'

'ਗੱਲ ਕੀ ਹੋਣੀ ਹੈ ? ਮੇਰੇ ਸਬਰ ਦੀ ਗਾਗਰ ਭਰ ਗਈ ਹੈ। ਮੈਂ, ਮੈਂ, ਹੋਰ ਬਰਦਾਸ਼ਤ ਨਹੀਂ ਕਰ ਸਕਦੀ, ਇਸ ਬੁੱਢੀ ਨੂੰ।'

'ਨਾ ਪੁੱਤ ਇੰਝ ਨਹੀਂ ਆਖੀਦਾ, ਨਾਲ਼ੇ ਸੱਸਾਂ ਵੀ ਤਾਂ ਮਾਵਾਂ ਹੀ ਹੁੰਦੀਆਂ ਹਨ।'

'ਮਾਵਾਂ, ਮੇਰੀ ਜੁੱਤੀ।'

'ਗੱਲ ਵੀ ਕਰੇਂਗੀ ਜਾਂ ਗੁੱਸੇ ਹੀ ਹੋਈ ਜਾਵੇਂਗੀ।'

'ਤਾਂ ਸੁਣ ਕੰਵਲ ਦਾ ਪਾਪਾ ਜਦੋਂ ਵੀ ਡਿਊਟੀ ਤੋਂ ਵਾਪਸ ਆਉਂਦਾ ਹੈ ਪਹਿਲਾਂ ਇਸੇ ਨੂੰ ਮਿਲਣ ਕਮਰੇ ਵਿੱਚ ਜਾਂਦਾ ਹੈ। ਅਖੇ ਬੇਬੇ ਜੀ ਦਾ ਮਨ ਖ਼ੁਸ਼ ਰਹਿੰਦਾ ਹੈ ਇਸ ਨਾਲ।'

'ਉਹ ਤਾਂ ਪੁੱਤ ਤੇਰਾ ਭਰਾ ਵੀ ਇੰਝ ਹੀ ਕਰਦਾ ਐ, ਡਿਊਟੀ ਤੋਂ ਵਾਪਸ ਆਉਂਦੇ ਸਾਰ ਪਹਿਲਾਂ ਮੈਨੂੰ ਮਿਲਦਾ ਹੈ ਤੇ ਫੇਰ ਕੋਈ ਹੋਰ ਕੰਮ ਕਰਦਾ ਹੈ।'

'ਮਾਤਾ ਤੇਰੇ ਨਾਲ਼ ਤਾਂ ਗੱਲ ਕਰਨੀ ਫ਼ਜ਼ੂਲ ਹੀ ਹੁੰਦੀ ਹੈ, ਪਰ ਪਤਾ ਨਹੀਂ, ਮੈਂ ਕਿਉਂ ਕਰਨ ਲਗ ਜਾਂਦੀ ਹਾਂ। ਇਹ ਤਾਂ ਮੈਂ ਬਰਦਾਸ਼ਤ ਕਰੀਂ ਜਾਂਦੀ ਹਾਂ ਪਰ ਹੁਣ ਕਹਿੰਦੀ ਰਾਤ ਨੂੰ ਕੰਵਲ ਮੇਰੇ ਨਾਲ਼ ਪੈ ਜਾਇਆ ਕਰੇਗਾ।'

'ਵਧੀਆ ਪੁੱਤ ਆਪੇ ਸਵੇਰੇ ਸਕੂਲ ਲਈ ਭੈਣ ਜੀ ਤਿਆਰ ਕਰ ਦਿਆਂਗਾ ਕਰਨਗੇ ਤੇਰਾ ਤਾਂ ਕੰਮ ਹੀ ਘੱਟਦਾ ਹੈ।'

'ਐਂ ਕਿਵੇਂ ਮੈਂ ਆਪਣਾ ਪੁੱਤ ਦੇ ਦਿਆਂ, ਪਤਾ ਨਹੀਂ ਕੀ ਕੁਝ ਸਿਖਾ ਦੇਣਾ ਹੈ ਮੇਰੇ ਬਾਰੇ। ਮੁੰਡਾ ਹੱਥਾਂ ਵਿੱਚੋਂ ਕੱਢ ਦਿਊ ਮੇਰੇ।' 'ਨਾ ਭੈਣ ਜੀ ਨੇ ਆਪਣਾ ਪੁੱਤ ਨਹੀਂ ਦਿੱਤਾ ਤੈਨੂੰ। ਕੁੜੀਏ ਜਿਹੜੇ ਤੂੰ ਸਬਰ ਦੀ ਗੱਲ ਕਰੀਂ ਜਾਂਦੀ ਐਂ, ਨਾ ਉਹ ਸਬਰ ਨੂੰਹਾਂ ਵਿੱਚ ਨਾ ਹੀ ਸੱਸਾਂ ਵਿੱਚ ਹੈ।

ਆਪਣਾ ਪੁੱਤ ਜੰਮਪਾਲ ਜਵਾਨ ਕਰ ਤੁਹਾਡੇ ਹਵਾਲੇ ਕਰ ਦਿੰਦੀਆਂ ਹਨ। ਤੀਲਾ-ਤੀਲਾ ਜੋੜ ਘਰ ਬਣਾਉਂਦੀਆਂ ਹਨ ਤੇ ਪੁੱਤ ਦੇ ਵਿਆਹ ਮਗਰੋਂ ਉਹ ਵੀ ਨੂੰਹ ਦੇ ਹਵਾਲੇ, ਲੱਖਾਂ ਸ਼ਗਨ ਮਨਾ ਕੇ ਪੁੱਤ ਵਿਆਹ ਕੇ ਲਿਆਉਂਦੀਆਂ ਹਨ ਤੇ ਇੱਕਦਮ ਘਰ ਦੀ ਮਾਲਕਣ ਤੋਂ ਹੱਕ ਛੱਡ ਦਿੰਦੀਆਂ ਹਨ ਤੇ ਫੇਰ ਵੀ ਤੁਹਾਨੂੰ ਖ਼ੁਸ਼ ਦੇਖ ਦੇਖ ਕੇ ਖ਼ੁਸ਼ ਹੁੰਦੀਆਂ ਰਹਿੰਦੀਆਂ ਹਨ। ਆਰਤੀਆਂ ਉਤਾਰ, ਪਾਣੀ ਵਾਰ-ਵਾਰ ਪੀ ਤੇ ਹੋਰ ਪਤਾ ਨਹੀਂ ਕੀ-ਕੀ। ਸਹੁਰੇ ਘਰ ਆਉਂਦੇ ਸਾਰ ਹੀ ਨੂੰਹਾਂ ਇੰਝ ਅਹਿਸਾਸ ਕਰਵਾਉਂਦੀਆਂ ਹਨ ਕਿ ਇਹ ਸਭ ਤਾਂ ਹੈ ਹੀ ਮੇਰਾ।'

'ਮੈਂ ਤਾਂ ਪਹਿਲਾਂ ਹੀ ਜਾਣਦੀ ਸੀ ਕਿ ਤੂੰ ਲੱਗ ਜਾਣਾ ਹੈ ਲੈਕਚਰ ਦੇਣ, ਮੈਂ ਪਾਗਲ ਨੇ ਫੇਰ ਪਤਾ ਨਹੀਂ ਕਿਉਂ ਤੈਨੂੰ ਫ਼ੋਨ ਲਾ ਲਿਆ।'

'ਤੂੰ ਮੈਨੂੰ ਇੱਕ ਗੱਲ ਦੱਸ ਜੇ ਕੁਲਵੰਤ ਦੀ ਵਹੁਟੀ ਵੀ ਤੇਰੇ ਪਾਪਾ ਜੀ ਦੀ ਮੌਤ ਤੋਂ ਬਾਅਦ ਮੇਰੇ ਨਾਲ਼ ਇੰਝ ਕਰਦੀ ਤਾਂ ਤੂੰ ਦੁਖੀ ਹੋਣਾ ਸੀ ਜਾਂ ਖ਼ੁਸ਼।'

'ਨਾ ਜੇ ਉਹ ਤੇਰੇ ਨਾਲ਼ ਇੰਝ ਕਰਦੀ ਤਾਂ ਮੈਂ ਇੱਕ ਦਿਨ ਨਹੀਂ ਰਹਿਣ ਦੇਣਾ ਸੀ ਤੈਨੂੰ ਇੱਥੇ।'

'ਬਸ ਪੁੱਤ ਫੇਰ, ਤੇਰੀ ਨਨਾਣ ਵੀ ਇਹ ਹੀ ਕੰਮ ਕਰੂੰ ਜਦੋਂ ਉਸਨੂੰ ਪਤਾ ਲੱਗੇਗਾ ਤੇਰੀਆਂ ਹਰਕਤਾਂ ਬਾਰੇ। ਭੈਣ ਜੀ ਚੰਗੇ ਹਨ ਜੋ ਘਰ ਦੀ ਗੱਲ ਬਾਹਰ ਨਹੀਂ ਕਰਦੇ। ਤੂੰ ਮੇਰੀ ਗੱਲ ਠੰਡੇ ਦਿਮਾਗ ਨਾਲ਼ ਸੋਚੀਂ ਜ਼ਰੂਰ। (ਆਖ ਸਤਵੰਤ ਫ਼ੋਨ ਰੱਖ ਦਿੰਦੀ ਹੈ)

ਇਸ ਗੱਲ ਤੋਂ ਬਾਅਦ ਭੋਲੀ ਦਾ ਫ਼ੋਨ ਸਤਵੰਤ ਕੌਰ ਨੂੰ ਕਈ ਦਿਨ ਨਹੀਂ ਆਉਂਦਾ ਤਾਂ ਸਤਵੰਤ ਕੌਰ ਆਪ ਹੀ ਕਰ ਲੈਂਦੀ ਹੈ।

'ਹੈਲੋ, ਭੋਲੀ, ਹਾਂ ਮਾਤਾ ਸਤਿ ਸ੍ਰੀ ਅਕਾਲ।'

'ਸਤਿ ਸ੍ਰੀ ਅਕਾਲ, ਪੁੱਤ ਸਭ ਠੀਕ-ਠਾਕ ਤਾਂ ਹੈ, ਤੂੰ ਫ਼ੋਨ ਹੀ ਨਹੀਂ ਕੀਤਾ।'

'ਬਸ ਮਾਤਾ ਟਾਇਮ ਹੀ ਨਹੀਂ ਲੱਗਾ।'

'ਕੁੜੀਏ ਗੁੱਸੇ ਤਾਂ ਨਹੀਂ ਮੇਰੇ ਨਾਲ਼ ਹੋ ਗਈ।'

'ਤੂੰ ਤਾਂ ਮੇਰੀਆਂ ਅੱਖਾਂ ਖੋਲ ਦਿੱਤੀਆਂ ਮਾਤਾ, ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਹੈ। ਮੈਂ ਸ਼ਰਮ ਦੇ ਮਾਰੇ ਹੀ ਫ਼ੋਨ ਨਹੀਂ ਕੀਤਾ। ਮੈਂ ਬੈਠੀ ਅੱਜ ਵੀ ਸੱਸਾਂ ਦੇ ਸਬਰ ਬਾਰੇ ਹੀ ਸੋਚਦੀ ਹਾਂ।'

---

# ਅਧੂਰਾ ਪਿਆਰ



**ਜਗਤਾਰ ਸਿੰਘ ਜੋਗੀ :** ਅੱਜ ਮਨ ਉਦਾਸ ਸੀ। ਐਵੇਂ ਘੁੰਮਦਾ-ਘੁਮਾਉਂਦਾ ਉਸ ਦੇ ਘਰ ਚਲਾ ਗਿਆ, ਭਾਵੇਂ ਉਹ ਹੁਣ ਘਰ ਨਹੀਂ ਸੀ, ਆਪਣੇ ਸਹੁਰੇ ਘਰ ਸੀ। ਕਈ ਦਿਨਾਂ ਤੋਂ ਜਿਵੇਂ ਉਹ ਜਗਾ ਮੈਨੂੰ ਬੁਲਾ ਰਹੀ ਸੀ ਤੇ ਕਹਿ ਰਹੀ ਸੀ, ਵੇ ਤਾਰੀਆ ! ਆਜਾ ਕਦੇ ਮੇਰੇ ਵੀ ਕੋਲ਼, ਕਿ ਉਹਦੇ ਜਾਣ ਨਾਲ਼ ਹੀ ਮੇਰੇ ਨਾਲ਼ ਵੀ ਰਿਸ਼ਤਾ ਖ਼ਤਮ ਹੋ ਹੋ ਗਿਆ। ਆਜਾ ਅੱਜ ਆਪਾਂ ਗੱਲਾਂ ਕਰੀਏ।

ਮੈਨੂੰ ਯਾਦ ਹੈ ਅੱਜ ਤੋਂ 30-35 ਸਾਲ ਪਹਿਲਾਂ ਤੁਸੀਂ ਦੋਵੇਂ ਘੰਟਿਆਂ ਬੱਧੀ ਇੱਕ ਦੂਜੇ ਦੇ ਹੱਥਾਂ ਵਿੱਚ ਹੱਥ ਪਾਈ, ਇੱਕ ਦੂਜੇ ਦੀਆਂ ਅੱਖਾਂ ਵਿੱਚ ਦੇਖਦੇ ਰਹਿੰਦੇ ਸਨ। ਪਤਾ ਨਹੀਂ ਕੀ ਗੱਲਾਂ ਕਰਦੇ ਰਹਿੰਦੇ ਸਨ।

ਮੈਨੂੰ ਤੁਹਾਡੇ ਇੱਕ ਦੂਜੇ ਨਾਲ਼ ਇੱਕ-ਇੱਕ ਕੀਤੇ ਹੋਏ ਵਾਅਦੇ ਯਾਦ ਹਨ। ਤੁਹਾਨੂੰ ਪਤਾ ਨਹੀਂ ਭੁੱਲ ਗਏ ਹੋਣਗੇ ਕਿ ਨਹੀਂ। ਕਿਹੜਾ ਅੱਜ-ਕੱਲ ਦੀ ਗੱਲ ਹੈ। ਹੁਣ ਤਾਂ ਤੁਸੀਂ ਆਪਣਾ-ਆਪਣਾ ਗ੍ਰਹਿਸਤ ਜੀਵਨ ਬਿਤਾ ਰਹੇ ਹੋਵੋਗੇ। ਪਰ ਤੁਹਾਡੇ ਉਹ ਵਾਅਦਿਆਂ ਦਾ ਕੀ ਜਿਨ੍ਹਾਂ ਦੀ ਮੈਂ ਜ਼ਾਮਨੀ ਹਾਂ। ਜੋ ਤੁਸੀਂ ਮੇਰੀ ਹਿੱਕ ਤੇ ਬੈਠ ਕੇ ਇੱਕ ਦੂਜੇ ਨਾਲ਼ ਕੀਤੇ ਸਨ। ਮੇਰੇ ਸਾਹਮਣੇ ਤੁਸੀਂ ਇੱਕ ਦੂਜੇ ਨਾਲ਼ ਘਰ ਵਸਾਉਣ ਦੀਆਂ ਗੱਲਾਂ ਕਰਦੇ ਹੁੰਦੇ ਸੀ। ਨਾ ਵਸਣ ਦੀ ਸੂਰਤ ਵਿੱਚ ਸਾਰੀ ਉਮਰ ਇੱਕ ਦੂਜੇ ਦੀ ਯਾਦ ਵਿੱਚ ਉਮਰ ਭਰ ਕੁਆਰੇ ਰਹਿਣ ਦੇ ਵਾਅਦੇ ਵੀ ਕੀਤੇ ਸਨ, ਪਰ ਤੁਸੀਂ ਦੋਵੇਂ ਜਣੇ ਉਨ੍ਹਾਂ ਵਾਅਦਿਆਂ 'ਤੇ ਖ਼ਰੇ ਨਹੀਂ ਉੱਤਰੇ।

ਮੈਨੂੰ ਉਹ ਦਿਨ ਵੀ ਯਾਦ ਹੈ ਜਦ ਤੂੰ ਉਸਦੀ ਮਾਂਗ ਵਿੱਚ ਸੰਧੂਰ ਭਰ ਕੇ ਗੁਪਤ ਵਿਆਹ ਕੀਤਾ ਸੀ, ਜਿਸ ਦੀ ਮੈਂ ਗਵਾਹ ਹਾਂ। ਪਰ ਮੈਨੂੰ ਇਸ ਗੱਲ ਦੀ ਵੀ ਖ਼ੁਸ਼ੀ ਹੈ ਕਿ ਤੁਸੀਂ ਉਸ ਗੁਪਤ ਵਿਆਹ ਤੋਂ ਬਾਅਦ ਵੀ ਕੋਈ ਗ਼ਲਤ ਕਦਮ ਨਹੀਂ ਚੁੱਕਿਆ।

ਪ੍ਰੰਤੂ ਉਸ ਦਿਨ ਤੋਂ ਬਾਅਦ ਸ਼ਾਇਦ ਤੂੰ ਉਸ 'ਤੇ ਆਪਣਾ ਹੱਕ ਸਮਝਣ ਲੱਗ ਪਿਆ। ਤੈਨੂੰ ਉਹ ਹੋਰ ਕਿਸੇ ਨਾਲ਼ ਹੱਸਦੀ ਚੰਗੀ ਨਹੀਂ ਲਗਦੀ ਸੀ। ਇਹ ਤੇਰੀ ਗ਼ਲਤੀ ਸੀ।

ਮੈਨੂੰ ਉਹ ਦਿਨ ਵੀ ਯਾਦ ਹੈ ਜਿਸ ਦਿਨ ਸੰਧੂਰ ਭਰਨ ਤੋਂ ਬਾਅਦ ਉਸਨੇ ਤੈਨੂੰ, ਉਸਨੂੰ ਏਥੋਂ ਸਦਾ ਲਈ ਲੈ ਜਾਣ ਲਈ ਕਿਹਾ ਸੀ, ਪਰ ਤੂੰ ਮਨਾ ਕਰ ਦਿੱਤਾ ਸੀ, ਸ਼ਾਇਦ ਉਹ ਤੈਨੂੰ ਪਰਤਿਆ ਰਹੀ ਸੀ।

# ਟੋਭਾ ਟੇਕ ਸਿੰਘ



## ਸਆਦਤ ਹਸਨ ਮੰਟੋ

ਬਟਵਾਰੇ ਦੇ ਦੋ-ਤਿੰਨ ਵਰਿਆਂ ਪਿੱਛੋਂ ਪਾਕਿਸਤਾਨ ਅਤੇ ਹਿੰਦੁਸਤਾਨ ਦੀਆਂ ਹਕੂਮਤਾਂ ਨੂੰ ਖ਼ਿਆਲ ਆਇਆ ਕਿ ਇਖ਼ਲਾਕੀ ਕੈਦੀਆਂ ਦੀ ਤਰਾਂ ਪਾਗਲਾਂ ਦਾ ਵੀ ਤਬਾਦਲਾ ਹੋਣਾ ਚਾਹੀਦੈ। ਯਾਨੀ ਜੋ ਮੁਸਲਮਾਨ ਪਾਗਲ ਹਿੰਦੁਸਤਾਨ ਦੇ ਪਾਗਲਖਾਨਿਆਂ ਵਿੱਚ ਨੇ, ਉਨਾਂ ਨੂੰ ਪਾਕਿਸਤਾਨ ਭੇਜ ਦਿੱਤਾ ਜਾਵੇ ਤੇ ਜੋ ਹਿੰਦੂ ਅਤੇ ਸਿੱਖ ਪਾਕਿਸਤਾਨ ਦੇ ਪਾਗਲਖਾਨਿਆਂ ਵਿੱਚ ਨੇ, ਉਨਾਂ ਨੂੰ ਹਿੰਦੁਸਤਾਨ ਦੇ ਹਵਾਲੇ ਕਰ ਦਿੱਤਾ ਜਾਵੇ।

ਪਤਾ ਨਹੀਂ, ਇਹ ਗੱਲ ਵਾਜਬ ਸੀ ਜਾਂ ਗੈਰ-ਵਾਜਬ, ਚਲੋ ਫਿਰ ਵੀ ਬੁੱਧੀਮਾਨਾਂ ਦੇ ਫ਼ੈਸਲੇ ਮੁਤਾਬਿਕ ਇੱਧਰ-ਉੱਧਰ ਉੱਚੀ ਪੱਧਰ ਦੀਆਂ ਕਾਨਫ਼ਰੰਸਾਂ ਹੋਈਆਂ ਅਤੇ ਅੰਤ ਨੂੰ ਪਾਗਲਾਂ ਦੇ ਤਬਾਦਲੇ ਲਈ ਇੱਕ ਦਿਨ ਨਿਸ਼ਚਿਤ ਹੋ ਗਿਆ।

ਚੰਗੀ ਤਰਾਂ ਛਾਣਬੀਣ ਕੀਤੀ ਗਈ। ਉਹ ਮੁਸਲਮਾਨ ਪਾਗਲ, ਜਿਨਾਂ ਦੇ ਸਬੰਧੀ ਹਿੰਦੁਸਤਾਨ ਵਿੱਚ ਹੀ ਸਨ, ਉੱਥੇ ਹੀ ਰਹਿਣ ਦਿੱਤੇ ਗਏ, ਬਾਕੀ ਜਿਹੜੇ ਬਚੇ, ਉਨਾਂ ਨੂੰ ਸਰਹੱਦ ਉੱਤੇ ਭੇਜ ਦਿੱਤਾ ਗਿਆ।

ਪਾਕਿਸਤਾਨ ਤੋਂ ਲਗਭਗ ਤਮਾਮ ਹਿੰਦੂ ਸਿੱਖ ਜਾ ਚੁੱਕੇ ਸਨ, ਇਸ ਵਾਸਤੇ ਕਿਸੇ ਨੂੰ ਰੱਖਣ ਰਖਾਉਣ ਦਾ ਸਵਾਲ ਹੀ ਪੈਦਾ ਨਹੀਂ ਹੋਇਆ, ਜਿੰਨੇ ਹਿੰਦੂ, ਸਿੱਖ ਪਾਗਲ ਸਨ, ਸਾਰੇ ਦੇ ਸਾਰੇ ਬਾਰਡਰ ਉੱਤੇ ਪਹੁੰਚਾ ਦਿੱਤੇ ਗਏ।

ਉੱਧਰ ਦਾ ਪਤਾ ਨਹੀਂ ਪ੍ਰੰਤੂ ਇਧਰ ਲਾਹੌਰ ਦੇ ਪਾਗਲਖਾਨੇ, ਜਦੋਂ ਇਸ ਤਬਾਦਲੇ ਦੀ ਖ਼ਬਰ ਪੁੱਜੀ ਤਾਂ ਬੜੀ ਦਿਲਚਸਪ ਚਰਚਾ ਹੋਣ ਲੱਗੀ।

ਇੱਕ ਮੁਸਲਮਾਨ ਪਾਗਲ ਜੋ ਬਾਰਾਂ ਵਰਿਆਂ ਤੋਂ ਜ਼ਿਮੀਂਦਾਰ ਨਾਲ ਪੜਦਾ ਸੀ, ਉਸਨੇ ਜਦ ਆਪਣੇ ਇੱਕ ਮਿੱਤਰ ਨੂੰ ਪੁੱਛਿਆ, 'ਮੌਲਵੀ ਸਾਬ, ਇਹ ਪਾਕਿਸਤਾਨ ਕੀ ਹੁੰਦਾ ਹੈ?' ਤਾਂ ਉਹਨੇ ਬੜੇ ਸੋਚ ਵਿਚਾਰ ਪਿੱਛੋਂ ਜਵਾਬ ਦਿੱਤਾ, 'ਹਿੰਦੁਸਤਾਨ ਵਿੱਚ ਇੱਕ ਐਸੀ ਥਾਂ ਜਿੱਥੇ ਉਸਤਰੇ ਬਣਦੇ ਨੇ' ਇਹ ਜਵਾਬ ਸੁਣਕੇ ਉਸਦਾ ਮਿੱਤਰ ਸੰਤੁਸ਼ਟ ਹੋ ਗਿਆ।

ਇਸੇ ਤਰਾਂ ਇੱਕ ਸਿੱਖ ਪਾਗਲ ਨੇ ਇੱਕ ਦੂਜੇ ਸਿੱਖ ਪਾਗਲ ਤੋਂ ਪੁੱਛਿਆ, 'ਸਰਦਾਰ ਜੀ, ਸਾਨੂੰ ਹਿੰਦੁਸਤਾਨ ਕਿਉਂ ਭੇਜਿਆ ਜਾ ਰਿਹੈ, ਸਾਨੂੰ ਤਾਂ ਉੱਥੋਂ ਦੀ ਬੋਲੀ ਨੀ ਆਉਂਦੀ' ਦੂਜਾ ਮੁਸਕਰਾਇਆ, ਮੈਨੂੰ ਤਾਂ ਹਿੰਦੋਸਤੋੜੋਂ ਦੀ ਬੋਲੀ ਆਉਂਦੀ ਐ, ਹਿੰਦੁਸਤਾਨੀ ਬੜੇ ਸ਼ੈਤਾਨ ਆਕੜ-ਆਕੜ ਫ਼ਿਰਤੇ ਹੈਂ'।

ਇੱਕ ਦਿਨ ਨਹਾਉਂਦਿਆਂ-ਨਹਾਉਂਦਿਆਂ ਇੱਕ ਮੁਸਲਮਾਨ ਪਾਗਲ ਨੇ ਪਾਕਿਸਤਾਨ ਜ਼ਿੰਦਾਬਾਦ ਦਾ ਨਾਅਰਾ ਇੰਨੇ ਜ਼ੋਰ ਨਾਲ ਬੁਲੰਦ ਕੀਤਾ ਕਿ ਫ਼ਰਸ਼ ਉੱਤੇ ਤਿਲਕ ਕੇ ਡਿੱਗਿਆ ਅਤੇ ਬੇਹੋਸ਼ ਹੋ ਗਿਆ। ਕਈ ਪਾਗਲ ਐਸੇ ਵੀ ਸੀਗੇ ਜੋ ਪਾਗਲ ਨਹੀਂ ਸਨ, ਉਨਾਂ ਵਿੱਚ ਬਹੁਤੀ ਗਿਣਤੀ ਅਜਿਹੇ ਕਾਤਲਾਂ ਦੀ ਸੀ ਜਿਨਾਂ ਦੇ ਰਿਸ਼ਤੇਦਾਰਾਂ ਨੇ ਅਫ਼ਸਰਾਂ ਨੂੰ ਕੁਝ ਦੇ ਦਿਵਾ ਕੇ ਪਾਗਲਖਾਨੇ ਭਿਜਵਾ ਦਿੱਤਾ ਸੀ ਕਿ ਉਹ ਫਾਂਸੀ ਦੇ ਫੰਦੇ ਤੋਂ ਬਚ ਜਾਣ। ਇਹ ਪਾਗਲ ਕੁਝ-ਕੁਝ ਸਮਝਦੇ ਸਨ ਕਿ ਹਿੰਦੁਸਤਾਨ ਕਿਉਂ ਵੰਡਿਆ ਗਿਆ ਹੈ ਅਤੇ ਪਾਕਿਸਤਾਨ ਕੀ ਹੈ, ਪ੍ਰੰਤੂ ਸਹੀ ਹਾਦਸਿਆਂ ਤੋਂ ਇਹ ਵੀ ਬੇਖ਼ਬਰ ਸਨ। ਅਖ਼ਬਾਰਾਂ ਤੋਂ ਉਨਾਂ ਨੂੰ ਕੁਝ ਪਤਾ ਨਹੀਂ ਸੀ ਲੱਭਦਾ ਤੇ ਪਹਿਰੇਦਾਰ ਸਿਪਾਹੀ ਅਨਪੜ ਤੇ ਮੂੜ ਸਨ, ਜਿਨਾਂ ਦੀ ਗੱਲਬਾਤ ਤੋਂ ਵੀ ਉਹ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ ਉਨਾਂ ਨੂੰ ਕੇਵਲ ਏਨਾ ਪਤਾ ਸੀ ਕਿ ਇੱਕ ਆਦਮੀ ਮੁਹੰਮਦ ਅਲੀ ਜਿਨਾਹ ਹੈ ਜਿਸਨੂੰ ਕਾਇਦੇ-ਆਜ਼ਮ ਕਹਿੰਦੇ ਨੇ। ਉਹਨੇ ਮੁਸਲਮਾਨਾਂ ਵਾਸਤੇ ਇੱਕ ਵੱਖਰਾ ਮੁਲਕ ਬਣਾਇਆ ਹੈ ਜਿਸਦਾ ਨਾਂ ਪਾਕਿਸਤਾਨ ਹੈ, ਇਹ ਕਿੱਥੇ ਹੈ, ਇਸਦੀ ਭੂਗੋਲਿਕ-ਸਥਿਤੀ ਕੀ ਹੈ, ਇਸਦੇ ਬਾਰੇ ਉਹ ਕੁਝ ਨਹੀਂ ਜਾਣਦੇ ਸਨ, ਇਹੀ ਵਜ੍ਹਾ ਹੈ ਕਿ ਉਹ ਸਭ ਪਾਗਲ ਜਿਨਾਂ ਦਾ ਦਿਮਾਗ਼ ਪੂਰੀ ਤਰਾਂ ਨਹੀਂ ਸੀ ਹਿੱਲਿਆ, ਇਸ ਭੰਬਲਭੂਸੇ ਵਿੱਚ ਪਏ ਹੋਏ ਸਨ ਕਿ ਉਹ ਪਾਕਿਸਤਾਨ ਵਿੱਚ ਨੇ ਜਾਂ ਹਿੰਦੁਸਤਾਨ ਵਿੱਚ, ਜੇ ਹਿੰਦੁਸਤਾਨ ਵਿੱਚ ਨੇ ਤਾਂ ਪਾਕਿਸਤਾਨ ਕਿੱਥੇ ਐ, ਜੇ ਪਾਕਿਸਤਾਨ ਵਿੱਚ ਨੇ ਤਾਂ ਇਹ ਕਿਵੇਂ ਹੋ ਸਕਦੈ ਕਿ ਉਹ ਕੁਝ ਅਰਸਾ ਪਹਿਲਾਂ ਇੱਥੇ ਹੀ ਰਹਿੰਦੇ ਹੋਏ ਹਿੰਦੁਸਤਾਨ ਵਿੱਚ ਸਨ।

ਇੱਕ ਪਾਗਲ ਤਾਂ ਹਿੰਦੁਸਤਾਨ ਅਤੇ ਪਾਕਿਸਤਾਨ, ਪਾਕਿਸਤਾਨ ਅਤੇ ਹਿੰਦੁਸਤਾਨ ਦੇ ਚੱਕਰ ਵਿੱਚ ਕੁਝ ਅਜਿਹਾ ਫਸਿਆ ਕਿ ਹੋਰ ਜ਼ਿਆਦਾ ਪਾਗਲ ਹੋ ਗਿਆ ਝਾੜੂ ਦਿੰਦਿਆਂ-ਦਿੰਦਿਆਂ ਉਹ ਇੱਕ ਦਿਨ ਰੁੱਖ ਉੱਤੇ ਚੜ ਗਿਆ ਅਤੇ ਟਹਿਣੇ ਉੱਤੇ ਬੈਠ ਕੇ ਦੋ ਘੰਟੇ ਲਗਾਤਾਰ ਤਕਰੀਰ ਕਰਦਾ ਰਿਹਾ, ਜੋ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਨਾਜ਼ੁਕ ਮਸਲੇ ਉੱਤੇ ਸੀ ਸਿਪਾਹੀਆਂ ਨੇ ਜਦ ਉਹਨੂੰ ਹੇਠਾਂ ਉਤਰਨ ਲਈ ਕਿਹਾ ਤਾਂ ਉਹ ਹੋਰ ਉੱਤੇ ਚੜ ਗਿਆ ਜਦ ਉਹਨੂੰ ਡਰਾਇਆ-ਧਮਕਾਇਆ ਗਿਆ ਤਾਂ ਉਹਨੇ ਕਿਹਾ, 'ਮੈਂ ਨਾ ਹਿੰਦੁਸਤਾਨ ਵਿੱਚ ਰਹਿਣਾ ਚਾਹੁੰਦਾ ਹਾਂ ਨਾ ਪਾਕਿਸਤਾਨ ਵਿਚ, ਮੈਂ ਇਸ ਰੁੱਖ ਉੱਤੇ ਹੀ ਰਹੂੰਗਾ' ਬੜੀ ਦੇਰ ਪਿੱਛੋਂ ਜਦੋਂ ਉਹਦਾ ਦੌਰਾ ਠੰਡਾ ਹੋਇਆ ਤਾਂ ਉਹ ਥੱਲੇ ਉੱਤਰਿਆ ਅਤੇ ਆਪਣੇ-ਹਿੰਦੂ ਸਿੱਖ ਮਿੱਤਰਾਂ ਦੇ ਗਲ ਮਿਲ-ਮਿਲ ਕੇ ਰੋਣ ਲੱਗਿਆ-ਇਸ ਖ਼ਿਆਲ ਨਾਲ ਉਹਦਾ ਦਿਲ ਭਰ ਆਇਆ ਸੀ ਕਿ ਉਹ ਉਸਨੂੰ ਛੱਡ ਕੇ ਹਿੰਦੁਸਤਾਨ ਚਲੇ ਜਾਣਗੇ।

ਇੱਕ ਐਮ.ਐਸ. ਸੀ. ਪਾਸ ਰੇਡੀਓ ਇੰਜੀਨੀਅਰ, ਜੋ ਮੁਸਲਮਾਨ ਸੀ ਅਤੇ ਦੂਜੇ ਪਾਗਲਾਂ ਤੋਂ ਬਿਲਕੁਲ ਅਲੱਗ-ਥਲੱਗ ਬਾਗ਼ ਦੀ ਇੱਕ ਖ਼ਾਸ ਪਗਡੰਡੀ ਉੱਤੇ ਸਾਰਾ ਦਿਨ ਚੁੱਪਚਾਪ ਟਹਿਲਦਾ ਰਹਿੰਦਾ ਸੀ, ਇਹ ਤਬਦੀਲੀ ਪ੍ਰਗਟ ਹੋਈ ਕਿ ਉਹਨੇ ਆਪਣੇ ਸਾਰੇ ਕੱਪੜੇ ਉਤਾਰ ਕੇ ਦਫ਼ੇਦਾਰ ਦੇ ਹਵਾਲੇ ਕਰ ਦਿੱਤੇ ਅਤੇ ਨੰਗ-ਧੜੰਗਾ ਹੋ ਕੇ ਸਾਰੇ ਬਾਗ਼ ਵਿੱਚ ਤੁਰਨਾ-ਫਿਰਨਾ ਸ਼ੁਰੂ ਕਰ ਦਿੱਤਾ।

ਚਨਿਓਟ ਦੇ ਇੱਕ ਮੁਸਲਮਾਨ ਨੇ, ਜੋ ਮੁਸਲਿਮ ਲੀਗ ਦਾ ਸਰਗਰਮ ਮੈਂਬਰ ਰਹਿ ਚੁੱਕਿਆ ਸੀ ਅਤੇ ਦਿਨ 'ਚ ਪੰਦਰਾਂ-ਸੋਲਾਂ ਵੇਰਾਂ ਨਹਾਇਆ ਕਰਦਾ ਸੀ, ਇੱਕਦਮ ਇਹ ਆਦਤ ਛੱਡ ਦਿੱਤੀ, ਉਹਦਾ ਨਾਂ ਮੁਹੰਮਦ ਅਲੀ ਸੀ ਸੋ ਉਹਨੇ ਇੱਕ ਦਿਨ ਆਪਣੇ ਜੰਗਲੇ ਵਿੱਚ ਐਲਾਨ ਕਰ ਦਿੱਤਾ ਕਿ ਉਹ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਹੈ, ਉਸ ਦੀ ਦੇਖਾ-ਦੇਖੀ ਇੱਕ ਸਿੱਖ ਪਾਗਲ ਮਾਸਟਰ ਤਾਰਾ ਸਿੰਘ ਬਣ ਗਿਆ ਇਸ ਤੋਂ ਪਹਿਲਾਂ ਕਿ ਖ਼ੂਨ-ਖ਼ਰਾਬਾ ਹੋ ਜਾਵੇ, ਦੋਹਾਂ ਨੂੰ ਖ਼ਤਰਨਾਕ ਪਾਗਲ ਕਰਾਰ ਦੇ ਕੇ ਅਲੱਗ-ਥਲੱਗ ਬੰਦ ਕਰ ਦਿੱਤਾ ਗਿਆ।

ਲਾਹੌਰ ਦਾ ਇੱਕ ਨੌਜਵਾਨ ਹਿੰਦੂ ਵਕੀਲ ਮੁਹੱਬਤ ਵਿੱਚ ਅਸਫ਼ਲ ਹੋ ਕੇ ਪਾਗਲ ਹੋ ਗਿਆ ਸੀ, ਜਦੋਂ ਉਹਨੇ ਸੁਣਿਆ ਕਿ ਅੰਮ੍ਰਿਤਸਰ ਹਿੰਦੁਸਤਾਨ ਵਿੱਚ ਚਲਿਆ ਗਿਆ ਹੈ ਤਾਂ ਉਹਨੂੰ ਬਹੁਤ ਦੁੱਖ ਹੋਇਆ ਅੰਮ੍ਰਿਤਸਰ ਦੀ ਇੱਕ ਹਿੰਦੂ ਕੁੜੀ ਨਾਲ ਉਹਨੂੰ ਮੁਹੱਬਤ ਸੀ, ਜਿਸਨੇ ਉਹਨੂੰ ਠੁਕਰਾ ਦਿੱਤਾ ਪਰ ਦੀਵਾਨਗੀ ਦੀ ਹਾਲਤ ਵਿੱਚ ਵੀ ਉਹ ਕੁੜੀ ਨੂੰ ਨਹੀਂ ਸੀ ਭੁੱਲਿਆ ਉਹ ਉਨਾਂ ਸਾਰੇ ਹਿੰਦੂ ਅਤੇ ਮੁਸਲਮਾਨ ਲੀਡਰਾਂ ਨੂੰ ਗਾਲਾਂ ਦੇਣ ਲੱਗ ਪਿਆ ਜਿਨਾਂ ਨੇ ਮਿਲ-ਮਿਲਾ ਕੇ ਹਿੰਦੁਸਤਾਨ ਦੇ ਦੋ ਟੁਕੜੇ ਕਰ ਦਿੱਤੇ ਨੇ ਅਤੇ ਉਹਦੀ ਮਹਿਬੂਬਾ ਹਿੰਦੁਸਤਾਨੀ ਬਣ ਗਈ ਹੈ ਅਤੇ ਉਹ ਪਾਕਿਸਤਾਨੀ ਜਦ ਤਬਾਦਲੇ ਦੀ ਗੱਲ ਸ਼ੁਰੂ ਹੋਈ ਤਾਂ ਉਸ ਵਕੀਲ ਨੂੰ ਕਈ ਪਾਗਲਾਂ ਨੇ ਸਮਝਾਇਆ ਕਿ ਉਹ ਦਿਲ ਥੋੜਾ ਨਾ ਕਰੇ, ਉਹਨੂੰ ਹਿੰਦੁਸਤਾਨ ਭੇਜ ਦਿੱਤਾ ਜਾਵੇਗਾ ਉਸੇ ਹਿੰਦੁਸਤਾਨ ਵਿੱਚ ਜਿੱਥੇ ਉਹਦੀ ਮਹਿਬੂਬਾ ਰਹਿੰਦੀ ਹੈ-ਪਰ ਉਹ ਲਾਹੌਰ ਛੱਡਣਾ ਨਹੀਂ ਚਾਹੁੰਦਾ ਸੀ, ਉਸਦਾ ਖ਼ਿਆਲ ਸੀ ਕਿ ਅੰਮ੍ਰਿਤਸਰ ਵਿੱਚ ਉਸਦੀ ਪ੍ਰੈਕਟਿਸ ਨਹੀਂ ਚੱਲੇਗੀ।

ਯੂਰਪੀਅਨ ਵਾਰਡ ਵਿੱਚ ਦੋ ਐਂਗਲੋ ਇੰਡੀਅਨ ਪਾਗਲ ਸਨ ਉਨਾਂ ਨੂੰ ਜਦੋਂ ਪਤਾ ਲੱਗਿਆ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਕੇ ਅੰਗਰੇਜ਼ ਚਲੇ ਗਏ ਨੇ ਤਾਂ ਉਨਾਂ ਨੂੰ ਬੜਾ ਸਦਮਾ ਲੱਗਿਆ ਉਹ ਲੁਕ-ਲੁਕ ਕੇ ਘੰਟਿਆਂ ਬੱਧੀ ਇਸ ਅਹਿਮ ਮਸਲੇ ਉੱਤੇ ਗੱਲਬਾਤ ਕਰਦੇ ਰਹਿੰਦੇ ਕਿ ਪਾਗਲਖਾਨੇ ਵਿੱਚ ਹੁਣ ਉਨਾਂ ਦੀ ਹੈਸੀਅਤ ਕਿਸ ਕਿਸਮ ਦੀ ਹੋਵੇਗੀ ਯੂਰਪੀਅਨ ਵਾਰਡ ਰਹੇਗਾ ਜਾਂ ਉਡਾ ਦਿੱਤਾ ਜਾਵੇਗਾ ਬ੍ਰੇਕਫਾਸਟ ਮਿਲਿਆ ਕਰੇਗਾ ਜਾਂ ਨਹੀਂ, ਕੀ ਉਨਾਂ ਨੂੰ ਡਬਲ ਰੋਟੀ ਤਾਂ ਨਹੀਂ ਛੱਡਣੀ ਪਵੇਗੀ।

ਇੱਕ ਸਿੱਖ ਸੀ, ਜਿਸਨੂੰ ਪਾਗਲਖਾਨੇ ਵਿੱਚ ਦਾਖ਼ਲ ਹੋਇਆਂ ਪੰਦਰਾਂ ਵਰੇ ਹੋ ਚੁੱਕੇ ਸਨ ਹਰ ਵੇਲੇ ਉਹਦੇ ਮੂੰਹੋਂ ਇਹ ਅਜੀਬ ਲਫ਼ਜ਼ ਸੁਣਾਈ ਦਿੰਦੇ ਸਨ, 'ਔਪੜ ਦਿ ਗੜ ਗੜ ਅਨੈਕਸ ਦੀ ਬੇਧਿਆਨਾ ਦਿ ਮੁੰਗ ਕਿ ਦਾਲ ਆਫ਼ ਦੀ ਲਾਲਟੈਨ' ਉਹ ਨਾ ਦਿਨ 'ਚ ਸੌਂਦਾ ਸੀ ਨਾ ਰਾਤ ਨੂੰ ਪਹਿਰੇਦਾਰਾਂ ਦਾ ਇਹ ਕਹਿਣਾ ਸੀ ਕਿ ਪੰਦਰਾਂ ਵਰਿਆਂ ਦੇ ਲੰਬੇ ਅਰਸੇ ਵਿੱਚ ਉਹ ਇੱਕਪਲ ਵੀ ਨਹੀਂ ਸੁੱਤਾ ਸੀ, ਉਹ ਲੇਟਦਾ ਵੀ ਨਹੀਂ ਸੀ ਬਲਕਿ ਕਦੇ-ਕਦੇ ਕੰਧ ਨਾਲ ਟੇਕ ਲਾ ਲੈਂਦਾ ਸੀ, ਚੌਂਤੇ ਪਹਿਰ ਖੜਾ ਰਹਿਣ ਕਰਕੇ ਉਸਦੇ ਪੈਰ ਸੁੱਜ ਗਏ ਸਨ ਅਤੇ ਪਿੰਜਣੀਆਂ ਵੀ ਫੁੱਲ ਗਈਆਂ ਸਨ, ਮਗਰ ਸਰੀਰਕ ਤਕਲੀਫ਼ ਦੇ ਬਾਵਜੂਦ ਉਹ ਲੰਮਾ ਪੈ ਕੇ ਆਰਾਮ ਨਹੀਂ ਕਰਦਾ।

ਹਿੰਦੁਸਤਾਨ, ਪਾਕਿਸਤਾਨ ਅਤੇ ਪਾਗਲਾਂ ਦੇ ਤਬਾਦਲੇ ਬਾਰੇ ਜਦ ਕਦੇ ਗੱਲਬਾਤ ਹੁੰਦੀ ਸੀ ਤਾਂ ਉਹ ਧਿਆਨ ਨਾਲ ਸੁਣਦਾ ਸੀ ਕੋਈ ਉਹਨੂੰ ਪੁੱਛਦਾ ਕਿ ਉਸਦਾ ਕੀ ਖ਼ਿਆਲ ਹੈ ਤਾਂ ਉਹ ਬੜੀ ਗੰਭੀਰਤਾ ਨਾਲ ਜਵਾਬ ਦਿੰਦਾ, 'ਔਪੜ ਦੀ ਗੜ-ਗੜ ਦਿ ਅਨੈਕਸ ਕਿ ਬੇਧਿਆਨਾ ਕਿ ਮੁੰਗ ਦੀ ਦਾਲ ਆਫ਼ ਪਾਕਿਸਤਾਨ ਗਵਰਨਮੈਂਟ' ਪਰੰਤੂ ਬਾਅਦ ਵਿੱਚ 'ਆਫ਼ ਦੀ ਪਾਕਿਸਤਾਨ' ਦੀ ਥਾਂ 'ਆਫ਼ ਦੀ ਟੋਭਾ ਟੇਕ ਸਿੰਘ ਗਵਰਨਮੈਂਟ' ਨੇ ਲੈ ਲਈ ਅਤੇ ਉਹਨੇ ਦੂਜੇ ਪਾਗਲਾਂ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਟੋਭਾ ਟੇਕ ਸਿੰਘ ਕਿੱਥੇ ਹੈ, ਜਿੱਥੇ ਦਾ ਉਹ ਰਹਿਣ ਵਾਲਾ ਹੈ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿੱਚ ਹੈ ਜਾਂ ਹਿੰਦੁਸਤਾਨ ਵਿੱਚ ਜੋ ਦੱਸਣ ਦੀ ਕੋਸ਼ਿਸ਼ ਕਰਦੇ ਸਨ ਉਹ ਆਪ ਇਸ ਉਲਝਣ ਵਿੱਚ ਫਸ ਜਾਂਦੇ ਸਨ ਕਿ ਸਿਆਲਕੋਟ ਪਹਿਲਾਂ ਹਿੰਦੁਸਤਾਨ ਵਿੱਚ ਹੁੰਦਾ ਸੀ, ਪਰ ਹੁਣ ਸੁਣਿਐ ਕਿ ਪਾਕਿਸਤਾਨ ਵਿੱਚ ਹੈ ਕੀ ਪਤਾ ਹੈ ਕਿ ਲਾਹੌਰ ਜੋ ਅੱਜ ਪਾਕਿਸਤਾਨ ਵਿੱਚ ਹੈ, ਕੱਲ ਹਿੰਦੁਸਤਾਨ ਵਿੱਚ ਚਲਿਆ ਜਾਵੇ ਜਾਂ ਸਾਰਾ ਹਿੰਦੁਸਤਾਨ ਹੀ ਪਾਕਿਸਤਾਨ ਬਣ ਜਾਵੇ ਅਤੇ ਇਹ ਵੀ ਕੌਣ ਛਾਤੀ ਉੱਤੇ ਹੱਥ ਰੱਖ ਕੇ ਕਹਿ ਸਕਦਾ ਹੈ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੋਨੋਂ ਕਿਸੇ ਦਿਨ ਸਿਰੇ ਤੋਂ ਗਾਇਬ ਹੋ ਜਾਣ।

ਇਸ ਸਿੱਖ ਪਾਗਲ ਦੇ ਕੇਸ ਛਿਦਰੇ ਹੋ ਕੇ ਬਹੁਤ ਘੱਟ ਰਹਿ ਗਏ ਸਨ, ਕਿਉਂਕਿ ਉਹ ਨਹਾਉਂਦਾ ਕਦੇ ਕਦਾਈਂ ਸੀ, ਇਸ ਲਈ ਦਾੜੀ ਅਤੇ ਵਾਲ ਆਪਸ ਵਿੱਚ ਜੰਮ ਗਏ ਸਨ ਜਿਸਦੇ ਕਾਰਨ ਉਹਦੀ ਸ਼ਕਲ ਬੜੀ ਭਿਆਨਕ ਹੋ ਗਈ ਸੀ ਪਰ ਆਦਮੀ ਨਿਡਰ ਸੀ ਪੰਦਰਾਂ ਵਰਿਆਂ ਵਿੱਚ ਉਹਨੇ ਕਦੇ ਵੀ ਕਿਸੇ ਨਾਲ ਝਗੜਾ-ਫ਼ਸਾਦ ਨਹੀਂ ਕੀਤਾ ਸੀ ਪਾਗਲਖਾਨੇ ਦੇ ਜੋ ਪੁਰਾਣੇ ਨੌਕਰ ਸਨ, ਉਹ ਉਹਦੇ ਬਾਰੇ ਏਨਾ ਕੁ ਜਾਣਦੇ ਸਨ ਕਿ ਟੋਭਾ ਟੇਕ ਸਿੰਘ ਵਿੱਚ ਉਹਦੀ ਕਾਫ਼ੀ ਜ਼ਮੀਨ ਸੀ ਚੰਗਾ ਖਾਂਦਾ ਪੀਂਦਾ ਜ਼ਿਮੀਂਦਾਰ ਸੀ ਕਿ ਅਚਾਨਕ ਦਿਮਾਗ਼ ਹਿੱਲ ਗਿਆ, ਉਹਦੇ ਰਿਸ਼ਤੇਦਾਰ ਉਹਨੂੰ ਲੋਹੇ ਦੇ ਮੋਟੇ-ਮੋਟੇ ਸੰਗਲਾਂ ਨਾਲ ਬੰਨ ਕੇ ਲਿਆਏ ਅਤੇ ਪਾਗਲਖਾਨੇ ਦਾਖ਼ਲ ਕਰਾ ਗਏ।

ਮਹੀਨੇ 'ਚ ਇੱਕ ਵੇਰਾਂ ਮੁਲਾਕਾਤ ਲਈ ਉਹ ਲੋਕ ਆਉਂਦੇ ਸਨ ਅਤੇ ਉਸਦੀ ਸੁੱਖ-ਸਾਂਦ ਦਾ ਪਤਾ ਕਰਕੇ ਚਲੇ ਜਾਂਦੇ ਸਨ, ਬੜੀ ਦੇਰ ਤੱਕ ਇਹ ਸਿਲਸਿਲਾ ਜਾਰੀ ਰਿਹਾ ਪਰ ਜਦੋਂ ਪਾਕਿਸਤਾਨ, ਹਿੰਦੁਸਤਾਨ ਦੀ ਗੜਬੜ ਸ਼ੁਰੂ ਹੋਈ ਤਾਂ ਉਨਾਂ ਦਾ ਆਉਣਾ-ਜਾਣਾ ਬੰਦ ਹੋ ਗਿਆ।

ਉਹਦਾ ਨਾਂ ਬਿਸ਼ਨ ਸਿੰਘ ਸੀ ਪਰ ਸਾਰੇ ਜਣੇ ਉਸਨੂੰ ਟੋਭਾ ਟੇਕ ਸਿੰਘ ਕਹਿੰਦੇ ਸਨ ਉਹਨੂੰ ਇਹ ਕਤਈ ਮਾਲੂਮ ਨਹੀਂ ਸੀ ਦਿਨ ਕਿਹੜਾ ਹੈ, ਮਹੀਨਾ ਕਿਹੜਾ ਹੈ ਜਾਂ ਕਿੰਨੇ ਸਾਲ ਬੀਤ ਚੁੱਕੇ ਨੇ ਪਰੰਤੂ ਹਰ ਮਹੀਨੇ ਜਦ ਉਸਦੇ ਸਕੇ-ਸਬੰਧੀ ਉਸਨੂੰ ਮਿਲਣ ਵਾਸਤੇ ਆਉਣ ਵਾਲੇ ਹੁੰਦੇ ਤਾਂ ਉਹਨੂੰ ਆਪਣੇ ਆਪ ਪਤਾ ਲੱਗ ਜਾਂਦਾ ਇਸ ਲਈ ਉਹ ਦਫ਼ੇਦਾਰ ਨੂੰ ਕਹਿੰਦਾ ਕਿ ਉਹਦੀ ਮੁਲਾਕਾਤ ਆ ਰਹੀ ਹੈ ਉਸ ਦਿਨ ਉਹ ਮਲ-ਮਲ ਕੇ ਨਹਾਉਂਦਾ, ਬਦਨ ਉੱਤੇ ਖ਼ੂਬ ਤੇਲ ਸਾਬਣ ਘਸਾਇਆ ਜਾਂਦਾ ਅਤੇ ਵਾਲਾਂ ਵਿੱਚ ਤੇਲ ਲਾ ਕੇ ਕੰਘਾ ਕਰਦਾ, ਆਪਣੇ ਉਹ ਕੱਪੜੇ ਜੋ ਉਹ ਕਦੀ ਵਰਤਦਾ ਨਹੀਂ ਸੀ, ਕੱਢਵਾ ਕੇ ਪਾਉਂਦਾ ਅਤੇ ਇਉਂ ਬਣ-ਫ਼ਬ ਕੇ ਮਿਲਣ ਵਾਲਿਆਂ ਕੋਲ ਜਾਂਦਾ ਉਹ ਉਸਨੂੰ ਕੁਝ ਪੁੱਛਦੇ ਤਾਂ ਉਹ ਚੁੱਪ ਰਹਿੰਦਾ ਜਾਂ ਕਦੇ-ਕਦਾਈਂ 'ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੁੰਗ ਦੀ ਦਾਲ ਆਫ਼ ਦੀ ਲਾਲਟੈਨ' ਕਹਿ ਦਿੰਦਾ।

ਉਹਦੀ ਇੱਕ ਕੁੜੀ ਸੀ ਜੋ ਹਰ ਮਹੀਨੇ ਇੱਕ ਉਂਗਲੀ ਵਧਦੀ-ਵਧਦੀ ਪੰਦਰਾਂ ਵਰਿਆਂ 'ਚ ਮੁਟਿਆਰ ਹੋ ਗਈ ਸੀ ਬਿਸ਼ਨ ਸਿੰਘ ਉਹਨੂੰ ਪਛਾਣਦਾ ਹੀ ਨਹੀਂ ਸੀ ਉਹ ਬੱਚੀ ਸੀ, ਉਦੋਂ ਵੀ ਆਪਣੇ ਬਾਪ ਨੂੰ ਦੇਖ ਕੇ ਰੋਂਦੀ ਸੀ, ਮੁਟਿਆਰ ਹੋਈ ਤਦ ਵੀ ਉਹਦੀਆਂ ਅੱਖਾਂ 'ਚੋਂ ਹੰਝੂ ਵਹਿੰਦੇ ਸਨ।

ਪਾਕਿਸਤਾਨ ਅਤੇ ਹਿੰਦੁਸਤਾਨ ਦਾ ਕਿੱਸਾ ਸ਼ੁਰੂ ਹੋਇਆ ਤਾਂ ਉਹਨੇ ਦੂਜੇ ਪਾਗਲਾਂ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਟੋਭਾ ਟੇਕ ਸਿੰਘ ਕਿੱਥੇ ਹੈ ਜਦ ਉਹਨੂੰ ਤਸੱਲੀਬਖ਼ਸ਼ ਜਵਾਬ ਨਾ ਮਿਲਿਆ, ਉਹਦੀ ਟੋਹ ਦਿਨ ਪ੍ਰਤੀ ਦਿਨ ਵੱਧਦੀ ਗਈ ਹੁਣ ਉਸਦੀ ਲੜਕੀ ਮੁਲਾਕਾਤ ਨੂੰ ਵੀ ਨਹੀਂ ਆਉਂਦੀ ਸੀ, ਪਹਿਲਾਂ ਤਾਂ ਉਹਨੂੰ ਆਪਣੇ ਆਪ ਪਤਾ ਲੱਗ ਜਾਂਦਾ ਸੀ ਕਿ ਮਿਲਣ ਵਾਲੇ ਆ ਰਹੇ ਨੇ ਪਰ ਹੁਣ ਜਿਵੇਂ ਉਹਦੇ ਦਿਲ ਦੀ ਅਵਾਜ਼ ਵੀ ਬੰਦ ਹੋ ਗਈ ਸੀ ਜੋ ਉਹਨੂੰ ਉਨਾਂ ਦੇ ਆਉਣ-ਜਾਣ ਦੀ ਖ਼ਬਰ ਦੇ ਦਿਆ ਕਰਦੀ ਸੀ-ਉਹਦੀ ਬੜੀ ਇੱਛਾ ਸੀ ਕਿ ਉਹ ਲੋਕ ਆਉਣ ਜੋ ਉਸ ਨਾਲ ਹਮਦਰਦੀ ਪ੍ਰਗਟ ਕਰਦੇ ਸਨ ਅਤੇ ਉਹਦੇ ਵਾਸਤੇ ਫਲ, ਮਿਠਾਈਆਂ ਅਤੇ ਕੱਪੜੇ ਲਿਆਉਂਦੇ ਸਨ ਉਹ ਆਉਣ ਤਾਂ ਉਹ ਉਨਾਂ ਤੋਂ ਪੁੱਛੇ ਕਿ ਟੋਭਾ ਟੇਕ ਸਿੰਘ ਕਿੱਥੇ ਹੈ ਉਹ ਉਹਨੂੰ ਪੱਕੇ ਤੌਰ ਤੇ ਦੱਸ ਦੇਣਗੇ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿੱਚ ਹੈ ਜਾਂ ਹਿੰਦੁਸਤਾਨ ਵਿੱਚ ਉਹਦਾ ਖ਼ਿਆਲ ਸੀ ਕਿ ਟੋਭਾ ਟੇਕ ਸਿੰਘ ਤੋਂ ਹੀ ਆਉਂਦੇ ਨੇ, ਜਿੱਥੇ ਉਹਦੀਆਂ ਜ਼ਮੀਨਾਂ ਨੇ।

ਪਾਗਲਖ਼ਾਨੇ ਵਿੱਚ ਇੱਕ ਪਾਗਲ ਅਜਿਹਾ ਵੀ ਸੀ ਜੋ ਆਪਣੇ ਆਪ ਨੂੰ ਖ਼ੁਦਾ ਕਹਿੰਦਾ ਸੀ ਬਿਸ਼ਨ ਸਿੰਘ ਨੇ ਉਸ ਤੋਂ ਜਦੋਂ ਇੱਕ ਦਿਨ ਪੁੱਛਿਆ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿੱਚ ਹੈ ਜਾਂ ਹਿੰਦੁਸਤਾਨ ਵਿੱਚ ਤਾਂ ਉਹਨੇ ਆਪਣੀ ਆਦਤ ਅਨੁਸਾਰ ਠਹਾਕਾ ਮਾਰਿਆ ਅਤੇ ਕਿਹਾ, 'ਉਹ ਨਾ ਪਾਕਿਸਤਾਨ ਵਿੱਚ ਹੈ ਨਾ ਹਿੰਦੁਸਤਾਨ ਵਿਚ, ਕਿਉਂਕਿ ਅਸੀਂ ਅਜੇ ਤੱਕ ਹੁਕਮ ਹੀ ਨਹੀਂ ਦਿੱਤਾ'।

ਬਿਸ਼ਨ ਸਿੰਘ ਨੇ ਉਸ ਖ਼ੁਦਾ ਨੂੰ ਕਈ ਵਾਰੀ ਬੜੀ ਮਿੰਨਤ ਅਤੇ ਆਜਜ਼ੀ ਨਾਲ ਕਿਹਾ ਕਿ ਉਹ ਹੁਕਮ ਦੇ ਦੇਵੇ ਤਾਂ ਕਿ ਝੰਜਟ ਮੁੱਕੇ, ਪਰ ਖ਼ੁਦਾ ਬਹੁਤ ਰੁੱਝਿਆ ਹੋਇਆ ਸੀ ਕਿਉਂਕਿ ਉਹਨੇ ਹੋਰ ਬਥੇਰੇ ਹੁਕਮ ਦੇਣੇ ਸਨ।

ਇੱਕ ਦਿਨ ਦੁਖੀ ਹੋ ਕੇ ਬਿਸ਼ਨ ਸਿੰਘ ਖ਼ੁਦਾ ਨੂੰ ਟੁੱਟ ਕੇ ਪਿਆ, 'ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਵਾਹਿਗੁਰੂ ਜੀ ਦਾ ਖ਼ਾਲਸਾ ਐਂਡ ਵਾਹਿਗੁਰੂ ਜੀ ਦੀ ਫ਼ਤਿਹ' ਇਸਦਾ ਸ਼ਾਇਦ ਮਤਲਬ ਸੀ ਕਿ ਤੂੰ ਮੁਸਲਮਾਨਾਂ ਦਾ ਖ਼ੁਦਾ ਹੈ, ਸਿੱਖਾਂ ਦਾ ਖ਼ੁਦਾ ਹੁੰਦਾ ਤਾਂ ਜ਼ਰੂਰ ਮੇਰੀ ਸੁਣਦਾ।

ਤਬਾਦਲੇ ਤੋਂ ਕੁਝ ਦਿਨ ਪਹਿਲਾਂ ਟੋਭਾ ਟੇਕ ਸਿੰਘ ਦਾ ਇੱਕ ਮੁਸਲਮਾਨ ਜੋ ਬਿਸ਼ਨ ਸਿੰਘ ਦਾ ਮਿੱਤਰ ਸੀ, ਮੁਲਾਕਾਤ ਲਈ ਆਇਆ, ਮੁਸਲਮਾਨ ਮਿੱਤਰ ਪਹਿਲਾਂ ਕਦੇ ਨਹੀਂ ਆਇਆ ਸੀ ਜਦੋਂ ਬਿਸ਼ਨ ਸਿੰਘ ਨੇ ਉਹਨੂੰ ਦੇਖਿਆ ਤਾਂ ਇੱਕ ਪਾਸੇ ਹੱਟ ਗਿਆ, ਫਿਰ ਵਾਪਸ ਜਾਣ ਲੱਗਾ ਪਰ ਸਿਪਾਹੀਆਂ ਨੇ ਉਹਨੂੰ ਰੋਕਿਆ, 'ਇਹ ਤੈਨੂੰ ਮਿਲਣ ਆਇਐ, ਤੇਰਾ ਮਿੱਤਰ ਫ਼ਜ਼ਲਦੀਨ ਐ'।

ਬਿਸ਼ਨ ਸਿੰਘ ਨੇ ਫ਼ਜ਼ਲਦੀਨ ਨੂੰ ਇੱਕ ਨਜ਼ਰ ਦੇਖਿਆ ਅਤੇ ਕੁਝ ਬੁੜਬੁੜਾਉਣ ਲੱਗਾ ਫ਼ਜ਼ਲਦੀਨ ਨੇ ਅੱਗੇ ਵੱਧ ਕੇ ਉਹਦੇ ਮੋਢੇ ਉੱਪਰ ਹੱਥ ਰੱਖਿਆ, 'ਮੈਂ ਕਈ ਦਿਨਾਂ ਤੋਂ ਸੋਚ ਰਿਹਾ ਸੀ ਕਿ ਤੈਨੂੰ ਮਿਲਾਂ ਪਰ ਵਿਹਲ ਹੀ ਨਾ ਮਿਲੀ, ਤੇਰੇ ਸਭ ਆਦਮੀ ਖ਼ੈਰੀਅਤ ਨਾਲ ਹਿੰਦੁਸਤਾਨ ਚਲੇ ਗਏ ਸਨ ਮੈਥੋਂ ਜਿੰਨੀ ਮਦਦ ਹੋ ਸਕੀ, ਮੈਂ ਕੀਤੀ, ਤੇਰੀ ਧੀ ਰੂਪ ਕੌਰ' ਉਹ ਬੋਲਦਿਆਂ ਬੋਲਦਿਆਂ ਰੁਕ ਗਿਆ।

ਬਿਸ਼ਨ ਸਿੰਘ ਕੁਝ ਯਾਦ ਕਰਨ ਲੱਗਿਆ, 'ਧੀ ਰੂਪ ਕੌਰ'

ਫ਼ਜ਼ਲਦੀਨ ਨੇ ਰੁਕ ਕੇ ਕਿਹਾ, 'ਹਾਂ, ਉਹ, ਉਹ ਵੀ ਠੀਕ ਠਾਕ ਐ, ਉਨਾਂ ਨਾਲ ਹੀ ਚਲੀ ਗਈ ਸੀ।'

ਬਿਸ਼ਨ ਸਿੰਘ ਚੁੱਪ ਰਿਹਾ

ਫ਼ਜ਼ਲਦੀਨ ਨੇ ਫਿਰ ਕਹਿਣਾ ਸ਼ੁਰੂ ਕੀਤਾ, 'ਉਨਾਂ ਨੇ ਮੈਨੂੰ ਕਿਹਾ ਸੀ ਕਿ ਤੇਰੀ ਖ਼ੈਰ ਖੈਰੀਅਤ ਪੁੱਛਦਾ ਰਹਾਂ। ਹੁਣ ਮੈਂ ਸੁਣਿਆ ਤੂੰ ਹਿੰਦੁਸਤਾਨ ਜਾ ਰਿਹੈਂ। ਭਾਈ ਬਲਬੀਰ ਸਿੰਘ ਅਤੇ ਭਾਈ ਵਧਾਵਾ ਸਿੰਘ ਨੂੰ ਮੇਰਾ ਸਲਾਮ ਕਹਿਣਾ ਅਤੇ ਭੈਣ ਅੰਮ੍ਰਿਤ ਕੌਰ ਨੂੰ ਵੀ। ਭਾਈ ਬਲਬੀਰ ਸਿੰਘ ਨੂੰ ਕਹਿਣਾ ਕਿ ਫ਼ਜ਼ਲਦੀਨ ਰਾਜ਼ੀ ਖ਼ੁਸ਼ੀ ਐ। ਦੋ ਭੂਰੀਆਂ ਮੈਸਾਂ ਜੋ ਉਹ ਛੱਡ ਗਏ ਸੀ, ਉਨਾਂ 'ਚੋਂ ਇੱਕ ਨੇ ਕੱਟਾ ਦਿੱਤਾ, ਦੂਜੀ ਦੇ ਕੱਟੀ ਹੋਈ ਸੀ ਪਰ ਉਹ ਛੇ ਦਿਨਾਂ ਦੀ ਹੋ ਕੇ ਮਰ ਗਈ। ਹੋਰ, ਮੇਰੇ ਲਾਇਕ ਜੋ ਖ਼ਿਦਮਤ ਹੋਵੇ, ਕਹੀਂ ਮੈਂ ਹਰ ਵਕਤ ਤਿਆਰ ਆਂ ਔਰ ਆਹ ਤੇਰੇ ਲਈ ਥੋੜੇ ਜਿਹੇ ਮਰੂੰਡੇ ਲਿਆਇਆਂ'।

ਬਿਸ਼ਨ ਨੇ ਮਰੂੰਡਿਆਂ ਦੀ ਪੋਟਲੀ ਲੈ ਕੇ ਕੋਲ ਖੜੇ ਸਿਪਾਹੀ ਦੇ ਹਵਾਲੇ ਕਰ ਦਿੱਤੀ ਤੇ ਫ਼ਜ਼ਲਦੀਨ ਨੂੰ ਪੁੱਛਿਆ, 'ਟੋਭਾ ਟੇਕ ਸਿੰਘ ਕਿੱਥੇ ਐ?'

ਫ਼ਜ਼ਲਦੀਨ ਨੇ ਥੋੜਾ ਹੈਰਾਨ ਹੁੰਦਿਆ ਕਿਹਾ, 'ਕਿੱਥੇ ਐ?'

'ਓਥੇ ਈ ਐ, ਜਿੱਥੇ ਸੀ'

ਬਿਸ਼ਨ ਸਿੰਘ ਨੇ ਫੇਰ ਪੁੱਛਿਆ, 'ਪਾਕਿਸਤਾਨ ਵਿੱਚ ਹੈ ਜਾਂ ਹਿੰਦੁਸਤਾਨ ਵਿੱਚ? ਹਿੰਦੁਸਤਾਨ ਵਿੱਚ, ਨਹੀਂ, ਨਹੀਂ, ਪਾਕਿਸਤਾਨ ਵਿੱਚ' ਫ਼ਜ਼ਲਦੀਨ ਬੌਂਦਲ ਜਿਹਾ ਗਿਆ ਬਿਸ਼ਨ ਸਿੰਘ ਬੁੜਬੁੜਾਉਂਦਾ ਹੋਇਆ ਚਲਾ ਗਿਆ, 'ਔਪੜ ਦਿ ਗੜ ਗੜ ਦਿ ਅਨੈਕਸ ਦੇ ਬੇਧਿਆਨਾ ਦਿ ਮੁੰਗ ਦੀ ਦਾਲ ਆਫ਼ ਦੀ ਪਾਕਿਸਤਾਨ ਐਂਡ ਹਿੰਦੁਸਤਾਨ ਆਫ਼ ਦੀ ਦੁਰ ਫਿੱਟੇ ਮੂੰਹ'

ਤਬਾਦਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ, ਇੱਧਰੋਂ ਉੱਧਰ ਅਤੇ ਉੱਧਰੋਂ ਇੱਧਰ ਆਉਣ ਵਾਲੇ ਪਾਗਲਾਂ ਦੀਆਂ ਸੂਚੀਆਂ ਪੁੱਜ ਚੁੱਕੀਆਂ ਸਨ ਅਤੇ ਤਬਾਦਲੇ ਦਾ ਦਿਨ ਵੀ ਨਿਸ਼ਚਿਤ ਹੋ ਗਿਆ।

ਕੜਾਕੇ ਦੀ ਠੰਡ ਸੀ ਜਦੋਂ ਲਾਹੌਰ ਦੇ ਪਾਗਲਖਾਨੇ 'ਚੋਂ ਹਿੰਦੂ ਸਿੱਖ ਪਾਗਲਾਂ ਨਾਲ ਭਰੀਆਂ ਹੋਈਆਂ ਲਾਰੀਆਂ ਪੁਲਿਸ ਦੀ ਸੁਰੱਖਿਆ ਵਿੱਚ ਰਵਾਨਾ ਹੋਈਆਂ, ਸਬੰਧਿਤ ਅਫ਼ਸਰ ਵੀ ਨਾਲ ਸਨ ਵਾਹਗਾ ਦੇ ਬਾਰਡਰ ਉੱਤੇ ਦੋਨਾਂ ਪਾਸੇ ਸੁਪਰਡੈਂਟ ਇੱਕ-ਦੂਜੇ ਨੂੰ ਮਿਲੇ ਅਤੇ ਮੁੱਢਲੀ ਕਾਰਵਾਈ ਮੁਕੰਣ ਪਿੱਛੋਂ ਤਬਾਦਲਾ ਸ਼ੁਰੂ ਹੋ ਗਿਆ, ਜੋ ਰਾਤ ਭਰ ਜਾਰੀ ਰਿਹਾ।

(ਚਲਦਾ...)




# ਪਾਠਕਾਂ ਦਾ ਨਜ਼ਰੀਆ

## ਦਲਿਤ ਸਮਾਜ ਤੇ ਪੰਜਾਬ ਦੀਆਂ ਚੋਣਾਂ

ਚੋਣਾਂ ਦੀ ਰੁੱਤੇ ਪੰਜਾਬ ਵੀ ਬਾਕੀ ਸੂਬਿਆਂ ਵਾਂਗ ਸਿਆਸੀ ਤੌਰ 'ਤੇ ਸਰਗਰਮ ਦਿਖਾਈ ਦੇ ਰਿਹਾ ਹੈ। ਹਰ ਤਬਕੇ ਦੇ ਵੋਟਰਾਂ ਨੂੰ ਰਿਝਾਉਣ ਵਿੱਚ ਮਸ਼ਰੂਫ਼ ਹਨ। ਪਿਛਲੇ ਸਮੇਂ ਪੰਜਾਬ ਦੀ ਸਿਆਸਤ ਵਿੱਚ ਪਹਿਲੀ ਵਾਰ ਵਾਪਰੀਆਂ ਦੋ ਵੱਡੀਆਂ ਘਟਨਾਵਾਂ ਨੂੰ ਇਸ ਪ੍ਰਸੰਗ ਤੋਂ ਸਮਝਿਆ ਜਾ ਸਕਦਾ ਹੈ। ਪਹਿਲੀ, ਦਲਿਤ ਭਾਈਚਾਰੇ ਵਿੱਚੋਂ ਆਏ ਸਿਆਸਤਦਾਨ ਚਰਨਜੀਤ ਸਿੰਘ ਚੰਨੀ ਦਾ ਮੁੱਖ ਮੰਤਰੀ ਬਣਨਾ; ਦੂਜੀ, ਗੁਰੂ ਰਵਿਦਾਸ ਜਯੰਤੀ (16 ਫ਼ਰਵਰੀ) ਕਾਰਨ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੀ ਤਰੀਕ ਦਾ 14 ਫ਼ਰਵਰੀ ਤੋਂ 20 ਫ਼ਰਵਰੀ ਹੋ ਜਾਣਾ।

ਇਨਾਂ ਤੋਂ ਇਲਾਵਾ ਪਿਛਲੇ ਸਾਲ ਭਾਜਪਾ ਨੇ ਐਲਾਨ ਕੀਤਾ ਕਿ ਬਹੁਮਤ ਹਾਸਿਲ ਕਰਨ ਦੀ ਸੂਰਤ ਵਿੱਚ ਦਲਿਤ ਤਬਕੇ ਵਿੱਚੋਂ ਮੁੱਖ ਮੰਤਰੀ ਬਣਾਇਆ ਜਾਵੇਗਾ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਦਲਿਤ ਉਪ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਬਸਪਾ ਨਾਲ਼ ਸਮਝੌਤਾ ਦਲਿਤ ਸਮਾਜ ਦੀਆਂ ਵੋਟਾਂ ਲੈਣ ਲਈ ਕੀਤਾ। ਇਨਾਂ ਘਟਨਾਵਾਂ ਨੇ ਮੁਲਕ ਦਾ ਧਿਆਨ ਪੰਜਾਬ ਦੇ ਜਾਤੀ ਸਮੀਕਰਨਾਂ ਵੱਲ ਖਿੱਚਿਆ ਹੈ। ਸਾਰੀਆਂ ਪਾਰਟੀਆਂ ਦਲਿਤਾਂ ਜੋ ਕੁੱਲ ਆਬਾਦੀ ਦਾ ਲਗਭਗ 33 ਫ਼ੀਸਦੀ ਹਿੱਸਾ ਹੈ, ਨੂੰ ਵੋਟ ਬੈਂਕ ਸਮਝ ਭਰਮਾਉਣ ਲੱਗੀਆਂ ਹੋਈਆਂ ਹਨ। ਇਸ ਤੋਂ ਇਹ ਗੱਲ ਸਾਫ਼ ਜ਼ਾਹਿਰ ਹੁੰਦੀ ਹੈ ਕਿ ਹਰ ਸਿਆਸੀ ਧਿਰ ਦਾ ਭਵਿੱਖ ਤੈਅ ਕਰਨ ਵਿੱਚ ਇਸ ਤਬਕੇ ਦੀ ਅਹਿਮ ਭੂਮਿਕਾ ਹੈ। ਅਬਾਦੀ ਦੇ ਇਸ ਵੱਡੇ ਹਿੱਸੇ ਨੂੰ ਸਿਆਸੀ ਧਿਰਾਂ ਦਰਕਿਨਾਰ ਨਹੀਂ ਕਰ ਸਕਦੀਆਂ। ਸਿਆਸੀ ਪਾਰਟੀਆਂ ਦੇ ਪ੍ਰਮੁੱਖ ਲੀਡਰਾਂ ਦੀਆਂ ਸੱਚਖੰਡ ਬੱਲਾਂ (ਜਲੰਧਰ) ਤੇ ਹੋਰ ਡੇਰਿਆਂ (ਜੋ ਦਲਿਤ ਸਮਾਜ ਦੇ ਵੱਡੇ ਹਿੱਸੇ ਦੇ ਧਾਰਮਿਕ ਤੇ ਅਧਿਆਤਮਿਕ ਕੇਂਦਰ ਹਨ) ਦੀਆਂ ਫ਼ੇਰੀਆਂ ਇਸ ਤਬਕੇ ਦੀ ਅਹਿਮੀਅਤ ਦਰਸਾਉਂਦੀਆਂ ਹਨ।

ਤ੍ਰਾਸਦੀ ਇਹ ਹੈ ਕਿ ਇਸ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਸਿਆਸੀ ਪਾਰਟੀਆਂ ਦੇ ਚੋਣ ਪ੍ਰਚਾਰ ਦਾ ਹਿੱਸਾ ਨਹੀਂ ਹਨ। ਸੁਚੱਜੀ ਸਿੱਖਿਆ, ਸਿਹਤ ਸੰਭਾਲ, ਜ਼ਮੀਨ ਦੀ ਹੱਦਬੰਦੀ ਵਾਲੇ ਕਾਨੂੰਨ ਨੂੰ ਲਾਗੂ ਕਰਨ, ਜ਼ਮੀਨ ਦੀ ਮੁੜ ਵੰਡ, ਪੰਚਾਇਤੀ ਜ਼ਮੀਨ ਦੀ ਸਹੀ ਬੋਲੀ ਕਰਾਉਣ, ਘਰਾਂ ਲਈ ਪਲਾਟ, ਮਗਨਰੇਗਾ ਨੂੰ ਸਹੀ ਢੰਗ ਨਾਲ਼ ਲਾਗੂ ਕਰਨਾ, ਕੋ-ਆਪੋਰੇਟਿਵ ਸੁਸਾਇਟੀਆਂ ਦੇ ਮੈਂਬਰ ਬਣਾਉਣ, ਸ਼ਹਿਰੀ ਸਫ਼ਾਈ ਕਰਮਚਾਰੀਆਂ ਨੂੰ ਆਧੁਨਿਕ ਮਸ਼ੀਨਰੀ ਨਾਲ਼ ਲੈਸ ਕਰਨ ਵਰਗੇ ਦਲਿਤ ਸਮਾਜ ਦੇ ਅਨੇਕਾਂ ਮੁੱਦੇ ਚੁਣਾਵੀ ਭਾਸ਼ਣਾਂ ਵਿੱਚੋਂ ਗ਼ਾਇਬ ਹਨ। ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਗੱਠਜੋੜ ਦੇ 11 ਸੂਤਰੀ ਸੰਕਲਪ ਏਜੰਡੇ ਵਿੱਚ ਦਲਿਤਾਂ ਦੀਆਂ ਸਮੱਸਿਆਵਾਂ ਦਾ ਜ਼ਿਕਰ ਵੀ ਨਹੀਂ ਹੈ। ਆਪ ਪਾਰਟੀ ਦੇ ਪੰਜ ਵਾਅਦਿਆਂ ਵਿੱਚ ਮੁਫ਼ਤ ਸਿੱਖਿਆ ਤੇ ਸਿਹਤ ਅਤੇ ਔਰਤਾਂ ਦੇ ਖ਼ਾਤਿਆਂ ਵਿੱਚ ਪੈਸਿਆਂ ਦਾ ਜ਼ਿਕਰ ਤਾਂ ਹੈ ਪਰ ਸਾਧਨਾਂ ਦੀ ਕਾਣੀ ਵੰਡ ਦਰੁਸਤ ਕਰਨ ਅਤੇ ਸਰਕਾਰੀ ਸੰਸਥਾਵਾਂ ਵਿੱਚ ਬਣਦੀ ਪ੍ਰਤੀਨਿਧਤਾ ਦੇਣ ਦੀ ਗੱਲ ਗ਼ਾਇਬ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਕੋਲ਼ ਦਲਿਤ ਉਪ-ਮੁੱਖ ਮੰਤਰੀ ਦੇ ਵਾਅਦੇ ਤੋਂ ਇਲਾਵਾ ਕਹਿਣ ਨੂੰ ਕੁਝ ਖ਼ਾਸ ਨਹੀਂ ਹੈ। ਕਾਂਗਰਸ ਸਿਰਫ਼ ਦਲਿਤ ਸਮਾਜ ਵਿੱਚੋਂ ਮੁੱਖ ਮੰਤਰੀ ਬਣਾਉਣ (ਜੋ ਚੰਗਾ ਕਦਮ ਹੈ) ਦੇ ਆਧਾਰ 'ਤੇ ਹੀ ਸਭ ਤੋਂ ਵੱਧ ਹਮਾਇਤੀ ਹੋਣ ਦਾ ਦਾਅਵਾ ਕਰ ਰਹੀ ਹੈ। ਦਲਿਤਾਂ ਦੀ ਸਿਆਸੀ ਧਿਰ ਕਹਾਉਣ ਵਾਲੀ ਬਸਪਾ ਸਿਆਸੀ ਧਰਾਤਲ ਵਿੱਚੋਂ ਪੂਰੀ ਤਰਾਂ ਗ਼ਾਇਬ ਹੈ। ਇਨਾਂ ਸਥਾਪਿਤ ਧਿਰਾਂ ਤੋਂ ਇਲਾਵਾ ਕੋਈ ਚਿਹਰਾ ਜਾਂ ਸੰਗਠਨ ਵੀ ਦਲਿਤ ਸਮਾਜ ਦੇ ਮੁੱਦਿਆਂ ਨੂੰ ਉਭਾਰਦਾ ਹੋਇਆ ਆਪਣੀ ਥਾਂ ਬਣਾਉਂਦਾ ਦਿਖਾਈ ਨਹੀਂ ਦੇ ਰਿਹਾ।

ਦਲਿਤ ਸਮਾਜ ਦੀ ਆਪਸੀ ਤਿੱਖੀ ਵੰਡ ਨੇ ਇਸ ਦੇ ਮਜ਼ਬੂਤ ਅਤੇ ਸਰਗਰਮ ਸਿਆਸੀ ਧਿਰ ਵਜੋਂ ਸਥਾਪਿਤ ਹੋਣ ਦੀਆਂ ਸੰਭਾਵਨਾਵਾਂ ਨੂੰ ਖੋਰਾ ਲਾਇਆ ਹੈ। ਵੰਡਿਆ ਦਲਿਤ ਸਮਾਜ ਮਜਬੂਤ ਦਾਅਵਾ ਪੇਸ਼ ਨਹੀਂ ਕਰ ਸਕਦਾ। ਪੰਜਾਬ ਵਿੱਚ ਫ਼ੈਲੇ ਡੇਰਾਵਾਦ ਨੇ ਜਿੱਥੇ ਇੱਕ ਪੱਧਰ 'ਤੇ ਦਲਿਤ ਸਮਾਜ ਨੂੰ ਮਾਨਸਿਕ ਤੇ ਅਧਿਆਤਮਿਕ ਸੰਤੁਸ਼ਟੀ ਦਿੱਤੀ, ਉੱਥੇ ਦਲਿਤ ਚੇਤਨਾ ਦੇ ਉਭਾਰ ਨੂੰ ਕਮਜ਼ੋਰ ਕੀਤਾ ਹੈ। ਜਾਤ ਆਧਾਰਿਤ ਵਿਤਕਰੇ ਅਤੇ ਹਿੰਸਾ ਤੇ ਗੱਲ ਕਰਨਾ ਤਾਂ ਦੂਰ ਪੰਜਾਬੀ ਜਨ-ਮਾਨਸ ਦਾ ਵੱਡਾ ਹਿੱਸਾ ਤਾਂ ਅਜੇ ਇਹ ਮੰਨਣ ਨੂੰ ਹੀ ਤਿਆਰ ਨਹੀਂ ਕਿ ਗੁਰੂਆਂ ਦੀ ਜਾਤੀ-ਪ੍ਰਥਾ ਵਿਰੋਧੀ ਸੋਚ ਨੂੰ 'ਪ੍ਰਣਾਈ' ਇਸ ਧਰਤੀ ਦੇ ਲੋਕ ਵੀ ਜਾਤੀ ਹਉਮੈ ਦਾ ਸ਼ਿਕਾਰ ਹਨ। ਸਿਆਸੀ ਧਿਰਾਂ ਉੱਤੇ ਆਰਥਿਕ ਅਤੇ ਸਮਾਜਿਕ ਦਾਬਾ ਰੱਖਣ ਵਾਲੇ ਤਬਕੇ ਦਾ ਕਬਜ਼ਾ ਹੈ। ਚੋਣਾਂ ਰਾਹੀਂ ਜਿੱਤ ਕੇ ਐੱਮ. ਐੱਲ. ਏ. ਬਣਨਾ ਅਤੇ ਸਰਕਾਰ ਬਣਾ ਕੇ ਆਪਣਾ ਦਾਬਾ ਕਾਇਮ ਰੱਖਣਾ ਇਨਾਂ ਦੀ ਰਾਜਨੀਤੀ ਦਾ ਹਿੱਸਾ ਹੈ। ਪੰਜਾਬ ਦੇ ਦਲਿਤ ਸਮਾਜ ਅਤੇ ਜਮਹੂਰੀਅਤ ਪਸੰਦ ਅਵਾਮ ਨੂੰ ਇਸ ਵਰਤਾਰੇ ਬਾਰੇ ਗੰਭੀਰ ਹੋਣਾ ਪਵੇਗਾ।

**ਜਤਿੰਦਰ ਸਿੰਘ**

## ਚੋਣਾਂ ਵਿੱਚ ਬੀਬੀਆਂ ਦੇ ਮੁੱਦੇ ਗ਼ਾਇਬ

ਪੰਜਾਬ ਦੀ ਔਰਤ ਦੀ ਦਸ਼ਾ ਹਜ਼ਾਰ ਜਾਂ ਦੋ ਹਜ਼ਾਰ ਪ੍ਰਤੀ ਮਹੀਨੇ ਦੀ ਰਕਮ ਵੰਡਣ ਨਾਲ਼ ਨਹੀਂ ਬਦਲਣੀ ਤੇ ਨਾ ਹੀ ਅਫ਼ਸਰਸ਼ਾਹੀ ਦੇ ਸਿਹਤ ਸੂਚਕਾਂ ਨੂੰ ਟੀਚਿਆਂ ਵਿੱਚ ਬਦਲ ਕੇ। ਔਰਤਾਂ ਦਾ ਭਵਿੱਖ ਉਨਾਂ ਦੇ ਵਰਤਮਾਨ ਨੂੰ ਸਮਝ ਤੇ ਸਵੀਕਾਰ ਕੇ ਹੀ ਉਲੀਕਿਆ ਜਾ ਸਕਦਾ ਹੈ। ਪੰਜਾਬ ਦੀਆਂ ਔਰਤਾਂ ਦਾ ਭਵਿੱਖ ਸਮਾਜ ਅਤੇ ਰਾਜ ਦੇ ਬੁਨਿਆਦੀ ਬਦਲਾਉ ਨਾਲ਼ ਜੁੜਿਆ ਹੈ। ਇਸ ਵਾਰ ਪੰਜਾਬ ਦੀਆਂ ਚੋਣਾਂ ਕਈ ਤਰਾਂ ਨਾਲ਼ ਪਹਿਲਾਂ ਤੋਂ ਵੀ ਕਿਤੇ ਜ਼ਿਆਦਾ ਨਿਰਾਸ਼ ਕਰਨ ਵਾਲੀਆਂ ਹਨ। ਕਿਸੇ ਸਿਆਸੀ ਪਾਰਟੀ ਦੀ ਕੋਈ ਵਿਚਾਰਧਾਰਾ ਨਹੀਂ। ਅਸੀਂ ਪਿਛਲੇ ਅਕਾਲੀਆਂ ਨੂੰ ਕਾਂਗਰਸ ਵਿੱਚ ਸ਼ਾਮਿਲ ਹੁੰਦੇ ਵੇਖ ਰਹੇ ਹਾਂ, ਕਾਂਗਰਸੀ ਆਮ ਆਦਮੀ ਪਾਰਟੀ ਵਿੱਚ ਜਾ ਰਹੇ ਹਨ, ਆਮ ਆਦਮੀ ਭਾਜਪਾ ਵਿੱਚ ਜਾ ਰਿਹਾ ਹੈ, ਭਾਜਪਾ ਵਾਲੇ ਅਕਾਲੀਆਂ ਨਾਲ਼ ਰਲ ਰਹੇ ਨੇ ਤੇ ਕੁਝ ਪਿਛਲੇ ਆਮ ਆਦਮੀ, ਅਕਾਲੀ, ਕਾਂਗਰਸੀ ਤੇ ਭਾਜਪਾ ਸਮਰਥਕ ਸੰਯੁਕਤ ਸਮਾਜ ਪਾਰਟੀ ਵਿੱਚ ਜਾ ਸ਼ਾਮਿਲ ਹੁੰਦੇ ਦਿਸ ਰਹੇ ਹਨ। ਚੋਣ ਸਿਆਸਤ ਵਿੱਚ ਕੋਈ ਸਿਧਾਂਤ ਜਾਂ ਨੈਤਿਕਤਾ ਨਹੀਂ ਦਿਸ ਰਹੀ। ਪਾਰਟੀਆਂ ਬਦਲਾ ਲਊ ਮਾਹੌਲ ਸਿਰਜਣ ਵਿੱਚ ਲੱਗੀਆਂ ਹਨ। ਹਰ ਪਾਰਟੀ ਦੂਜੇ ਦੇ ਸਕੈਂਡਲਾਂ ਨੂੰ ਸਾਹਮਣੇ ਲਿਆ ਕੇ ਅਤੇ ਸੱਤਾ ਵਿੱਚ ਆਉਣ 'ਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਵਾਅਦਾ ਕਰ ਰਹੀ ਹੈ ਤੇ ਭ੍ਰਿਸ਼ਟਾਚਾਰ ਨੂੰ ਜੜੋਂ ਮਿਟਾਉਣ ਦੇ ਵਾਅਦੇ ਕੀਤੇ ਜਾ ਰਹੇ ਹਨ। ਔਰਤਾਂ ਤਾਂ ਪਹਿਲਾਂ ਹੀ ਹਰ ਕਿਸਮ ਦੇ ਮਾਫ਼ੀਏ ਦੀਆਂ ਨਾਜਾਇਜ਼ ਤਾਕਤਾਂ ਦਾ ਖ਼ਾਮਿਆਜ਼ਾ ਭੁਗਤਦੀਆਂ ਹਨ। ਸਿਆਸੀ ਸੱਤਾ ਵਰਤ ਕੇ ਆਰਥਿਕ ਲਾਹੇ ਲੈਣਾ ਤੇ ਫੇਰ ਆਰਥਿਕ ਤਾਕਤ ਦੇ ਸਿਰ 'ਤੇ ਸਮਾਜਿਕ ਰੁਤਬਾ ਬਣਾ ਕੇ ਸਮਾਜ ਅੰਦਰ ਮਰਦਾਵੀਂ ਧੌਂਸ ਔਰਤਾਂ ਨੂੰ ਨੀਵੇਂ ਰੱਖਣ ਲਈ ਵਰਤੀ ਜਾਂਦੀ ਹੈ। ਕੀ ਕੋਈ ਚੁਣਾਵੀ ਪਾਰਟੀ ਭ੍ਰਿਸ਼ਟਾਚਾਰ ਖ਼ਤਮ ਕਰਨ ਨੂੰ, ਹਿੰਸਾ ਅਤੇ ਵਿਤਕਰੇ-ਰਹਿਤ ਸਮਾਜ ਦੀ ਸਿਰਜਣਾ ਜਿਸ ਵਿੱਚ ਔਰਤ ਇੱਕ ਬਰਾਬਰ ਦੀ ਨਾਗਰਿਕ ਹੋਵੇ, ਨਾਲ਼ ਜੋੜ ਕੇ ਵੇਖ ਰਹੀ ਹੈ। ਕੀ ਪੰਜਾਬ ਦੇ ਵਿਕਾਸ ਵਾਲੇ ਦਾਅਵੇ, ਆਰਥਿਕ ਨੀਤੀਆਂ ਤੇ ਔਰਤਾਂ ਨਾਲ਼ ਹੁੰਦੀ ਹਿੰਸਾ ਤੇ ਸਮਾਜਿਕ ਵਿਤਕਰੇ ਦਾ ਜੁੜਾਅ ਵੇਖ ਸਕਦੇ ਹਨ? ਜਿਸ ਤਰਾਂ ਕਿਸਾਨ ਅੰਦੋਲਨ ਵਿੱਚ ਔਰਤਾਂ ਨੇ ਆਪਣਾ ਤਜਰਬਾ ਜੋੜ ਕੇ ਕਿਸਾਨੀ ਸੰਕਟ ਅਤੇ ਹੱਲ ਦੀ ਕਲਪਨਾ ਦਾ ਵਿਸਤਾਰ ਕੀਤਾ, ਇਸ ਮੁੱਦਾ ਰਹਿਤ ਚੋਣ ਵਿੱਚ ਵੀ ਔਰਤਾਂ ਪੰਜਾਬ ਦੀ ਅੱਧੀ ਅਬਾਦੀ ਦੇ ਦ੍ਰਿਸ਼ਟੀਕੋਣ ਤੋਂ ਚੋਣ ਪ੍ਰਕਿਰਿਆ ਦੀ ਬਹਿਸ ਦਾ ਵਿਸਤਾਰ ਕਰ ਸਕਦੀਆਂ ਹਨ।

**ਨਵਸ਼ਰਨ ਕੌਰ**

## ਸ਼ਰਧਾ ਅਤੇ ਸੇਵਾ ਉੱਪਰ ਭਾਰੂ ਪਿਆ ਹੋਇਆ ਪਰਪੰਚ

ਪਿਛਲੇ ਦਿਨੀਂ ਮੇਰਾ ਇੱਕ ਗੁਆਂਢੀ ਮੈਨੂੰ ਆਪਣੇ ਘਰ ਪ੍ਰਭਾਤ ਫ਼ੇਰੀ ਦਾ ਸੱਦਾ ਦਿੰਦਿਆਂ ਕਹਿਣ ਲੱਗਾ, 'ਵੀਰ ਜੀ, ਕੱਲ ਸਵੇਰੇ ਪੰਜ ਵਜੇ ਸਾਡੇ ਗ੍ਰਹਿ ਵਿਖੇ ਸਹਿ ਪਰਿਵਾਰ ਆਇਆ ਜੇ। ਕੇਸਰ-ਬਦਾਮਾਂ ਆਲੇ ਦੁੱਧ ਨਾਲ਼ ਦੇਸੀ ਘਿਓ ਦੀਆਂ ਪਿੰਨੀਆਂ ਦਾ ਖ਼ਾਸ-ਪ੍ਰਬੰਧ ਕੀਤਾ ਹੈ ਸੰਗਤ ਲਈ। ਜੇਕਰ ਤੁਹਾਡੇ ਚਰਨ ਪੈ ਜਾਣ ਸਾਡੇ ਗ਼ਰੀਬਖਾਨੇ ਵਿੱਚ ਤਾਂ ਮੈਂ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ।' ਡੌਰ-ਭੌਰ ਹੋਇਆ ਮੈਂ ਕੁਝ ਦੇਰ ਇਹੀ ਸੋਚੀ ਗਿਆ ਕਿ ਇਹ ਭਲਾ ਪੁਰਸ਼ ਸਾਨੂੰ ਅੰਮ੍ਰਿਤ ਵੇਲੇ ਮਹਾਰਾਜ ਦੇ ਚਰਨ ਪਰਸਣ ਦਾ ਨਿਓਤਾ ਦੇ ਕੇ ਗਿਆ ਹੈ ਜਾਂ ਕੇਸਰ ਤੇ ਬਦਾਮਾਂ ਦਾ ਦੁੱਧ ਪਿਆਉਣ ਦਾ?

ਖ਼ੈਰ, ਗੁਆਂਢ-ਮੱਥੇ ਤੇ ਮੂੰਹ-ਮੁਲਾਹਜ਼ੇ ਸਦਕਾ ਮੈਂ ਤੇ ਮੇਰੀ ਪਤਨੀ ਹੱਡ ਚੀਰਦੀ ਸਰਦੀ ਵਿੱਚ ਪੌਣੇ ਪੰਜ ਵਜੇ ਜੱਗੀ ਸਾਬ ਦੇ ਘਰ ਵੱਲ ਹੋ ਤੁਰੇ। ਪ੍ਰਭਾਤ ਫ਼ੇਰੀ ਅਜੇ ਪਿਛਲੇ ਘਰੋਂ ਤੁਰੀ ਨਹੀਂ ਸੀ ਤੇ ਜੱਗੀ ਭਾਅ ਜੀ ਵਾਰ-ਵਾਰ ਆਪਣੀ ਪਤਨੀ ਨੂੰ ਇਹੀ ਆਖੀ ਜਾ ਰਹੇ ਸਨ, 'ਭਲੀਏ ਲੋਕੇ, ਜਿਹੜੇ ਗੈਂਦੇ ਤੇ ਗੁਲਾਬ ਦੇ ਫੁੱਲ ਅਤੇ ਸਿਹਰੇ ਮੈਂ ਖ਼ਾਸ ਪਟਿਆਲਿਓਂ ਬਣਵਾ ਕੇ ਲਿਆਇਆਂ, ਉਹ ਛੇਤੀ ਲੈ ਆ।' ਲਓ ਜੀ, ਆਖ਼ਰ ਸੰਗਤ ਜੱਗੀ ਭਾਜੀ ਦੇ ਘਰ ਮੂਹਰੇ ਆ ਪੁੱਜੀ ਤੇ ਗ੍ਰੰਥੀ ਸਿੰਘ ਨੇ ਉੱਚੀ ਤੇ ਸੁਰੀਲੀ ਲੈਅ ਵਿੱਚ ਧਾਰਨਾ ਲਾਉਣੀ ਸ਼ੁਰੂ ਕੀਤੀ 'ਸੁੱਤਿਆ ਵੇ ਜਾਗ ਬੰਦਿਆਂ ਤੇਰਾ ਨਾਮ ਜਪਣ ਦਾ ਵੇਲਾ।' ਫ਼ਿਜ਼ਾ ਨੂੰ ਰੂਹਾਨੀਅਤ ਦਾ ਰੰਗ ਚਾੜ੍ਹਦਿਆਂ ਜੱਗੀ ਭਾਅ ਜੀ, ਉਨਾਂ ਦੀ ਪਤਨੀ ਤੇ ਬੱਚਿਆਂ ਤੋਂ ਇਲਾਵਾ ਹੋਰਨਾਂ ਰਿਸ਼ਤੇਦਾਰਾਂ ਨੇ ਸੰਗਤ ਨੂੰ 'ਜੀ ਆਇਆਂ' ਆਖਦਿਆਂ ਜੈਕਾਰਿਆਂ ਦੀ ਗੂੰਜ ਵਿੱਚ ਫੁੱਲਾਂ ਦੀ ਵਰਖਾ ਕੀਤੀ। ਇਹ ਸਾਰਾ ਨਜ਼ਾਰਾ ਇੱਕ ਫ਼ਿਲਮ ਨਿਰਦੇਸ਼ਕ ਵਾਂਗ ਜੱਗੀ ਸਾਬ ਦੇ ਦਿਸ਼ਾ-ਨਿਰਦੇਸ਼ 'ਤੇ ਉੱਥੇ ਮੌਜੂਦ ਫ਼ੋਟੋਗ੍ਰਾਫ਼ਰ ਤੇ ਕੈਮਰਾਮੈਨ ਵੱਲੋਂ ਬਕਾਇਦਾ ਕੈਮਰਿਆਂ ਵਿੱਚ ਕੈਦ ਕੀਤਾ ਜਾ ਰਿਹਾ ਸੀ।

ਇੰਨੇ ਵਿੱਚ ਸੰਗਤ ਕੋਠੀ ਦੀ ਡਿਓੜੀ ਵਿੱਚ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਸਨ, ਮੱਥਾ ਟੇਕਣ ਮਗਰੋਂ ਜਿੱਥੇ ਜਗਾ ਮਿਲੀ, ਸਜ ਕੇ ਬੈਠ ਗਈ। ਇਸ ਉਪਰੰਤ ਰਾਗੀ ਸਿੰਘਾਂ ਨੇ ਕੀਰਤਨ ਕੀਤਾ, ਅਰਦਾਸ ਹੋਈ, ਹੁਕਮਨਾਮਾ ਲਿਆ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ਼ ਵਰਤਾਈ ਗਈ। ਇਸ ਮੌਕੇ ਵੀ ਗੁਰੂ ਸਾਹਿਬ ਦੀ ਨਿੱਘੀ ਗੋਦ ਦਾ ਆਨੰਦ ਮਾਣ ਰਹੀ ਸਾਧ-ਸੰਗਤ ਦੀ ਹਾਜ਼ਰੀ ਵਿੱਚ ਜੱਗੀ ਭਾਅ ਜੀ ਨੇ ਮਹਾਰਾਜ ਲਈ ਖ਼ਾਸ ਤੌਰ 'ਤੇ ਸੁੱਚੀ ਜਰੀ ਦੇ ਕੰਮ ਨਾਲ਼ ਅੰਬਰਸਰੋਂ ਤਿਆਰ ਕਰਵਾਏ ਗਏ ਰੇਸ਼ਮੀ ਰੁਮਾਲਾ ਸਾਹਿਬ ਦੀ ਸ਼ਲਾਘਾ ਕਰਨ ਵਿੱਚ ਭੋਰਾ ਵੀ ਸੰਕੋਚ ਨਾ ਕੀਤਾ। ਬਿਲਕੁਲ ਨੇੜੇ ਬੈਠੇ ਮੇਰੇ ਕੰਨ ਵਿੱਚ ਘੁਸਰ-ਮੁਸਰ ਕਰਦਿਆਂ ਜੱਗੀ ਭਾਅ ਜੀ ਕਹਿਣ ਲੱਗੇ, 'ਵੀਰ ਜੀ, ਅੰਦਾਜ਼ਾ ਤਾਂ ਲਾਓ ਕਿੰਨੀ ਕੁ ਭੇਟਾ ਹੋਵੇਗੀ ਇਸ ਰੁਮਾਲਾ ਸਾਹਿਬ ਦੀ?'

ਮੈਂ ਨਿੰਮੋਝੂਣਾ ਹੋਇਆ ਆਖਣ ਲੱਗਾ, 'ਭਾਅ ਜੀ, ਮੈਨੂੰ ਇਸ ਬਾਰੇ ਕੋਈ ਸਮਝ ਨਹੀਂ।' ਮੇਰੀ ਗੱਲ ਨੂੰ ਕੱਟਦਿਆਂ ਉਹ ਮੂਹਰਿਓਂ ਬੋਲੇ, 'ਵੀਹ ਹਜ਼ਾਰ ਮੰਗਦੇ ਸੀ, ਅੜ ਕੇ ਅਠਾਰਾਂ ਵਿੱਚ ਬਣਵਾਇਐ, ਉਹ ਵੀ ਆਪਣੇ ਅਸਰ-ਰਸੂਖ਼ ਕਰਕੇ।' ਮੈਂ ਮਨੋ-ਮਨ ਇਹੀ ਸੋਚੀ ਗਿਆ ਕਿ ਇਹ ਮਹਾਰਾਜ ਦਾ ਸ਼ੁਕਰਾਨਾ ਕਰ ਰਿਹਾ ਹੈ ਜਾਂ ਆਪਣੀ ਵਡਿਆਈ।

ਇੰਨੇ ਵਿੱਚ ਅਰਦਾਸੀਏ ਸਿੰਘ ਨੇ ਪਰਿਵਾਰ ਵੱਲੋਂ ਅਕਾਲ ਪੁਰਖ ਦੀ ਮਿਹਰ ਸਦਕਾ ਸੁੱਖ ਸ਼ਾਂਤੀ ਤੇ ਸ਼ੁਕਰਾਨੇ ਲਈ ਜੱਗੀ ਸਾਬ ਦੇ ਗ੍ਰਹਿ ਵਿਖੇ ਚੱਲ ਕੇ ਆਈ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੇਰੀ ਉਦੋਂ ਹੈਰਾਨੀ ਦੀ ਹੱਦ ਹੀ ਟੱਪ ਗਈ ਜਦੋਂ ਜੱਗੀ ਭਾਅ ਜੀ ਨੇ ਗੁਰਦੁਆਰੇ ਦੇ ਪ੍ਰਧਾਨ ਸਾਹਿਬ ਵੱਲੋਂ ਪ੍ਰਭਾਤ ਫ਼ੇਰੀ ਸੱਦਣ 'ਤੇ ਬਖ਼ਸ਼ੇ ਸਿਰੋਪਾਓ ਦੀਆਂ ਫੋਟੋਆਂ ਸਾਡੇ ਮਹੱਲੇ ਦੇ ਵਟਸਐਪ ਗਰੁੱਪ 'ਤੇ ਉਸੇ ਵੇਲੇ ਹੀ ਚਾੜ੍ਹ ਦਿੱਤੀਆਂ।

ਆਖ਼ਰ ਪਰਿਵਾਰ ਵੱਲੋਂ ਕੀਤੀ ਬੇਨਤੀ 'ਤੇ ਭਾਈ ਸਾਹਿਬ ਨੇ ਸਮੂਹ ਆਈ ਸੰਗਤ ਨੂੰ ਲੰਗਰ ਛਕ ਕੇ ਜਾਣ ਲਈ ਆਖਦਿਆਂ ਕਿਹਾ, 'ਕੋਈ ਵੀ ਮਾਈ ਭਾਈ ਦੁੱਧ ਦਾ ਲੰਗਰ ਛਕੇ ਬਗ਼ੈਰ ਨਾ ਜਾਵੇ ਕਿਉਂਜੋ ਪਰਿਵਾਰ ਵੱਲੋਂ ਕੇਸਰ ਤੇ ਬਦਾਮਾਂ ਵਾਲੇ ਦੁੱਧ ਨਾਲ਼ ਦੇਸੀ ਘਿਓ ਦੀਆਂ ਪਿੰਨੀਆਂ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਹੈ।' ਜੱਗੀ ਭਾਅ ਜੀ ਫ਼ੋਟੋਗ੍ਰਾਫ਼ਰ ਸਣੇ ਹਰੇਕ ਆਏ ਸੱਜਣ ਕੋਲ਼ ਜਾ ਕੇ ਇਹ ਦੱਸਣ ਵਿੱਚ ਮਸ਼ਰੂਫ਼ ਸਨ, 'ਬਾਈ ਜੀ, ਇਹ ਕਸ਼ਮੀਰ ਦਾ ਮਸ਼ਹੂਰ ਕੇਸਰ ਮੈਂ ਖ਼ਾਸ ਆਪਣੇ ਸਾਲੇ ਤੋਂ ਜਿਹੜਾ ਸ਼੍ਰੀਨਗਰ ਵਿਖੇ ਚਿਰਾਂ ਤੋਂ ਡਰਾਈ ਫਰੂਟ ਦਾ ਕਾਰੋਬਾਰ ਕਰਦਾ ਹੈ, ਸਪੈਸ਼ਲ ਸੰਗਤ ਦੀ ਸੇਵਾ ਲਈ ਮੰਗਵਾਇਐ।' ਜੱਗੀ ਭਾਅ ਜੀ ਸਭ ਕੋਲ਼ੋਂ ਆਪ ਜਾ ਕੇ ਵਾਰ-ਵਾਰ ਇਹੀ ਪੁੱਛੀ ਜਾ ਰਹੇ ਸਨ, 'ਸੱਚ ਦੱਸਿਓ ਵੀਰ ਜੀ, ਹੈ ਨਾ ਇਹਦਾ ਸਵਾਦ ਨਿਰਾਲਾ, ਪੀਤਾ ਜੇ ਪਹਿਲਾਂ ਕਦੇ ਅਜਿਹਾ ਬਦਾਮਾਂ ਤੇ ਕੇਸਰ ਆਲਾ ਦੁੱਧ? ਇੱਥੇ ਵੱਡੀਆਂ-ਵੱਡੀਆਂ ਦੁਕਾਨਾਂ 'ਤੇ ਤਾਂ ਦੁੱਧ ਵਿੱਚ ਕੇਸਰ ਦੇ ਨਾਂ 'ਤੇ ਪੀਲਾ ਰੰਗ ਤੇ ਅਤਰ ਹੀ ਘੋਲ-ਘੋਲ ਕੇ ਲੁੱਟੀ ਜਾਂਦੇ ਨੇ। ਤਾਹੀਂਓ ਤੇ ਕਹਿੰਦੇ ਨੇ ਊਂਚੀ ਦੁਕਾਨ ਫੀਕਾ ਪਕਵਾਨ।'

ਆਪਣੀ ਪਤਨੀ ਵੱਲ ਇਸ਼ਾਰਾ ਕਰਦਿਆਂ ਜੱਗੀ ਸਾਬ ਬਿਨਾਂ ਕਿਸੇ ਝਿਜਕ ਤੋਂ ਮਹੱਲੇ ਦੀਆਂ ਪੰਜ-ਸੱਤ ਔਰਤਾਂ ਨੂੰ ਮੁਖ਼ਾਤਬ ਹੁੰਦਿਆਂ ਕਹਿਣ ਲੱਗੇ, 'ਇਹ ਸਾਰਾ ਪੁੰਨ ਪ੍ਰਤਾਪ ਥੋਡੀ ਭੈਣ ਦਾ ਈ ਏ, ਜਿਹਨੇ ਆਪਣੇ ਵੀਰ ਨੂੰ ਕਹਿ ਕੇ ਇਹ ਕੇਸਰ ਤੇ ਬਦਾਮ ਖ਼ਾਸ ਤੌਰ 'ਤੇ ਕਸ਼ਮੀਰੋਂ ਤੁਹਾਡੇ ਲਈ ਮੰਗਵਾਏ ਨੇ। ਮੈਂ ਤਾਂ ਪਹਿਲਾਂ ਹੀ ਧਾਰਿਆ ਹੋਇਆ ਸੀ ਕਿ ਐਤਕੀਂ ਪ੍ਰਭਾਤ ਫ਼ੇਰੀ 'ਤੇ ਸੰਗਤ ਨੂੰ ਉੱਤਮ ਕੁਆਲਿਟੀ ਦੇ ਕੇਸਰ ਤੇ ਬਦਾਮਾਂ ਵਾਲਾ ਦੁੱਧ ਤੇ ਨਾਲ਼ ਗੋਲੂ ਹਲਵਾਲੀ ਦੀਆਂ ਖ਼ਾਲਸ ਘਿਓ ਤੇ ਖੋਏ ਦੀਆਂ ਪਿੰਨੀਆਂ ਹੀ ਛਕਾਉਣੀਆਂ ਨੇ ਕਿਉਂਜੋ ਮਹਾਰਾਜ ਨੇ ਸਾਡੇ 'ਤੇ ਅਪਾਰ ਕਿਰਪਾ ਕੀਤੀ ਏ।'

ਮੈਂ ਤੇ ਮੇਰੀ ਪਤਨੀ ਇੱਕ ਪਾਸੇ ਖੜੇ ਇਹੀ ਸੋਚੀ ਜਾ ਰਹੇ ਸਾਂ ਕਿ ਜੱਗੀ ਹੁਰਾਂ ਪ੍ਰਭਾਤ ਫ਼ੇਰੀ ਸੱਦੀ ਐ ਜਾਂ ਕੇਸਰ-ਬਦਾਮਾਂ ਦੇ ਦੁੱਧ ਤੇ ਪਿੰਨੀਆਂ ਦੀ ਮਸ਼ਹੂਰੀ ਕਰ ਰਹੇ ਨੇ। ਆਲੇ-ਦੁਆਲੇ ਤੋਂ ਆਏ ਸੱਜਣ ਮਿੱਤਰ, ਸਨੇਹੀ ਤੇ ਰਿਸ਼ਤੇਦਾਰ ਜੱਗੀ ਸਾਬ ਦੀ ਸਿਫ਼ਤ ਸਲਾਹ ਕਰਨ ਵਿੱਚ ਭੋਰਾ ਕਸਰ ਨਹੀਂ ਸੀ ਛੱਡ ਰਹੇ। ਉਹ ਬਾਰ-ਬਾਰ ਇਹੀ ਆਖੀ ਜਾ ਰਹੇ ਸਨ, 'ਭਾਜੀ ਨਜ਼ਾਰਾ ਆ ਗਿਆ ਹੈ ਕੜਾਕੇ ਦੀ ਠੰਢ ਵਿੱਚ ਗਰਮਾ-ਗਰਮ ਕੇਸਰ ਵਾਲੇ ਦੁੱਧ ਨਾਲ਼ ਪਿੰਨੀਆਂ ਖਾ ਕੇ। ਸੱਚੇ ਪਾਤਸ਼ਾਹ ਤੁਹਾਥੋਂ ਇੰਝ ਹੀ ਸੇਵਾ ਲੈਂਦੇ ਰਹਿਣ 'ਤੇ ਤੁਸੀਂ ਗੁਰੂ ਘਰ ਦੀਆਂ ਅਸੀਮ ਖ਼ੁਸ਼ੀਆਂ ਤੇ ਅਸੀਸਾਂ ਪ੍ਰਾਪਤ ਕਰਦੇ ਰਹੋ।' ਜੱਗੀ ਸਾਬ ਤੇ ਉਨਾਂ ਦੀ ਪਤਨੀ ਹਰੇਕ ਨਾਲ਼ ਜਾ ਕੇ ਯਾਦਗਾਰੀ ਫ਼ੋਟੋ ਖਿਚਵਾਉਣ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਸਨ ਦੇ ਰਹੇ। ਜੱਗੀ ਭਾਅ ਜੀ ਆਪਣੀ ਹੋ ਰਹੀ ਉਸਤਤ ਸੁਣ ਕੇ ਫੁੱਲੇ ਨਾ ਸਮਾਏ ਅਤੇ ਅੱਗੋਂ ਹੋਰ ਫੂਕ ਛਕਦਿਆਂ ਬੋਲੇ, 'ਪਰਵਾਹ ਨਾ ਕਰੋ ਕਰੋਨੇ ਸ਼ਰੋਨੇ ਦੀ, ਮਹਾਰਾਜ ਸੁੱਖ ਰੱਖੇ, ਅਗਲੀ ਪ੍ਰਭਾਤ ਫ਼ੇਰੀ 'ਤੇ ਤੁਹਾਨੂੰ ਦੀਪੇ ਦੇ ਲਜ਼ੀਜ਼ ਅੰਬਰਸਰੀ ਕੁਲਚੇ ਤੇ ਛੋਲਿਆਂ ਦਾ ਲੰਗਰ ਛਕਾਵਾਂਗੇ ਤੇ ਫੇਰ ਉਸ ਤੋਂ ਅਗਲੀ ਪ੍ਰਭਾਤ ਫ਼ੇਰੀ 'ਤੇ ਤੁਹਾਡੀ ਸੇਵਾ ਵਿੱਚ ਕੂਕੀ ਦੇ ਸਪੈਸ਼ਲ ਪਨੀਰ ਵਾਲੇ ਛੋਲੇ ਭਠੂਰਿਆਂ ਦਾ ਅਤੁੱਟ ਲੰਗਰ ਲਾਵਾਂਗੇ। ਮੈਂ ਤਾਂ ਇਸ ਵਾਰ ਵੀ ਪਹਿਲੀ ਪਾਤਸ਼ਾਹੀ ਦੇ ਗੁਰਪੁਰਬ 'ਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਗੁਰਦੁਆਰੇ ਲੰਗਰ ਲਾਉਣ ਦੀ ਸੇਵਾ ਪ੍ਰਧਾਨ ਜੀ ਪਾਸੋਂ ਉਚੇਚੇ ਤੌਰ 'ਤੇ ਬੇਨਤੀ ਕਰ ਕੇ ਲਈ ਸੀ ਤੇ ਸੰਗਤ ਨੂੰ ਹੁਣ ਤੱਕ ਨਹੀਂ ਭੁੱਲਿਆ ਸੁਆਦ ਉਨਾਂ ਜਲੇਬੀਆਂ ਦਾ।' ਜੱਗੀ ਭਾਜੀ ਦੀਆਂ ਸ਼ੇਖ਼ੀ ਭਰੀਆਂ ਗੱਲਾਂ ਸੁਣ ਕੇ ਇੱਕ ਵਾਰ ਤਾਂ ਮੈਨੂੰ ਭਰਮ-ਭੁਲੇਖਾ ਜਿਹਾ ਪਿਆ ਕਿ ਉਹ ਇੱਕ ਨਾਮਵਰ ਸਰਕਾਰੀ ਠੇਕੇਦਾਰ ਹੋਣ ਦੇ ਨਾਲ਼-ਨਾਲ਼ ਵਿਆਹ-ਸ਼ਾਦੀਆਂ 'ਤੇ ਕੈਟਰਿੰਗ ਦਾ ਕੰਮ ਵੀ ਜ਼ਰੂਰ ਕਰਦਾ ਹੋਵੇਗਾ।

ਮੈਂ ਪਾਸੇ ਖੜਾ ਇਹ ਸੋਚ ਰਿਹਾ ਸੀ ਕਿ ਸ਼ਰਧਾ ਅਤੇ ਸੇਵਾ ਉੱਪਰ ਭਾਰੂ ਪਿਆ ਹੋਇਆ ਪਰਪੰਚ ਕਦੋਂ ਖ਼ਤਮ ਹੋਵੇਗਾ?

ਡਾ. ਓਪਿੰਦਰ ਸਿੰਘ ਲਾਂਬਾ

## ਬੁਝਾਰਤਾਂ

1. ਚਿੱਟੀ ਮੁਰਗੀ ਖੰਭ ਖਿਲਾਰੇ, ਭਾਪਾ ਜੀ ਮੈਨੂੰ ਬੇਬੇ ਮਾਰੇ।
2. ਨਿੱਕੀ ਜਿਹੀ ਪਿੱਦਣੀ, ਪਿੱਦ-ਪਿੱਦ ਕਰਦੀ,
   ਸਾਰੇ ਜਹਾਨ ਦੀ, ਲਿੱਦ 'ਕੱਠੀ ਕਰਦੀ।
3. ਇੱਕ ਮੇਰਾ ਭਾਈ ਖਿਆਲੀ, ਦਿਨ ਨੂੰ ਭਰਿਆ ਰਾਤ ਨੂੰ ਖ਼ਾਲੀ।
4. ਨਿੱਕੀ ਜਿਹੀ ਬੁਗਣੀ, ਬੁੱਗ-ਬੁੱਗ ਕਰੇ,
   ਹੱਗੇ ਨਾ ਮੂਤੇ, ਕਿੱਲ-ਕਿੱਲ ਮਰੇ।
5. ਤੇਰੀ ਮਾਂ ਕੋਲ, ਚਾਰ ਸਿਪਾਹੀ ਸੁੱਤੇ।
6. ਮੈਂ ਤਾਂ ਲੈਣ ਆਈ ਸੀ ਤੈਨੂੰ, ਤੂੰ ਫੜ ਹੀ ਲਿਆ ਮੈਨੂੰ,
   ਛੱਡ ਦੇ ਮੈਨੂੰ, ਲੈ ਚੱਲਾਂ ਮੈਂ ਤੈਨੂੰ।
7. ਇੱਲ ਬੈਠੀ ਆਲਣੇ, ਦਦਈਆ ਬੈਠਾ ਜੜੀ,
   ਊਠ ਚਿੜੀ ਨੂੰ ਚੁੰਗਣ ਲੱਗਿਆ, ਡੋਕਾ ਰਹਿ ਗਿਆ ਥਣੀ।
8. ਗੋਲ ਮੋਲ ਡੈਡੀ, ਲੰਮ-ਸਲੰਮੀ ਮੰਮੀ, ਤਿੰਨ ਬੱਚੇ।
9. ਪੇਕੇ ਸੀ ਮੈਂ ਲਾਡ ਲਡਿੱਕੀ, ਸਹੁਰੇ ਆ ਕੇ ਪੈਗੀ ਫਿੱਕੀ,
   ਜੀਂਹਦੇ ਨਾਲ਼ ਮੈਂ ਲਈਆਂ ਲਾਵਾਂ, ਉਹਦੇ ਹੁਣ ਪਸੰਦ ਨਾ ਆਵਾਂ,
   ਉਹਨੇ ਕੀਤਾ ਹੋਰ ਵਿਆਹ, ਮੈਨੂੰ ਦਿੱਤਾ ਮਗਰੋਂ ਲਾਹ।
10. ਨਿੱਕੇ-ਨਿੱਕੇ ਕਿਆਰੇ ਨਿੱਕੇ-ਨਿੱਕੇ ਬੀਜ,
    ਜਾਂ ਬੁੱਝੂ ਰਾਜਾ ਜਾਂ ਬੁੱਝੂ ਵਜ਼ੀਰ।

**ਉੱਤਰ :** (1) ਫੁੱਲ ਗੋਭੀ (2) ਝਾੜੂ (3) ਟੰਗਣਾ (4) ਢੋਲਕੀ (5) ਬਾਣ ਦਾ ਮੰਜਾ (6) ਗੁੜ ਤੇ ਮੱਖੀ (7) ਹੁੱਕਾ (8) ਛੱਤ ਪੱਖਾ (9) ਜੁੱਤੀ (10) ਤਾਸ਼

**- ਤਸਵਿੰਦਰ ਸਿੰਘ ਬੜੈਚ**

**ਮੋਬਾ-7527931887**

# ਹਿੰਸਾ ਦੇ ਪੁਜਾਰੀ

## ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

*(ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ਼ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। – ਸੰਪਾਦਕ)*

**ਅਨੁਵਾਦ : ਬੂਟਾ ਸਿੰਘ**

ਅਕਤੂਬਰ 2021 'ਚ, ਤਿੰਨ ਮਨੁੱਖੀ ਅਧਿਕਾਰ ਗਰੁੱਪਾਂ ਨੇ "ਕਾਨੂੰਨ ਅਤੇ ਜ਼ਿੰਦਗੀ ਨੂੰ ਨਸ਼ਟ ਕਰਨਾ: ਉੱਤਰ ਪ੍ਰਦੇਸ਼ ਰਾਜ ਵਿਚ ਪੁਲਿਸ ਵੱਲੋਂ ਕਤਲ ਅਤੇ ਪਰਦਾਪੋਸ਼ੀ" ਸਿਰਲੇਖ ਵਾਲੀ ਇਕ ਸਾਂਝੀ ਰਿਪੋਰਟ ਜਾਰੀ ਕੀਤੀ। ਇਸ ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਪੁਲਿਸ ਮੁਕਾਬਲਿਆਂ ਦਾ "ਸਰਗਰਮ ਰੰਗ-ਮੰਚ" ਹੈ ਅਤੇ ਇਹ ਦੱਸਦੀ ਹੈ ਕਿ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਦ ਰਾਜ ਵਿਚ 8,472 ਪੁਲਿਸ ਮੁਕਾਬਲੇ ਹੋਏ ਹਨ। ਦਸਤਾਵੇਜ਼ ਵਿਚ ਕਿਹਾ ਗਿਆ ਹੈ, "ਨਤੀਜੇ ਵਜੋਂ, 146 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਹੋਰ 3,302 ਗੋਲੀਆਂ ਨਾਲ ਜ਼ਖ਼ਮੀ ਹੋਏ ਹਨ।" 17 ਐਨਕਾਉਂਟਰ ਕਤਲਾਂ ਦੀ ਆਪਣੀ ਜਾਂਚ ਦੇ ਵੇਰਵੇ ਦਿੰਦੇ ਹੋਏ, ਤਿੰਨ ਅਧਿਕਾਰ ਗਰੁੱਪਾਂ ਨੇ ਦਿਖਾਇਆ ਕਿ ਕਿਵੇਂ ਰਾਜ ਸਰਕਾਰ ਨੇ ਸੁਪਰੀਮ ਕੋਰਟ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ ਤੈਅ ਕੀਤੇ ਸੁੱਰਖਿਆ ਉਪਾਵਾਂ ਨੂੰ ਬਾਈਪਾਸ ਕੀਤਾ ਹੈ ਅਤੇ ਇਸ ਨੇ ਇਸ ਪ੍ਰਤੀ ਅੱਖਾਂ ਬੰਦ ਕਰਨ 'ਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਮਿਲੀਭੁਗਤ ਦਾ ਪਰਦਾਫਾਸ਼ ਕੀਤਾ ਹੈ।

ਅਧਿਕਾਰਕ ਪ੍ਰਚਾਰ, ਜਿਸ ਨੂੰ ਮੁੱਖ ਧਾਰਾ ਮੀਡੀਆ ਦੇ ਇਕ ਵੱਡੇ ਹਿੱਸੇ ਨੇ ਹੋਰ ਵਧਾ-ਚੜ੍ਹਾ ਕੇ ਪ੍ਰਚਾਰਿਆ ਹੈ ਦਿਖਾਵਾ ਕਰਦਾ ਹੈ ਕਿ ਇਨ੍ਹਾਂ ਮੁਕਾਬਲਿਆਂ ਨੇ ਲੋਕਾਂ ਵਿਚ ਬੇਥਾਹ ਉਤਸ਼ਾਹ ਪੈਦਾ ਕੀਤਾ ਹੈ ਅਤੇ ਕਾਨੂੰਨ ਤੋੜਨ ਵਾਲੇ ਡਰੇ ਹਨ। ਹਾਲਾਂਕਿ, ਜ਼ਮੀਨੀਂ ਪੱਧਰ 'ਤੇ ਇਹ ਦਿਖਾਉਣ ਲਈ ਕੁਝ ਵੀ ਨਹੀਂ ਹੈ ਕਿ ਮੁਕਾਬਲਿਆਂ ਨੇ ਰੋਕਥਾਮ ਦੀ ਭੂਮਿਕਾ ਨਿਭਾਈ ਹੈ। ਇਸ ਦੀ ਬਜਾਏ, ਪੂਰੀ ਰਾਜ ਮਸ਼ੀਨਰੀ ਨੇ ਉੱਪਰ ਤੋਂ ਲੈ ਕੇ ਗੰਭੀਰ ਪੱਖਪਾਤ ਨਾਲ ਕੰਮ ਕੀਤਾ ਹੈ ਅਤੇ ਇਸ ਨੇ ਕਾਨੂੰਨ ਦੀਆਂ ਹੱਦਾਂ ਤੋਂ ਬਾਹਰ ਜਾ ਕੇ ਹਿੰਸਾ ਨੂੰ ਸਮਰੱਥ ਬਣਾਇਆ ਹੈ।

ਇਹ ਖ਼ਾਸ ਤੌਰ 'ਤੇ ਔਰਤਾਂ ਵਿਰੁੱਧ ਜੁਰਮਾਂ ਦੇ ਸੰਬੰਧ 'ਚ ਸੱਚ ਹੈ। ਅਜਿਹੇ ਜੁਰਮ, ਖ਼ਾਸ ਕਰਕੇ ਬਲਾਤਕਾਰ ਅਤੇ ਸਮੂਹਿਕ ਬਲਾਤਕਾਰ, ਉੱਤਰ ਪ੍ਰਦੇਸ਼ 'ਚ ਆਮ ਗੱਲ ਹੋ ਗਏ ਹਨ। ਸਭ ਤੋਂ ਬਦਨਾਮ ਮਿਸਾਲਾਂ ਵਿਚ ਉਨਾਓਂ 'ਚ ਇਕ 17 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ, ਜਿੱਥੇ ਮੁੱਖ ਦੋਸ਼ੀ ਭਾਜਪਾ ਆਗੂ ਕੁਲਦੀਪ ਸਿੰਘ ਸੈਂਗਰ ਅਤੇ ਸਾਬਕਾ ਭਾਜਪਾ ਨੇਤਾ ਚਿਨਮਯਾਨੰਦ ਦੁਆਰਾ ਸ਼ਾਹਜਹਾਂਪੁਰ ਵਿਚ ਇਕ ਕਾਲਜ ਦੀ ਵਿਦਿਆਰਥਣ ਨਾਲ ਕਥਿਤ ਬਲਾਤਕਾਰ ਸ਼ਾਮਿਲ ਹੈ (ਸ਼ਿਕਾਇਤਕਰਤਾ ਵੱਲੋਂ ਅਦਾਲਤ 'ਚ ਆਪਣਾ ਦੋਸ਼ ਵਾਪਸ ਲੈਣ ਤੋਂ ਬਾਦ ਉਸ ਨੂੰ ਬਰੀ ਕਰ ਦਿੱਤਾ ਗਿਆ)। ਹਾਥਰਸ 'ਚ ਇਕ ਨੌਜਵਾਨ ਦਲਿਤ ਔਰਤ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ, ਜਿਸ ਦੀ ਲਾਸ਼ ਦਾ ਪੁਲਿਸ ਵੱਲੋਂ ਉਸ ਦੇ ਪਰਿਵਾਰ ਦੀ ਮਰਜ਼ੀ ਦੇ ਵਿਰੁੱਧ ਕਾਹਲੀ-ਕਾਹਲੀ ਸੰਸਕਾਰ ਕਰ ਦਿੱਤਾ ਗਿਆ ਸੀ ਅਤੇ ਇਕ ਦਲਿਤ ਸਮੂਹਿਕ ਬਲਾਤਕਾਰ ਪੀੜਤ ਅਤੇ ਉਸਦੇ ਪਰਿਵਾਰ ਦੇ ਤਿੰਨ ਮੈਂਬਰਾਂ ਦੇ ਕਤਲ ਦੇ ਘਿਣਾਉਣੇ ਕਾਂਡ ਵਾਪਰੇ ਹਨ। ਇਨ੍ਹਾਂ ਸਾਰੇ ਮਾਮਲਿਆਂ 'ਚ ਚੰਗਾ ਬੱਸ ਇਹੀ ਹੁੰਦਾ ਹੈ ਕਿ ਅਦਿੱਤਿਆਨਾਥ ਸਰਕਾਰ ਪੈਰ ਪਿੱਛੇ ਖਿੱਚਦੀ ਨਜ਼ਰ ਆਉਂਦੀ ਹੈ ਅਤੇ ਬਦਤਰ ਹੱਦ ਤੱਕ ਇਹ ਮੁਜਰਿਮਾਂ ਦੇ ਹੱਕ 'ਚ ਖੜ੍ਹੀ ਨਜ਼ਰ ਆਉਂਦੀ ਹੈ।

ਉੱਤਰ ਪ੍ਰਦੇਸ਼ 'ਚ ਮਨੁੱਖੀ ਅਧਿਕਾਰਾਂ ਅਤੇ ਸਿਆਸੀ-ਕਾਨੂੰਨੀ ਪੈਰਵਾਈ ਗਰੁੱਪ, ਰਿਹਾਈ ਮੰਚ ਦੇ ਜਨਰਲ ਸਕੱਤਰ ਰਾਜੀਵ ਯਾਦਵ ਨੇ ਮੈਨੂੰ ਦੱਸਿਆ, "ਔਰਤਾਂ ਵਿਰੁੱਧ ਲਗਾਤਾਰ ਜੁਰਮਾਂ ਤੋਂ ਇਲਾਵਾ, ਪੁਲਿਸ ਮੁਕਾਬਲਿਆਂ ਵਿਚ ਬੇਕਸੂਰ ਲੋਕਾਂ ਦੇ ਮਾਰੇ ਜਾਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਮੁਕਾਬਲਿਆਂ ਨੇ ਨਾਗਰਿਕ ਅਤੇ ਮਨੁੱਖੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਅਦਿੱਤਿਆਨਾਥ ਵੱਲੋਂ ਵਿਕਸਤ ਸ਼ਾਸਨ ਮਾਡਲ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਉਨ੍ਹਾਂ ਜੁਰਮਾਂ 'ਚ, ਜੋ ਕੀਤੇ ਹੋਣ ਦਾ ਸਰਕਾਰ ਦਾਅਵਾ ਕਰਦੀ ਹੈ, ਨਿਆਂ ਯਕੀਨੀ ਬਣਾਉਣ ਦਾ ਉਪਾਅ ਕਾਨੂੰਨ ਲਾਗੂ ਕਰਨਾ ਨਹੀਂ ਸਗੋਂ ਸਖ਼ਤ ਸਜ਼ਾ ਦੇਣਾ ਹੈ, ਭਾਵੇਂ ਉਹ ਅਸਲ ਵਿਚ ਕੀਤੇ ਗਏ ਹਨ ਜਾਂ ਨਹੀਂ।"



11 ਦਸੰਬਰ 2019 ਨੂੰ, ਮੋਦੀ ਸਰਕਾਰ ਨੇ ਨਾਗਰਿਕਤਾ (ਸੋਧ) ਕਾਨੂੰਨ ਥੋਪ ਦਿੱਤਾ। ਪੂਰੇ ਮੁਲਕ 'ਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ। ਉੱਤਰ ਪ੍ਰਦੇਸ ਵਿਚ ਪ੍ਰਦਰਸ਼ਨਾਂ ਨੂੰ ਵਹਿਸ਼ੀ ਜਬਰ ਦਾ ਸਾਹਮਣਾ ਕਰਨਾ ਪਿਆ। ਮੁਜ਼ੱਫ਼ਰਨਗਰ ਸਭ ਤੋਂ ਪ੍ਰਭਾਵਤ ਖੇਤਰਾਂ ਵਿੱਚੋਂ ਇਕ ਸੀ।

ਸਥਾਨਕ ਨਿਵਾਸੀ ਮੁਹੰਮਦ ਇੰਤਾਸਰ ਨੇ ਮੈਨੂੰ ਦੱਸਿਆ, "20 ਦਸੰਬਰ ਨੂੰ ਜੁੰਮੇ ਦੀ ਨਮਾਜ ਤੋਂ ਬਾਦ, ਪੂਰੇ ਸ਼ਹਿਰ 'ਚੋਂ ਲੋਕ ਸੀਏਏ ਦੇ ਖ਼ਿਲਾਫ਼ ਆਪਣਾ ਵਿਰੋਧ ਪ੍ਰਗਟ ਕਰਨ ਲਈ ਮੀਨਾਕਸ਼ੀ ਚੌਕ ਵਿਖੇ ਇਕੱਠੇ ਹੋਏ।" ਇਹ ਸ਼ਾਂਤਮਈ ਪ੍ਰਦਰਸ਼ਨ ਸੀ ਅਤੇ ਕੁਝ ਵਾਰ ਨਾਅਰੇਬਾਜ਼ੀ ਕਰਨ ਤੋਂ ਬਾਦ ਭੀੜ ਖਿੰਡਣੀ ਸ਼ੁਰੂ ਹੋ ਗਈ। ਅਚਾਨਕ ਪਥਰਾਅ ਸ਼ੁਰੂ ਹੋ ਗਿਆ ਅਤੇ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਪੱਥਰ ਕਿੱਧਰੋਂ ਮਾਰੇ ਗਏ ਹਨ। ਪੁਲਿਸ ਨੇ ਦਾਅਵਾ ਕੀਤਾ ਕਿ ਪਥਰਾਓ ਪ੍ਰਦਰਸ਼ਨਕਾਰੀਆਂ ਨੇ ਕੀਤਾ ਸੀ, ਪਰ ਪ੍ਰਦਰਸ਼ਨਕਾਰੀਆਂ ਨੇ ਭਾਜਪਾ ਨੇਤਾ ਸੰਜੀਵ ਬਾਲਿਆਨ ਅਤੇ ਉਸ ਦੇ ਆਦਮੀਆਂ ਵੱਲ ਉਂਗਲ ਕੀਤੀ, ਜੋ ਜ਼ਾਹਰਾ ਤੌਰ 'ਤੇ ਪੁਲਿਸ ਦੇ ਨਾਲ ਮੌਜੂਦ ਸਨ। ਜੋ ਵੀ ਸੀ, ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਸ਼ਾਮ 5 ਵਜੇ ਤੱਕ ਇਲਾਕੇ ਵਿਚ ਅਮਨ-ਅਮਾਨ ਬਹਾਲ ਹੋ ਗਿਆ ਸੀ।

ਰਾਤ ਕਰੀਬ 11 ਵਜੇ ਪੁਲਿਸ ਨੇ ਮੁਸਲਿਮ ਨਿਵਾਸੀਆਂ ਦੇ ਘਰਾਂ 'ਤੇ ਧਾਵਾ ਬੋਲ ਦਿੱਤਾ। "ਪੁਲਿਸ ਲਗਭਗ ਦੋ ਸੌ ਬੰਦਿਆਂ ਦਾ ਟੋਲਾ ਬਣਾ ਕੇ ਆਈ ਅਤੇ ਲੋਕਾਂ ਦੀਆਂ ਜਾਇਦਾਦਾਂ ਤੋੜਨੀਆਂ ਸ਼ੁਰੂ ਕਰ ਦਿੱਤੀਆਂ," ਇੰਤਾਸਰ ਨੇ ਦੱਸਿਆ। "ਉਹ ਦਰਵਾਜ਼ਾ ਤੋੜ ਕੇ ਮੇਰੇ ਘਰ 'ਚ ਵੜੇ ਅਤੇ ਮੇਰੀ ਕਾਰ, ਖਿੜਕੀਆਂ, ਫਰਨੀਚਰ, ਰਸੋਈ ਸਭ ਕੁਝ ਨਸ਼ਟ ਕਰ ਦਿੱਤਾ। ਉਨ੍ਹਾਂ ਦੇ ਹੱਥ ਜੋ ਕੁਝ ਵੀ ਆਇਆ ਸਭ ਕੁਝ ਤਬਾਹ ਕਰ ਦਿੱਤਾ।" ਇੰਤਾਸਰ ਨੇ ਇਹ ਵੀ ਦੱਸਿਆ ਕਿ ਉਸ ਰਾਤ ਮੁਜ਼ੱਫ਼ਰਨਗਰ ਵਿਚ ਸੈਂਕੜੇ ਹੋਰ ਘਰਾਂ ਵਿਚ ਵੀ ਭੰਨ-ਤੋੜ ਕੀਤੀ ਗਈ ਸੀ, ਅਤੇ "ਉੱਥੇ ਪੁਲਿਸ ਵੱਲੋਂ ਅਣਮਨੁੱਖੀ ਵਹਿਸ਼ੀਪਣ ਕੀਤਾ ਗਿਆ ਸੀ।"

ਪੁਲਿਸ ਨੇ ਇਨ੍ਹਾਂ ਹਮਲਿਆਂ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਬਾਦ ਵਿਚ ਚਸ਼ਮਦੀਦ ਗਵਾਹਾਂ ਦੀਆਂ ਰਿਪੋਰਟਾਂ ਅਤੇ ਉਨ੍ਹਾਂ ਦੁਆਰਾ ਕੀਤੀ ਤਬਾਹੀ ਦੀ ਸੀਸੀਟੀਵੀ ਫੁਟੇਜ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ – 20 ਦਸੰਬਰ ਦੀ ਰਾਤ ਨੂੰ ਰਿਕਾਰਡ ਕੀਤੀ ਗਈ ਇਕ ਵੀਡੀਓ 'ਚ ਪੁਲਿਸ ਕਰਮਚਾਰੀ ਜਾਇਦਾਦਾਂ ਦੀ ਭੰਨਤੋੜ ਕਰਦੇ ਸਾਫ਼ ਦਿਖਾਈ ਦਿੰਦੇ ਹਨ। ਇਹ ਸਪੱਸ਼ਟ ਸੀ ਕਿ ਪੁਲਿਸ ਦੇ ਹਮਲਿਆਂ ਦਾ ਇਕ ਰਾਜਨੀਤਿਕ ਮਨੋਰਥ ਸੀ: ਮੁਸਲਮਾਨਾਂ ਨੂੰ ਇੰਨਾ ਡਰਾਉਣਾ ਕਿ ਉਹ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਆਪਣੇ ਸੰਵਿਧਾਨਕ ਅਧਿਕਾਰ ਨੂੰ ਤਿਆਗ ਦੇਣ। ਇਹ ਪੈਟਰਨ ਮੇਰਠ, ਕਾਨਪੁਰ, ਲਖਨਊ ਅਤੇ ਬਿਜਨੌਰ ਸਮੇਤ ਰਾਜ ਦੇ ਕਈ ਹੋਰ ਹਿੱਸਿਆਂ 'ਚ ਦੁਹਰਾਇਆ ਗਿਆ।

ਦਸੰਬਰ ਦੇ ਅੰਤ ਤੱਕ, ਘੱਟੋ-ਘੱਟ 19 ਲੋਕ ਪੁਲਿਸ ਦੀ ਕਾਰਵਾਈ ਅਤੇ ਉਸ ਤੋਂ ਬਾਦ ਹੋਈ ਹਿੰਸਾ 'ਚ ਮਾਰੇ ਗਏ ਸਨ, ਜ਼ਿਆਦਾਤਰ ਗੋਲੀਬਾਰੀ ਨਾਲ ਜ਼ਖ਼ਮੀ ਹੋ ਕੇ। ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੰਜ ਹਜ਼ਾਰ ਤੋਂ ਵੱਧ ਨੂੰ ਇਹਤਿਆਤੀ ਹਿਰਾਸਤ ਵਿਚ ਰੱਖਿਆ ਗਿਆ। 27 ਦਸੰਬਰ ਨੂੰ, ਅਦਿੱਤਿਆਨਾਥ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਇਕ ਜੇਤੂ ਸੰਦੇਸ਼ ਜਾਰੀ ਕੀਤਾ: "ਹਰ ਦੰਗਾਕਾਰੀ ਸਦਮੇ 'ਚ ਹੈ। ਹਰ ਗੜਬੜ ਕਰਨ ਵਾਲਾ ਹੈਰਾਨ ਹੈ. ਯੋਗੀ ਸਰਕਾਰ ਦੇ ਸਖ਼ਤ ਰਵੱਈਏ ਨੂੰ ਦੇਖ ਕੇ ਹਰ ਕੋਈ ਖ਼ਾਮੋਸ਼ ਹੈ।"

ਪਰ ਵਿਰੋਧ ਪ੍ਰਦਰਸਨ 2020 ਦੇ ਸ਼ੁਰੂ ਤੱਕ ਤੇਜ਼ ਹੁੰਦੇ ਰਹੇ। ਆਜਮਗੜ੍ਹ ਜ਼ਿਲ੍ਹੇ ਦੇ ਬਿਲਰੀਆਗੰਜ ਬਲਾਕ ਵਿਚ, ਪੁਲਿਸ ਨੇ ਸ਼ਾਂਤਮਈ ਸੀਏਏ ਵਿਰੋਧੀ ਪ੍ਰਦਰਸਨਕਾਰੀਆਂ ਉੱਪਰ ਹਮਲਾ ਕੀਤਾ ਅਤੇ ਉਨ੍ਹਾਂ ਉੱਪਰ ਦੇਸ਼ਧ੍ਰੋਹ ਦੇ ਸਖ਼ਤ ਕਾਨੂੰਨਾਂ ਤਹਿਤ ਕੇਸ ਦਰਜ ਕੀਤੇ। ਬਿਲਰੀਆਗੰਜ ਦੇ ਇਕ ਸਤਿਕਾਰਤ ਇਸਲਾਮੀ ਵਿਦਵਾਨ ਮੁਹੰਮਦ ਤਾਹਿਰ ਮਦਨੀ ਨੇ ਮੈਨੂੰ ਦੱਸਿਆ, "4 ਫਰਵਰੀ, 2020 ਨੂੰ ਦੁਪਹਿਰ ਦੇ ਕਰੀਬ, ਔਰਤਾਂ ਮੌਲਾਨਾ ਜੌਹਰ ਅਲੀ ਪਾਰਕ ਵਿਚ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਕਿਉਂਕਿ ਉਹ ਸ਼ਾਹੀਨ ਬਾਗ਼ ਵਰਗਾ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ। ਘੰਟਿਆਂ 'ਚ ਹੀ ਉੱਚ ਜ਼ਿਲ੍ਹਾ ਅਧਿਕਾਰੀ ਪੁਲਿਸ ਬਲਾਂ ਦੀ ਇਕ ਬੱਸ ਲੈ ਕੇ ਬਲਾਕ ਦਫ਼ਤਰ ਪਹੁੰਚ ਗਏ। ਪਹਿਲਾਂ, ਉਨ੍ਹਾਂ ਨੇ ਮੈਨੂੰ ਔਰਤ ਪ੍ਰਦਰਸ਼ਨਕਾਰੀਆਂ ਨੂੰ ਜੌਹਰ ਅਲੀ ਪਾਰਕ ਖਾਲੀ ਕਰਨ ਲਈ ਮਨਾਉਣ ਲਈ ਆਪਣਾ ਪ੍ਰਭਾਵ ਵਰਤਣ ਲਈ ਕਿਹਾ। ਮੈਂ ਪ੍ਰਦਰਸ਼ਨਕਾਰੀਆਂ ਨਾਲ ਗੱਲ ਕੀਤੀ, ਅਤੇ ਉਹ ਘਰ ਪਰਤਣਾ ਮੰਨ ਗਏ ਜੇਕਰ ਉਨ੍ਹਾਂ ਨੂੰ ਲਿਖਤੀ ਭਰੋਸਾ ਦਿੱਤਾ ਜਾਵੇ ਕਿ ਉਨ੍ਹਾਂ ਨੂੰ ਕਿਸੇ ਹੋਰ ਦਿਨ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪ੍ਰਸ਼ਾਸਨ ਨੇ ਲਿਖਤੀ ਭਰੋਸਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਗੱਲਬਾਤ ਫੇਲ੍ਹ ਹੋ ਗਈ।"

ਮਦਨੀ ਨੂੰ ਉਸ ਸ਼ਾਮ ਦੋ ਹੋਰ ਕੋਸ਼ਿਸ਼ਾਂ ਕਰਨ ਲਈ ਮਜਬੂਰ ਕੀਤਾ ਗਿਆ, ਪਰ ਉਹ ਅਸਫ਼ਲ ਰਿਹਾ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਸਿਰਫ਼ ਜ਼ੁਬਾਨੀ ਭਰੋਸਾ ਦਿੰਦਾ ਸੀ। ਉਸ ਨੇ ਦੱਸਿਆ, "ਮੈਂ ਫਿਰ ਬਲਾਕ ਦਫ਼ਤਰ ਵਾਪਸ ਆਇਆ ਅਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਅਸਫ਼ਲ ਗੱਲਬਾਤ ਬਾਰੇ ਸੂਚਿਤ ਕੀਤਾ। ਮੈਨੂੰ ਕਿਹਾ ਗਿਆ ਕਿ ਮੈਂ ਉੱਥੋਂ ਨਾ ਜਾਵਾਂ। ਜਲਦੀ ਹੀ ਮੈਨੂੰ ਸੂਚਿਤ ਕੀਤਾ ਗਿਆ ਕਿ ਮੇਰੇ ਨਾਲ ਆਏ ਮੇਰੇ ਦੋਸਤਾਂ ਸਮੇਤ ਮੈਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ।"

ਦੇਰ ਰਾਤ ਪੁਲੀਸ ਨੇ ਪ੍ਰਦਰਸ਼ਨਕਾਰੀਆਂ 'ਤੇ ਟੁੱਟ ਪਈ। ਉਨ੍ਹਾਂ ਨੇ ਔਰਤ ਪ੍ਰਦਰਸ਼ਨਕਾਰੀਆਂ ਨੂੰ ਤਿੱਤਰ-ਬਿੱਤਰ ਕਰਕੇ ਇਕ ਦਰਜਨ ਤੋਂ ਵੱਧ ਆਦਮੀਆਂ ਨੂੰ ਚੁੱਕ ਲਿਆ, ਸਿਆਲ ਦੇ ਮੌਸਮ 'ਚ ਉਨ੍ਹਾਂ ਨੇ ਪਾਣੀ ਦੀਆਂ ਬੌਛਾੜਾਂ ਮਾਰੀਆਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ। ਅਗਲੇ ਦਿਨ ਇਕ ਐੱਫਆਈਆਰ ਦਰਜ ਕੀਤੀ ਗਈ ਅਤੇ ਹਿਰਾਸਤ 'ਚ ਲਏ ਗਏ ਸਾਰੇ ਲੋਕਾਂ 'ਤੇ ਰਾਜਧ੍ਰੋਹ ਦਾ ਦੋਸ਼ ਲਗਾਇਆ ਗਿਆ। ਮਦਨੀ ਨੂੰ ਮਨਸੂਰ ਅਲੀ ਪਾਰਕ ਵਿਚ ਜੁੜੀ "ਦੰਗਾਕਾਰੀ ਭੀੜ" ਨੂੰ "ਭੜਕਾਉਣ ਵਾਲਾ ਅਤੇ ਆਗੂ" ਵਜੋਂ ਦਰਸਾਇਆ ਗਿਆ ਸੀ, ਜਦੋਂ ਕਿ ਹਿਰਾਸਤ 'ਚ ਲਏ ਹੋਰਾਂ ਨੂੰ ਉਸ ਦੀ ਕਮਾਨ ਹੇਠ ਮੁੱਖ ਦੰਗਾਕਾਰੀਆਂ ਵਜੋਂ ਨਾਮਜ਼ਦ ਕੀਤਾ ਗਿਆ ਸੀ। ਰਾਜਧ੍ਰੋਹ ਕਾਨੂੰਨ ਦੀ ਵਰਤੋਂ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਉਹ ਸਾਰੇ ਚਾਰ ਮਹੀਨੇ ਦੇ ਕਰੀਬ ਜੇਲ੍ਹ 'ਚ ਰਹਿਣ।

2021 ਦੇ ਸ਼ੁਰੂ 'ਚ, ਪਹਿਲਾਂ ਹੀ ਕਮਜ਼ੋਰ ਸਿਹਤ ਢਾਂਚੇ ਵਾਲਾ ਉੱਤਰ ਪ੍ਰਦੇਸ਼ ਕੋਵਿਡ-19 ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ। ਰਾਜ ਭਰ ਵਿਚਇੰਟੈਂਸਿਵ ਕੇਅਰ ਯੂਨਿਟਾਂ 'ਚ ਆਕਸੀਜਨ, ਵੈਂਟੀਲੇਟਰਾਂ ਅਤੇ ਬੈਡਾਂ ਦੀ ਭਾਰੀ ਘਾਟ ਸੀ। ਪਰ ਰਾਜ ਨੂੰ ਮਹਾਂਮਾਰੀ ਦੀ ਦੂਜੀ ਲਹਿਰ ਲਈ ਤਿਆਰ ਕਰਨ ਦੀ ਬਜਾਏ, ਜੋ ਕਿ ਸ਼ੁਰੂ ਹੋਣ ਵਾਲੀ ਸੀ, ਅਦਿੱਤਿਆਨਾਥ ਦਾ ਧਿਆਨ ਮੁੱਖ ਤੌਰ 'ਤੇ ਅਪ੍ਰੈਲ 'ਚ ਹੋਣ ਵਾਲੀਆਂ ਪੰਚਾਇਤ ਚੋਣਾਂ 'ਤੇ ਸੀ। ਆਮ ਤੌਰ 'ਤੇ ਪੰਚਾਇਤੀ ਚੋਣਾਂ ਸਿਆਸੀ ਪਾਰਟੀਆਂ ਦੀਆਂ ਤਰਜੀਹਾਂ ਦੀ ਸੂਚੀ ਵਿਚ ਜ਼ਿਆਦਾ ਨਹੀਂ ਹੁੰਦੀਆਂ। ਪਰ ਇਨ੍ਹਾਂ ਨੇ ਜੋ ਸੰਦੇਸ਼ ਬਣਨਾ ਸੀ, ਉਸ ਦਾ ਇੰਤਜ਼ਾਮ ਕਰਨਾ ਜ਼ਰੂਰੀ ਸਮਝਿਆ ਗਿਆ ਕਿਉਂਕਿ ਇਹ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਇਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਹੋ ਰਹੀਆਂ ਸਨ – ਇਹ ਤੱਥ ਅਦਿੱਤਿਆਨਾਥ ਦੇ ਪੰਚਾਇਤੀ ਚੋਣਾਂ ਦੇ ਨਤੀਜਿਆਂ ਨੂੰ ਭਾਜਪਾ ਦੇ ਪੱਖ 'ਚ ਕਰਨ ਦੀਆਂ ਕੋਸ਼ਿਸ਼ਾਂ ਤੋਂ ਸਪਸ਼ਟ ਹੈ।

ਇਸੇ ਕਾਰਨ ਵਿਰੋਧੀ ਪਾਰਟੀਆਂ ਵੀ ਜ਼ੋਰ ਲਗਾ ਕੇ ਚੋਣਾਂ 'ਚ ਕੁੱਦੀਆਂ। ਚੋਣ ਪ੍ਰਚਾਰ ਦੌਰਾਨ ਸਮਾਜਿਕ ਦੂਰੀ ਦਾ ਬਹੁਤ ਘੱਟ ਧਿਆਨ ਰੱਖਿਆ ਗਿਆ। ਉੱਤਰ ਪ੍ਰਦੇਸ਼ 'ਚ ਅਪ੍ਰੈਲ ਦੇ ਦੂਜੇ ਹਫ਼ਤੇ 'ਚ ਕੋਰੋਨਾ ਵਾਇਰਸ ਦੇ ਮਾਮਲੇ ਆਪਣੇ ਸਿਖ਼ਰ 'ਤੇ ਪਹੁੰਚ ਗਏ ਸਨ, ਉਦੋਂ ਮੁਹਿੰਮ ਪੂਰੇ ਜ਼ੋਰਾਂ 'ਤੇ ਸੀ ਅਤੇ ਮਹੀਨੇ ਦੇ ਅੰਤ ਤੱਕ ਸੂਬੇ 'ਚ ਹਾਹਾਕਾਰ ਮਚ ਗਈ ਸੀ।

ਹਜ਼ਾਰਾਂ ਸਕੂਲ ਅਧਿਆਪਕ ਅਤੇ ਹੋਰ ਸਰਕਾਰੀ ਕਰਮਚਾਰੀ ਜਿਨ੍ਹਾਂ ਨੂੰ ਚੋਣ ਡਿਊਟੀ 'ਤੇ ਭੇਜਿਆ ਗਿਆ ਸੀ, ਕੋਰੋਨਾ ਦੀ ਲਾਗ ਦੀ ਲਪੇਟ 'ਚ ਆ ਗਏ, ਅਤੇ ਉਨ੍ਹਾਂ 'ਚੋਂ ਵਾਹਵਾ ਗਿਣਤੀ ਦੀ ਮੌਤ ਹੋ ਗਈ। ਅਦਿੱਤਿਆਨਾਥ ਦੀ ਸਰਕਾਰ ਲੰਮੇ ਸਮੇਂ ਤੱਕ ਇਸ ਤੋਂ ਮੁੱਕਰਦੀ ਰਹੀ। ਕਰਮਚਾਰੀ ਅਤੇ ਅਧਿਆਪਕ ਯੂਨੀਅਨਾਂ ਨੇ ਧਮਕੀ ਦਿੱਤੀ ਕਿ ਜੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਮੰਗ ਨਾ ਮੰਨੀ ਗਈ ਤਾਂ ਉਹ ਹੜਤਾਲ ਕਰ ਦੇਣਗੇ।

ਦੂਜੀ ਲਹਿਰ ਨਾਲ ਅਦਿੱਤਿਆਨਾਥ ਵੱਲੋਂ ਨਜਿੱਠਣ ਦੀ ਪ੍ਰਕਿਰਿਆ ਨੇ ਸਿਰਫ਼ ਅਸਲੀ ਹਾਲਤ ਉੱਪਰ ਉਸ ਦੀ ਢਿੱਲੀ ਪਕੜ ਦੀ ਹੀ ਨਹੀਂ ਸਗੋਂ ਇਸ ਪ੍ਰਤੀ ਉਸ ਦੀ ਸਰਕਾਰ ਦੀ ਦੁਸ਼ਮਣੀ ਦੀ ਵੀ ਮਿਸਾਲ ਪੇਸ਼ ਕੀਤੀ। ਜਦੋਂ ਮਰੀਜਾਂ ਅਤੇ ਹਸਪਤਾਲਾਂ 'ਚ ਆਕਸੀਜਨ ਸਿਲੰਡਰਾਂ ਲਈ ਤਰਲੇ ਲੈ ਰਹੇ ਹੋਣ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋ ਗਈਆਂ ਤਾਂ ਉਸ ਦੇ ਦਫ਼ਤਰ ਨੇ ਟਵੀਟ ਕੀਤਾ ਕਿ ਰਾਜ ਵਿਚ ਬੈਡਾਂ, ਆਕਸੀਜ਼ਨ ਜਾਂ ਵੈਂਟੀਲੇਟਰਾਂ ਦੀ ਕੋਈ ਘਾਟ ਨਹੀਂ ਹੈ। ਉਸ ਨੇ ਆਪਣੇ ਅਧਿਕਾਰੀਆਂ ਨੂੰ ਸੋਸ਼ਲ ਮੀਡੀਆ 'ਤੇ "ਅਫ਼ਵਾਹਾਂ" ਫੈਲਾਉਣ ਅਤੇ ਪ੍ਰਚਾਰ ਕਰਨ ਅਤੇ "ਮਾਹੌਲ ਖ਼ਰਾਬ ਕਰਨ" ਦੀ ਕੋਸ਼ਿਸ਼ ਕਰਨ ਵਾਲਿਆਂ ਵਿਰੁੱਧ ਰਾਸ਼ਟਰੀ ਸੁੱਰਖਿਆ ਐਕਟ ਦੇ ਤਹਿਤ ਕਾਰਵਾਈ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਜ਼ਬਤ ਕਰਨ ਲਈ ਕਿਹਾ।

ਉਸ ਦੀਆਂ ਧਮਕੀਆਂ ਅਤੇ ਇਨਕਾਰ ਕੰਮ ਨਹੀਂ ਆਏ। ਜਦੋਂ ਗੰਗਾ 'ਚ ਸੁੱਟੀਆਂ ਗਈਆਂ ਲਾਸ਼ਾਂ ਤੈਰਨੀਆਂ ਸ਼ੁਰੂ ਹੋ ਗਈਆਂ ਉਹ ਸਗੋਂ ਬੇਰਹਿਮ ਮਜ਼ਾਕ ਵਾਂਗ ਜਾਪਦੇ ਸਨ। ਅਦਿੱਤਿਆਨਾਥ ਦਾ ਵਿਹਾਰ ਰਾਜਨੀਤਿਕ ਚਾਲ-ਚੱਲਣ ਦੀਆਂ ਕੁਲ ਸੱਭਿਅਕ ਧਾਰਨਾਵਾਂ ਦੇ ਉਲਟ ਸੀ ਅਤੇ ਉੱਤਰ ਪ੍ਰਦੇਸ਼ 'ਚ ਜੋ ਕੁਝ ਹੋ ਰਿਹਾ ਸੀ ਉਸ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ।

ਦੈਨਿਕ ਭਾਸਕਰ ਦੇ ਸੰਪਾਦਕ ਓਮ ਗੌੜ ਨੇ ਨਿਊਯਾਰਕ ਟਾਈਮਜ਼ ਲਈ ਲਿਖੇ ਇਕ ਚਲੰਤ ਲੇਖ 'ਚ ਲਿਖਿਆ, "ਖ਼ਾਸ ਰੁੱਤ ਨੂੰ ਛੱਡ ਕੇ ਅਸੀਂ ਇਸ ਤ੍ਰਾਸਦੀ ਬਾਰੇ ਕਦੇ ਨਹੀਂ ਸੁਣਿਆ ਹੋਵੇਗਾ। ਮਈ ਦੇ ਸ਼ੁਰੂ 'ਚ ਬਾਰਿਸ਼ ਨਾਲ ਗੰਗਾ ਦਾ ਪਾਣੀ ਕੰਢਿਆਂ ਤੱਕ ਆ ਗਿਆ, ਲਾਸ਼ਾਂ ਨਿਕਲ ਕੇ ਨਦੀ ਦੇ ਤੱਲ ਅਤੇ ਇਸ ਦੇ ਕੰਢਿਆਂ 'ਤੇ ਆ ਗਈਆਂ। ਬਾਰਿਸ਼ਾਂ ਨੇ ਕੰਢਿਆਂ ਤੋਂ ਗੰਦਗੀ ਸਾਫ਼ ਕਰ ਦਿੱਤੀ ਅਤੇ ਦੱਬੀਆਂ ਹੋਈਆਂ ਲਾਸ਼ਾਂ ਬਾਹਰ ਆ ਗਈਆਂ। ਬਾਰਿਸ਼ਾਂ ਨੇ ਪੇਂਡੂ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਜਾਂ ਲੋੜੀਂਦੀ ਟੀਕਿਆਂ ਦੀ ਸਪਲਾਈ ਯਕੀਨੀ ਬਣਾਉਣ ਜਾਂ ਇਸ ਦੀਆਂ ਕਮੀਆਂ ਦੀ ਜ਼ਿੰਮੇਵਾਰੀ ਲੈਣ 'ਚ ਸਰਕਾਰ ਦੀ ਭਿਆਨਕ ਅਸਫ਼ਲਤਾ ਵੀ ਉਜਾਗਰ ਕਰ ਦਿੱਤੀ।"

8 ਨਵੰਬਰ ਨੂੰ ਰਾਮਪੁਰ 'ਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਅਦਿੱਤਿਆਨਾਥ ਨੇ ਆਪਣੀ ਸਰਕਾਰ ਵੱਲੋਂ ਕੋਵਿਡ-19 ਸੰਕਟ ਨਾਲ ਨਜਿੱਠਣ ਲਈ ਆਪਣੇ ਆਪ ਨੂੰ ਵਧਾਈ ਦਿੱਤੀ, ਇਸ ਨੂੰ "ਸੰਸਾਰ 'ਚ ਬਿਹਤਰੀਨ" ਕਿਹਾ।

ਅਦਿੱਤਿਆਨਾਥ ਨੇ ਜਿਸ ਤਰੀਕੇ ਨਾਲ ਸ਼ਾਸਨ ਚਲਾਉਣ ਦੀ ਕੋਸ਼ਿਸ਼ ਕੀਤੀ ਹੈ ਉਸ ਨੂੰ ਦੇਖਦੇ ਹੋਏ ਸਿਰਫ਼ ਇਹੀ ਕਿਹਾ ਜਾ ਸਕਦਾ ਹੈ ਕਿ ਮੂਲ ਰੂਪ 'ਚ ਉਹ ਤਬਦੀਲੀ ਨਹੀਂ ਚਾਹੁੰਦਾ; ਉਹ ਸਿਰਫ਼ ਸੱਤਾ ਚਾਹੁੰਦਾ ਹੈ। ਜਿਵੇਂ ਹਿੰਦੂ ਯੁਵਾ ਵਾਹਿਨੀ ਨੇ ਉਸ ਦੇ ਰਾਜ ਦੀ ਸੱਤਾ ਹਥਿਆਉਣ ਲਈ ਇਕ ਸੰਦ ਵਜੋਂ ਕੰਮ ਕੀਤਾ, ਉਸੇ ਤਰ੍ਹਾਂ ਪੁਲਿਸ ਫੋਰਸ ਹੁਣ ਉੱਤਰ ਪ੍ਰਦੇਸ਼ ਉੱਪਰ ਉਸ ਲਈ ਆਪਣੀ ਸਰਦਾਰੀ ਥੋਪਣ ਦੇ ਸੰਦ ਵਜੋਂ ਕੰਮ ਕਰ ਰਹੀ ਹੈ।

(ਚਲਦਾ...)

## ਕਰਨਾਟਕ ਵਿਚ ਹਿਜਾਬ...

ਤੇ ਉੱਚੇ ਅਹੁਦਿਆਂ ਉੱਤੇ ਨੌਕਰੀਆਂ ਵੀ ਕਰਦੀਆਂ ਹਨ। ਇਸ ਤੋਂ ਪਹਿਲਾਂ ਇਸ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ । ਹੁਣ ਅਚਾਨਕ ਸਕੂਲਾਂ-ਕਾਲਜਾਂ ਦੇ ਪ੍ਰਬੰਧਕਾਂ ਵੱਲੋਂ ਹਿਜਾਬ ਵਿਰੁੱਧ ਫ਼ੁਰਮਾਨ ਜਾਰੀ ਕਰਨੇ ਸ਼ੁਰੂ ਕਰ ਦੇਣ ਦਾ ਮਤਲਬ ਹੈ ਕਿ ਇਹ ਇੱਕ ਡੂੰਘੀ ਫ਼ਿਰਕੂ ਸਾਜ਼ਿਸ਼ ਦਾ ਹਿੱਸਾ ਹੈ। ਨਵੇਂ ਸਰਕਾਰੀ ਹੁਕਮ ਦਾ ਮਤਲਬ ਇਸ ਮੁੱਦੇ ਨੂੰ ਭੜਕਾਉਣ ਤੋਂ ਵੱਧ ਕੁਝ ਨਹੀਂ ਹੈ।

ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਹਿਜਾਬ ਵਿਵਾਦ ਦੇ ਸੰਦਰਭ ਵਿੱਚ ਸਿਆਸਤਦਾਨਾਂ ਸਮੇਤ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਭੜਕਾਉਣ ਵਾਲੇ ਬਿਆਨ ਨਾ ਦੇਣ ਤੇ ਸ਼ਾਂਤੀ ਬਣਾਈ ਰੱਖਣ ਵਿੱਚ ਸਹਿਯੋਗ ਦੇਣ। ਬੋਮਈ ਨੇ ਕਿਹਾ ਕਿ ਸਾਰਿਆਂ ਨੂੰ ਅਦਾਲਤੀ ਫ਼ੈਸਲੇ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ ।

ਕਰਨਾਟਕ ਸਰਕਾਰ ਨੇ ਹਿਜਾਬ ਵਿਵਾਦ ਨੂੰ ਦੇਖਦੇ ਹੋਏ ਸੂਬੇ ਵਿੱਚ ਯੂਨੀਵਰਸਿਟੀਆਂ ਤੇ ਕਾਲਜਾਂ ਦੀਆਂ ਛੁੱਟੀਆਂ ਨੂੰ ਵਧਾ ਕੇ 15 ਫ਼ਰਵਰੀ ਤੱਕ ਕਰ ਦਿੱਤੀਆਂ ਹਨ। ਕਰਨਾਟਕ ਦੇ ਉੱਚ ਸਿੱਖਿਆ ਮੰਤਰੀ ਸੀ.ਐੱਨ. ਅਕਸ਼ਿਆ ਨਾਰਾਇਣ ਨੇ ਕਿਹਾ ਕਿ ਫ਼ਿਲਹਾਲ ਆਨਲਾਈਨ ਕਲਾਸਾਂ ਹੀ ਲਗਾਈਆਂ ਜਾਣਗੀਆਂ।

ਇੰਨਾ ਹੀ ਨਹੀਂ, ਸਰਕਾਰ ਨੇ ਸੰਵੇਦਨਸ਼ੀਲ ਖੇਤਰਾਂ ਦੇ ਪੁਲਿਸ ਅਧਿਕਾਰੀਆਂ ਨੂੰ ਵਿੱਦਿਅਕ ਸਥਾਨਾਂ ਦਾ ਦੌਰਾ ਕਰਨ ਲਈ ਕਿਹਾ ਹੈ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਪੁਲਿਸ ਪ੍ਰਸ਼ਾਸਨ ਨੇ ਸ਼ਾਂਤੀ ਬਣਾਈ ਰੱਖਣ ਲਈ ਉਡੂਪੀ ਵਿੱਚ ਫ਼ਲੈਗ ਮਾਰਚ ਕੀਤਾ। ਗ੍ਰਹਿ ਮੰਤਰੀ ਅਰਾਗਾ ਗਿਆਨੇਂਦਰ ਨੇ ਸਥਾਨਕ ਪ੍ਰਸ਼ਾਸਨ ਨੂੰ ਸਥਿਤੀ ਦੇ ਅਨੁਸਾਰ ਕਾਰਵਾਈ ਕਰਨ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸਥਿਤੀ ਵਿੱਚ ਉੱਪਰੋਂ ਆਦੇਸ਼ਾਂ ਦੀ ਉਡੀਕ ਕਰਨ ਦੀ ਬਜਾਏ ਤੁਰੰਤ ਉਪਾਅ ਕਰਨ ਦਾ ਅਧਿਕਾਰ ਦਿੱਤਾ ਹੈ।

**ਕੀ ਹੈ ਪੂਰਾ ਮਾਮਲਾ ?**

ਹਿਜਾਬ ਨਾ ਪਹਿਨਣ ਖ਼ਿਲਾਫ਼ ਵਿਰੋਧ ਦੀ ਸ਼ੁਰੂਆਤ ਉਡੂਪੀ ਦੇ ਸਰਕਾਰੀ ਗਰਲਜ਼ ਪੀ.ਯੂ. ਕਾਲਜ ਤੋਂ ਹੋਈ ਸੀ। ਉਦੋਂ 6 ਕੁੜੀਆਂ ਨੇ ਇਲਜ਼ਾਮ ਲਾਇਆ ਸੀ ਕਿ ਉਨ੍ਹਾਂ ਨੂੰ ਹਿਜਾਬ ਪਾ ਕੇ ਕਲਾਸ ਲਗਾਉਣ ਤੋਂ ਰੋਕਿਆ ਗਿਆ ਹੈ। ਉਡੂਪੀ ਅਤੇ ਚਿਕਮੰਗਲੂਰੂ ਵਿੱਚ ਹਿੰਦੂਤਵੀ ਗਰੁੱਪਾਂ ਨੇ ਕੁੜੀਆਂ ਦੇ ਜਮਾਤ ਵਿੱਚ ਹਿਜਾਬ ਪਾ ਕੇ ਆਉਣ ਦਾ ਵਿਰੋਧ ਕੀਤਾ ਸੀ। ਦਰਅਸਲ, ਸੈਕੰਡਰੀ ਸਕੂਲ ਵਿੱਚ 12ਵੀਂ ਜਮਾਤ ਦੀਆਂ ਇਨ੍ਹਾਂ ਵਿਦਿਆਰਥਣਾਂ ਨੂੰ ਜ਼ਿਲ੍ਹਾ ਅਧਿਕਾਰੀਆਂ ਦੇ ਇੱਕ ਸਮੂਹ ਵੱਲੋਂ ਹਿਜਾਬ ਉਤਾਰ ਕੇ ਕਲਾਸ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ। ਜ਼ਿਲ੍ਹੇ ਦੇ ਸਹਾਇਕ ਕਮਿਸ਼ਨਰ ਨੇ ਵਿਦਿਆਰਥਣਾਂ ਨੂੰ ਕਿਹਾ ਸੀ ਕਿ ਉਹ ਸਿਰਫ਼ ਕਲਾਸਾਂ ਵਿੱਚ ਜਾਣ ਲਈ ਹਿਜਾਬ ਉਤਾਰਨ ਅਤੇ ਕੈਂਪਸ ਵਿੱਚ ਹਿਜਾਬ ਪਹਿਨ ਕੇ ਰੱਖਣ। ਪਰ ਕੁੜੀਆਂ ਨੇ ਇਹ ਗੱਲ ਨਹੀਂ ਮੰਨੀ ਅਤੇ ਹਿਜਾਬ ਉਤਾਰਨ ਤੋਂ ਇਨਕਾਰ ਕਰ ਦਿੱਤਾ। ਕੁੜੀਆਂ ਮੁਤਾਬਕ, ਇਸ ਤੋਂ ਮਗਰੋਂ ਉਨ੍ਹਾਂ ਨੂੰ ਕਲਾਸ ਵਿੱਚ ਆਉਣ ਤੋਂ ਮਨਾ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

ਮਾਮਲਾ ਉਦੋਂ ਹੋਰ ਵਧਿਆ ਜਦੋਂ ਉਡੂਪੀ ਜ਼ਿਲ੍ਹੇ ਦੇ ਕਾਲਜ ਵਿੱਚ ਕੁੜੀਆਂ ਦੇ ਹਿਜਾਬ ਦੇ ਜਵਾਬ ਵਿੱਚ ਕੁਝ ਵਿਦਿਆਰਥਣਾਂ ਭਗਵੇਂ ਸ਼ਾਲ ਪਹਿਨ ਕੇ ਆ ਗਈਆਂ। ਇਸ ਤੋਂ ਬਾਅਦ ਕੁੜੀਆਂ ਨੇ ਜਲੂਸ ਦੇ ਰੂਪ ਵਿੱਚ ਭਗਵੇਂ ਸ਼ਾਲ ਪਹਿਨ ਕੇ ਇੱਕ ਨਿੱਜੀ ਕਾਲਜ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਵੀ ਕੀਤੀ। ਹਾਲਾਂਕਿ ਪਥਰਾਅ ਅਤੇ ਨਾਅਰੇਬਾਜ਼ੀ ਦੀਆਂ ਕੁਝ ਘਟਨਾਵਾਂ ਤੋਂ ਬਾਅਦ ਪੁਲਿਸ ਨੇ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ।।

ਵਿਰੋਧੀ ਸਿਆਸੀ ਪਾਰਟੀਆਂ ਹਿਜਾਬ ਦੇ ਹੱਕ ਵਿੱਚ ਤੇ ਭਾਜਪਾ ਵਿਰੋਧ ਵਿੱਚ

ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ ਨੇ ਆਪਣੇ ਟਵੀਟ ਵਿੱਚ ਲਿਖਿਆ, ਬਿਕਨੀ ਹੋਵੇ, ਘੁੰਡ ਹੋਵੇ, ਜੀਨਸ ਜਾਂ ਫਿਰ ਹਿਜਾਬ, ਔਰਤ ਦੀ ਮਰਜ਼ੀ ਹੈ ਕਿ ਉਹ ਆਪਣੀ ਪਸੰਦ ਦੇ ਕੱਪੜੇ ਪਾਉਣ। ਇਹ ਹੱਕ ਔਰਤਾਂ ਨੂੰ ਸੰਵਿਧਾਨ ਨੇ ਦਿੱਤਾ ਹੈ। ਔਰਤਾਂ ਨੂੰ ਸਤਾਉਣਾ ਬੰਦ ਕਰੋ।

ਏ.ਆਈ.ਐੱਮ.ਆਈ.ਐੱਮ. ਦੇ ਨੇਤਾ, ਅਸਦ-ਉਦ-ਦੀਨ ਓਵੈਸੀ ਨੇ ਵੀ ਆਪਣੇ ਇੱਕ ਭਾਸ਼ਣ ਵਿੱਚ ਮੁਸਕਾਨ ਮੁਸਲਮਾਨ ਕੁੜੀ ਦੀ ਤਾਰੀਫ਼ ਕੀਤੀ ਜੋ ਭਗਵੀਂ ਭੀੜ ਤੋਂ ਨਾ ਡਰੀ। ਭੀਮ ਆਰਮੀ ਦੇ ਮੁਖੀ ਦੇ ਦਲਿਤ ਆਗੂ ਚੰਦਰਸ਼ੇਖ਼ਰ ਆਜ਼ਾਦ ਨੇ ਲਿਖਿਆ, 'ਕਰਨਾਟਕ ਵਿੱਚ ਬੀਬੀ ਮੁਸਕਾਨ ਨਾਮ ਦੀ ਬਹਾਦਰ ਭੈਣ ਦੇ ਨਾਲ ਜੋ ਹੋਇਆ ਇਸ ਨੇ ਭਾਜਪਾ ਦੇ ਫ਼ਾਸ਼ੀਵਾਦੀ ਰਾਜ ਦਾ ਪਰਦਾਫ਼ਾਸ਼ ਕਰ ਦਿੱਤਾ ਹੈ।' ਭਾਜਪਾ ਸਰਕਾਰ ਆਪਣੀ ਸੁਰੱਖਿਆ ਵਿੱਚ ਫ਼ਿਰਕੂ ਗੁੰਡੇ ਪਾਲਕੇ ਇਸ ਦੀ ਵਰਤੋਂ ਹਿੰਸਾ ਵਿੱਚ ਕਰਦੀ ਹੈ।

ਨੈਸ਼ਨਲ ਕਾਨਫ਼ਰੰਸ ਦੇ ਪ੍ਰਧਾਨ ਫ਼ਾਰੂਕ ਅਬਦੁੱਲਾ ਨੇ ਕਿਹਾ ਕਿ ਕੁਝ ਫ਼ਿਰਕੂ ਤੱਤ ਫ਼ਿਰਕਿਆਂ ਦੇ ਆਧਾਰ 'ਤੇ ਦੇਸ਼ ਦੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਹੱਕ ਹੈ ਕਿ ਉਹ ਜੋ ਚਾਹੇ ਪਹਿਨ ਸਕਦਾ ਹੈ ਅਤੇ ਆਪੋ-ਆਪਣੇ ਧਰਮਾਂ ਮੁਤਾਬਕ ਚੱਲ ਸਕਦਾ ਹੈ। ਉਨ੍ਹਾਂ ਹੱਦਬੰਦੀ ਕਮਿਸ਼ਨ 'ਤੇ ਵੀ ਨਿਸ਼ਾਨਾ ਸੇਧਿਆ ਅਤੇ ਕਿਹਾ ਕਿ ਇਹ ਬਿਲਕੁਲ ਗ਼ਲਤ ਹੈ।

ਕੁਝ ਫ਼ਿਰਕੂ ਤੱਤਾਂ ਵੱਲੋਂ ਧਰਮ 'ਤੇ ਹਮਲੇ ਕੀਤੇ ਜਾ ਰਹੇ ਹਨ। ਇਹ ਫ਼ਿਰਕੂ ਤੱਤ ਚੋਣਾਂ ਜਿੱਤਣ ਲਈ ਫ਼ਿਰਕਿਆਂ ਦੇ ਆਧਾਰ 'ਤੇ ਦੇਸ਼ ਦੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ।

ਭਾਰਤੀ ਜਨਤਾ ਪਾਰਟੀ ਦੀ ਕੌਮੀ ਬੁਲਾਰਾ ਸੰਜੂ ਵਰਮਾ ਨੇ ਅੱਲਾ-ਹੂ-ਅਕਬਰ ਨਾਅਰਾ ਲਗਾਉਣ ਵਾਲੀ ਕੁੜੀ ਨੂੰ ਇੱਕ ਕੱਟੜਪੰਥੀ ਅਤੇ ਗੁਮਰਾਹ ਕੁੜੀ ਦੱਸਿਆ ਹੈ। ਸੰਜੂ ਵਰਮਾ ਨੇ ਕਿਹਾ ਕਿ ਜ਼ਿਆਦਾਤਰ ਇਸਲਾਮਿਕ ਦੇਸ਼ਾਂ ਨੇ ਵੀ ਹਿਜਾਬ ਪਾਉਣ ਤੇ ਰੋਕ ਲਗਾ ਦਿੱਤੀ ਹੈ। ਜੋ ਲੋਕ ਹਿਜਾਬ ਦੇ ਹੱਕ ਵਿੱਚ ਹਨ ਤਾਂ ਉਹ ਮਦਰੱਸੇ ਵਿੱਚ ਚਲੇ ਜਾਣ।'

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੌਮੀ ਬੁਲਾਰੇ ਵਿਨੋਦ ਬੰਸਲ ਨੇ ਕਿਹਾ ਕਿ ਕਰਨਾਟਕ ਦੇ ਉਡੂਪੀ ਤੋਂ ਸ਼ੁਰੂ ਹੋਇਆ ਵਿਵਾਦ ਦਰਅਸਲ ਹਿਜਾਬ ਦੀ ਆੜ ਵਿੱਚ ਜਿਹਾਦੀ ਅਰਾਜਕਤਾ ਫ਼ੈਲਾਉਣ ਦੀ ਸਾਜਿਸ਼ ਹੈ।

**ਮੁਸਕਾਨ ਨੂੰ ਪਾਕਿਸਤਾਨ ਵਿੱਚ ਸਮਰਥਨ**

ਮੁਸਕਾਨ ਨੂੰ ਪਾਕਿਸਤਾਨ ਵਿੱਚ ਵੀ ਖ਼ੂਬ ਸਮਰਥਨ ਮਿਲ ਰਿਹਾ ਹੈ।ਪਾਕਿਸਤਾਨ ਦੀ ਸੱਤਾਧਾਰੀ ਪਾਰਟੀ ਪੀ.ਟੀ.ਆਈ. ਨੇ ਇੱਕ ਵੀਡੀਓ ਟਵੀਟ ਕਰਕੇ ਲਿਖਿਆ, 'ਬਹਾਦਰੀ ਦੀ ਮਿਸਾਲ। ਅੱਲਾ-ਹੂ-ਅਕਬਰ। ਮੋਦੀ ਰਾਜ ਵਿੱਚ ਭਾਰਤ ਵਿੱਚ ਸਿਰਫ਼ ਤਬਾਹੀ ਹੋ ਰਹੀ ਹੈ। ਜਿਨਾਹ ਸਹੀ ਸਨ।'

ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਲਿਖਿਆ, 'ਮੁਸਲਮਾਨ ਕੁੜੀਆਂ ਨੂੰ ਸਿੱਖਿਆ ਤੋਂ ਵਾਂਝੇ ਰੱਖਣਾ ਮੌਲਿਕ ਹੱਕਾਂ ਦੀ ਉਲੰਘਣਾ ਹੈ। ਇਸ ਮੌਲਿਕ ਹੱਕ ਤੋਂ ਕਿਸੇ ਨੂੰ ਵਾਂਝਿਆਂ ਕਰਨਾ ਅਤੇ ਹਿਜਾਬ ਪਾਉਣ ਪਿੱਛੇ ਡਰਾਉਣਾ ਪੂਰੀ ਤਰਾਂ ਦਮਨਕਾਰੀ ਹੈ।'

**ਕਰਨਾਟਕ ਹਾਈ ਕੋਰਟ ਵਿੱਚ ਮਾਮਲਾ**

ਕਰਨਾਟਕ ਹਾਈ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਦੌਰਾਨ ਜੱਜ ਨੇ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਅਦਾਲਤ ਨੇ ਕਿਹਾ ਕਿ ਸਾਰੀਆਂ ਭਾਵਨਾਵਾਂ ਨੂੰ ਬਾਹਰ ਰੱਖੋ। ਹਾਈਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਅਸੀਂ ਹੁਕਮ ਪਾਸ ਕਰਾਂਗੇ। ਸਕੂਲ-ਕਾਲਜ ਸ਼ੁਰੂ ਹੋਣ ਦਿਓ। ਪਰ ਜਦੋਂ ਤੱਕ ਮਾਮਲਾ ਹੱਲ ਨਹੀਂ ਹੁੰਦਾ, ਉਦੋਂ ਤੱਕ ਕਿਸੇ ਨੂੰ ਵੀ ਧਾਰਮਿਕ ਪਹਿਰਾਵਾ ਨਹੀਂ ਪਹਿਨਣ ਦਿੱਤਾ ਜਾਵੇਗਾ। ਅਸੀਂ ਇਸ ਮਾਮਲੇ ਵਿੱਚ ਸੰਵਿਧਾਨ ਦੇ ਆਧਾਰ 'ਤੇ ਫ਼ੈਸਲਾ ਲਵਾਂਗੇ। ਵਿਦਿਆਰਥਣਾਂ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਿਜਾਬ ਪਹਿਨਣਾ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਹੈ। ਇਸ ਲਈ ਉਨ੍ਹਾਂ ਨੂੰ ਇਸ ਤੋਂ ਰੋਕਿਆ ਨਹੀਂ ਜਾ ਸਕਦਾ।

ਦੂਸਰੇ ਪਾਸੇ ਕਾਲਜ ਪ੍ਰਸ਼ਾਸਨ ਦਾ ਤਰਕ ਦਿੱਤਾ ਕਿ ਇਹ ਕਾਲਜ ਸਿਰਫ਼ ਔਰਤਾਂ ਲਈ ਹੈ ਅਤੇ ਵਿਦਿਆਰਥਣਾਂ ਨੂੰ ਹਿਜਾਬ ਪਹਿਨਣ ਦੀ ਲੋੜ ਨਹੀਂ ਹੈ, ਉਹ ਵੀ ਜਦੋਂ ਉਨ੍ਹਾਂ ਨੂੰ ਪੜ੍ਹਾਇਆ ਜਾ ਰਿਹਾ ਹੈ। ਕਾਲਜ ਦੇ ਪ੍ਰਿੰਸੀਪਲ ਰੁਦਰ ਗੌੜਾ ਨੇ ਕਿਹਾ ਸੀ, 'ਸਾਡੇ ਕਾਲਜ ਵਿੱਚ ਕਰੀਬ ਇੱਕ ਹਜ਼ਾਰ ਵਿਦਿਆਰਥਣਾਂ ਹਨ। ਇਨ੍ਹਾਂ ਵਿੱਚੋਂ 75 ਮੁਸਲਮਾਨ ਹਨ। ਜ਼ਿਆਦਾਤਰ ਮੁਸਲਮਾਨ ਵਿਦਿਆਰਥਣਾਂ ਨੂੰ ਸਾਡੇ ਨਿਯਮਾਂ ਨਾਲ ਕੋਈ ਦਿੱਕਤ ਨਹੀਂ ਹੈ। ਸਿਰਫ਼ ਇਹ ਛੇ ਵਿਦਿਆਰਥਣਾਂ ਹੀ ਵਿਰੋਧ ਕਰ ਰਹੀਆਂ ਹਨ। ਗੌੜ ਨੇ ਕਿਹਾ ਕਿ ਕਿਸੇ ਵੀ ਕਿਸਮ ਦੇ ਵਿਤਕਰੇ ਦੀ ਸੰਭਾਵਨਾ ਨੂੰ ਖ਼ਤਮ ਕਰਨ ਲਈ ਹੀ ਕਾਲਜ ਵਿੱਚ ਇੱਕ ਵਰਦੀ ਤੈਅ ਕੀਤੀ ਗਈ ਹੈ।'

**ਸੁਪਰੀਮ ਕੋਰਟ ਨੇ ਤੁਰੰਤ ਸੁਣਵਾਈ ਤੋਂ ਕੀਤਾ ਇਨਕਾਰ, ਕਿਹਾ-ਰਾਸ਼ਟਰੀ ਪੱਧਰ ਦਾ ਮੁੱਦਾ ਨਾ ਬਣਾਓ**

ਕਰਨਾਟਕ ਹਿਜਾਬ ਮਾਮਲੇ ਵਿੱਚ ਕਰਨਾਟਕ ਹਾਈ ਕੋਰਟ ਦੇ ਅੰਤਰਿਮ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਸੁਪਰੀਮ ਕੋਰਟ ਨੇ ਇਸ ਪਟੀਸ਼ਨ 'ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਕਰਨਾਟਕ ਮਾਮਲੇ 'ਤੇ ਨਜ਼ਰ ਰੱਖ ਰਹੀ ਹੈ ਅਤੇ ਫ਼ਿਲਹਾਲ ਹਾਈ ਕੋਰਟ ਵਿੱਚ ਸੁਣਵਾਈ ਕਰ ਰਹੀ ਹੈ। ਸੁਪਰੀਮ ਕੋਰਟ ਨੇ ਵਕੀਲਾਂ ਨੂੰ ਸਲਾਹ ਦਿੰਦੇ ਹੋਏ ਕਿਹਾ ਕਿ ਇਸ ਨੂੰ ਰਾਸ਼ਟਰੀ ਪੱਧਰ ਦਾ ਮੁੱਦਾ ਨਾ ਬਣਾਓ ਅਤੇ ਸੁਪਰੀਮ ਕੋਰਟ ਸਹੀ ਸਮੇਂ 'ਤੇ ਮਾਮਲੇ ਵਿੱਚ ਦਖ਼ਲ ਦੇਵੇਗੀ।

**ਸ਼ਾਹੀ ਇਮਾਮ ਦੀ ਅਗਵਾਈ ਵਿੱਚ ਮੁਸਲਿਮ ਬੀਬੀਆਂ ਨੇ ਕੱਢਿਆ ਹਿਜਾਬ ਮਾਰਚ**

**ਲੁਧਿਆਣਾ : ਮਜਲਿਸ ਅਹਿਰਾਰ ਇਸਲਾਮ ਦੇ ਪ੍ਰਧਾਨ ਤੇ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਦੀ ਅਗਵਾਈ ਹੇਠ ਹਜ਼ਾਰਾਂ ਮੁਸਲਿਮ ਬੀਬੀਆਂ ਨੇ ਹਿਜਾਬ ਮਾਰਚ ਕੱਢਿਆ। ਇਸ ਮੌਕੇ ਕਰਨਾਟਕ ਦੇ ਇੱਕ ਕਾਲਜ ਵਿੱਚ ਮੁਸਲਿਮ ਵਿਦਿਆਰਥਣਾਂ ਨੂੰ ਹਿਜਾਬ ਪਹਿਨਣ 'ਤੇ ਕੱਟੜਪੰਥੀ ਸੰਗਠਨਾਂ ਵੱਲੋਂ ਕੀਤੀ ਕਾਰਵਾਈ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ। ਮਾਰਚ ਵਿੱਚ ਵੱਡੀ ਗਿਣਤੀ ਮੁਸਲਿਮ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਔਰਤਾਂ ਵੀ ਮੌਜੂਦ ਸਨ।**

## ਕੈਲੀਫ਼ੋਰਨੀਆ ਦੇ ਸ਼ਹਿਰ...

ਇਸ ਘਟਨਾ ਦੌਰਾਨ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਸਨ। ਇਨ੍ਹਾਂ ਚਾਰ ਸਿੱਖ ਨੌਜਵਾਨਾਂ ਵਿੱਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੂੰ ਛੱਡ ਕਿ ਬਾਕੀ ਤਿੰਨ ਨੌਜਵਾਨਾਂ ਦੇ ਮਾਪੇ ਇਸ ਫ਼ਾਨੀ ਦੁਨੀਆ ਤੋਂ ਜਾ ਚੁੱਕੇ ਹਨ। ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਪਿਤਾ ਬਲਦੇਵ ਸਿੰਘ ਪਿਛਲੇ 36 ਸਾਲਾਂ ਤੋਂ ਸਾਕਾ ਨਕੋਦਰ ਦੇ ਇਨਸਾਫ਼ ਲਈ ਮੰਗ ਕਰਦੇ ਰਹੇ ਹਨ। ਹੁਣ ਅਮਰੀਕਾ ਦੀ ਕਾਂਗਰਸ-ਵੂਮੈਨ ਜ਼ੋਈ ਲੋਫ਼ਗਰਿਨ ਤੇ ਅੰਨਾ ਜੀ. ਈਸ਼ੋ ਵੱਲੋਂ ਬਲਦੇਵ ਸਿੰਘ ਦੀ ਦਰਦ ਕਹਾਣੀ ਸੁਣਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦੇਣ ਲਈ ਮਤਾ ਨੰਬਰ 908 ਯੂ. ਐੱਸ ਹਾਊਸ ਆਫ਼ ਰਿਪ੍ਰੇਜ਼ੇਂਟੇਟਿਵਜ਼ ਵਿੱਚ 4 ਫ਼ਰਵਰੀ 2022 ਨੂੰ ਦਰਜ਼ ਹੋਣ ਤੋਂ ਬਾਅਦ ਸਾਕਾ ਨਕੋਦਰ ਦੀ 36 ਸਾਲਾਂ ਦੀ ਨਾ ਇਨਸਾਫ਼ੀ ਦਾ ਮੁੱਦਾ ਫੇਰ ਭਖ ਗਿਆ ਹੈ। ਹੁਣ ਇਹ ਮਤਾ 'ਸਾਕਾ ਨਕੋਦਰ ਦਿਵਸ' ਵਜੋਂ ਮਾਨਤਾ ਦੇਣ ਵਾਲੀ ਕਮੇਟੀ ਆਨ ਓਵਰਸਾਈਟ ਐਂਡ ਰਿਫ਼ਾਰਮ ਰੈਜ਼ੋਲੂਸ਼ਨ ਕੋਲ ਪਹੁੰਚ ਗਿਆ ਹੈ ।

## ਟਰੱਕ ਅੰਦੋਲਨ : ਓਂਟਾਰਿਓ

**ਕਾਰ ਉਤਪਾਦਨ ਕੰਪਨੀਆਂ ਦਾ ਕੰਮ ਠੱਪ**

ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਕਾਰ ਨਿਰਮਾਤਾ ਕੰਪਨੀਆਂ ਫੋਰਡ ਅਤੇ ਟੋਇਟਾ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਟਰੱਕ ਡਰਾਇਵਰਾਂ ਦੇ ਵਿਰੋਧ ਪ੍ਰਦਰਸ਼ਨਾਂ ਕਾਰਨ ਉਤਪਾਦਨ ਵਿੱਚ ਵਿਘਨ ਪੈ ਰਿਹਾ ਹੈ। ਉਨ੍ਹਾਂ ਮੁਤਾਬਕ ਉਹ ਪਲਾਂਟਾਂ ਨੂੰ ਬੰਦ ਕਰਨ ਲਈ ਮਜਬੂਰ ਹਨ ਕਿਉਂਕਿ ਕਾਰ ਦੇ ਪੁਰਜੇ ਦੋ ਯੂਐੱਸ ਬਾਰਡਰ ਪੁਆਇੰਟਾਂ 'ਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਦੁਆਰਾ ਰੋਕੇ ਜਾ ਰਹੇ ਹਨ। ਕਾਰ ਨਿਰਮਾਤਾ ਤੇ ਸਥਾਨਕ ਅਧਿਕਾਰੀ, ਐਂਬੈਸਡਰ ਬ੍ਰਿਜ ਦੀ ਨਾਕਾਬੰਦੀ ਨੂੰ ਖ਼ਤਮ ਕਰਨ ਲਈ ਟੀਕੇ ਸਬੰਧੀ ਹੁਕਮ ਵਾਪਸ ਲੈਣ ਦੀ ਮੰਗ ਕਰ ਰਹੇ ਹਨ।

## ਅੰਮ੍ਰਿਤਸਰ ਨੇ ਜਿੱਤਿਆ...

ਲੰਡਨ ਹੀਥਰੋ ਤੋਂ ਉਡਾਣ ਭਰੇਗੀ ਅਤੇ ਅੰਮ੍ਰਿਤਸਰ ਤੋਂ ਉਡਾਣ ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ ਰਵਾਨਾ ਹੋਵੇਗੀ। ਏਅਰ ਇੰਡੀਆ ਇਸ ਰੂਟ 'ਤੇ 256 ਸੀਟਾਂ ਵਾਲਾ ਬੋਇੰਗ 787-8 ਡ੍ਰੀਮਲਾਈਨਰ ਜਹਾਜ਼ ਚਲਾਉਂਦੀ ਹੈ ਜਿਸ ਵਿੱਚ 238 ਇਕੋਨੋਮੀ ਅਤੇ 18 ਬਿਜ਼ਨਸ ਕਲਾਸ ਸੀਟਾਂ ਹਨ। ਇਹਨਾਂ ਸਿੱਧੀਆਂ ਉਡਾਣਾਂ ਦੀ ਬੁਕਿੰਗ ਅਕਤੂਬਰ 2022 (ਏਅਰਲਾਈਨਾਂ ਲਈ ਗਰਮੀਆਂ ਦੀ ਸਮਾਂ-ਸਾਰਣੀ ਦੇ ਅੰਤ) ਤੱਕ ਉਪਲਬਧ ਹੈ। ਵਰਤਮਾਨ ਵਿੱਚ, ਭਾਰਤ ਅਤੇ ਬ੍ਰਿਟੇਨ ਦਰਮਿਆਨ ਉਡਾਣਾਂ ਭਾਰਤ ਦੁਆਰਾ ਕਈ ਦੇਸ਼ਾਂ ਨਾਲ ਕੀਤੇ ਗਏ ਅਸਥਾਈ ਹਵਾਈ ਸਮਝੌਤਿਆਂ (ਏਅਰ ਬੱਬਲ) ਦੇ ਤਹਿਤ ਚੱਲ ਰਹੀਆਂ ਹਨ। ਗੁਮਟਾਲਾ ਦੇ ਦੱਸਿਆ ਕਿ ਏਅਰ ਇੰਡੀਆ ਇਸ ਵੇਲੇ ਹਫ਼ਤੇ ਵਿੱਚ ਇੱਕ ਦਿਨ ਸਿੱਧੀ ਅੰਮ੍ਰਿਤਸਰ-ਬਰਮਿੰਘਮ ਉਡਾਣ ਵੀ ਚਲਾ ਰਹੀ ਹੈ। ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਏਅਰ ਬੱਬਲ ਖ਼ਤਮ ਹੋਣ ਤੋਂ ਬਾਅਦ ਇਹਨਾਂ ਉਡਾਣਾਂ ਦੀ ਗਿਣਤੀ ਵੀ ਵਧੇਗੀ। ਉਨ੍ਹਾਂ ਅੱਗੇ ਕਿਹਾ, "ਸਿੱਧੀਆਂ ਉਡਾਣਾਂ ਵਿੱਚ ਵਾਧੇ ਨਾਲ ਪੰਜਾਬ ਅਤੇ ਯੂ.ਕੇ. ਦਰਮਿਆਨ ਹਵਾਈ ਸਫ਼ਰ ਸਿਰਫ਼ 8-9 ਘੰਟਿਆਂ ਵਿੱਚ ਪੂਰਾ ਹੋ ਜਾਂਦਾ ਹੈ ਅਤੇ ਯਾਤਰੀ ਦਿੱਲੀ ਰਾਹੀਂ ਹੁੰਦੀ ਖੱਜਲ ਖੁਆਰੀ ਤੋਂ ਵੀ ਬਚ ਸਕਣਗੇ। ਇਹਨਾਂ ਉਡਾਣਾਂ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਇੱਥੋਂ ਤੱਕ ਕਿ ਉਦਯੋਗ ਅਤੇ ਕਿਸਾਨਾਂ ਨੂੰ ਵੀ ਯੂ.ਕੇ. ਲਈ ਵਧੇਰੇ ਸਿੱਧੀਆਂ ਉਡਾਣਾਂ ਦਾ ਲਾਭ ਹੋਵੇਗਾ ਕਿਉਂਕਿ ਉਹ ਕਾਰਗੋ ਭੇਜਣ ਦੇ ਯੋਗ ਹੋਣਗੇ। ਸੇਵਾ ਟਰੱਸਟ ਯੂ.ਕੇ. ਦੇ ਸੰਸਥਾਪਕ ਚੇਅਰਮੈਨ, ਚਰਨ ਕੰਵਲ ਸਿੰਘ ਸੇਖੋਂ, ਜਿਨ੍ਹਾਂ ਨੂੰ ਹਾਲ ਹੀ ਵਿੱਚ ਯੂਕੇ ਦੇ ਵੱਖ-ਵੱਖ ਭਾਈਚਾਰਿਆਂ ਲਈ ਯੋਗਦਾਨ ਅਤੇ ਸਮਾਜ ਸੇਵਾ ਲਈ ਗ੍ਰੇਟ ਬ੍ਰਿਟੇਨ ਦੀ ਮਹਾਰਾਣੀ ਦੁਆਰਾ ਰਾਸ਼ਟਰੀ ਸਨਮਾਨ (ਐਮ.ਬੀ.ਈ.) ਨਾਲ ਸਨਮਾਨਿਤ ਕੀਤਾ ਗਿਆ ਸੀ, ਨੇ ਕਿਹਾ, 'ਸੇਵਾ ਟਰੱਸਟ ਯੂ.ਕੇ. ਦੇ ਸਮੂਹ ਮੈਂਬਰਾਂ ਦੀ ਤਰਫ਼ੋਂ, ਮੈਂ ਇਸ ਫ਼ੈਸਲੇ ਦਾ ਸਵਾਗਤ ਕਰਦਾ ਹਾਂ ਅਤੇ ਟਾਟਾ/ਏਅਰ ਇੰਡੀਆ ਦੁਆਰਾ ਦੇ ਨਵੇਂ ਪ੍ਰਬੰਧਕਾਂ ਦੇ ਇਸ ਸ਼ਾਨਦਾਰ ਫ਼ੈਸਲੇ ਲਈ ਦਿਲੋਂ ਧੰਨਵਾਦੀ ਹਾਂ। ਯੂ.ਕੇ. ਵਿੱਚ ਰਹਿੰਦੇ ਸਮੁੱਚੇ ਪੰਜਾਬੀ ਅਤੇ ਭਾਰਤੀ ਪਰਵਾਸੀਆਂ ਦੇ ਫ਼ਾਇਦੇ ਲਈ ਜੋ ਸਿੱਧੇ ਪੰਜਾਬ ਦੀ ਹਵਾਈ ਯਾਤਰਾ ਕਰਨਾ ਚਾਹੁੰਦੇ ਹਨ, ਅਸੀਂ ਅੰਮ੍ਰਿਤਸਰ ਵਿਕਾਸ ਮੰਚ ਦੇ ਨਾਲ ਮਿਲ ਕੇ ਪਿਛਲੇ ਪੰਜ ਸਾਲਾਂ ਤੋਂ ਇਹ ਲਈ ਸਾਂਝੀ ਮੁਹਿੰਮ ਚਲਾਈ ਹੈ ਅਤੇ ਬਹੁਤ ਹੀ ਲਗਨ ਨਾਲ ਕੰਮ ਕੀਤਾ ਹੈ। ਅਸੀਂ ਇਸ ਮੁੱਦੇ ਨੂੰ ਭਾਰਤ, ਪੰਜਾਬ ਅਤੇ ਯੂ.ਕੇ. ਸਰਕਾਰ, ਯੂ.ਕੇ. ਦੇ ਭਾਰਤੀ ਹਾਈ ਕਮਿਸ਼ਨ ਦੇ ਨਾਲ਼-ਨਾਲ਼ ਭਾਰਤ ਦੇ ਹਵਾਬਾਜ਼ੀ ਮੰਤਰਾਲੇ ਅਤੇ ਏਅਰ ਇੰਡੀਆ ਕੋਲ਼ ਉਠਾਇਆ ਹੈ ਅਤੇ ਲੰਡਨ ਤੋਂ ਪੰਜਾਬ ਲਈ ਸਿੱਧੀਆਂ ਉਡਾਣਾਂ ਦੀ ਇਸ ਮੰਗ ਨੂੰ ਉਜਾਗਰ ਕੀਤਾ ਹੈ। ਅਸੀਂ ਭਾਰਤ ਸਰਕਾਰ, ਏਅਰ ਇੰਡੀਆ ਅਤੇ ਸ਼੍ਰੀ ਹਰਦੀਪ ਸਿੰਘ ਪੁਰੀ ਦਾ 2019 ਵਿੱਚ ਗੁਰੂ ਨਾਨਕ ਦੇਵ ਜੀ 550 ਸਾਲਾਂ ਗੁਰਪੁਰਬ ਮੌਕੇ ਲੰਡਨ ਸਟੈਨਸਟੇਡ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਅਤੇ ਹੁਣ ਟਾਟਾ ਵੱਲੋਂ ਮਾਰਚ ਤੋਂ ਲੰਡਨ ਹੀਥਰੋ ਲਈ ਉਡਾਣਾਂ ਦੀ ਗਿਣਤੀ ਵਧਾਉਣ ਦੇ ਫ਼ੈਸਲੇ ਲਈ ਧੰਨਵਾਦੀ ਹਾਂ। ਮੈਂ ਉਨ੍ਹਾਂ ਸਾਰੇ ਯਾਤਰੀਆਂ ਨੂੰ ਜੋ ਪੰਜਾਬ ਜਾਣਾ ਚਾਹੁੰਦੇ ਹਨ, ਨੂੰ ਇਨ੍ਹਾਂ ਸਿੱਧੀਆਂ ਉਡਾਣਾਂ ਦੀ ਤੇ ਹੀ ਜਾਣ ਦੀ ਅਪੀਲ ਕਰਨਾ ਚਾਹਾਂਗਾ ਤਾਂ ਜੋ ਇਹਨਾਂ ਦੀ ਕਾਮਯਾਬੀ ਨਾਲ਼ ਹੋਰ ਵੀ ਏਅਰਲਾਈਨਾਂ ਉਡਾਣਾਂ ਸ਼ੁਰੂ ਕਰ ਸਕਣ। ਅਸੀਂ ਹੋਰ ਏਅਰਲਾਈਨਾਂ ਨੂੰ ਪੰਜਾਬ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਮਨਾਉਣ ਵਾਸਤੇ ਆਪਣੀ ਮੁਹਿੰਮ ਜਾਰੀ ਰੱਖਾਂਗੇ ਕਿਉਂਕਿ ਲੰਡਨ ਰਾਹੀਂ ਕੈਨੇਡਾ, ਅਮਰੀਕਾ ਅਤੇ ਯੂਰਪ ਦੇ ਨਾਲ਼ ਸੁਵਿਧਾਜਨਕ ਸੰਪਰਕ ਵੀ ਬਣ ਸਕਦਾ ਹੈ। ਇਹਨਾਂ ਮੁਲਕਾਂ ਵਿੱਚ ਪੰਜਾਬੀ ਭਾਈਚਾਰਾ ਬਹੁਤ ਹੀ ਵੱਡੀ ਗਿਣਤੀ ਵਿੱਚ ਰਹਿੰਦਾ ਹੈ।

## ਅੱਜ ਹਿਜਾਬ ਕੱਲ...

ਬਿਆਨ ਜਾਰੀ ਕਰਦੇ ਹੋਏ ਬਲਦੇਵ ਸਿੰਘ ਨਵਾਂਪਿੰਡ, ਜਗਰਾਜ ਸਿੰਘ ਪੱਟੀ, ਸੁਖਰਾਜ ਸਿੰਘ ਵੇਰਕਾ, ਗੁਰਮੀਤ ਸਿੰਘ ਬੱਬਰ ਆਦਿ ਨੇ ਕਿਹਾ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨ ਵਾਲਾ ਮੋਹਨ ਭਾਗਵਦ ਕੱਲ ਨੂੰ ਸਿੱਖਾਂ ਦੀ ਦਸਤਾਰ ਅਤੇ ਕਕਾਰਾਂ ਬਾਰੇ ਵੀ ਇਹੋ ਕੁਝ ਅਦਾਲਤਾਂ ਰਾਹੀਂ ਕਰਵਾ ਸਕਦਾ ਹੈ ਜਿਸ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਹਵਾਰਾ ਕਮੇਟੀ ਨੇ ਕਿਹਾ ਕਿ ਹਿਜਾਬ ਮੁੱਦੇ 'ਤੇ ਉਹ ਮੁਸਲਿਮ ਭੈਣਾਂ ਨਾਲ਼ ਖੜੇ ਹਨ। ਉਹ ਹਰ ਤਰਾਂ ਦੇ ਧਾਰਮਿਕ ਕੱਟੜਵਾਦ ਦਾ ਵਿਰੋਧ ਕਰਦੇ ਹਨ। ਕਿਸੇ ਵੀ ਧਰਮ ਨੂੰ ਦੂਜਿਆਂ ਦੇ ਧਰਮ ਵਿੱਚ ਦਖ਼ਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਹਿਜਾਬ 'ਤੇ ਕਾਨੂੰਨੀ ਰੋਕ ਲਗਾਏ ਜਾਣ 'ਤੇ ਮੱਧ ਪ੍ਰਦੇਸ਼ ਦੇ ਸਿੱਖਿਆ ਮੰਤਰੀ ਇੰਦਰ ਸਿੰਘ ਪਰਮਾਰ ਦੇ ਬਿਆਨ ਦੀ ਹਵਾਰਾ ਕਮੇਟੀ ਨੇ ਨਿੰਦਾ ਕੀਤੀ ਹੈ।

ਜਾਰੀ ਕਰਤਾ
ਪ੍ਰੋਫ਼ੈਸਰ ਬਲਜਿੰਦਰ ਸਿੰਘ
9888001888

## ਪਟਿਆਲਾ ਭਾਜਪਾ ਰੈਲੀ...

ਉਨ੍ਹਾਂ ਨੀਮ ਫ਼ੌਜੀ ਬਲਾਂ ਵਿੱਚ ਗ੍ਰੰਥੀ ਦੀ ਇਕ ਪੱਕੀ ਆਸਾਮੀ ਸਥਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਨੀਮ ਫ਼ੌਜੀ ਬਲਾਂ ਵਿੱਚ ਮੌਲਵੀ ਦੀ ਪੱਕੀ ਆਸਾਮੀ ਤਾਂ ਹੈ ਪਰ ਗ੍ਰੰਥੀ ਦੀ ਆਸਾਮੀ ਨਹੀਂ ਹੈ, ਜਿਸ ਕਾਰਨ ਨੀਮ ਫ਼ੌਜੀ ਬਲਾਂ ਦੇ ਸਿੱਖ ਜਵਾਨ ਹੀ ਆਪਣੇ ਤੌਰ 'ਤੇ ਸਾਰੇ ਪ੍ਰਬੰਧ ਕਰਦੇ ਹਨ। ਉਨ੍ਹਾਂ ਕਿਹਾ ਕਿ ਮੌਲਵੀ ਵਾਂਗ ਗ੍ਰੰਥੀ ਦੀ ਆਸਾਮੀ ਵੀ ਪੱਕੀ ਕੀਤੀ ਜਾਵੇ। ਜਥੇਦਾਰ ਨੇ ਉੱਤਰਾਖੰਡ ਸਥਿਤ ਗੁਰਦੁਆਰਾ ਗਿਆਨ ਗੋਦੜੀ ਦਾ ਮੁੜ ਨਿਰਮਾਣ ਕਰਨ ਅਤੇ ਸਿੱਕਮ ਵਿੱਚ ਗੁਰਦੁਆਰਾ ਚੁੰਗ ਥਾਮ ਦਾ ਕਬਜ਼ਾ ਸਿੱਖ ਭਾਈਚਾਰੇ ਨੂੰ ਸੌਂਪਣ, ਸਿੱਖ ਗੁਰਦੁਆਰਾ ਐਕਟ 1925 ਤਹਿਤ ਧਾਰਾ 87 ਹੇਠ ਆਉਂਦੇ ਗੁਰਦੁਆਰਿਆਂ ਦੇ ਨੋਟੀਫਿਕੇਸ਼ਨ ਦੇ ਲਟਕ ਰਹੇ ਕੰਮ ਨੂੰ ਤੁਰੰਤ ਪੂਰਾ ਕਰਨ ਦਾ ਮਾਮਲਾ ਵੀ ਕੇਂਦਰੀ ਗ੍ਰਹਿ ਮੰਤਰੀ ਕੋਲ ਰੱਖਿਆ। ਕੇਂਦਰੀ ਗ੍ਰਹਿ ਮੰਤਰੀ ਨੇ ਸਿੱਖ ਮਾਮਲਿਆਂ ਨੂੰ ਵਿਚਾਰਨ ਅਤੇ ਇਨ੍ਹਾਂ ਦੇ ਹੱਲ ਦਾ ਭਰੋਸਾ ਦਿੱਤਾ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਨੂੰ ਸਨਮਾਨਿਤ ਵੀ ਕੀਤਾ ਗਿਆ।

## ਵਿਧਾਨ ਸਭਾ ਚੋਣਾਂ...

ਕਾਂਗਰਸੀ ਆਗੂ ਰਣਦੀਪ ਸਿੰਘ ਸੂਰਜੇਵਾਲਾ ਨੇ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਏ.ਬੀ.ਜੀ. ਸ਼ਿਪਯਾਰਡ ਵੱਲੋਂ 22,842 ਕਰੋੜ ਰੁਪਏ ਦਾ ਘੁਟਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਧੀ ਅਤੇ ਅਸਿੱਧੀ ਸਹਿਮਤੀ ਨਾਲ਼ ਹੋਇਆ ਹੈ। ਸੂਰਜੇਵਾਲਾ ਨੇ ਕਿਹਾ ਕਿ ਮੋਦੀ ਸਰਕਾਰ ਦੇ ਸਾਢੇ ਸੱਤ ਸਾਲ ਦੇ ਕਾਰਜਕਾਲ ਵਿੱਚ ਦੇਸ਼ ਭਰ ਵਿੱਚ 5 ਲੱਖ 35 ਹਜ਼ਾਰ ਕਰੋੜ ਦੇ ਬੈਂਕ ਘੁਟਾਲੇ ਹੋਏ ਅਤੇ 21 ਲੱਖ ਕਰੋੜ ਰੁਪਏ ਦਾ ਐਨ.ਪੀ.ਏ. ਵਿੱਚ ਇਜ਼ਾਫਾ ਹੋਇਆ ਹੈ। ਦੂਸਰੇ ਪਾਸੇ ਦੌਰਾਨ ਭਾਜਪਾ ਨੇ ਕਾਂਗਰਸ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਇਹ ਕਰਜ਼ੇ ਉਦੋਂ ਮਨਜ਼ੂਰ ਕੀਤੇ ਗਏ ਸਨ, ਜਦੋਂ ਯੂ.ਪੀ.ਏ. ਦੀ ਸਰਕਾਰ ਸੀ।

ਸਿਆਸੀ ਤੇ ਆਰਥਿਕ ਮਾਹਿਰਾਂ ਅਨੁਸਾਰ ਕੇਸ ਦਾ ਮੁੱਖ ਮੁੱਦਾ ਇਹ ਹੈ ਕਿ ਬੈਂਕਾਂ ਤੋਂ ਲਏ ਕਰਜ਼ੇ ਦੇ ਪੈਸੇ ਉਸ ਮੰਤਵ ਲਈ ਨਹੀਂ ਵਰਤੇ ਗਏ ਜਿਸ ਲਈ ਲਏ ਗਏ ਸਨ। ਇਸ ਕੇਸ ਬਾਰੇ ਪਹਿਲੀ ਸ਼ਿਕਾਇਤ ਨਵੰਬਰ 2019 ਵਿੱਚ ਕੀਤੀ ਗਈ ਸੀ। ਸੀ.ਬੀ.ਆਈ. ਨੇ ਲਗਭਗ ਢਾਈ ਸਾਲ ਮੁੱਢਲੀ ਜਾਂਚ ਤੋਂ ਬਾਅਦ ਇਹ ਅੰਦਾਜ਼ਾ ਲਗਾਇਆ ਹੈ ਕਿ 22,842 ਕਰੋੜ ਰੁਪਏ ਦੀ ਧੋਖਾਧੜੀ ਹੋਈ। ਮਾਰਚ 2020 ਵਿੱਚ ਸੀ.ਬੀ.ਆਈ. ਨੇ ਬੈਂਕਾਂ ਤੋਂ ਕੁਝ ਸਪੱਸ਼ਟੀਕਰਨ ਵੀ ਮੰਗੇ ਸਨ। ਇਹ ਕੰਪਨੀ ਸੂਰਤ ਤੇ ਦਹੇਜ ਸਥਿਤ ਆਪਣੇ ਕਾਰਖ਼ਾਨਿਆਂ ਵਿੱਚ ਵੱਖ-ਵੱਖ ਤਰਾਂ ਦੇ ਸਮੁੰਦਰੀ ਜਹਾਜ਼ ਬਣਾਉਂਦੀ ਹੈ। ਨੀਰਵ ਮੋਦੀ ਅਤੇ ਮੇਹੁਲ ਚੋਕਸੀ ਦੁਆਰਾ ਪੰਜਾਬ ਨੈਸ਼ਨਲ ਬੈਂਕ ਨਾਲ਼ ਕੀਤੀ ਇਹ ਸਭ ਤੋਂ ਵੱਡੀ ਠੱਗੀ ਵੀ ਹੈ। ਕੰਪਨੀ 'ਤੇ ਸਟੇਟ ਬੈਂਕ ਆਫ਼ ਇੰਡੀਆ ਦਾ 2925 ਕਰੋੜ ਰੁਪਏ, ਆਈ.ਸੀ.ਆਈ.ਸੀ.ਆਈ. ਬੈਂਕ ਦਾ 7089 ਕਰੋੜ ਰੁਪਏ, ਆਈ.ਡੀ.ਬੀ.ਆਈ. ਬੈਂਕ ਦਾ 3643 ਕਰੋੜ ਰੁਪਏ ਅਤੇ ਕੁਝ ਹੋਰ ਬੈਂਕਾਂ ਦਾ ਕਰਜ਼ਾ ਹੈ। ਕੰਪਨੀ ਨੂੰ 28 ਬੈਂਕਾਂ ਅਤੇ ਵਿੱਤੀ ਅਦਾਰਿਆਂ ਤੱਕ ਪਹੁੰਚ ਹਾਸਿਲ ਸੀ।

ਬੈਂਕਾਂ ਨਾਲ਼ ਵੱਧ ਰਹੀ ਧੋਖਾਧੜੀ ਵੱਡੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸ ਕਾਰਨ ਖ਼ਾਤਾ-ਧਾਰਕਾਂ ਨੂੰ ਕਈ ਤਰਾਂ ਦਾ ਨੁਕਸਾਨ ਪਹੁੰਚਦਾ ਹੈ : ਪਹਿਲਾ ਇਹ ਕਿ ਧੋਖਾਧੜੀ ਦਾ ਸ਼ਿਕਾਰ ਹੋਇਆ ਬੈਂਕ ਖ਼ਾਤਾ-ਧਾਰਕਾਂ ਨੂੰ ਨਾ ਤਾਂ ਬਣਦਾ ਵਿਆਜ ਦੇ ਸਕਦਾ ਹੈ ਅਤੇ ਨਾ ਹੀ ਹੋਰ ਸਹੂਲਤਾਂ। ਦੂਸਰਾ ਖ਼ਾਤਾ-ਧਾਰਕਾਂ ਨੂੰ ਵੱਡੇ ਨੁਕਸਾਨ ਬੈਂਕ ਦੇ ਦੀਵਾਲੀਆ ਹੋਣ ਤੋਂ ਹੁੰਦੇ ਹਨ। ਸਰਕਾਰ ਬੈਂਕਾਂ ਦੇ ਦੀਵਾਲੀਆ ਹੋਣ ਦੀ ਸੂਰਤ ਵਿੱਚ ਜ਼ਿੰਮੇਵਾਰੀ ਤੋਂ ਪੱਲਾ ਝਾੜ ਚੁੱਕੀ ਹੈ। ਜਦ ਕਿ ਸਾਰੇ ਬੈਂਕ ਦੇਸ਼ ਦੇ ਕੇਂਦਰੀ ਬੈਂਕ, ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਨਿਗਰਾਨੀ ਹੇਠ ਚੱਲਦੇ ਹਨ। ਬੈਂਕਾਂ ਨਾਲ਼ ਹੋ ਰਹੀਆਂ ਧੋਖਾਧੜੀਆਂ ਦੀ ਨਿਗਰਾਨੀ ਕਰਨ ਦੀ ਪ੍ਰਕਿਰਿਆ 'ਤੇ ਆਰ.ਬੀ.ਆਈ. ਦੀ ਕਾਰਜਸ਼ੈਲੀ 'ਤੇ ਵੱਡੇ ਸਵਾਲ ਖੜੇ ਕਰਦੀ ਹੈ। ਵਿਜੈ ਮਾਲਯਾ, ਨੀਰਵ ਮੋਦੀ, ਮੇਹੁਲ ਚੋਕਸੀ ਆਦਿ ਜਿਹੇ ਵਿਅਕਤੀਆਂ ਨੂੰ ਇੰਨੇ ਵੱਡੇ ਕਰਜ਼ੇ ਇਸ ਲਈ ਹੀ ਮਿਲੇ ਕਿਉਂਕਿ ਉਨਾਂ ਦੇ ਤਾਕਤਵਰ ਸਿਆਸਤਦਾਨਾਂ ਨਾਲ਼ ਸੰਬੰਧ ਪ੍ਰਤੱਖ ਸਨ। ਅਜਿਹੇ ਕਾਰੋਬਾਰੀ ਕਰਜ਼ਾ ਲੈਣ ਲਈ ਆਪਣੇ ਕਾਰੋਬਾਰਾਂ ਦੀ ਵਿੱਤੀ ਸਥਿਤੀ ਬਾਰੇ ਫ਼ਰਜ਼ੀ ਦਸਤਾਵੇਜ਼ ਪੇਸ਼ ਕਰਦੇ ਹਨ। ਪਿਛਲੇ ਸਮਿਆਂ ਵਿੱਚ ਕੁਝ ਵੱਡੇ ਕਾਰੋਬਾਰੀਆਂ ਅਤੇ ਬੈਂਕ ਅਧਿਕਾਰੀਆਂ ਨੂੰ ਸਜ਼ਾ ਮਿਲੀ ਹੈ ਅਤੇ ਕੁਝ ਦੇਸ਼ ਵਿੱਚੋਂ ਭੱਜਣ ਵਿੱਚ ਕਾਮਯਾਬ ਹੋਏ ਹਨ। ਸਰਕਾਰ ਨੂੰ ਇਸ ਕੇਸ ਵਿੱਚ ਤੇਜ਼ੀ ਨਾਲ਼ ਤਫ਼ਤੀਸ਼ ਕਰਾਉਣ ਦੇ ਨਾਲ਼-ਨਾਲ਼ ਬੈਂਕਾਂ ਦੀ ਕਰਜ਼ੇ ਦੇਣ ਦੀ ਪ੍ਰਕਿਰਿਆ ਨੂੰ ਨਿਗਰਾਨੀ ਹੇਠ ਲਿਆਉਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।

## ਸਭ ਤੋਂ ਛੋਟੀ ਉਮਰ...

ਸੱਤਾ ਦੌਰਾਨ ਬਾਦਲ ਪਰਿਵਾਰ ਉੱਤੇ ਪੰਜਾਬ ਦੀ ਸੱਤਾ ਮਾਫ਼ੀਆ ਵਾਂਗ ਚਲਾਉਣ ਦੇ ਇਲਜ਼ਾਮ ਲੱਗਦੇ ਰਹੇ। ਬਾਦਲ ਪਰਿਵਾਰ ਇਨਾਂ ਨੂੰ ਹਮੇਸ਼ਾਂ ਰੱਦ ਕਰਦਾ ਰਿਹਾ ਹੈ। ਇਹ ਇਲਜ਼ਾਮ ਕਿਸੇ ਅਦਾਲਤ ਵਿੱਚ ਵੀ ਸਾਬਿਤ ਨਹੀਂ ਹੋ ਸਕੇ। ਮਿਸਾਲ ਵਜੋਂ ਸੁਖਬੀਰ ਬਾਦਲ ਦੇ ਸਾਲ਼ੇ ਤੇ ਮੰਤਰੀ ਬਿਕਰਮ ਮਜੀਠੀਆ ਉੱਤੇ ਡਰੱਗਜ਼ ਮਾਫ਼ੀਆ ਤੇ ਮਾਈਨਿੰਗ ਮਾਫ਼ੀਆ ਦੀ ਸਰਪ੍ਰਸਤੀ ਦੇ ਇਲਜ਼ਾਮ ਲੱਗੇ।ਸੁਖਬੀਰ ਬਾਦਲ ਉੱਤੇ ਲੋਕਾਂ ਦੇ ਕਾਰੋਬਾਰ ਖ਼ਾਸ ਕਰ ਟਰਾਂਸਪੋਰਟ ਹਥਿਆਉਣ ਅਤੇ ਕੇਬਲ ਮਾਫ਼ੀਆ ਤੇ ਸ਼ਰਾਬ ਮਾਫ਼ੀਆ ਦੇ ਇਲਜ਼ਾਮ ਲੱਗੇ।

ਪਰ ਇਹ ਇਲਜ਼ਾਮ ਸਿਆਸੀ ਬਿਆਨਬਾਜ਼ੀ ਤੱਕ ਹੀ ਸੀਮਤ ਰਹੇ। ਅਦਾਲਤ ਵਿੱਚ ਇਸ ਮਸਲੇ ਦਾ ਇਹ ਰਿਪੋਰਟ ਲਿਖੇ ਜਾਣ ਤੱਕ ਬਾਦਲ ਪਰਿਵਾਰ ਖ਼ਿਲਾਫ਼ ਕੋਈ ਇਲਜ਼ਾਮ ਸਾਬਿਤ ਨਹੀਂ ਹੋਇਆ।

2012 ਵਿੱਚ ਬਾਦਲ ਨੇ ਮੁੜ ਸੱਤਾ ਹਾਸਲ ਕਰਕੇ ਪੰਜਾਬ ਦੇ ਸਿਆਸੀ ਇਤਿਹਾਸ ਵਿੱਚ ਲਗਾਤਾਰ ਦੂਜੀ ਵਾਰ ਮੁੱਖ ਮੰਤਰੀ ਬਣ ਕੇ ਨਵੀਂ ਪਿਰਤ ਪਾ ਦਿੱਤੀ।

**ਪੰਥਕ ਸਿਆਸਤ ਤੇ ਬਾਦਲ**

ਅਕਾਲੀ ਦਲ ਦਾ ਗਠਨ ਸਿੱਖ ਕੌਮ ਦੀ ਸਿਆਸੀ ਨੁਮਾਇੰਦਗੀ ਲਈ ਕੀਤਾ ਗਿਆ ਸੀ। ਪਰ ਪ੍ਰਕਾਸ਼ ਸਿੰਘ ਬਾਦਲ ਨੇ ਇਸ ਨੂੰ ਪੰਜਾਬੀ ਪਾਰਟੀ ਵਜੋਂ ਹੋਰ ਮੋਕਲਾ ਕੀਤਾ। ਉਨਾਂ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋਣ ਲਈ ਭਾਜਪਾ ਨਾਲ਼ ਸਿਆਸੀ ਗਠਜੋੜ ਕੀਤਾ। ਜਦਕਿ ਦੂਜੇ ਪਾਸੇ ਸਿੱਖਾਂ ਦੀ ਧਾਰਮਿਕ ਲੀਡਰਸ਼ਿਪ ਆਰ. ਐੱਸ. ਐੱਸ. ਤੇ ਭਾਜਪਾ ਉੱਤੇ ਸਿੱਖ ਕੌਮ ਦੇ ਹਿੱਤਾਂ ਖ਼ਿਲਾਫ਼ ਕੰਮ ਕਰਨ ਦਾ ਇਲਜ਼ਾਮ ਲਾਉਂਦੀ ਰਹੀ ਹੈ।

ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਹੀ ਰਾਜ ਵਿੱਚ ਉਨਾਂ ਨੂੰ ਅਕਾਲ ਤਖ਼ਤ ਤੋਂ ਪੰਥ ਰਤਨ ਫ਼ਖ਼ਰ-ਏ-ਕੌਮ ਦਾ ਸਨਮਾਨ ਦਿੱਤਾ ਗਿਆ। ਬਾਦਲ ਉੱਤੇ ਕਈ ਪੰਥਕ ਆਗੂ ਸਿੱਖੀ ਰਵਾਇਤਾਂ ਨੂੰ ਢਾਅ ਲਾਉਣ, ਆਪਣੇ ਨਿੱਜੀ ਹਿੱਤਾਂ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਨੂੰ ਵਰਤਣ ਦਾ ਇਲਜ਼ਾਮ ਲਾਉਂਦੇ ਰਹੇ ਹਨ। ਪਰ ਪੰਥਕ ਚੋਣ ਰਾਜਨੀਤੀ ਵਿੱਚ ਬਾਦਲ ਨੇ ਉਨਾਂ ਤੋਂ ਕਦੇ ਵੀ ਮਾਰ ਨਹੀਂ ਖਾਧੀ। 2012-2017 ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੀਆਂ ਘਟਨਾਵਾਂ ਨੇ ਪੰਥਕ ਹਲਕਿਆਂ ਵਿੱਚ ਬਾਦਲ ਪਰਿਵਾਰ ਖ਼ਿਲਾਫ਼ ਰੋਸ ਨੂੰ ਸਿਖ਼ਰਾਂ ਉੱਤੇ ਪਹੁੰਚਾ ਦਿੱਤਾ। ਬੇਅਦਬੀ ਕਾਂਡ ਨੂੰ ਵਿਰੋਧੀ ਪਾਰਟੀਆਂ ਨੇ ਚੋਣ ਮੁੱਦਾ ਬਣਾਇਆ ਤੇ ਬਾਦਲ ਦੀ ਪਾਰਟੀ ਸ੍ਰੋਮਣੀ ਅਕਾਲੀ ਦਲ 100 ਸਾਲ ਦੇ ਇਤਿਹਾਸ ਵਿੱਚ ਸਭ ਤੋਂ ਹੇਠਲੇ ਪੱਧਰ ਉੱਤੇ ਚਲੀ ਗਈ।

ਇਸ ਵੇਲੇ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਸੰਘਰਸ਼ ਕਾਰਨ ਅਕਾਲੀ ਦਲ (ਬਾਦਲ) ਨੇ ਆਪਣੀ ਨੂੰਹ ਹਰਸਿਮਰਤ ਕੌਰ ਨੂੰ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਮੰਤਰੀ ਮੰਡਲ ਵਿੱਚੋਂ ਵਾਪਸ ਬੁਲਾ ਲਿਆ। ਜਿਸ ਭਾਜਪਾ ਨਾਲ਼ ਰਿਸ਼ਤੇ ਨੂੰ ਬਾਦਲ ਨਹੁੰ-ਮਾਸ ਦਾ ਰਿਸ਼ਤਾ ਕਹਿੰਦੇ ਸਨ, ਉਹ ਵੀ ਤੋੜ ਲਿਆ। ਪ੍ਰਕਾਸ਼ ਸਿੰਘ ਬਾਦਲ ਅਣਐਲਾਨੀ ਸੇਵਾਮੁਕਤੀ ਵਾਂਗ ਸਿਆਸੀ ਤੌਰ 'ਤੇ ਘਰ ਬੈਠ ਗਏ ਲੱਗਦੇ ਹਨ। ਉਨਾਂ ਦੀ ਸਿਆਸੀ ਸਰਗਰਮੀ ਦੀ ਥਾਂ ਸੁਖਬੀਰ ਬਾਦਲ ਨੇ ਲੈ ਲਈ ਹੈ ਅਤੇ ਉਹ ਅਕਾਲੀ ਦਲ ਲਈ ਜ਼ਮੀਨ ਤਲਾਸ਼ ਰਹੇ ਹਨ।

## ਭਾਰਤੀ ਲੋਕਤੰਤਰ ਵਿੱਚ...

ਭਾਵੇਂ ਕਮਿਊਨਿਸਟ ਪਾਰਟੀ ਲਈ ਇਕੱਠੀ ਕਰਨੀ ਹੋਵੇ ਜਾਂ ਕਾਂਗਰਸ, ਭਾਜਪਾ ਜਾਂ ਅਕਾਲੀ ਜਾਂ ਹੋਰ ਪਾਰਟੀ ਲਈ ਉਸ ਵਿੱਚ ਜਾਣ ਵਾਲੇ ਵਿਅਕਤੀ ਉਹੋ ਹੀ ਹੁੰਦੇ ਹਨ, ਜਿਨਾਂ ਵਿੱਚੋਂ ਜ਼ਿਆਦਾਤਰ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਅੱਜ ਕਿਸ ਨੇਤਾ ਦਾ ਭਾਸ਼ਣ ਸੁਣਨ ਜਾ ਰਹੇ ਹਨ, ਨਾ ਉਨਾਂ ਨੂੰ ਭਾਸ਼ਣ ਵਿੱਚ ਦਿਲਚਸਪੀ ਹੁੰਦੀ ਹੈ, ਕਈ ਬੰਦਿਆਂ ਨੂੰ ਤਾਂ ਇਸ ਤਰਾਂ ਵੀ ਖੜਾ ਕੀਤਾ ਜਾਂਦਾ ਹੈ ਕਿ ਉਨਾਂ ਨੂੰ ਮਿਲਣ ਵਾਲੀ ਦਿਹਾੜੀ ਅਤੇ ਭੱਤੇ ਦੇ ਦਿੱਤੇ ਜਾਣਗੇ ਅਤੇ ਉਹ ਦੁਬਾਰਾ ਕਿਸੇ ਹੋਰ ਪਾਰਟੀ ਦੀ ਰੈਲੀ ਵਿੱਚ ਜਾਣ ਦੀ ਵੀ ਉਡੀਕ ਕਰਦੇ ਰਹਿੰਦੇ ਹਨ।

ਅਨਪੜਤਾ, ਲੋਕਤੰਤਰ ਵਿੱਚ ਵੱਡੀ ਰੁਕਾਵਟ ਹੈ। ਭਾਰਤ ਦੀ 75 ਸਾਲ ਦੀ ਸੁਤੰਤਰਤਾ ਤੋਂ ਬਾਅਦ ਅਜੇ ਵੀ ਦੇਸ਼ ਦੀ ਸਾਖ਼ਰਤਾ ਦਰ 74 ਫ਼ੀਸਦੀ ਹੈ ਜਿਸ ਦਾ ਅਰਥ ਹੈ ਕਿ 100 ਵਿੱਚੋਂ 26 ਵਿਅਕਤੀ ਅਜੇ ਵੀ ਅਨਪੜ ਹਨ ਜਦੋਂ ਕਿ ਪੜੇ-ਲਿਖੇ ਦੀ ਪਰਿਭਾਸ਼ਾ ਵੀ ਦੋਸ਼ਪੂਰਨ ਹੈ ਕਿਉਂਕਿ ਉਸ ਵਿਅਕਤੀ ਨੂੰ ਪੜ੍ਹਿਆ-ਲਿਖਿਆ ਗਿਣ ਲਿਆ ਜਾਂਦਾ ਹੈ ਜਿਹੜਾ 8ਵੀਂ ਜਮਾਤ ਪੜ੍ਹਿਆ ਹੈ। ਪਰ ਉਹ ਪੜ੍ਹਿਆ-ਲਿਖਿਆ ਦੇਸ਼ ਅਤੇ ਵਿਦੇਸ਼ ਦੀ ਰਾਜਨੀਤੀ, ਰਾਜਨੀਤਿਕ ਸਿਧਾਂਤ, ਸਮਾਜਿਕ ਸੁਰੱਖਿਆ ਅਤੇ ਆਰਥਿਕਤਾ ਬਾਰੇ ਕਿੰਨਾ ਕੁ ਸੁਚੇਤ ਹੋ ਸਕਦਾ ਹੈ, ਜਦੋਂ ਕਿ ਅਜਿਹਾ ਗਿਆਨ ਮਜ਼ਬੂਤ ਲੋਕਤੰਤਰ ਦਾ ਆਧਾਰ ਹੈ। ਭਾਰਤ ਵਿੱਚ ਚੋਣ ਪ੍ਰਕਿਰਿਆ ਦੇ ਸ਼ੁਰੂ ਹੋਣ ਤੋਂ ਲੈ ਕੇ ਲਗਾਤਾਰ, ਪਹਿਲਾਂ ਕੁਝ ਵਾਅਦੇ ਕੀਤੇ ਜਾਂਦੇ ਹਨ, ਉਨਾਂ ਵਾਅਦਿਆਂ ਦਾ ਕੋਈ ਕਾਨੂੰਨੀ ਆਧਾਰ ਤਾਂ ਹੁੰਦਾ ਨਹੀਂ ਪਰ ਫਿਰ ਵੀ ਉਨਾਂ ਵਿੱਚੋਂ ਮੁੱਖ ਅਜਿਹੇ ਰਹੇ ਹਨ, 'ਗ਼ਰੀਬੀ ਹਟਾਓ', 'ਰੋਟੀ, ਕੱਪੜਾ ਔਰ ਮਕਾਨ', ਸਿਹਤ, ਸਿੱਖਿਆ ਤੇ 'ਰੁਜ਼ਗਾਰ' ਆਦਿ ਜਿਹੜੇ ਸਾਰੇ ਹੀ ਆਰਥਿਕਤਾ ਨਾਲ਼ ਸਬੰਧਤ ਹੁੰਦੇ ਹਨ ਪਰ ਕੀ ਕਦੇ ਕਿਸੇ ਰਾਜਨੀਤਿਕ ਪਾਰਟੀ ਨੇ ਚੋਣਾਂ ਤੋਂ ਬਾਅਦ ਉਨਾਂ ਵਾਅਦਿਆਂ ਨੂੰ ਗੰਭੀਰਤਾ ਨਾਲ਼ ਲਿਆ ਹੈ ? ਇਹ ਹਕੀਕਤ ਸਭ ਦੇ ਸਾਹਮਣੇ ਪੂਰੀ ਤਰਾਂ ਸਪਸ਼ਟ ਹਨ। ਹਾਂ ਇੱਕ ਵਾਰ 1977 ਵਿੱਚ ਜਨਤਾ ਪਾਰਟੀ ਦੀ ਸਰਕਾਰ ਨੇ ਇੱਕ ਪੰਜ ਸਾਲਾ ਰੁਜ਼ਗਾਰ ਯੋਜਨਾ ਜ਼ਰੂਰ ਬਣਾਈ ਸੀ ਜਿਹੜੀ ਅਜਿਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਸੇਧਤ ਸੀ ਪਰ ਉਹ ਸਰਕਾਰ ਬਹੁਤੀ ਦੇਰ ਚੱਲ ਨਹੀਂ ਸੀ ਸਕੀ। ਉਸ ਤੋਂ ਬਾਅਦ ਕਿਸੇ ਵੀ ਹੋਰ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਸਮਾਂਬੱਧ ਠੋਸ ਯੋਜਨਾ ਨਹੀਂ ਬਣਾਈ। ਰੁਜ਼ਗਾਰ ਦੇ ਲਾਰੇ ਜ਼ਰੂਰ ਲਾਏ ਗਏ ਹਨ। ਲੋਕਤੰਤਰ ਸਭ ਤੋਂ ਚੰਗੀ ਪ੍ਰਣਾਲੀ ਜ਼ਰੂਰ ਹੈ ਪਰ ਇਸ ਵਿੱਚ ਆਮ ਪਰ ਸਿਆਣੇ ਤੇ ਸਮਰੱਥ ਲੋਕ ਕਿਵੇਂ ਸ਼ਾਮਿਲ ਹੋ ਸਕਦੇ ਹਨ, ਇਹ ਸੋਚਣ ਦਾ ਵੱਡਾ ਮੁੱਦਾ ਹੈ।

## ਵਿਦੇਸ਼ਾਂ ਵਿੱਚ ਪੰਜਾਬੀ...

ਕਿ ਲੈਰੀ ਉਮਰ ਦੇ ਇਹ ਬੱਚੇ ਜਿਨਾਂ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਹੈ, ਲਈ ਅਜਿਹਾ ਜਾਲ਼ ਵਿਛਾ ਦਿੱਤਾ ਹੈ ਕਿ ਚੋਗੇ ਦੀ ਭਾਲ ਵਿੱਚ ਉਹ ਸਾਰੇ ਅਣਭੋਲ਼ ਹੀ ਫਸ ਜਾਣ। ਇਹ ਸਾਰਾ ਪੂੰਜੀਵਾਦੀ ਸਰਕਾਰਾਂ ਦਾ ਤਾਣਾ-ਬਾਣਾ ਹੈ। ਸਵਾਲ ਹੈ ਕਿ ਭਾਰਤ ਦੀਆਂ ਸਰਕਾਰਾਂ ਆਪਣੇ ਭਵਿੱਖ ਦੀ ਪੂੰਜੀ ਨੌਜਵਾਨੀ ਨੂੰ ਕਿਉਂ ਵਿਦੇਸ਼ਾਂ ਵੱਲ ਧੱਕ ਰਹੀਆਂ ਹਨ ? ਸਵਾਲ ਇਹ ਵੀ ਹੈ ਕਿ ਭਾਰਤ ਵਿੱਚ ਸਕੂਲ, ਕਾਲਜ, ਯੂਨੀਵਰਸਿਟੀਆਂ ਬੰਦ ਕਿਉਂ ਹੋ ਰਹੇ ਹਨ ? ਕੀ ਸਰਕਾਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ? ਗੱਲ ਇਹ ਕਿ ਜੇ ਇਹ ਭਾਰਤ ਵਿੱਚ ਪੜਦੇ ਹਨ ਤਾਂ ਕੱਲ ਨੂੰ ਇਹ ਗਰਮ ਖ਼ੂਨ ਬੇਰੁਜ਼ਗਾਰ ਹੋ ਕੇ ਉਨਾਂ ਦੇ ਤਖ਼ਤ ਨੂੰ ਹੱਥ ਪਾਵੇਗਾ। ਹੁਣ ਹਾਕਮ ਸਿਰਫ਼ ਮਾਪਿਆਂ 'ਤੇ ਜ਼ਿੰਮੇਵਾਰੀ ਸਿੱਟ ਕੇ ਸੁਰਖ਼ਰੂ ਹਨ ਕਿ ਬੱਚੇ ਜਾ ਰਹੇ ਨੇ ਤੇ ਮਾਪੇ ਭੇਜ ਰਹੇ ਨੇ। ਸਵਾਲ ਹੈ ਕਿ ਅਸੀਂ ਸਰਕਾਰਾਂ ਕਿਉਂ ਚੁਣਦੇ ਹਾਂ ? ਟੈਕਸ ਕਿਉਂ ਦਿੰਦੇ ਹਾਂ ? ਦੂਜੇ ਪਾਸੇ ਕੈਨੇਡਾ, ਜਿੱਥੇ ਇੱਥੋਂ ਦੇ ਜੰਮਪਲ ਬੱਚੇ ਵਾਈਟ ਕਾਲਰ ਜੌਬ ਹੀ ਕਰਨਾ ਚਾਹੁੰਦੇ ਹਨ, ਮਜ਼ਦੂਰੀ ਨਹੀਂ, ਫਿਰ ਉਹ ਵਿਆਹ ਨਹੀਂ ਕਰਵਾ ਰਹੇ ਜਿਸ ਨਾਲ਼ ਦਿਨੋਂ ਦਿਨ ਆਬਾਦੀ ਘਟ ਰਹੀ ਹੈ। ਇਨਾਂ ਨੂੰ ਲੋੜ ਹੈ ਕਿ ਇੱਥੇ ਉਹੀ ਲੋਕ ਆਉਣ ਜੋ ਸਖ਼ਤ ਮਿਹਨਤ ਵੀ ਕਰਨ ਤੇ ਡਾਲਰਾਂ ਦੇ ਗੱਫੇ ਲਿਆ ਕੇ ਇੱਥੋਂ ਦੀ ਆਰਥਿਕਤਾ ਵਿੱਚ ਵਾਧਾ ਵੀ ਕਰ ਸਕਣ। ਪਹਿਲਾਂ ਪਰਿਵਾਰਾਂ ਨੂੰ ਆਉਣ ਦੀ ਖ਼ੁੱਲ ਹੁੰਦੀ ਸੀ ਉਸ 'ਤੇ ਰੋਕ ਲਗਾਉਣ ਦਾ ਵੀ ਕਾਰਨ ਇਹੀ ਸੀ ਕਿ ਬਹੁਤੇ ਬਜ਼ੁਰਗ ਇੱਥੇ ਆ ਕੇ ਕੰਮ ਨਹੀਂ ਸੀ ਕਰ ਸਕਦੇ ਤੇ ਉਨਾਂ ਨੂੰ ਇਹ ਆਪਣੇ 'ਤੇ ਭਾਰ ਸਮਝਦੇ ਸਨ। ਫਿਰ ਸੁਪਰ ਵੀਜ਼ਾ ਸ਼ੁਰੂ ਕੀਤਾ ਜਿਸ ਵਿੱਚ ਇਨਾਂ 'ਤੇ ਮੈਡੀਕਲ ਦਾ ਕੋਈ ਖ਼ਰਚਾ ਨਹੀਂ, ਆਉਣ ਵਾਲਾ ਆਪ ਇੰਸ਼ੋਰੈਂਸ ਕਰਵਾਉਂਦਾ ਹੈ। ਇਸ ਵਿੱਚ ਇਹ ਹੋਰ ਫ਼ਾਇਦਾ ਹੋਇਆ ਕਿ ਅਣਗਿਣਤ ਲੋਕਾਂ ਨੇ ਇੰਸ਼ੋਰੈਂਸ ਦੀਆਂ ਦੁਕਾਨਾਂ ਖੋਲ ਰੱਖੀਆਂ ਹਨ। ਪਰਿਵਾਰਾਂ ਨੂੰ ਸੱਦਣ ਵਿੱਚ ਦੇਰੀ 'ਤੇ ਵੀ ਬੱਚੇ ਕਈ ਕਈ ਸਾਲ ਵਾਧੂ ਇਨਕਮ ਦਿਖਾਉਣ ਲਈ ਵਾਧੂ ਕੰਮ ਕਰ ਕਰਕੇ ਟੈਕਸ ਨਾਲ਼ ਇਨਾਂ ਦੀਆਂ ਤਿਜੋਰੀਆਂ ਮਜਬੂਰੀ ਵਿੱਚ ਭਰਦੇ ਰਹਿੰਦੇ ਹਨ। ਜੋ ਤੰਦਰੁਸਤ ਵਿਦਿਆਰਥੀ ਪੂਰੀ ਤਾਕਤ ਨਾਲ਼ ਤਿੱਗਣੀਆਂ-ਚੌਗਣੀਆਂ ਫ਼ੀਸਾਂ ਦੇ ਕੇ ਇੱਥੇ ਆਉਂਦੇ ਹਨ, ਉਹ ਪਿੱਛੇ ਆਪਣੇ ਮਾਪਿਆਂ ਦਾ ਹਾਲ ਜਾਣਦੇ ਹਨ ਕਿ ਉਨਾਂ ਕਿੰਨੇ ਔਖੇ ਹੋ ਕੇ, ਕਰਜ਼ੇ ਲੈ ਕੇ ਜਾਂ ਜ਼ਮੀਨਾਂ ਵੇਚ ਕੇ ਫ਼ੀਸਾਂ ਭਰੀਆਂ ਹਨ, ਹੁਣ ਉਨਾਂ ਸਖ਼ਤ ਮਿਹਨਤ ਕਰਕੇ ਆਪਣੀ ਤੇ ਮਾਪਿਆਂ ਦੀ ਜ਼ਿੰਦਗੀ ਸੰਵਾਰਨੀ ਹੈ ਅਤੇ ਇਸ ਸਮਾਜ ਵਿੱਚ ਹੀ ਰਲ਼ਗੱਡ ਹੋਣਾ ਹੈ। ਜਿਨਾਂ ਨੇ ਇੰਨਾ ਖ਼ਰਚਾ ਕੀਤਾ ਹੈ ਉਹ ਕਦੇ ਵਾਪਸ ਜਾਣ ਜੋਗੇ ਤਾਂ ਨਹੀਂ ਰਹਿਣਗੇ, ਇਹ ਕੈਨੇਡਾ ਸਰਕਾਰ ਵੀ ਨਹੀਂ ਚਾਹੁੰਦੀ ਕਿਉਂਕਿ ਇਹ ਆਪਣੀ ਲੋੜ ਨੂੰ ਸੱਦ ਰਹੀ ਹੈ। ਕੈਨੇਡਾ ਦੇ ਨਜ਼ਰੀਏ ਤੋਂ ਤਾਂ ਪੌਂ ਬਾਰਾਂ ਹੋ ਗਈਆਂ ਪਰ ਇਨਾਂ ਨਾਲ਼ ਕੀ ਬੀਤਦੀ ਹੈ, ਇਸ ਦੀ ਕਿਸੇ ਨੂੰ ਪ੍ਰਵਾਹ ਨਹੀਂ।

## ਬੇਅਦਬੀ ਲਈ ਪ੍ਰਕਾਸ਼...

ਹਫ਼ਤਿਆਂ ਅੰਦਰ ਨਸ਼ੇ ਦਾ ਲੱਕ ਤੋੜਨ ਦੀ ਕਸਮ ਖਾਧੀ ਸੀ ਪਰ ਕੈਪਟਨ ਨੇ ਹੀ ਨਸ਼ਾ ਤਸਕਰਾਂ ਦਾ ਡੱਟ ਕੇ ਸਾਥ ਦਿੱਤਾ। ਇਹੋ ਕਾਰਨ ਹੈ ਕਿ ਪੰਜਾਬ 'ਚੋਂ ਨਸ਼ਾ ਖ਼ਤਮ ਨਹੀਂ ਹੋ ਸਕਿਆ।

**ਸਵਾਲ : ਪੰਜਾਬ ਦਾ ਭਲਾ ਕਿਸ ਤਰਾਂ ਹੋਵੇਗਾ ?**

ਜਵਾਬ : ਪੰਜਾਬ ਦੇ ਲੋਕਾਂ ਕੋਲ਼ ਕੋਈ ਹੋਰ ਬਦਲ ਨਹੀਂ ਸੀ, ਜਿਸ ਲਈ ਦੋ ਰਵਾਇਤੀ ਪਾਰਟੀਆਂ ਹੀ ਸੱਤਾ 'ਤੇ ਕਾਬਜ਼ ਹੋ ਜਾਂਦੀਆਂ ਸਨ। ਇੱਕ ਭ੍ਰਿਸ਼ਟ ਨੂੰ ਹਰਾ ਕੇ ਦੂਜੇ ਨੂੰ ਜਿਤਾ ਦਿੱਤਾ ਜਾਂਦਾ ਸੀ ਪਰ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੁੰਦਾ ਸੀ। ਹੁਣ ਲੋਕ ਆਪਣੀ ਲੋਕਤੰਤਰੀ ਸਰਕਾਰ ਬਣਾਉਣਗੇ। ਲੋਕਾਂ ਦੀ ਆਪਣੀ ਸਰਕਾਰ ਹੀ ਪੰਜਾਬ ਅੰਦਰ ਕੰਮ ਕਰੇਗੀ ਜਿਸ 'ਚ ਵਧੀਆ ਕਾਨੂੰਨ ਵਿਵਸਥਾ ਪ੍ਰਣਾਲੀ, ਇਸਤਰੀ ਸੁਰੱਖਿਆ, ਨਸ਼ਿਆਂ ਦਾ ਖ਼ਾਤਮਾ, ਸਿੱਖਿਆ ਪ੍ਰਣਾਲੀ 'ਚ ਸੁਧਾਰ, ਰੁਜ਼ਗਾਰ, ਸਿਹਤ ਸਹੂਲਤਾਂ, ਵਪਾਰ ਤੇ ਉਦਯੋਗ ਦੀ ਤਰੱਕੀ, ਸੈਰ-ਸਪਾਟੇ ਨੂੰ ਉਤਸ਼ਾਹ, ਭ੍ਰਿਸ਼ਟਾਚਾਰ ਤੇ ਭ੍ਰਿਸ਼ਟ ਰੀਤਾਂ ਦਾ ਖ਼ਾਤਮਾ, ਜਨਤਾ ਪ੍ਰਤੀ ਜਵਾਬਦੇਹੀ ਤੇ ਪੰਜਾਬ ਦਾ ਵਿਕਾਸ ਅਹਿਮ ਹੋਵੇਗਾ।

**ਸਵਾਲ : ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਹੁਣ ੨੫ ਸਾਲ ਅਕਾਲੀ ਦਲ ਦੀ ਸਰਕਾਰ ਆਵੇਗੀ ?**

ਜਵਾਬ : ਸੁਖਬੀਰ ਬਾਦਲ ਨੇ ਪੰਜਾਬ 'ਚ ਸਰਕਾਰ ਨਹੀਂ ਚਲਾਈ, ਇੱਕ ਕਾਰਪੋਰੇਟ ਸੈਕਟਰ ਵਾਂਗ ਪੰਜਾਬ ਨੂੰ ਵਰਤਿਆ। ਪੰਜਾਬ ਦੀਆਂ ਅਹਿਮ ਥਾਵਾਂ ਵੇਚ ਕੇ ਪੂੰਜੀਪਤੀਆਂ ਨੂੰ ਵਪਾਰ ਕਰਨ ਲਈ ਦਿੱਤੀਆਂ ਹਨ, ਜਿਸ ਵਿੱਚ ਮੈਂਟਲ ਹਸਪਤਾਲ ਤੇ ਸੈਂਟਰਲ ਜੇਲ ਅੰਮ੍ਰਿਤਸਰ ਦੀ ਜਗਾ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਪ੍ਰਕਾਸ਼ ਸਿੰਘ ਬਾਦਲ ਚੰਗੇ ਸਿਆਸਤਦਾਨ ਸਨ, ਪਰ ਉਨਾਂ ਸੁਖਬੀਰ ਬਾਦਲ ਨੂੰ ਅੱਗੇ ਕਰਕੇ ਪਾਰਟੀ ਦਾ ਖ਼ਾਤਮਾ ਹੀ ਕਰ ਦਿੱਤਾ। ਵੱਡੇ ਵਪਾਰਾਂ ਰਾਹੀਂ ਇਨਾਂ ਨੇ ਅਣਗਿਣਤ ਜਾਇਦਾਦਾਂ ਬਣਾਈਆਂ।

## ਅਕਾਲੀ ਆਗੂਆਂ ਬਾਬਾ...

ਸਣੇ ਕਈ ਅਹਿਮ ਅਹੁਦਿਆਂ ਉੱਤੇ ਕੰਮ ਕੀਤਾ। ਗਿਆਨੀ ਜ਼ੈਲ ਸਿੰਘ ਤਾਂ ਮੁੱਖ ਮੰਤਰੀ, ਰੱਖਿਆ ਮੰਤਰੀ ਅਤੇ ਫਿਰ ਰਾਸ਼ਟਰਪਤੀ ਵਜੋਂ ਸੇਵਾ ਨਿਭਾ ਕੇ ਸੇਵਾਮੁਕਤ ਹੋਏ। ਪਰ ਪੰਜਾਬ ਕਾਂਗਰਸ ਵਿੱਚ ਧੜੇਬੰਦੀ ਵੀ ਲਗਾਤਾਰ ਚੱਲਦੀ ਰਹੀ।

ਜੁਲਾਈ ਮਹੀਨੇ ਵਿੱਚ ਪੰਜਾਬ ਕਾਂਗਰਸ ਦੇ ਮੁੱਖ ਮੰਤਰੀਆਂ ਦੇ ਪਰ ਕੁਤਰੇ ਜਾਣਾ ਇੱਕ ਅਨੋਖੀ ਮਿਸਾਲ ਹੈ। ਕੁਝ ਹੋਰ ਵੀ ਦਿਲਚਸਪ ਮਿਸਾਲਾਂ ਇਤਿਹਾਸ ਦੇ ਗਰਭ ਵਿੱਚ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪਾਰਟੀ ਵਿੱਚ ਆਲੋਚਕ ਪੰਡਿਤ ਭਗਵਤ ਦਿਆਲ ਨੂੰ ਹਾਈ ਕਮਾਂਡ ਨੇ ਜੁਲਾਈ 1963 ਵਿੱਚ ਕਾਮਰਾਜ ਪਲਾਨ ਤਹਿਤ ਪਾਰਟੀ ਪ੍ਰਧਾਨ ਲਾਇਆ ਸੀ। ਪੰਡਿਤ ਭਾਗਵਤ ਜਿਨਾਂ ਨੂੰ ਕੈਰੋਂ ਨੇ ਲਗਾਤਾਰ ਤਿੰਨ ਵਾਰ ਵਿਧਾਇਕ ਬਣਨ ਉੱਤੇ ਵੀ ਮੰਤਰੀ ਨਹੀਂ ਬਣਾਇਆ ਸੀ, ਉਹੀ 1966 ਵਿੱਚ ਹਰਿਆਣਾ ਦੇ ਪਹਿਲੇ ਮੁੱਖ ਮੰਤਰੀ ਬਣੇ ਅਤੇ 1964 ਵਿੱਚ ਕੈਰੋਂ ਦੀ ਛੁੱਟੀ ਕਰ ਦਿੱਤੀ ਗਈ ਸੀ। ਇਸ ਤਰਾਂ ਗਿਆਨੀ ਜ਼ੈਲ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਉਨਾਂ ਦੀ ਮਰਜ਼ੀ ਦੇ ਖ਼ਿਲਾਫ਼ ਪਾਰਟੀ ਹਾਈਕਮਾਂਡ ਨੇ ਮਹਿੰਦਰ ਸਿੰਘ ਗਿੱਲ ਨੂੰ ਜੁਲਾਈ 1975 ਵਿੱਚ ਪ੍ਰਧਾਨ ਬਣਾਇਆ ਸੀ ਤੇ ਉਸ ਤੋਂ ਇੱਕ ਸਾਲ ਬਾਅਦ ਗਿਆਨੀ ਜ਼ੈਲ ਸਿੰਘ ਦੀ ਪੰਜਾਬ ਦੀ ਸੱਤਾ ਤੋਂ ਰੁਖ਼ਸਤੀ ਹੋ ਗਈ ਸੀ।

ਮੌਜੂਦਾ ਮਿਸਾਲ ਕੈਪਟਨ ਅਮਰਿੰਦਰ ਸਿੰਘ ਦੀ ਹੈ, ਜਿਨਾਂ ਨੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਨ ਤੋਂ ਰੋਕਣ ਲਈ ਹਰ ਹਰਬਾ-ਜਰਬਾ ਵਰਤਿਆ ਪਰ ਹਾਈਕਮਾਂਡ ਨੇ ਸਿੱਧੂ ਨੂੰ ਪਾਰਟੀ ਦਾ ਪ੍ਰਧਾਨ ਬਣਾ ਦਿੱਤਾ। ਸਿੱਧੂ ਦੇ ਪ੍ਰਧਾਨ ਬਣਦੇ ਹੀ 72 ਪਾਰਟੀ ਵਿਧਾਇਕਾਂ ਵਿੱਚੋਂ 62 ਸਿੱਧੂ ਵਾਲੇ ਖੇਮੇ ਵਿੱਚ ਚਲੇ ਗਏ। ਕੈਪਟਨ ਨੂੰ ਨਾ ਚਾਹੁੰਦੇ ਹੋਏ ਵੀ ਸਿੱਧੂ ਦੀ ਪ੍ਰਧਾਨਗੀ ਵਾਲੇ ਤਾਜਪੋਸ਼ੀ ਸਮਾਗਮ ਵਿੱਚ ਜਾਣਾ ਪਿਆ। ਕੈਪਟਨ ਅਤੇ ਸਿੱਧੂ ਵਿਚਾਲੇ ਲਗਾਤਾਰ ਖ਼ਾਨਾਜੰਗ ਚੱਲ ਰਹੀ। ਇਸ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ ਤੇ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਬਣਾ ਲਈ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਨੇ ਭਾਜਪਾ ਤੇ ਅਕਾਲੀ ਦਲ ਸੰਯੁਕਤ ਨਾਲ਼ ਗਠਜੋੜ ਕਰ ਲਿਆ ਹੈ।

**ਕਾਂਗਰਸ ਵਿੱਚ ਬੁਨਿਆਦੀ ਤਬਦੀਲੀ**

ਸਾਲ 2021 ਦੇ ਆਖ਼ਰੀ 6 ਮਹੀਨੇ ਪੰਜਾਬ ਕਾਂਗਰਸ ਵਿੱਚ ਬੁਨਿਆਦੀ ਤਬਦੀਲੀ ਲਈ ਗਿਣੇ ਜਾਣਗੇ। ਇਹ ਤਬਦੀਲੀ ਕੈਪਟਨ ਅਮਰਿੰਦਰ ਸਿੰਘ ਤੇ ਉਸ ਤੋਂ ਪਹਿਲੇ ਜੱਟ ਸਿੱਖ ਮੁੱਖ ਮੰਤਰੀਆਂ ਤੋਂ ਸਾਧਾਰਨ ਵਰਕਰ ਤੇ ਦਲਿਤ ਭਾਈਚਾਰੇ ਨਾਲ਼ ਸਬੰਧਤ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨਾ ਸੀ।

ਇਸ ਦੇ ਨਾਲ਼ ਹੀ ਬਜ਼ੁਰਗ ਕਾਂਗਰਸੀ ਪੀੜੀ ਤੋਂ ਕਮਾਂਡ ਅਗਲੀ ਪੀੜੀ ਨੂੰ ਸੌਂਪਣ ਵਰਗਾ ਵੀ ਸੀ। ਭਾਵੇਂ ਕਿ ਇਸ ਨਾਲ਼ ਵੱਡੀ ਸਿਆਸੀ ਉਥਲ-ਪੁਥਲ ਵੀ ਹੋਈ। ਪਰ ਚਰਨਜੀਤ ਸਿੰਘ ਚੰਨੀ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਮੁੱਖ ਮੰਤਰੀ ਦਾ ਚਿਹਰਾ ਐਲਾਨ ਕੇ ਇਸ ਤਬਦੀਲੀ ਉੱਤੇ ਪੱਕੀ ਮੋਹਰ ਲਾ ਦਿੱਤੀ। ਨਵਜੋਤ ਸਿੰਘ ਸਿੱਧੂ ਦਾ ਪੰਜਾਬ ਕਾਂਗਰਸ ਪ੍ਰਧਾਨ ਬਣੇ ਰਹਿਣਾ ਵੀ ਕਾਂਗਰਸ ਦੀ ਨਵੀਂ ਲੀਡਰਸ਼ਿਪ ਹੱਥ ਕਮਾਂਡ ਦਾ ਹੀ ਸੰਕੇਤ ਹੈ।

## ਪੰਜਾਬ ਦੇ ਪਿੰਡਾਂ ਦੇ...

ਬੱਚਿਆਂ ਦੇ ਨਾਲ਼-ਨਾਲ਼ ਵੱਡੀ ਉਮਰ ਦੇ ਲੋਕ ਪ੍ਰਭਾਵਿਤ ਨਜ਼ਰ ਆਏ। ਕੁਝ ਲੋਕਾਂ ਦੇ ਵਾਲ ਉਮਰ ਤੋਂ ਪਹਿਲਾਂ ਚਿੱਟੇ ਹੋ ਰਹੇ ਹਨ, ਕਈਆਂ ਦੇ ਗੁਰਦੇ ਖ਼ਰਾਬ ਹਨ ਅਤੇ ਕਈਆਂ ਨੂੰ ਕੈਂਸਰ ਹੈ। ਕਈਆਂ ਨੂੰ ਚਮੜੀ ਨਾਲ਼ ਸੰਬੰਧਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲ 2012 ਵਿੱਚ ਭਾਬਾ ਐਟੋਮਿਕ ਰਿਸਰਚ ਸੈਂਟਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕੀਤੀ ਰਿਸਰਚ ਦੌਰਾਨ ਫ਼ਾਸਫ਼ੇਟ ਵਾਲੇ ਰਸਾਇਣਿਕ ਖਾਦਾਂ, ਐਲਕੇਲਾਨਿਟੀ ਅਤੇ ਸਿਲੈਨਿਟੀ ਨੂੰ ਇਸ ਲਈ ਸੰਭਾਵਿਤ ਕਾਰਨ ਮੰਨਿਆ ਗਿਆ ਸੀ।

**ਕੀ ਕਹਿੰਦੇ ਹਨ ਮਾਹਿਰ ?**

ਡਾ. ਅਮਰ ਸਿੰਘ, ਐਮ. ਡੀ. ਮੈਡੀਸਨ ਨੇ ਦੱਸਿਆ ਕਿ ਕੁਦਰਤੀ ਸੋਮਿਆਂ ਖ਼ਾਸ ਕਰ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਲਈ ਕਈ ਸਰੋਤ ਜ਼ਿੰਮੇਵਾਰ ਹਨ। ਡਾ. ਅਮਰ ਸਿੰਘ ਮੁਤਾਬਕ ਕੀਟਨਾਸ਼ਕ, ਰਸਾਇਣਕ ਖਾਦਾਂ ਖ਼ਾਸ ਕਰ ਡੀ. ਏ. ਪੀ. ਫ਼ਾਸਫ਼ੇਟ, ਥਰਮਲ ਪਲਾਂਟ ਦੀ ਸਵਾਹ ਆਦਿ ਇਸ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਡਾ. ਅਮਰ ਸਿੰਘ ਮੁਤਾਬਕ ਯੂਰੇਨੀਅਮ ਇੱਕ ਰੇਡੀਓ ਐਕਟਿਵ ਪਦਾਰਥ ਵੀ ਹੈ। ਜਿਸ ਕਰਕੇ ਉਸ ਦਾ ਬੁਰਾ ਪ੍ਰਭਾਵ ਹੋਰ ਵੀ ਵਧ ਜਾਂਦਾ ਹੈ। ਪਾਣੀ ਵਿੱਚ ਯੂਰੇਨੀਅਮ, ਆਰਸੈਨਿਕ, ਲੈੱਡ ਦੀ ਮੌਜੂਦਗੀ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਕਾਸ ਨੂੰ ਵੀ ਪ੍ਰਭਾਵਿਤ ਕਰਦੇ ਹਨ।

**ਕੈਂਸਰ, ਗੁਰਦੇ ਅਤੇ ਫੇਫੜਿਆਂ ਦੇ ਮਾਰੂ ਰੋਗ**

ਡਾ. ਸੌਰਭ ਨਾਰੰਗ, ਅਬੋਹਰ ਦੇ ਡੀ. ਏ. ਵੀ. ਕਾਲਜ ਵਿਖੇ ਐਸੋਸੀਏਟ ਪ੍ਰੋਫ਼ੈਸਰ ਹਨ। ਉਨਾਂ ਨੇ ਆਪਣੀ ਪੀ-ਐੱਚ. ਡੀ. ਦੌਰਾਨ ਫ਼ਾਜ਼ਿਲਕਾ ਦੇ 20 ਪਿੰਡਾਂ ਵਿੱਚ ਯੂਰੇਨੀਅਮ ਦੇ ਉੱਪਰ ਅਧਿਐਨ ਕੀਤਾ ਹੈ। ਉਨਾਂ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਪਾਈ ਗਈ ਹੈ। ਕੁਝ ਜਗਾ 'ਤੇ ਆਰਸੈਨਿਕ ਅਤੇ ਲੈੱਡ ਵੀ ਮੌਜੂਦ ਹਨ। ਡਾ. ਨਾਰੰਗ ਮੁਤਾਬਕ ਇਹ ਸਾਰੇ ਤੱਤ ਸਿਹਤ ਲਈ ਖ਼ਤਰਨਾਕ ਹਨ ਤੇ ਕੈਂਸਰ ਵਿੱਚ ਵਾਧੇ ਦਾ ਕਾਰਨ ਵੀ ਬਣ ਸਕਦੇ ਹਨ। ਇਸ ਦਾ ਜ਼ਿਆਦਾ ਅਸਰ ਗੁਰਦਿਆਂ ਤੇ ਫੇਫੜਿਆਂ ਉੱਪਰ ਹੋ ਸਕਦਾ ਹੈ।

ਡਾ. ਨਾਰੰਗ ਮੁਤਾਬਕ ਧਰਤੀ ਦੇ ਲਗਭਗ 500 ਫ਼ੁੱਟ ਹੇਠ ਪਾਏ ਜਾਣ ਵਾਲੇ ਰਸਾਇਣਕ ਤੱਤਾਂ ਨੂੰ ਖ਼ਤਮ ਕਰਨਾ ਤਾਂ ਮੁਸ਼ਕਲ ਹੈ ਪਰ ਜੇਕਰ ਉਨਾਂ ਦੀ ਮੌਜੂਦਗੀ ਪਤਾ ਲੱਗ ਸਕੇ ਜਾਂ ਉਸ ਜਗਾ ਤੋਂ ਪਾਣੀ ਦੀ ਵਰਤੋਂ ਬੰਦ ਕਰ ਕੇ ਇਸ ਦੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ।

**ਕੀ ਕਰਨ ਦੀ ਲੋੜ ਹੈ ?**

ਡਾ. ਅਮਰ ਸਿੰਘ ਮੁਤਾਬਕ ਇਸ ਸਥਿਤੀ ਨਾਲ਼ ਨਜਿੱਠਣ ਲਈ ਇਨਾਂ ਹਾਲਾਤਾਂ ਨੂੰ ਐਮਰਜੈਂਸੀ ਵਾਂਗ ਸਮਝਿਆ ਜਾਣਾ ਚਾਹੀਦਾ ਹੈ। ਪੰਜਾਬ ਇੱਕ ਛੋਟਾ ਸੂਬਾ ਹੈ ਤੇ ਇਸ ਨੂੰ ਹਵਾ ਅਤੇ ਪਾਣੀ ਵਰਗੇ ਸਰੋਤਾਂ ਦੀ ਵਰਤੋਂ ਕਰਕੇ ਬਿਜਲੀ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਕੋਲੇ ਉੱਪਰ ਨਿਰਭਰਤਾ ਨੂੰ ਘਟਾਇਆ ਜਾ ਸਕੇ। ਰਾਜਨੀਤਿਕ ਪਾਰਟੀਆਂ ਨੂੰ ਇਹ ਮੁੱਦਾ ਆਪਣੇ ਚੋਣ ਮੈਨੀਫ਼ੈਸਟੋ ਵਿੱਚ ਰੱਖਣਾ ਚਾਹੀਦਾ ਹੈ। ਡਾ. ਸਿੰਘ ਮੰਨਦੇ ਹਨ ਕਿ ਮਨੁੱਖੀ ਸਰੀਰ ਅਤੇ ਕੁਦਰਤ ਜ਼ਹਿਰੀਲੇ ਪਦਾਰਥਾਂ ਨੂੰ ਸਾਫ਼ ਕਰਨ ਵਿੱਚ ਸਮਰੱਥ ਹੈ ਪਰ ਸਭ ਤੋਂ ਪਹਿਲਾਂ ਇਨਾਂ ਪਦਾਰਥਾਂ ਦੇ ਸਰੋਤਾਂ ਉੱਪਰ ਨਿਰਭਰਤਾ ਨੂੰ ਘਟਾਉਣਾ ਪਵੇਗਾ।

**ਪੰਜਾਬ ਸਰਕਾਰ ਕੀ ਕਰ ਰਹੀ ਹੈ ?**

ਫ਼ਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਬਬੀਤਾ ਕਲੇਰ ਨੇ ਵੀ ਮੌਜੂਦਾ ਸਮੇਂ ਵਿੱਚ ਇਲਾਕੇ ਵਿੱਚ ਯੂਰੇਨੀਅਮ ਤੇ ਆਰਸੈਨਿਕ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ। ਉਨਾਂ ਨੇ ਦੱਸਿਆ ਕਿ ਜਿਨਾਂ ਇਲਾਕਿਆਂ ਬਾਰੇ ਸਰਕਾਰ ਨੂੰ ਜਾਣਕਾਰੀ ਸੀ ਉਨਾਂ ਵਿੱਚ ਆਰ. ਓ. ਲਗਾਏ ਗਏ ਸਨ ਤਾਂ ਜੋ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾ ਸਕੇ। ਬਬੀਤਾ ਕਲੇਰ ਮੁਤਾਬਕ ਖ਼ਰਾਬ ਹੋਏ ਆਰ. ਓ. ਦੀ ਮੁਰੰਮਤ ਲਈ ਸਰਕਾਰ ਤੋਂ ਫ਼ੰਡ ਦੀ ਮੰਗ ਕੀਤੀ ਗਈ ਸੀ ਜੋ ਉਨਾਂ ਨੂੰ ਮਿਲ ਗਿਆ ਹੈ ਤੇ ਛੇਤੀ ਹੀ ਇਨਾਂ ਆਰ. ਓ. ਨੂੰ ਠੀਕ ਕਰਵਾ ਦਿੱਤਾ ਜਾਵੇਗਾ। ਸਰਕਾਰ ਵੱਲੋਂ ਇਸ ਸਥਿਤੀ ਨੂੰ ਨਜਿੱਠਣ ਲਈ ਕੀਤੇ ਜਾਂਦੇ ਉਪਰਾਲਿਆਂ ਬਾਰੇ ਡਿਪਟੀ ਕਮਿਸ਼ਨਰ ਬਬੀਤਾ ਕਲੇਰ ਮੁਤਾਬਕ ਪਾਣੀ ਨੂੰ ਲੈ ਕੇ ਕਈ ਬੈਠਕਾਂ ਹੋ ਚੁੱਕੀਆਂ ਹਨ ਅਤੇ ਪਿੰਡ ਗੱਟਿਆਂਵਾਲੀ ਵਿਖੇ ਇੱਕ ਪ੍ਰਾਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਸ ਦਾ ਫ਼ਾਇਦਾ 205 ਪਿੰਡਾਂ ਨੂੰ ਹੋਵੇਗਾ।

**ਸਰਕਾਰ ਦੇ ਝੂਠੇ ਦਾਅਵੇ : ਬਾਬਾ ਬੇਦੀ**

ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਨਾ ਅਸੀਂ ਗੁਰੂ ਸਾਹਿਬ ਦੀ ਗੱਲ ਮੰਨੀ ਹੈ ਅਤੇ ਨਾ ਹੀ ਸੰਵਿਧਾਨ ਦੀ ਜੋ ਕੁਦਰਤੀ ਸੋਮਿਆਂ ਨੂੰ ਦੂਸ਼ਿਤ ਕਰਨ ਤੋਂ ਰੋਕਦਾ ਹੈ। 1974 ਦਾ ਵਾਤਾਵਰਣ ਐਕਟ ਚੋਣਾਂ ਦਾ ਵੀ ਮੁੱਦਾ ਬਣਨਾ ਚਾਹੀਦਾ ਹੈ। ਪੰਜਾਬ ਸਰਕਾਰ ਭਾਵੇਂ ਦਾਅਵੇ ਕਰ ਰਹੀ ਹੈ ਕਿ ਯੂਰੇਨੀਅਮ ਵਰਗੇ ਜ਼ਹਿਰੀਲੇ ਰਸਾਇਣਕ ਤੱਤਾਂ ਨੂੰ ਘੱਟ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਪਰ ਇੱਕ ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਇਲਾਕੇ ਦੇ ਲੋਕ ਸੰਤਾਪ ਭੋਗ ਰਹੇ ਹਨ ਅਤੇ ਚੋਣਾਂ ਵਿੱਚ ਲੋਕਾਂ ਦੀ ਸਿਹਤ ਦਾ ਇਹ ਮੁੱਦਾ ਕਦੇ ਗੰਭੀਰਤਾ ਨਾਲ਼ ਵਿਚਾਰਿਆ ਨਹੀਂ ਗਿਆ। ਉਹ ਕਈ ਵਾਰ ਇਸ ਸੰਬੰਧ ਵਿੱਚ ਸਰਕਾਰਾਂ ਨੂੰ ਅਪੀਲ ਕਰ ਚੁੱਕੇ ਹਨ।

**ਮੁੱਖ ਜ਼ਿੰਮੇਵਾਰ ਸਨਅਤਾਂ : ਰਾਜੇਵਾਲ**

**ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਜਦੋਂ ਵੀ ਯੂਰੇਨੀਅਮ ਦੀ ਗੱਲ ਤੁਰਦੀ ਹੈ ਤਾਂ ਖੇਤੀਬਾੜੀ ਲਈ ਵਰਤੇ ਜਾਂਦੇ ਕੀਟਨਾਸ਼ਕਾਂ 'ਤੇ ਸਵਾਲੀਆ ਨਿਸ਼ਾਨ ਖੜਾ ਕਰ ਦਿੱਤਾ ਜਾਂਦਾ ਹੈ, ਜਦਕਿ ਇਸ ਦੀਆਂ ਮੁੱਖ ਜ਼ਿੰਮੇਵਾਰ ਸਨਅਤਾਂ ਹਨ, ਜਿਨਾਂ ਵੱਲੋਂ ਜ਼ਹਿਰੀਲੇ ਰਸਾਇਣ ਧਰਤੀ ਵਿੱਚ ਬਾਕਾਇਦਾ ਬੋਰ ਕਰਕੇ ਇੰਜੈਕਟ ਕੀਤੇ ਜਾਂਦੇ ਹਨ।**

## ਸਿਦਕ/ਸਿਰੜ ਤੇ...

ਅਸੀਂ ਪੇਂਡੂ ਸਮਾਜ ਵੱਲ ਨਿਗਾਹ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਭੰਡ-ਮਰਾਸੀ ਆਪਣੀ ਕਲਾ ਨਾਲ਼ ਜਿੱਥੇ ਲੋਕ ਮਨਾਂ ਦਾ ਮਨੋਰੰਜਨ ਕਰਦੇ ਹਨ ਉੱਥੇ ਹੀ ਲੋਕ ਕਲਿਆਣ ਖ਼ਾਤਰ ਸਮਾਜ ਅੰਦਰ ਪਲਦੇ ਹਰ ਕਿਸਮ ਦੇ ਭੈੜਾਂ / ਕੋਝਾਂ ਦੇ ਖ਼ਿਲਾਫ਼ ਲੋਕ ਹਿਤੂ ਟਿੱਪਣੀਆਂ ਵੀ ਕਰਦੇ ਹਨ। ਜਿਨਾਂ ਨਾਲ਼ ਉਹ ਲੋਕ ਮਨਾਂ ਨੂੰ ਹੁੱਝਾਂ ਮਾਰਕੇ ਸੁਚੇਤ ਕਰਦੇ ਹਨ, ਕੁਝ ਕਰਨ ਵਾਸਤੇ ਲੋਕਾਂ ਨੂੰ ਜਗਾ ਜਾਂਦੇ ਹਨ। ਸਮਾਜ ਵੱਲੋਂ ਉਨਾਂ ਅਸਲੀ ਲੋਕ ਕਲਾਕਾਰਾਂ ਅਤੇ ਉਨਾਂ ਦੀ ਲੋਕ ਪੱਖੀ ਕਲਾ ਨੂੰ ਸਾਂਭਣ, ਉਨਾਂ ਦੀਆਂ ਕਹੀਆਂ ਗੱਲਾਂ ਨੂੰ ਸਮਝਣ ਅਤੇ ਉਨਾਂ ਤੋਂ ਸਿੱਖਣ ਦੀ ਬਹੁਤ ਲੋੜ ਹੈ। ਇਹ ਪੇਂਡੂ ਕਲਾ ਵੀ ਹੌਲੀ ਹੌਲੀ ਆਧੁਨਿਕਤਾ ਦੇ ਪਾਖੰਡ ਹੇਠ ਦੱਬੀ ਜਾ ਰਹੀ ਹੈ।

ਆਮ ਜਹੀ ਮਿਸਾਲ ਕਿ ਹਰ ਕੋਈ ਆਪਣੇ ਘਰ ਦੀ ਸਫ਼ਾਈ ਕਰਦਾ ਹੈ ਤਾਂ ਕਿ ਕਿਧਰੇ ਗੰਦ ਪਿਆ ਨਾ ਰਹਿ ਜਾਵੇ ਨਹੀਂ ਤਾਂ ਘਰ ਵਿੱਚੋਂ ਬਦਬੋ ਆਵੇਗੀ। ਕੀ ਕਾਰਨ ਹੈ ਕਿ ਸਮਾਜ (ਜਿਸਦੇ ਅਸੀਂ ਅੰਗ ਹਾਂ) ਵਿੱਚ ਇੰਨੇ ਪਏ ਗੰਦ ਦੇ ਬਾਵਜੂਦ ਸਫ਼ਾਈ ਵੱਲ ਸਾਡਾ ਧਿਆਨ ਹੀ ਨਹੀਂ ਜਾਂਦਾ ? (ਜਾਂ ਫੇਰ ਸਾਨੂੰ ਮੁਸ਼ਕ ਤੋਂ ਮੁਸ਼ਕ ਹੀ ਨਹੀਂ ਆਉਂਦਾ ?)। ਰਿਸ਼ਵਤਖ਼ੋਰੀ, ਭ੍ਰਿਸ਼ਟਾਚਾਰ, ਸਿਰੇ ਦੇ ਹਰਾਮੀਆਂ/ਬਦਮਾਸ਼ਾਂ, ਸਮਗਲਰਾਂ ਦਾ ਸਿਆਸਤ ਵਿੱਚ ਦਾਖ਼ਲਾ, ਵਿਕਾਊ ਸਿਆਸਤ ਦਾ ਅਪਰਾਧੀਕਰਨ, ਕੁਨਬਾ-ਪ੍ਰਵਰੀ, ਕਿਰਤ ਦੀ ਲੁੱਟ, ਸਿਆਸੀ ਮਨਸੂਬਿਆਂ ਖ਼ਾਤਰ ਧਰਮ ਦਾ ਸੋਸ਼ਣ, ਅੰਨ-ਦਾਤੇ ਨੂੰ ਮੰਗਤਾ ਬਣਾਉਂਦਾ ਜਾਂ ਖ਼ੁਦਕਸ਼ੀਆਂ ਤੱਕ ਅਪੜਾਂਉਦਾ ਸਿਸਟਮ, ਗ਼ਰੀਬ-ਗ਼ੁਰਬੇ ਉੱਤੇ ਹਰ ਕਿਸਮ ਦਾ (ਸਮਾਜੀ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਆਦਿ) ਅੱਤਿਆਚਾਰ ਹੁੰਦਾ ਦੇਖ ਕੇ ਵੀ ਸਾਡਾ ਮਨ ਬਗ਼ਾਵਤ ਦੇ ਰਾਹ ਨਹੀਂ ਪੈਂਦਾ। ਕੀ ਸਮਾਜ ਵਿੱਚ ਪਿਆ ਇਹ ਗੰਦ ਉੱਪਰੋਂ ਆ ਕੇ ਕੋਈ ਫ਼ਰਿਸ਼ਤਾ ਸਾਫ਼ ਕਰੂ ? ਜਿਹੜਾ ਵੀ ਕਲਾ ਨਾਲ਼ ਜੁੜਿਆ, ਸਮਾਜ ਅੰਦਰ ਫ਼ੈਲਰੇ ਇਸ ਘਿਨਾਉਣੇ ਗੰਦ ਨੂੰ ਸਾਫ਼ ਕਰਨ ਵੱਲ ਲੋਕਾਂ ਨੂੰ ਖ਼ੁਦ ਉਨਾਂ ਦਾ ਅੰਗ ਬਣਕੇ ਪ੍ਰੇਰਤ ਨਹੀਂ ਕਰਦਾ ਉਹ ਖ਼ੁਦ ਵੀ ਕਲਾ ਦੇ ਨਾਂ ਤੇ ਧੱਬਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹੋ ਜਿਹੇ ਧੱਬਿਆਂ ਦਾ ਕਦੇ ਵੀ ਇਤਿਹਾਸ ਨੇ ਹਾਂਅ-ਪੱਖੀ ਮੁੱਲ ਨਹੀਂ ਪਾਇਆ, ਇਹ ਧੱਬੇ ਸਦਾ ਨਕਾਰੇ ਹੀ ਜਾਂਦੇ ਰਹੇ ਹਨ ਅਤੇ ਅੱਗੋਂ ਵੀ ਨਕਾਰੇ ਹੀ ਜਾਂਦੇ ਰਹਿਣਗੇ। ਲਿਖਣ ਵਾਲੀਆਂ ਜਿਹੜੀਆਂ ਕਲਮਾਂ (ਜਾਂ ਕਲਾ ਦੇ ਹੋਰ ਖੇਤਰਾਂ ਵਾਲੇ) ਲੋਕਾਂ ਦੀ ਪੀੜ, ਉਨਾਂ ਦੇ ਮੂੰਹ ਤੋਂ ਗੁਆਚੇ ਹਾਸੇ ਦਾ ਦਰਦ ਮਹਿਸੂਸ ਨਾ ਕਰਨ ਉਨਾਂ ਕਲਮਾਂ ਨੂੰ ਸਮਾਂ ਬਾਂਝ ਕਲਮਾਂ ਜਾਂ ਕੰਜਰ ਕਲਮਾਂ ਕੁਝ ਵੀ ਆਖ ਸਕਦਾ ਹੈ। ਅਜਿਹੀਆਂ ਕਲਮਾਂ 'ਟਕਿਆਂ' ਖ਼ਾਤਰ ਵਿਕ ਜਾਂਦੀਆਂ ਹਨ ਤੇ ਵਿਕਦੀਆਂ ਰਹੀਆਂ ਹਨ।

ਜਿਸ ਕਲਾ-ਕ੍ਰਿਤੀ ਵਿੱਚ ਲੋਕਾਈ ਦਾ ਦਰਦ ਨਹੀਂ, ਨਿਤਾਣੇ ਦੀ ਹੂਕ-ਉਸਦੇ ਹੰਝੂਆਂ ਵਿੱਚੋਂ ਉਠਦਾ ਰੋਹ ਨਹੀਂ, ਭੁੱਖ ਨਾਲ਼ ਵਿਲਕਦੇ ਕਿਸੇ ਮਾਸੂਮ ਬੱਚੇ ਦੀ ਸੀਨਾ ਚੀਰਵੀਂ ਆਹ ਨਹੀਂ, ਜਿਸ ਵਿੱਚ ਲੋਕ ਮਨਾਂ ਅੰਦਰ ਪੈਦਾ ਕੀਤੀ ਜਾ ਰਹੀ ਬੇਚਾਰਗੀ ਕਿ ਅਜਿਹਾ ਸਭ ਕਿਉਂ ਹੋ ਰਿਹਾ ਹੈ ? ਵਰਗੇ ਸਵਾਲ ਪੇਸ਼ ਕਰਕੇ ਹਲਚਲ ਪੈਦਾ ਕਰਨ ਦਾ ਯਤਨ ਜਾਂ ਜੇਰਾ ਨਹੀਂ, ਉਹ ਕਲਾ ਨਹੀਂ - ਉਹ ਸਭ ਕੂੜਾ ਹੈ। ਕਿਉਂਕਿ ਉਸ ਵਿੱਚੋਂ ਇਨਸਾਨੀ ਦਰਦ ਵਾਲੀ ਫ਼ਿਤਰਤ ਗ਼ੈਰ-ਹਾਜ਼ਰ ਹੈ। ਉਹ ਕਲਾ ਦੇ ਨਾਂ 'ਤੇ ਧੋਖਾ ਹੈ।

ਸਿਰਫ਼ ਮਨ ਪ੍ਰਚਾਵੇ ਖ਼ਾਤਰ-ਭੁੱਖ ਨੂੰ ਠੱਠੇ ਕਰਦੀ ਕਲਾ ਹਨੇਰੇ ਦੀਆਂ ਚੀਕਾਂ ਹੀ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਹਰ ਕਿਸੇ ਨੂੰ ਸਮਾਜ ਦੇ ਭਲੇ ਵਾਸਤੇ ਹਨੇਰੇ ਅਤੇ ਉਸਦੀਆਂ ਹਮਾਇਤੀ ਸ਼ਕਤੀਆਂ ਨਾਲ਼ ਜੂਝਦਿਆਂ ਸੋਚ/ਸੂਝ ਨੂੰ ਪ੍ਰਚੰਡ ਕਰਦਿਆਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਲਾ ਦੁਨੀਆਂ ਦਾ ਸੁਹਜ ਭਰਿਆ ਸੁਹੱਪਣ ਤੇ ਸਮਾਜੀ ਕੋਝਾਂ/ਕੋਹੜਾਂ ਦੇ ਖ਼ਿਲਾਫ਼ ਨਰੋਏ, ਲੋਕ ਪੱਖੀ/ਲੋਕ ਮੁਖੀ ਸਮਾਜ ਦੀ ਸਥਾਪਨਾ ਵਾਸਤੇ ਲੜਨ ਵਾਲੀ ਸੱਭਿਅਕ ਸ਼ਕਤੀ ਹੈ। ਕਲਾ ਰਾਹੀਂ ਮਾਸੂਮੀਅਤ ਨੂੰ ਸਮਾਜ ਅੰਦਰ ਆਪਣੇ ਸਿਦਕ/ਸਿਰੜ ਤੇ ਮਨੁੱਖਵਾਦੀ ਸੋਚ ਦੇ ਆਸਰੇ ਸੁਹਜ ਪੈਦਾ ਕਰਨ ਵਾਲੀ ਧਿਰ ਬਣਾਇਆ ਜਾਣਾ ਚਾਹੀਦਾ ਹੈ - ਸੰਸਾਰ ਨੂੰ ਖ਼ੂਬਸੂਰਤ ਦੇਖਣ ਦਾ ਸੁਪਨਾ ਸਿਰਜ ਕੇ ਉਸਨੂੰ ਸਾਕਾਰ ਕਰਨ ਦੀ ਤਮੰਨਾ ਰੱਖਣ ਵਾਲਿਆਂ ਵੱਲੋਂ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੇ ਰਾਹੇ ਤੁਰਨਾ ਹੀ ਪੈਂਦਾ ਹੈ। ਇਹ ਹੀ ਕਲਾ ਦਾ ਸੱਚਾ-ਸੁੱਚਾ ਕਾਰਜ ਕਿਹਾ ਜਾ ਸਕਦਾ ਹੈ।

**ਸਾਡਾ ਤੁਰ ਗਿਆ...**

ਜਵਾਬ ਮਿਲਿਆ, 'ਓਥੇ ਸਰਕਸ ਲੱਗੀ ਆ ?'

1973 ਵਿੱਚ ਉਹਦਾ ਵਿਆਹ ਹੋਇਆ। ਭਲੀ ਸੁਆਣੀ ਮਿਲੀ ਜੋ ਰੋਟੀਆਂ ਲਾਹੁੰਦੀ ਨਾ ਥੱਕਦੀ। ਬੱਚੀ ਪੈਦਾ ਹੋਈ ਜੋ ਤੋਤਲੀਆਂ ਗੱਲਾਂ ਹਿੰਦੀ ਵਿੱਚ ਕਰਦੀ। ਮੈਂ ਹੈਰਾਨ ਕਿ ਸਰਹਾਲੀ ਦੇ ਪਰਵੀਨ ਦੀ ਬੱਚੀ ਹਿੰਦੀ ਬੋਲੇ। ਪਰ ਇਹ ਕੱਲੇ ਪਰਵੀਨ ਦੀ ਗੱਲ ਥੋੜੋ ਐ। ਪੰਜਾਬ ਦੇ ਬਥੇਰੇ ਪੜੇ ਲਿਖਿਆਂ ਦਾ ਆਵਾ ਊਤਿਆ ਫ਼ਿਰਦੈ। ਗੱਲਾਂ ਬਾਤਾਂ ਵਿੱਚ ਪਤਾ ਲੱਗਾ ਕਿ ਪਰਵੀਨ ਨੂੰ ਖਿਡਾਰੀ ਬਣਨ ਦੀ ਖ਼ਾਸ ਖ਼ੁਸ਼ੀ ਨਹੀਂ। ਕਹਿਣ ਲੱਗਾ, 'ਏਥੇ ਕੋਈ ਮਰੀਅਲ ਜਿਹਾ ਐਕਟਰ ਆ ਜਾਵੇ ਤਾਂ ਭੀੜ ਅੱਥਰੂ ਗੈਸ ਛੱਡਣ ਆਲੀ ਹੋ ਜਾਂਦੀ ਆ ਪਰ ਸਾਨੂੰ ਏਸ਼ੀਆ ਦੇ ਚੈਂਪੀਅਨਾਂ ਨੂੰ ਕੋਈ ਟੈਂਪੂ ਤੇ ਵੀ ਨੀ ਚੜਾਉਂਦਾ। ਇੱਥੇ ਤਾਂ ਖਿਡਾਰੀਆਂ ਦੇ ਹੱਡ ਵੇਚਣ ਵਾਲੀ ਗੱਲ ਆ।'

ਮੈਂ ਬਦੇਸ਼ਾਂ ਦਾ ਅਨੁਭਵ ਪੁੱਛਿਆ ਤਾਂ ਉਹਨੇ ਕਿਹਾ, 'ਬਾਹਰ ਦੇ ਲੋਕ ਬੜੇ ਮਿਲਣਸਾਰ ਆ। ਰਾਹ ਜਾਂਦਿਆਂ ਨੂੰ ਮੇਮਾਂ ਵਿਸ਼ ਕਰਦੀਆਂ। ਬਾਹਰ ਦੇ ਅਥਲੀਟਾਂ ਦਾ ਬਰੇਕ ਫਾਸਟ ਈ ਸਾਡੇ ਸਾਰੇ ਦਿਨ ਦੀ ਖ਼ੁਰਾਕ ਜਿੰਨਾ। ਆਪਣੇ ਜਿਵੇਂ ਸਿਨਮਿਆਂ ਵਿੱਚ ਰਸ਼ ਹੁੰਦਾ ਓਥੇ ਸਟੇਡੀਅਮ ਭਰੇ ਹੁੰਦੇ ਆ। ਪਾਕਿਸਤਾਨੀ ਮਿਲ ਜਾਣ ਤਾਂ ਬੜਾ ਪਿਆਰ ਕਰਦੇ ਆ। ਲਾਹੌਰੀਏ-ਅੰਬਰਸਰੀਏ ਇੱਕੋ ਜਹੇ ਜੁ ਹੋਏ। ਐਥੇ ਮੈਂ ਮੋਟੇ ਬੰਦਿਆਂ ਵਿੱਚ ਗਿਣਿਆ ਜਾਨਾਂ, ਬਾਹਰ ਆਮ ਵਰਗਿਆਂ ਵਿੱਚ ਆਂ। ਮੇਰਾ ਕੱਦ ਦੇਖ ਕੇ ਇੱਕ ਗੋਰਾ ਕਹਿਣ ਲੱਗਾ, ਤੂੰ ਇੰਡੀਅਨ ਨੀ ਲੱਗਦਾ। ਮੈਂ ਆਖਿਆ, ਤੂੰ ਮਦਰਾਸ ਅੱਲ ਦੇ ਦੇਖੇ ਹੋਣੇ ਆਂ, ਪੰਜਾਬ ਵਿੱਚ ਬਥੇਰੇ ਕੱਦਾਵਰ ਨੇ। ਜੇ ਮੈਂ ਬਾਹਰ ਜੰਮਦਾ ਤਾਂ ਹੋਰ ਵੀ ਤਕੜਾ ਅਥਲੀਟ ਬਣਦਾ। ਬਾਹਰ ਨੈੱਕ ਟੂ ਨੈੱਕ ਕੰਪੀਟੀਸ਼ਨ ਆ, ਏਥੇ ਬਾਰਾਂ ਸਾਲ ਕੋਈ ਮੇਰੇ ਲਾਗੇ ਨੀ ਲੱਗਿਆ।'

ਮੈਂ ਜਿੰਨੇ ਵਾਰ ਵੀ ਇਸ ਰੰਗੀਲੇ ਖਿਡਾਰੀ ਨੂੰ ਮਿਲਿਆਂ, ਚਿੱਤ ਬੇਹੱਦ ਖ਼ੁਸ਼ ਹੋਇਆ। ਅੰਦਰੋਂ-ਬਾਹਰੋਂ ਖਰਾ, ਹਸਮੁੱਖ, ਮਖ਼ੌਲੀਆ ਤੇ ਮਿਲਣਸਾਰ। ਖ਼ੁਦ ਤਕੜਾ ਹੋਣ ਕਰਕੇ ਉਹਨੂੰ ਬਾਕੀ ਕਮਜ਼ੋਰ ਦਿਸਦੇ ਹਨ। ਕਹਿੰਦਾ ਰਹਿੰਦਾ ਹੈ, 'ਰੱਬ ਮੈਨੂੰ ਏਨਾ ਦੇਵੇ ਕਿ ਮੈਂ ਗ਼ਰੀਬ ਗ਼ੁਰਬੇ ਦੀ ਮਦਦ ਕਰ ਸਕਾਂ।' 1966 ਦੀ ਪਹਿਲੀ ਮੁਲਾਕਾਤ ਵਿੱਚ ਉਸ ਨੇ ਕਿਹਾ ਸੀ, 'ਦਾਤਾ ਮਿਹਰਾਂ ਰੱਖੇ। ਭਾਵੇਂ ਮੇਰੀਆਂ ਬਾਂਹਾਂ ਹੈਮਰ ਦੇ ਨਾਲ਼ ਈ ਨਿਕਲ ਜਾਣ ਪਰ ਹੈਮਰ ਢਾਈ ਸੌ ਫ਼ੁੱਟ ਚਲਿਆ ਜਾਵੇ। ਮੈਂ ਤਕਾਲਾਂ ਦੀ ਰੋਟੀ ਛੱਡ ਸਕਦਾਂ ਪਰ ਪ੍ਰੈਕਟਿਸ ਨੀਂ। ਤੜਕੇ ਚਾਰ ਵਜੇ ਤੋਂ ਪਿੱਛੋਂ ਸੌਣਾ ਹੁਣ ਮੇਰੇ ਲਈ ਹਰਾਮ ਆ। ਜਿੱਦੇਂ ਮੈਂ ਦੁਨੀਆ ਜਿੱਤੀ, ਅੰਬਰਸਰ ਸੁੱਖਣਾ ਦੇਵਾਂਗਾ।' ਉਹ ਦੁਨੀਆ ਤਾਂ ਨਹੀਂ ਜਿੱਤ ਸਕਿਆ ਪਰ ਲੱਖਾਂ ਲੋਕਾਂ ਦੇ ਦਿਲ ਜਿੱਤ ਗਿਆ।

## ਬੋਲੇ ਸੋ ਨਿਹਾਲ

ਠੀਕ ਹੈ ਮੁੱਲਾਂ ਨੇ ਧੋਖਾ ਦਿੱਤਾ, ਮਾੜਾ ਕੀਤਾ। ਬਹੁਤ ਮਾੜਾ ਕੀਤਾ। ਪਰ ਸਵਾਲ ਇਹ ਹੈ ਕਿ ਬੇਗ਼ਮ ਧੋਖੇ ਵਿੱਚ ਆਈ ਹੀ ਕਿਉਂ ? ਇਸ ਮੂਰਖ਼ਤਾ ਦਾ ਕੋਈ ਇਲਾਜ਼ ਹੈ ?"

"ਜਿਹੜੇ ਲੋਕ ਦੂਜਿਆਂ ਨੂੰ ਆਪਣਾ ਗ਼ੁਲਾਮ ਬਣਾ ਕੇ ਰੱਖਦੇ ਨੇ, ਇਨਸਾਨਾਂ ਨੂੰ ਵੇਚਦੇ-ਖ਼ਰੀਦਦੇ ਨੇ, ਕਹਿਣ ਨੂੰ ਰੱਬ ਦੇ ਨੁਮਾਇੰਦੇ ਬਣਦੇ ਨੇ, ਪਰ ਰੱਬ ਦੇ ਬੰਦਿਆਂ ਨੂੰ ਕੀੜੇ ਮਕੌੜਿਆਂ ਵਾਂਗ ਪੈਰਾਂ ਹੇਠ ਦਰੜ ਕੇ ਲੰਘ ਜਾਂਦੇ ਨੇ, ਅਖ਼ੀਰ ਉਹ ਖ਼ੁਦ ਆਪਣੇ ਅੰਧਵਿਸ਼ਵਾਸ ਦੇ ਗ਼ੁਲਾਮ ਬਣ ਜਾਂਦੇ ਨੇ। ਇਹ ਘਟਨਾ ਇਸ ਗੱਲ ਦੀ ਗ਼ਵਾਹ ਹੈ।" ਭੂਪੇ ਸ਼ਾਹ ਨੇ ਗੰਭੀਰ, ਸਥਿਰ ਆਵਾਜ਼ ਵਿੱਚ ਵਿਆਖਿਆ ਕੀਤੀ।

"ਠੀਕ ਫ਼ਰਮਾਇਆ।" ਤਹਿਮਸ ਨੇ ਹਾਮੀ ਭਰੀ ਤੇ ਫੇਰ ਹੁੱਕੇ ਦਾ ਸੂਟਾ ਲਾ ਕੇ ਕਿਹਾ, "ਯਾਨੀ ਜਿਸ ਮਜ਼ਹਬ ਦਾ ਜ਼ਹੂਰ (ਨਿਕਾਸ, ਜਨਮ) ਇਨਸਾਨ ਦੀ ਭਲਾਈ ਲਈ ਹੋਇਆ ਸੀ, ਅਖ਼ੀਰ ਉਹੀ ਉਸਦੇ ਜੀਅ ਦਾ ਜੰਜਾਲ ਬਣ ਗਿਆ!"

"ਪਰ ਇਹ ਮਜ਼ਹਬ ਦਾ ਕਸੂਰ ਨਹੀਂ, ਇਨਸਾਨ ਦਾ ਆਪਣਾ ਕਸੂਰ ਏ।" ਭੂਪੇ ਸ਼ਾਹ ਨੇ ਕਿੰਤੂ ਕੀਤਾ ਤੇ ਗੱਲ ਅੱਗੇ ਵਧਾਈ, "ਵਕਤ ਬਦਲਦਾ ਹੈ ਤਾਂ ਇਨਸਾਨ ਵੀ ਬਦਲਦਾ ਹੈ। ਸੋਚ ਢੰਗ ਤੇ ਮੰਸ਼ੇ ਬਦਲਦੇ ਨੇ ਤਾਂ ਮਾਬੂਦ (ਧਾਰਮਿਕ ਵਿਸ਼ਵਾਸ ਤੇ ਉਸ ਨਾਲ਼ ਜੁੜਿਆ ਈਸ਼ਟ) ਵੀ ਬਦਲਦੇ ਨੇ। ਜਦੋਂ ਇਨਸਾਨ ਤੇ ਉਸਦਾ ਸੋਚ-ਢੰਗ ਵਕਤ ਦੇ ਨਾਲ਼ ਨਾਲ਼ ਨਾ ਬਦਲੇ ਤਾਂ ਪੁਰਾਣੇ ਤੇ ਬਾਸੀ ਹੋ ਚੁੱਕੇ ਵਿਸ਼ਵਾਸ, ਅੰਧ ਵਿਸ਼ਵਾਸ ਭਰੀ ਮੂੜਤਾ ਬਣ ਜਾਂਦੇ ਨੇ।"

"ਵਾਕਈ ਵਕਤ ਦੇ ਨਾਲ਼ ਨਾ ਬਦਲਣਾ ਹੀ ਸਭ ਤੋਂ ਵੱਡੀ ਮੂੜਤਾ ਹੁੰਦੀ ਏ। ਜਿਵੇਂ ਮਹਾਵਤ ਹਾਥੀ ਹੱਕਦਾ ਏ, ਵਕਤ ਇਨਸਾਨ ਨੂੰ ਹੱਕਦਾ ਰਹਿੰਦਾ ਏ।" ਤਹਿਮਸ ਨੇ ਪੁਸ਼ਟੀ ਕੀਤੀ ਤੇ ਉੱਚੀ-ਉੱਚੀ ਹੱਸਿਆ।

"ਮੈਂ ਜ਼ਰਾ ਪਾਣੀ ਪਿਆਂਗਾ।" ਭੂਪੇ ਸ਼ਾਹ ਨੇ ਕਿਹਾ। ਤਹਿਮਸ ਮਸਕੀਨ ਨੇ ਖ਼ਾਨਸਾਮੇਂ ਨੂੰ ਇਸ਼ਾਰਾ ਕੀਤਾ। ਉਹ ਗਿਲਾਸ ਵਿੱਚ ਪਾਣੀ ਲੈ ਆਇਆ। ਭੂਪਾ ਸ਼ਾਹ ਪਾਣੀ ਪੀ ਕੇ ਇੱਕ ਪਲ ਰੁਕਿਆ, ਫੇਰ ਖੰਘੂਰਾ ਮਾਰ ਕੇ ਗਲ਼ਾ ਸਾਫ਼ ਕੀਤਾ ਤੇ ਬੋਲਿਆ—

"ਤਾਰੀਖ਼ (ਇਤਿਹਾਸ) ਉੱਪਰ ਨਜ਼ਰ ਮਾਰੋ। ਇਨਸਾਨ ਕਦੀ ਕਬੀਲਿਆਂ ਵਿੱਚ ਰਹਿੰਦਾ ਸੀ। ਹਰ ਕਬੀਲੇ ਦਾ ਆਪਣਾ ਮਾਬੂਦ (ਈਸ਼ਟ/ਪੈਗ਼ੰਬਰ) ਸੀ। ਪੱਥਰਾਂ ਤੇ ਰੁੱਖਾਂ ਦੀ ਪੂਜਾ ਹੁੰਦੀ ਸੀ। ਕਬੀਲੇ ਆਪਸ ਵਿੱਚ ਲੜਦੇ-ਝਗੜਦੇ ਰਹਿੰਦੇ ਸਨ, ਜਿਹੜਾ ਹਾਰ ਜਾਂਦਾ ਸੀ ਉਸਦਾ ਮਾਬੂਦ ਵੀ ਹਾਰ ਜਾਂਦਾ ਸੀ। ਵਾਹਿਦਤ (ਇੱਕ-ਈਸ਼ਵਰ-ਵਾਦ) ਦੇ ਦ੍ਰਿਸ਼ਟੀਕੋਣ ਦੇ ਨਾਲ਼ ਇੱਕ ਖ਼ੁਦਾ ਦੀ ਹਸਤੀ, ਹੋਂਦ ਵਿੱਚ ਆਈ ਤਾਂ ਕਬੀਲੇ ਵੀ ਇੱਕ ਹੋ ਗਏ। ਪਰ ਵਹਿਦਤ ਦਾ ਖ਼ੁਦਾ ਕਾਦਰੇ-ਮੁਤਲਿਕ (ਸਰਭ ਸ਼ਕਤੀਮਾਨ) ਸੀ। ਉਸਦੇ ਹੁਕਮ ਦੇ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ ਸੀ। ਬਾਦਸ਼ਾਹ, ਨਵਾਬ, ਕਾਜ਼ੀ ਤੇ ਮੁੱਲਾ ਇਸ ਕਾਦਰੇ ਮੁਤਲਿਕ ਖ਼ੁਦਾ ਦੇ ਨੁਮਾਇੰਦੇ ਸਨ। ਪੈਗ਼ੰਬਰ ਦੀ ਤਲਵਾਰ, ਕਸਾਈ ਦੀ ਛੁਰੀ ਬਣ ਗਈ...ਤੇ ਹਾਕਮ ਕਸਾਈ, ਮਹਿਕੂਮ (ਮੁਕੱਦਮ) ਬੁਜ਼ਦਿਲ ਦੇ ਗ਼ੁਲਾਮ। ਮੰਸੂਰ ਨੇ ਜਿਹੜਾ 'ਅਨਲ ਹੱਕ' (ਮੈਂ ਖ਼ੁਦਾ ਹਾਂ) ਦਾ ਨਾਅਰਾ ਬੁਲੰਦ ਕੀਤਾ, ਉਹ ਇਹਨਾਂ ਕਸਾਈ ਹਾਕਮਾਂ ਦੇ ਖ਼ਿਲਾਫ਼ ਤੇ ਬਾਦਸ਼ਾਹ ਦੇ ਖ਼ਿਲਾਫ਼ ਬਗ਼ਾਵਤ ਦਾ ਨਾਅਰਾ ਸੀ। ...ਤੇ ਖ਼ੁਦਾ ਦੇ ਨੁਮਾਇੰਦੇ ਬਾਦਸ਼ਾਹ ਨੇ ਮਨਸੂਰ ਨੂੰ ਫ਼ਾਂਸੀ 'ਤੇ ਲਟਕਾਅ ਦਿੱਤਾ, ਪਰ ਇਸ ਨਾਅਰੇ ਨੂੰ ਫ਼ਾਂਸੀ ਲਾਉਣੀ ਸੰਭਵ ਨਹੀਂ ਸੀ। ਦੱਸੋ ਕਦੀ ਨਾਅਰਿਆਂ ਨੂੰ ਵੀ ਫ਼ਾਂਸੀ ਲਾਇਆ ਜਾ ਸਕਦਾ ਏ ? ਕਦੀ ਸੋਚ ਨੂੰ ਵੀ ਕਤਲ ਕੀਤਾ ਜਾ ਸਕਦਾ ਏ ?"

"ਨਹੀਂ ...ਕਦੀ ਨਹੀਂ।" ਮਸਕੀਨ ਨੇ ਦ੍ਰਿੜ ਆਵਾਜ਼ ਵਿੱਚ ਹਾਮੀਂ ਭਰੀ।

"ਅਨਲ-ਹੱਕ ਸੂਫ਼ੀਆਂ ਦਾ ਝੰਡਾ ਵੀ ਸੀ ਤੇ ਹਥਿਆਰ ਵੀ। ਉਹਨਾਂ, ਖ਼ੁਦਾ ਨੂੰ ਬਾਦਸ਼ਾਹ ਤੋਂ ਖੋਹ ਕੇ ਲੋਕਾਂ ਦਾ ਬਣਾਅ ਦਿੱਤਾ। ਇਸ ਨਾਅਰੇ ਨਾਲ਼ ਤੁਫ਼ੈਲ ਬੁਜ਼ਦਿਲ ਗ਼ੁਲਾਮ, ਬਹਾਦਰ ਬਾਗ਼ੀ ਬਣ ਗਿਆ।"

"ਮੈਂ ਸਿੱਖ ਮਜ਼ਹਬ ਦਾ ਕੁਝ ਮੁਤਾਅਲਾ ਕੀਤਾ ਏ। ਮੇਰਾ ਖ਼ਿਆਲ ਏ ਕਿ ਗੁਰੂ ਨਾਨਕ ਦੀ ਤਾਲੀਮ ਵੀ ਇਹੀ ਹੈ ਕਿ ਜਿਸ ਖ਼ਾਲਕ (ਕਰਤਾ) ਦੇ ਤੁਸਾਂ ਮਖ਼ਲੂਕ (ਜੀਵ) ਓ, ਉਹ ਨਿਡਰ ਹੈ। ਤੁਸੀਂ ਵੀ ਨਿਡਰ ਹੋ ਜਾਓ। ਕਿਸੇ ਤੋਂ ਨਾ ਡਰੋ। ਸਿਰ ਹਥੇਲੀ ਉੱਤੇ ਰੱਖ ਕੇ ਮੇਰੇ ਕੋਲ਼ ਆਓ। ਤਦ ਤੁਸੀਂ ਮੇਰੇ ਸੱਚੇ ਸ਼ਾਗ਼ਿਰਦ ਹੋ। ਫੇਰ ਤੁਸੀਂ ਅਮਰ ਹੋ। ਕੋਈ ਤੁਹਾਡਾ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ। ਕੀ ਮੈਂ ਠੀਕ ਕਹਿ ਰਿਹਾਂ... ?" ਤਹਿਮਸ ਮਸਕੀਨ ਨੇ ਭੂਪੇ ਸ਼ਾਹ ਦੇ ਚਿਹਰੇ ਉੱਤੇ ਨਜ਼ਰਾਂ ਗੱਡ ਕੇ ਪੁੱਛਿਆ।

"ਇਹ ਪੁੱਛਣ-ਦੱਸਣ ਵਾਲੀ ਗੱਲ ਨਹੀਂ, ਦੇਖਣ-ਸਮਝਣ ਵਾਲੀ ਗੱਲ ਏ। ਸਿੱਖਾਂ ਨੇ ਗੁਰੂ ਦੀ ਇਸ ਸਿੱਖਿਆ ਨੂੰ ਜ਼ਿੰਦਗੀ ਵਿੱਚ ਢਾਲ ਲਿਆ ਹੈ ਤੇ ਉਹ ਅਮਰ ਹੋ ਗਏ ਨੇ। 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਉਹਨਾਂ ਦਾ ਨਾਅਰਾ ਵੀ ਹੈ ਤੇ ਹਥਿਆਰ ਵੀ। ਅਨਲ ਹੱਕ ਦੇ ਨਾਅਰੇ ਵਾਂਗ ਇਸ ਨਾਅਰੇ ਨੂੰ ਕਤਲ ਕਰਨਾ ਵੀ ਸੰਭਵ ਨਹੀਂ।"

"ਮੈਨੂੰ ਯਕੀਨ ਏਂ।" ਤਹਿਮਸ ਮਸਕੀਨ ਨੇ ਏਧਰ-ਓਧਰ ਦੇਖ ਕੇ, ਭੂਪੇ ਵੱਲ ਝੁਕਦਿਆਂ ਧੀਮੀ ਆਵਾਜ਼ ਵਿੱਚ ਕਿਹਾ, "ਇਸ ਨੂੰ ਕਤਲ ਕਰਨ ਵਾਲੇ ਖ਼ੁਦ ਕਤਲ ਹੋ ਜਾਣਗੇ।"

"ਜਿਵੇਂ ਪਾਣੀ ਨੂੰ ਜਿਸ ਭਾਂਡੇ ਵਿੱਚ ਪਾਇਆ ਜਾਏ ਉਹ ਉਸੇ ਰੂਪ ਵਿੱਚ ਢਲ ਜਾਂਦਾ ਏ, ਉਵੇਂ ਲਾਲਚੀ ਤੇ ਖ਼ੁਦਗ਼ਰਜ਼ ਲੋਕ ਮਜ਼ਹਬ ਨੂੰ ਆਪਣੇ ਲਾਲਚ ਤੇ ਖ਼ੁਦਗ਼ਰਜ਼ੀ ਦਾ ਰੂਪ ਦੇ ਬਹਿੰਦੇ ਨੇ। ਨਤੀਜਾ ਇਹ ਕਿ ਆਦਮੀ ਦਾ ਪਤਨ ਸ਼ੁਰੂ ਹੋ ਜਾਂਦਾ ਏ ਤੇ ਉਸਦਾ ਮਜ਼ਹਬ ਵੀ ਲੜਖੜਾ ਜਾਂਦਾ ਹੈ।"

"ਮੈਂ ਸਮਝਦਾਂ, ਇਨਸਾਨ ਦਾ ਸੱਚਾ ਮਜ਼ਹਬ ਖ਼ੁਦਾ ਦੀ ਮਖ਼ਲੂਕ ਇਨਸਾਨ ਨਾਲ਼ ਮੁਹੱਬਤ ਕਰਨਾ ਹੈ।"

"ਕੀ ਪੁੱਛਦਾ ਏਂ ਜਾਤ-ਸਿਫ਼ਾਤ ਮੇਰੀ, ਉਹ ਆਦਮ ਵਾਲੀ ਜਾਤ ਮੇਰੀ।" ਭੂਪੇ ਸ਼ਾਹ ਨੇ ਮੁਸਕਰਾਉਂਦਿਆਂ ਹੋਇਆਂ ਬੁੱਲ੍ਹੇ ਸ਼ਾਹ ਦੇ ਬੋਲ ਦੁਹਰਾਏ।

ਉਦੋਂ ਹੀ ਖ਼ਾਨਸਾਮੇਂ ਨੇ ਆ ਕੇ ਪੁੱਛਿਆ, "ਖਾਣੇ ਵਿੱਚ ਕੀ ਕੁਝ ਬਣਾਵਾਂ, ਸਰਕਾਰ ?" ਮਸਕੀਨ ਨੇ ਜਵਾਬ ਦਿੱਤਾ, "ਜੋ ਕੁਝ ਹਰ ਰੋਜ਼ ਬਣਦਾ ਏ, ਉਹੀ ਬਣਾਓ। ਬਸ ਏਨਾ ਖ਼ਿਆਲ ਰੱਖਣਾ ਕਿ ਦੋ ਆਦਮੀ ਹੋਰ ਖਾਣਗੇ।" ਖ਼ਾਨਸਾਮਾਂ ਚਲਾ ਗਿਆ।

"ਮੇਰਾ ਆਪਣਾ ਇੱਕ ਮਸਲਾ ਏ, ਉਸਦਾ ਕੋਈ ਹੱਲ ਦੱਸੋ।" ਮਸਕੀਨ ਨੇ ਭੂਪੇ ਸ਼ਾਹ ਨੂੰ ਕਿਹਾ।

"ਮਸਲਾ ਕੀ ਏ ਇਹ ਤਾਂ ਦੱਸੋ। ਫੇਰ ਹੱਲ ਸੋਚ ਲਿਆ ਜਾਏਗਾ।"

"ਮਸਲਾ ਇਹ ਹੈ ਕਿ ਮੈਨੂੰ ਕੋਈ ਅਜਿਹਾ ਆਦਮੀ ਮਿਲੇ ਜਿਹੜਾ ਮੇਰੇ ਰੋਜ਼ਨਾਮਚੇ ਦੀ ਸਹੀ ਤੇ ਖ਼ੁਸ਼ਖ਼ਤ ਨਕਲ ਕਰ ਦਿਆ ਕਰੇ।"

"ਬੱਸ ਏਨੀ ਗੱਲ ਏ!"

"ਗੱਲ ਤਾਂ ਏਨੀ ਈ ਏ। ਹੋ ਸਕਦਾ ਏ ਤੁਹਾਡੇ ਲਈ ਛੋਟੀ ਹੋਏ, ਪਰ ਮੇਰੇ ਲਈ ਬੜੀ ਵੱਡੀ ਏ।"

"ਆਦਮੀ ਤੁਹਾਡੇ ਸਾਹਮਣੇ ਬੈਠਾ ਏ।" ਭੂਪੇ ਨੇ ਸ਼ਾਹ ਅਲੀ ਵੱਲ ਇਸ਼ਾਰਾ ਕੀਤਾ।

"ਇਹ ਨੌਜਵਾਨ ਕਰ ਲਏਗਾ ?"

"ਬਿਲਕੁਲ।"

"ਯਾਨੀ ਖ਼ੁਦਾ ਨੇ ਖ਼ੁਦ ਤੁਹਾਡੀ ਮਾਰਫ਼ਤ ਇਸਨੂੰ ਮੇਰੇ ਲਈ ਭੇਜ ਦਿੱਤਾ।"

"ਖ਼ੁਦਾ ਬੜਾ ਕਾਰਸਾਜ਼ ਏ।" ਭੂਪਾ ਮੁਸਕਰਾਇਆ, ਮਸਕੀਨ ਤੇ ਨੌਜਵਾਲ ਵੀ ਮੁਸਕਰਾਏ।

## ਪੰਜਾਬ ਵਿਚ ਕੀ...

ਪਰ ਉਸ ਲਈ ਲੜਾਈ ਇੰਨੀ ਅਸਾਨ ਨਹੀਂ ਹੋਵੇਗੀ ਕਿਉਂਕਿ ਲੋਕ ਸਭਾ ਦੀਆਂ 13 ਸੀਟਾਂ ਵਿਚੋਂ ਆਮ ਆਦਮੀ ਪਾਰਟੀ 1 ਸੀਟ ਹੀ ਹਾਸਿਲ ਕਰ ਪਾਈ ਸੀ।ਅਕਾਲੀ ਅਤੇ ਬਸਪਾ ਜੱਟ ਸਿੱਖ ਅਤੇ ਦਲਿਤ ਵੋਟ ਬੈਂਕ ਉੱਪਰ ਧਿਆਨ ਦੇ ਰਹੇ ਹਨ, ਪਰ ਉਨਾਂ ਨੂੰ ਆਮ ਆਦਮੀ ਪਾਰਟੀ ਅਤੇ ਕਾਂਗਰਸ ਤੋਂ ਸਖਤ ਮੁਕਾਬਲਾ ਮਿਲ ਰਿਹਾ ਹੈ।ਅੰਦਰੂਨੀ ਖਿੱਚੋਤਾਣ ਦੇ ਬਾਵਜੂਦ ਕਾਂਗਰਸ ਜਿੱਤ ਦੀ ਉਮੀਦ ਕਰ ਰਹੀ ਹੈ, ਪਰ ਕਿਸੇ ਵੀ ਦਿਨ ਸਿੱਧੂ ਦਾ ਹਠੀ ਅਤੇ ਅਵਿਵੇਕ ਰਵੱਈਆ ਅਤੇ ਚੰਨੀ ਨਾਲ ਆਪਸੀ ਖਹਿਬਾਜ਼ੀ ਨਾ ਸਿਰਫ ਕਾਂਗਰਸ ਦੇ ਦਲਿਤ ਵੋਟ ਬੈਂਕ ਨੂੰ ਖੋਰਾ ਲਾ ਸਕਦੀ ਹੈ, ਬਲਕਿ ਕਾਂਗਰਸ ਦੀ ਹਾਰ ਦਾ ਕਾਰਣ ਵੀ ਬਣ ਸਕਦੀ ਹੈ।

2017 ਦੀਆਂ ਚੋਣਾਂ ਤੱਕ ਸੂਬੇ ਵਿਚ ਹਰ ਪਾਰਟੀ ਦਾ ਆਪਣਾ ਨਿਰਧਾਰਿਤ ਵੋਟ ਹਿੱਸਾ ਸੀ। 2002 ਵਿਚ ਜਦੋਂ ਅਕਾਲੀ–ਭਾਜਪਾ ਗਠਬੰਧਨ ਚੋਣਾਂ ਹਾਰਿਆ ਸੀ, ਉਦੋਂ ਵੀ ਉਨਾਂ ਨੂੰ 36.8 ਪ੍ਰਤੀਸ਼ਤ ਵੋਟਾਂ ਹਾਸਿਲ ਹੋਈਆਂ ਸਨ ਜਦੋਂ ਕਿ ਉਨਾਂ ਦੇ ਮੁਕਾਬਲਤਨ ਜੇਤੂ ਕਾਂਗਰਸ ਨੂੰ 35.8 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ। 2017 ਵਿਚ ਜਦੋਂ ਅਕਾਲੀ–ਭਾਜਪਾ ਗਠਬੰਧਨ ਨੂੰ ਦਸ ਸਾਲਾਂ ਦੇ ਰਾਜ ਤੋਂ ਬਾਅਦ ਸੱਤਾ ਤੋਂ ਬਾਹਰ ਕਰ ਦਿੱਤਾ ਗਿਆ ਤਾਂ ਉਨਾਂ ਨੂੰ ਤੀਹ ਪ੍ਰਤੀਸ਼ਤ ਤੋਂ ਜਿਆਦਾ ਵੋਟਾਂ ਮਿਲੀਆਂ ਸਨ ਜੋ ਕਿ ਆਮ ਆਦਮੀ ਪਾਰਟੀ ਨੂੰ ਮਿਲੀਆਂ ਵੋਟਾਂ ਤੋਂ ਜਿਆਦਾ ਸੀ। 2007 ਅਤੇ 2012 ਵਿਚ ਹਾਰਨ ਦੇ ਬਾਵਜੂਦ ਕਾਂਗਰਸ ਨੂੰ ਕ੍ਰਮਵਾਰ 40.9 ਪ੍ਰਤੀਸ਼ਤ ਅਤੇ 40.1 ਪ੍ਰਤੀਸ਼ਤ ਵੋਟਾਂ ਹਾਸਿਲ ਹੋਈਆਂ ਸਨ ਜਦੋਂ ਕਿ ਅਕਾਲੀ ਦਲ–ਭਾਜਪਾ ਨੂੰ ਕ੍ਰਮਵਾਰ 45.3 ਪ੍ਰਤੀਸ਼ਤ ਅਤੇ 42.9 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ।ਪੰਜਾਬ ਵਿਚ ਜਾਤੀ ਸਮੀਕਰਨ ਬਹੁਤ ਹੀ ਅਸਥਿਰ ਹੈ ਇਸ ਲਈ ਕੋਈ ਵੀ ਪਾਰਟੀ ਕਿਸੇ ਇਕ ਭਾਈਚਾਰੇ ਤੋਂ ਵੋਟਾਂ ਨਹੀਂ ਪ੍ਰਾਪਤ ਕਰਦੀ ਹੈ। 2002 ਵਿਚ ਕਾਂਗਰਸ ਨੂੰ 30 ਪ੍ਰਤੀਸ਼ਤ ਜੱਟ–ਸਿੱਖ ਵੋਟ ਪ੍ਰਾਪਤ ਹੋਈ ਜਦੋਂ ਕਿ ਅਕਾਲੀ–ਭਾਜਪਾ ਨੂੰ 55 ਪ੍ਰਤੀਸ਼ਤ ਵੋਟ ਮਿਲੀ। 2007 ਵਿਚ ਕਾਂਗਰਸ ਨੂੰ 30 ਪ੍ਰਤੀਸ਼ਤ ਅਤੇ ਅਕਾਲੀ–ਭਾਜਪਾ ਨੂੰ 61 ਪ੍ਰਤੀਸ਼ਤ ਵੋਟਾਂ ਮਿਲੀਆਂ। 2012 ਵਿਚ ਕਾਂਗਰਸ ਨੂੰ 31 ਪ੍ਰਤੀਸ਼ਤ ਅਤੇ ਅਕਾਲੀ ਦਲ–ਭਾਜਪਾ ਨੂੰ 52 ਪ੍ਰਤੀਸ਼ਤ ਅਤੇ 2017 ਵਿਚ ਕਾਂਗਰਸ ਨੂੰ 28 ਪ੍ਰਤੀਸ਼ਤ ਅਤੇ ਅਕਾਲੀ ਦਲ–ਭਾਜਪਾ ਨੂੰ 37 ਪ੍ਰਤੀਸ਼ਤ ਜੱਟ–ਸਿੱਖ ਵੋਟ ਪ੍ਰਾਪਤ ਹੋਈ ਕਿਉਂਕਿ ਆਮ ਆਦਮੀ ਪਾਰਟੀ 30 ਪ੍ਰਤੀਸ਼ਤ ਜੱਟ–ਸਿੱਖ ਵੋਟ ਪ੍ਰਾਪਤ ਕਰਨ ਵਿਚ ਸਫਲ ਰਹੀ ਸੀ। 2022 ਵਿਚ ਹੋਣ ਵਾਲੀਆਂ ਚੋਣਾਂ ਵਿਚ ਲੰਬਾ ਸਮਾਂ ਚੱਲਿਆ ਕਿਸਾਨ ਅੰਦੋਲਨ ਵੀ ਜੱਟ–ਸਿੱਖ ਵੋਟ ਨੂੰ ਨਿਰਧਾਰਿਤ ਕਰੇਗਾ। ਦੂਜਾ, ਕਾਂਗਰਸ ਦੁਆਰਾ ਚੰਨੀ ਨੂੰ ਮੁੱਖ ਮੰਤਰੀ ਐਲਾਨਣ ਤੋਂ ਬਾਅਦ ਇਸ ਵੋਟ ਵਰਗ ਦੀਆਂ ਵੋਟਾਂ ਅਕਾਲੀਆਂ ਦੇ ਪੱਖ ਵਿਚ ਭੁਗਤ ਸਕਦੀਆਂ ਹਨ।ਪਰ ਇੱਥੇ ਮਹੱਤਵਪੂਰਨ ਸੁਆਲ ਇਹ ਹੈ ਕਿ ਕੀ ਅਕਾਲੀ ਦਲ ਆਪ ਪਾਰਟੀ ਦੇ ਹਿੱਸੇ ਗਈਆਂ ਵੋਟਾਂ ਨੂੰ ਮੁੜ ਹਾਸਿਲ ਕਰਨ ਵਿਚ ਕਾਮਯਾਬ ਹੋ ਸਕਦਾ ਹੈ ਜਾਂ ਆਪ ਪਾਰਟੀ, ਜੋ ਇਸ ਸਮੇਂ ਮਜਬੂਤ ਸਥਿਤੀ ਵਿਚ ਲਗ ਰਹੀ ਹੈ, ਇਸ ਵੋਟ ਬੈਂਕ ਨੂੰ ਆਪਣੇ ਵੱਲ ਖਿੱਚ ਲਵੇਗੀ? ਦਲਿਤ ਸਿੱਖ ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ ਤੋਂ ਕਾਂਗਰਸ ਦੇ ਹੱਕ ਵਿਚ ਭੁਗਤਦੇ ਆਏ ਹਨ ਅਤੇ ਇਸ ਵਾਰ ਵੀ ਚੰਨੀ ਨੂੰ ਪਹਿਲਾ ਦਲਿਤ ਮੁੱਖ ਮੰਤਰੀ ਬਣਾਉਣ ਤੋਂ ਬਾਅਦ ਕਾਂਗਰਸ ਇਸ ਹਿੱਸੇ ਦੀਆਂ ਵੋਟਾਂ ਹਾਸਿਲ ਕਰਨ ਦੀ ਉਮੀਦ ਕਰ ਰਹੀ ਹੈ ਕਿਉਂਕਿ ਮਹੱਤਵਪੂਰਨ ਤਿੰਨ–ਤਿਹਾਈ ਦਲਿਤ ਅਬਾਦੀ ਹੋਣ ਦੇ ਬਾਵਜੂਦ ਵੀ ਇਹ ਹਿੱਸਾ ਸੱਤਾ ਤੋਂ ਦੂਰ ਰਿਹਾ ਹੈ।ਅਕਾਲੀ ਦਲ ਜੋ ਕਿ ਦਲਿਤ ਵੋਟਰਾਂ ਦੀ ਪਸੰਦੀਦਾ ਚੋਣ ਨਹੀਂ ਰਿਹਾ ਹੈ, ਉਸ ਦਾ ਵੋਟ ਹਿੱਸਾ ਪਹਿਲਾਂ ਤੋਂ ਵੀ ਜਿਆਦਾ ਘਟ ਸਕਦਾ ਹੈ।ਪਰ ਸਭ ਤੋਂ ਜਿਆਦਾ ਚਿੰਤਾ ਦਾ ਵਿਸ਼ਾ ਆਪ ਪਾਰਟੀ ਲਈ ਹੈ ਜੋ ਭਗਵੰਤ ਮਾਨ ਨੂੰ ਮੁੱਖ ਮੰਤਰੀ ਐਲਾਨਣ ਤੋਂ ਬਾਅਦ ਦਲਿਤ ਵੋਟ ਹਿੱਸਾ ਨਹੀਂ ਗੁਆਉਣਾ ਚਾਹੇਗੀ।

ਸੂਬੇ ਵਿਚ ਹੋਰ ਪਿਛੜੀਆਂ ਜਾਤਾਂ ਵਿਚ ਵੀ ਸਿੱਖਾਂ ਦੀ ਮਹੱਤਵਪੂਰਨ ਅਬਾਦੀ ਹੈ। ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ ਵਿਚ ਉਨਾਂ ਨੇ ਸਥਾਨਕ ਵਫਾਦਾਰੀ ਅਧਾਰਿਤ ਹੀ ਵੋਟ ਪਾਈ ਹੈ।ਕੋਈ ਵੀ ਪਾਰਟੀ ਉਨਾਂ ਦੀਆਂ ਵੋਟਾਂ ਨਹੀਂ ਗੁਆਉਣਾ ਚਾਹੇਗੀ।ਮਾਲਵਾ ਵਿਚ ਹੋਰ ਪਿਛੜੀਆਂ ਜਾਤਾਂ ਦਾ ਜਿਆਦਾ ਜੋਰ ਹੈ ਜਿੱਥੇ 117 ਵਿਚ 69 ਸੀਟਾਂ ਇਸੇ ਖਿੱਤੇ ਵਿਚ ਆਉਂਦੀਆਂ ਹਨ ਇਸ ਲਈ ਓਬੀਸੀ–ਸਿੱਖ ਇਸ ਵਿਚ ਮਹੱਤਵਪੂਰਨ ਰੋਲ ਅਦਾ ਕਰ ਸਕਦੇ ਹਨ। ਸੂਬੇ ਦੀ ਕੁੱਲ ਅਬਾਦੀ ਦਾ 40 ਪ੍ਰਤੀਸ਼ਤ ਹਿੰਦੂ ਵੋਟ ਹੈ। 1990ਵਿਆਂ ਅਤੇ 90ਵਿਆਂ ਤੋਂ ਬਾਅਦ ਦੇ ਅਨੁਭਵ ਤੋਂ ਬਾਅਦ ਵੀ ਹਿੰਦੂਆਂ ਨੇ ਅਕਾਲੀ–ਭਾਜਪਾ ਗਠਜੋੜ ਹੋਣ ਦੇ ਬਾਵਜੂਦ ਜਿਆਦਤਰ ਕਾਂਗਰਸ ਨੂੰ ਹੀ ਚੁਣਿਆ ਹੈ। ਹਿੰਦੂਆਂ ਵਿਚ ਵੀ ਜਾਤੀ ਦਾ ਪ੍ਰਸ਼ਨ ਕਾਫੀ ਮਹੱਤਵਪੂਰਨ ਹੈ ਜਿਸ ਵਿਚ ਕਾਂਗਰਸ ਜਿਆਦਾ ਪ੍ਰਭਾਵੀ ਹੈ। 2002, 2007, 2012 ਅਤੇ 2017 ਵਿਚ ਕਾਂਗਰਸ ਨੂੰ ਕ੍ਰਮਾਵਰ 47, 56, 37, 43 ਪ੍ਰਤੀਸ਼ਤ ਦਲਿਤ ਹਿੰਦੂਆਂ ਦੀ ਵੋਟਾਂ ਮਿਲੀਆਂ ਅਤੇ ਇਸ ਦੇ ਮੁਕਾਬਲਤਨ ਅਕਾਲੀ–ਭਾਜਪਾ ਗਠਜੋੜ ਨੂੰ ਕ੍ਰਮਵਾਰ 11, 25, 33 ਅਤੇ 26 ਪ੍ਰਤੀਸ਼ਤ ਵੋਟ ਹਿੱਸਾ ਮਿਲਿਆ। ਇਸੇ ਹੀ ਅਰਸੇ ਵਿਚ ਗੈਰ–ਦਲਿਤ ਹਿੰਦੂਆਂ ਵਿਚੋਂ ਕਾਂਗਰਸ ਨੂੰ ਕ੍ਰਮਵਾਰ 52, 49, 46 ਅਤੇ 48 ਪ੍ਰਤੀਸ਼ਤ ਹਿੱਸਾ ਮਿਲਿਆ ਅਤੇ ਅਕਾਲੀ ਦਲ–ਭਾਜਪਾ ਨੂੰ ਕ੍ਰਮਵਾਰ 26, 38, 36 ਅਤੇ 22 ਪ੍ਰਤੀਸ਼ਤ ਹਿੱਸਾ ਮਿਲਿਆ। ਇਕ ਸਾਲ ਦੇ ਕਿਸਾਨ ਅੰਦੋਲਨ ਨੇ ਵੀ ਪੰਜਾਬ ਦੇ ਰਾਜਨੀਤਿਕ ਸਮੀਕਰਨਾਂ ਵਿਚ ਕਾਫੀ ਤਬਦੀਲੀ ਲਿਆਂਦੀ ਹੈ। ਅਕਾਲੀ ਕਦੇ ਵੀ ਹਿੰਦੂਆਂ ਦੀ ਪਹਿਲੀ ਪਸੰਦ ਨਹੀਂ ਰਹੇ ਹਨ ਅਤੇ ਭਾਜਪਾ ਵਿਰੁਧ ਅਸੀਮ ਵਿਰੋਧ ਦੇ ਚੱਲਦਿਆਂ ਹਿੰਦੂ ਵੋਟ ਬੈਂਕ ਆਮ ਆਦਮੀ ਪਾਰਟੀ ਵੱਲ ਝੁਕ ਸਕਦੀ ਹੈ। ਬਸਪਾ ਦੁਆਰਾ ਜਿਆਦਾ ਹਿੰਦੂ ਵੋਟ ਪ੍ਰਾਪਤ ਕਰਨ ਦੀ ਉਮੀਦ ਨਹੀਂ ਹੈ। ਚੰਨੀ ਦੀ ਅਗਵਾਈ ਵਿਚ ਕਾਂਗਰਸ ਕਾਫੀ ਵੋਟ ਹਾਸਿਲ ਕਰ ਸਕਦੀ ਹੈ, ਪਰ ਉਨਾਂ ਦੀ ਸਫਲਤਾ ਜਿਆਦਾਤਰ ਆਮ ਆਦਮੀ ਪਾਰਟੀ ਦੀ ਅਸਫਲਤਾ ਉੱਪਰ ਨਿਰਭਰ ਕਰੇਗੀ। ਲੋਕਾਂ ਵਿਚ ਰਾਜਨੀਤਿਕ ਤਬਦੀਲੀ ਦੀ ਇੱਛਾ ਕਾਫੀ ਲੰਮੇ ਸਮੇਂ ਤੋਂ ਹੈ, ਪਰ ਕੋਈ ਵੀ ਅਜਿਹਾ ਦੂਰ–ਅੰਦੇਸ਼ੀ ਵਾਲਾ ਰਾਜਨੀਤਿਕ ਬਿਰਤਾਂਤ ਨਹੀਂ ਪੈਦਾ ਹੋ ਰਿਹਾ ਜੋ ਕਿ ਰਾਜਨੀਤੀ ਦੇ ਡਿੱਗਦੇ ਮਿਆਰਾਂ ਨੂੰ ਠੱਲ ਪਾ ਸਕੇ। ਜਾਤ ਦਾ ਪ੍ਰਸ਼ਨ, ਸਥਾਨਿਕ ਸਮੀਕਰਨ, ਸਖਸ਼ੀਅਤ ਅਧਾਰਿਤ ਰਾਜਨੀਤੀ ਅਤੇ ਪਾਰਟੀ ਸਮੀਕਰਨਾਂ ਤੋਂ ਉੱਪਰ ਉੱਠ ਕੇ ਦੇਖਿਆ ਜਾਵੇ ਤਾਂ ਲੋਕ ਵਿਚ ਤਬਦੀਲੀ ਦੀ ਤਾਂਘ ਦਲਿਤ ਜਾਂ ਗੈਰ–ਦਲਿਤ ਦੇ ਮੁੱਦੇ ਤੋਂ ਜਿਆਦਾ ਮਹੱਤਵਪੂਰਨ ਹੈ। ਅਗਰ ਅਜਿਹਾ ਹੁੰਦਾ ਹੈ ਤਾਂ ਆਮ ਆਦਮੀ ਪਾਰਟੀ ਨੂੰ ਰਾਜ ਕਰਨ ਲਈ ਦੂਜਾ ਸੂਬਾ ਮਿਲ ਸਕਦਾ ਹੈ ਜਾਂ ਫਿਰ ਤ੍ਰਿਸ਼ੰਕੂ ਵਿਧਾਨ ਸਭਾ ਹੀ ਨਜ਼ਰੀਂ ਪੈਂਦੀ ਹੈ।

2017 ਵਿਚ ਜਦੋਂ ਕਾਂਗਰਸ ਪਾਰਟੀ ਨੇ ਸੂਬੇ ਵਿਚ ਸਰਕਾਰ ਬਣਾਈ ਸੀ ਤਾਂ ਉਸ ਨੂੰ ਦਲਿਤਾਂ, ਗੈਰ–ਦਲਿਤਾਂ, ਹੋਰ ਪਿਛੜੀਆਂ ਜਾਤਾਂ ਅਤੇ ਸਿੱਖ ਵੋਟ ਹਾਸਿਲ ਹੋਈ ਸੀ। ਇਸ ਸਮੇਂ ਵੋਟਰ ਜਾਤੀ ਸਮੀਕਰਨਾਂ ਦੇ ਆਧਾਰ ਤੇ ਵੰਡੇ ਹੋਏ ਹਨ ਅਤੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਬਾਰੀਕੀ ਨਾਲ ਇਕ ਖਾਸ ਜਾਤ ਨਾਲ ਸੰਬੰਧਿਤ ਉਮੀਦਵਾਰਾਂ ਨੂੰ ਹੀ ਚੁਣ ਰਹੀਆਂ ਹਨ।ਕਾਂਗਰਸ ਪਾਰਟੀ ਨੇ ਅਮਰਿੰਦਰ ਸਿੰਘ ਦੇ ਬਾਹਰ ਹੋਣ ਤੋਂ ਬਾਅਦ ਚੰਨੀ ਨੂੰ ਮੁੱਖ ਮੰਤਰੀ ਬਣਾਇਆ। ਸੁਖਜਿੰਦਰ ਰੰਧਾਵਾ, ਜੱਟ ਸਿੱਖ ਅਤੇ ਓ.ਪੀ. ਸੋਨੀ, ਹਿੰਦੂ, ਨੂੰ ਉੱਪ–ਮੁੱਖ ਮੰਤਰੀ ਬਣਾਇਆ ਗਿਆ। ਇਸ ਸਮੇਂ ਹੀ ਜੱਟ ਸਿੱਖ ਨਵਜੋਤ ਸਿੰਘ ਸਿੱਧੂ ਨੂੰ ਸੂਬੇ ਦਾ ਪਾਰਟੀ ਪ੍ਰਧਾਨ ਬਣਾਇਆ ਗਿਆ। ਕਾਂਗਰਸ ਨੇ ਜਾਤ ਅਤੇ ਧਰਮ ਨਾਲ ਸਬੰਧਤ ਸਾਰਿਆਂ ਹੀ ਮੁੱਦਿਆਂ ਨੂੰ ਸਹੀ ਬਿਠਾਉਣ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਗਠਬੰਧਨ ਕੀਤਾ। ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਕਿ ਅਗਰ ਉਨਾਂ ਦੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਦਲਿਤ ਉੱਪ–ਮੁੱਖ ਮੰਤਰੀ ਬਣਾਇਆ ਜਾਵੇਗਾ। ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਹੈ। ਪਾਰਟੀ ਨੇ ਵਿਰੋਧੀ ਧਿਰ ਦੇ ਨੇਤਾ ਦੀ ਪੁਜ਼ੀਸ਼ਨ ਹਰਪਾਲ ਚੀਮਾ ਨੂੰ ਦਿੱਤੀ ਹੈ ਜੋ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਭਾਜਪਾ ਨੇ ਵੀ ਚੋਣਾਂ ਜਿੱਤਣ ਦੀ ਸੂਰਤ ਵਿਚ ਅਨੁਸੂਚਿਤ ਜਾਤੀ ਵਿਚੋਂ ਹੀ ਮੁੱਖ ਮੰਤਰੀ ਬਣਾਉਣ ਵੱਲ ਇਸ਼ਾਰਾ ਕੀਤਾ ਹੈ। ਪੰਜਾਬ ਦੀ ਮੌਜੂਦਾ ਰਾਜਨੀਤਿਕ ਸਥਿਤੀ ਵਿਚ ਅਕਾਲੀ ਦਲ ਬਸਪਾ ਨਾਲ ਮਿਲ ਕੇ ਚੋਣਾਂ ਲੜ ਰਹੀ ਹੈ, ਭਾਜਪਾ ਨੇ ਪੰਜਾਬ ਲੋਕ ਕਾਂਗਰਸ ਨਾਲ ਨਾਤਾ ਜੋੜਿਆ ਹੈ ਅਤੇ ਸੰਯੁਕਤ ਅਕਾਲੀ ਦਲ ਵੱਡੇ ਭਰਾ ਵਜੋਂ ਵਿਚਰ ਰਿਹਾ ਹੈ। ਕਾਂਗਰਸ, ਆਮ ਆਦਮੀ ਪਾਰਟੀ ਅਤੇ ਕਿਸਾਨਾਂ ਦੀ ਪਾਰਟੀ ਆਪਣੇ ਦਮ ’ਤੇ ਹੀ ਚੋਣਾਂ ਲੜ ਰਹੇ ਹਨ। ਇੰਨੀਆਂ ਪਾਰਟੀਆਂ ਦੇ ਮੈਦਾਨ ਵਿਚ ਹੋਣ ਕਰਕੇ ਵੋਟਾਂ ਦਾ ਪਾੜਾ ਜਿਆਦਾ ਵੱਡਾ ਨਹੀਂ ਹੋਵੇਗਾ, ਇਸ ਲਈ ਹਰ ਪਾਰਟੀ ਜਾਤੀ ਸਮੀਕਰਨਾਂ ਵੱਲ ਵੀ ਧਿਆਨ ਦੇ ਰਹੀ ਹੈ।

ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਵਿਧਾਨ ਸਭਾ ਚੋਣਾਂ ਦਾ ਮੁਕਾਬਲਾ ਪੰਜਕੋਣਾ ਹੋਵੇਗਾ। ਸੂਬੇ ਦੇ ਵਿਕਾਸ ਲਈ ਕੋਈ ਨਕਸ਼ਾ ਦੇਣ ਦੀ ਬਜਾਏ ਸਾਰੀਆਂ ਹੀ ਪਾਰਟੀਆਂ ਮੁਫ਼ਤ ਉਪਹਾਰ ਵੰਡਣ ਦੀ ਰਾਜਨੀਤੀ ਕਰ ਰਹੀਆਂ ਹਨ। ਇਸ ਦੀ ਸ਼ੁਰੂਆਤ ਆਮ ਆਦਮੀ ਪਾਰਟੀ ਨੇ ਕੀਤੀ ਜਿਸ ਤੋਂ ਬਾਅਦ ਕਾਂਗਰਸ ਅਤੇ ਅਕਾਲੀਆਂ ਨੇ ਵੀ ਇਹੋ ਰਾਹ ਫੜ ਲਿਆ। ਇਹ ਪਾਰਟੀਆਂ ਕੋਈ ਘੋਸ਼ਣਾ ਪੱਤਰ ਦੀ ਬਜਾਏ ਵਿਕਲਪ ਸੂਚੀ ਦੇ ਰਹੀਆਂ ਹਨ। ਜਦੋਂ ਵੋਟਰ ਵੋਟ ਪਾਉਣ ਜਾਂਦਾ ਹੈ ਤਾਂ ਉਹ ਜਰੂਰੀ ਨਹੀਂ ਕਿ ਆਪਣੀ ਹੀ ਜਾਤ ਅਧਾਰਿਤ ਵੋਟ ਪਾਵੇ।ਭਾਰਤ ਵਿਚ ਸਮਾਜਿਕ ਪੱਖਪਾਤ ਬਹੁਤ ਗਹਿਰਾ ਹੋ ਸਕਦਾ ਹੈ, ਪਰ ਇਹ ਜਰੂਰੀ ਨਹੀਂ ਕਿ ਇਹ ਰਾਜਨੀਤਿਕ ਖੇਤਰ ਵਿਚ ਤਬਦੀਲ ਹੋ ਜਾਵੇ। ਜਿਨਾਂ ਨੇਤਾਵਾਂ ਨੇ ਸਿਰਫ ਪਛਾਣ ਦੀ ਰਾਜਨੀਤੀ ਨੂੰ ਹੀ ਅਧਾਰ ਬਣਾ ਕੇ ਆਪਣੇ ਆਪ ਨੂੰ ਮਜਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨਾਂ ਨੂੰ ਜਿਆਦਾ ਸਫਲਤਾ ਨਹੀਂ ਮਿਲੀ ਹੈ। ਵੋਟਰਾਂ ਵਿਚ ਗਹਿਰਾ ਸਮਾਜਿਕ ਪੱਖਪਾਤ, ਪਛਾਣ ਅਧਾਰਿਤ ਸਰੋਕਾਰ ਅਤੇ ਆਰਥਿਕ ਸਮੀਕਰਨ ਵੀ ਇਸ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ।ਸਫਲ ਰਾਜਨੇਤਾਵਾਂ ਨੇ ਇਹਨਾਂ ਸਾਰੇ ਸਮੀਕਰਨਾਂ ਵਿਚ ਸੰਤੁਲਨ ਬਣਾਇਆ ਹੋਇਆ ਹੈ। ਵੋਟਰਾਂ ਕੋਲ ਮੌਜੂਦਾ ਸਮੇਂ ਵਿਚ ਜਿਆਦਾ ਵਿਕਲਪ ਹੋ ਸਕਦੇ ਹਨ, ਪਰ ਉਮੀਦਵਾਰਾਂ ਵਿਚ ਗੁਣਾਤਮਕ ਪੱਖੋਂ ਜਿਆਦਾ ਤਬਦੀਲੀ ਨਹੀਂ ਆਈ ਹੈ।

ਮੌਜੂਦਾ ਭਾਰਤੀ ਰਾਜਨੀਤਿਕ ਪਰਿਦ੍ਰਿਸ਼ ਵਿਚ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਦਾ ਮੁੱਖ ਮੰਤਵ ਮਹਿਜ਼ ਸੱਤਾ ਪ੍ਰਾਪਤ ਕਰਨਾ ਹੀ ਰਹਿ ਗਿਆ ਹੈ।ਇਸ ਲਈ ਵਿਰੋਧੀ ਪਾਰਟੀਆਂ ਵਿਚੋਂ ਨੇਤਾਵਾਂ ਨੂੰ ਸ਼ਾਮਿਲ ਕਰਨ ਵਿਚ ਕੋਈ ਝਿਜਕ ਨਹੀਂ ਦਿਖਾਈ ਜਾਂਦੀ ਕਿਉਂਕਿ ਉਨਾਂ ਦੀ ਆਪਣੀ ਕੋਈ ਵਿਚਾਰਧਾਰਾ ਨਹੀਂ ਹੈ।ਪਿਛਲ਼ੇ ਕੁਝ ਵਰਿਆਂ ਵਿਚ ਸੱਤਾ ਲਈ ਲਾਲਚ ਵਿਚਾਰਧਾਰਾ ਉੱਪਰ ਭਾਰੂ ਪਿਆ ਹੈ।ਪੈਸੇ ਅਤੇ ਬਾਹੂਬਲੀ ਤਾਕਤ ਨੇ ਵੀ ਇਹ ਯਕੀਨੀ ਬਣਾ ਦਿੱਤਾ ਹੈ ਕਿ ਲੋਕ ਉਨਾਂ ਦੁਆਰਾ ਇਸ ਤਰਾਂ ਵਫਾਦਾਰੀ ਬਦਲੇ ਜਾਣ ਉੱਪਰ ਕੋਈ ਸੁਆਲ ਨਾ ਉਠਾਉਣ। ਜਮਹੂਰੀਅਤ ਦਾ ਸਿਧਾਂਤ ‘ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ’ ਉੱਪਰ ਅਧਾਰਿਤ ਹੈ ਜਿੱਥੇ ਨੇਤਾਵਾਂ ਦੇ ਨਿੱਜੀ ਹਿੱਤਾਂ ਦੇ ਮੁਕਾਬਲਤਨ ਨਾਗਰਿਕਾਂ ਦੇ ਹਿੱਤ ਸਰਵੋਪਰੀ ਹੁੰਦੇ ਹਨ। ਪਰ ਰਾਜਨੀਤੀ ਦੇ ਡਿੱਗਦੇ ਨੈਤਿਕ ਮਿਆਰਾਂ ਦਰਮਿਆਨ ਇਸ ਤਰਾਂ ਦੇ ਸਿਧਾਂਤਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ।ਕਦਰਾਂ–ਕੀਮਤਾਂ ਰਹਿਤ ਰਾਜਨੀਤੀ, ਸੱਤਾ ਅਤੇ ਪੈਸੇ ਦਾ ਲਾਲਚ, ਪ੍ਰਵੀਨਤਾ ਦੀ ਘਾਟ, ਇਮਾਨਦਾਰਾਂ ਨੇਤਾਵਾਂ ਦੀ ਕਮੀ ਇਸ ਲਈ ਪ੍ਰਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਜਦੋਂ ਤੱਕ ਇਨਾਂ ਰੁਝਾਨਾਂ ਉੱਪਰ ਰੋਕ ਨਹੀਂ ਲਗਾਈ ਜਾਂਦੀ, ਰਾਜਨੀਤਿਕ ਮਿਆਰਾਂ ਵਿਚ ਹੋਰ ਜਿਆਦਾ ਗਿਰਾਵਟ ਆਉਂਦੀ ਜਾਵੇਗੀ।ਸਾਫ ਸੁਥਰੀ ਰਾਜਨੀਤੀ ਵਿਚ ਪਾਰਦਰਸ਼ਤਾ, ਅਜ਼ਾਦੀ, ਭਰੋਸੇਯੋਗਤਾ, ਬਰਾਬਰਤਾ, ਨਿਸ਼ਠਾ, ਇਮਾਨਦਾਰੀ ਅਤੇ ਜਵਾਬਦੇਹੀ ਦੀ ਲੋੜ ਹੁੰਦੀ ਹੈ। ਇਹ ਜਮਹੂਰੀਅਤ ਦਾ ਮਜਾਕ ਉਡਾਉਣਾ ਹੋਵੇਗਾ, ਅਗਰ ਇਨਾਂ ਕਮੀਆਂ ਨੂੰ ਪੂਰਿਆ ਨਹੀਂ ਜਾਂਦਾ। ਇਹ ਹੀ ਸਹੀ ਸਮਾਂ ਹੈ ਕਿ ਵਿਧਾਇਕ ਅਤੇ ਰਾਜਨੇਤਾ ਨਿੱਜੀ ਮੁਫਾਦਾਂ ਅਤੇ ਸਹੂਲੀਅਤ ਦੀ ਰਾਜਨੀਤੀ ਛੱਡ ਕੇ ਨਿਸ਼ਠਾ, ਦਲੇਰੀ ਅਤੇ ਜਵਾਬਦੇਹੀ ਨਾਲ ਕੰਮ ਕਰਨ। ਪੰਜਾਬ ਦੀ ਰਾਜਨੀਤੀ ਵਿਚ ਭਾਰਤ ਦੀ ਰਾਜਨੀਤੀ ਤੋਂ ਵੱਖਰੇ ਰੁਝਾਨ ਹਨ, ਇਸ ਲਈ ਇਸ ਦੇ ਸਮਾਜਿਕ ਸਮੀਕਰਨਾਂ, ਸੰਪ੍ਰਦਾਇਕ ਅਤੇ ਜਾਤੀ ਮੁੱਦਿਆਂ ਨੂੰ ਦੂਜਿਆਂ ਸੂਬਿਆਂ ਜਾਂ ਦਿੱਲੀ ਦੇ ਲੈਂਜ਼ ਤੋਂ ਨਹੀਂ ਦੇਖਿਆ ਜਾ ਸਕਦਾ। ਪੰਜਾਬ ਵਿਚ ਮੁੱਖ ਰੁਝਾਨ ਇਹ ਹਨ: ਚੁਣਾਵੀ ਖਿੱਤਿਆਂ ਦੀ ਮੌਜੂਦਗੀ, ਪਛਾਣ ਦੀ ਰਾਜਨੀਤੀ, ਮੁਕਾਬਲਤਨ ਲੋਕਵਾਦ ਅਤੇ ਗਹਿਗੱਚ ਮੁਕਾਬਲਾ। ਜਿਨਾਂ ਮੁੱਦਿਆਂ ਨੇ ਪਿਛਲ਼ੇ ਲੰਮੇ ਸਮੇਂ ਤੋਂ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਹੈ, ਉਨਾਂ ਵਿਚ ਮਨੁੱਖੀ ਸੁਰੱਖਿਆ, ਸ਼ਾਂਤੀ, ਆਰਥਿਕ ਸੰਕਟ, ਵਾਤਾਵਰਨ ਸੰਕਟ, ਸੰਸਥਾਗਤ ਭ੍ਰਿਸ਼ਟਾਚਾਰ, ਉਦਯੋਗਾਂ ਦਾ ਪਤਨ ਅਤੇ ਹਾਲੀਆਂ ਸਮੇਂ ਵਿਚ ਨੌਜਵਾਨਾਂ ਦੁਆਰਾ ਪਲਾਇਨ, ਨਸ਼ੇ ਦੀ ਸਮੱਸਿਆ, ਬੇਅਦਬੀ, ਖੇਤੀ ਕਾਨੂੰਨ ਪ੍ਰਮੁੱਖ ਮੁੱਦੇ ਹਨ। ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਇਨਾਂ ਮੁੱਦਿਆਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਰਾਜਨੀਤਿਕ ਉਪਹਾਰਾਂ ਅਤੇ ਲੋਕਵਾਦ ਦੀ ਰਾਜਨੀਤੀ ਕਰ ਰਹੀਆਂ ਹਨ।

## ਭ੍ਰਿਸ਼ਟਾਚਾਰ ਦੀ...

ਮਸਲਾ ਹੈ ਦੁਨੀਆ ’ਤੇ ਆਪਣੇ ਆਪ ਦੀ ਰੋਜ਼ੀ ਰੋਟੀ ਚਲਾਉਣ ਦਾ। ਮਜਬੂਰੀ ਬਹੁਤ ਕੁਝ ਕਰਵਾ ਰਹੀ ਹੈ।

ਬੰਦੇ ਇੱਕ ਤਰਤੀਬ ਨੂੰ ਬਰਬਾਦ ਕਰ ਰਹੇ ਹਨ। ਇਸ ਸੰਤੁਲਨ ਨੂੰ ਬਚਾਉਣਾ ਜ਼ਰੂਰੀ ਹੈ। ਰਾਜਸਥਾਨ ਕਤਲ ਕਰਨ ਵੇਲੇ ਲਾਈਵ ਪ੍ਰਸਾਰਨ ਨੇ ਵਹਿਸ਼ਤ ਦੀ ਅਗਲੀ ਘਟਨਾ ਦਾ ਸਿੱਧਾ ਪ੍ਰਸਾਰਨ ਕੀਤਾ ਹੈ। ਬੰਦੇ ਆਪਣੇ ਨਿੱਜੀ ਪਲਾਂ ਨੂੰ ਪ੍ਰੋਗਰਾਮਾਂ ਵਿੱਚ ਬਦਲ ਰਹੇ ਹਨ। ਅਜੀਬ ਤਰਾਂ ਦਾ ਪਰੇਸ਼ਾਨ ਯੁੱਗ ਹੈ ਜੋ ਮਨੋਰੋਗੀ ਹੈ। ਮਨੋਰੋਗ ਹੈ ਤਾਕਤ ਦੇ ਜਸ਼ਨ ਦਾ, ਭੀੜ ਦੇ ਫ਼ੈਸਲੇ ਕਰਨ ਦੀ ਆਦਤ ਦਾ, ਖ਼ਬਰ ਦੇ ਨਾਮ ’ਤੇ ਸ਼ੁਗਲ ਮੇਲੇ ਦਾ, ਖੀਂ–ਖੀਂ ਕਰਦੇ ਟਿਕਟੋਕ ਅਤੇ ਵਿਸ਼ੇਸ਼ ਦਰਜਾ ਯਾਫ਼ਤਾ ਰੀਲਾਂ ਅਤੇ ਚੋਣਾਂ ਬਹਾਨੇ ਕਰੋੜਾਂ ’ਚ ਖੇਡਦੇ ਨਵੀਂ ਕਿਸਮ ਦੇ ਰਾਜ ਤੰਤਰ ਦਾ ਜੀਹਨੂੰ ਲੋਕਤੰਤਰ ਗ਼ਲਤੀ ਨਾਲ਼ ਕਹਿ ਦਿੱਤਾ ਗਿਆ ਹੈ। ਕਹਿੰਦੇ ਦੇਵਦਾਸੀ ਪ੍ਰਥਾ ਦਾ ਅੰਤ ਹੋ ਗਿਆ ਹੈ। ਅੰਤ ਨਹੀਂ ਢੰਗ ਬਦਲ ਗਿਆ ਹੈ। ਕੱਲ ਵੀ ਇੱਜ਼ਤਾਂ ਦਾਅ ’ਤੇ ਸਨ ਅੱਜ ਵੀ ਮੰਦਰਾਂ ਤੋਂ ਨਿਕਲਕੇ ਇਹ ਦੇਵਦਾਸੀਆਂ ਹੋਰ ਤਰਾਂ ਜੂਝ ਰਹੀਆਂ ਹਨ। ਅਜਿਹੀਆਂ ਘਟਨਾਵਾਂ ਪਰੇਸ਼ਾਨ ਕਰਦੀਆਂ ਹਨ। ਗੁੱਸਾ ਆਉਂਦਾ ਹੈ। ਚੈਨਲਾਂ ਦੀਆਂ ਕੈਪਸ਼ਨਾਂ ਇੱਕ ਹੀ ਘਟਨਾ ਨੂੰ ਵੇਖਣ ਦੀਆਂ ਨਜ਼ਰਾਂ ਬਦਲ ਗਈਆਂ ਹਨ। ਹਾਥਰਸ ਦੀ ਘਟਨਾ ਨੂੰ ਕੁੜੀ ਦਲਿਤ ਹੈ। ਸਿੰਘੂ ਬਾਰਡਰ ’ਤੇ ਮਰਨ ਵਾਲਾ ਦਲਿਤ ਕਹਿਕੇ ਸੰਬੋਧਿਤ ਕੀਤਾ ਗਿਆ ਉਦੋਂ ਤੱਕ ਜਦੋਂ ਕਿਸੇ ਨੇ ਇਹ ਬਿਰਤਾਂਤ ਨਾ ਤੋੜਿਆ ਕਿ ਮਾਰਨ ਵਾਲਾ ਵੀ ਉਸੇ ਭਾਈਚਾਰੇ ਵਿੱਚੋਂ ਹੈ। ਮੈਨੂੰ ਕੋਈ ਪ੍ਰੇਸ਼ਾਨੀ ਨਹੀਂ ਕਿਉਂਕਿ ਇਹ ਸੱਚੀ ਮੁੱਦਾ ਹੈ ਕਿ ਸਾਨੂੰ ਖ਼ਾਸ ਭਾਈਚਾਰੇ ਨਾਲ਼ ਹੁੰਦੀ ਵਧੀਕੀ ਬਾਰੇ ਰਿਪੋਰਟ ਕਰਨੀ ਚਾਹੀਦੀ ਹੈ। ਪਰ ਚੈਨਲਾਂ ਨੂੰ ਇਸ ਵਾਰ ਕੁੜੀ 20 ਸਾਲਾਂ ਕੁੜੀ ਦਿਖ ਰਹੀ ਹੈ ਜਦੋਂ ਕਿ ਕੁੜੀ ਸਿੱਖ ਵੀ ਹੈ। ਇਹ ਨਾਲ਼ ਪਛਾਣ ਨਾਲ਼ ਧੱਕੇ ਦਾ ਵੀ ਮਸਲਾ ਹੈ। ਇਹ ਕੁੜੀਆਂ ’ਤੇ ਹੁੰਦੀ ਮਾਨਸਿਕ ਸਰੀਰਕ ਤਸ਼ੱਦਦ ਦਾ ਮਸਲਾ ਵੀ ਹੈ ਪਰ ਇਸ ਮਸਲੇ ਨੂੰ ਸਿੱਖ ਕੁੜੀ ਦੇ ਰੂਪ ਵਿੱਚ ਵੇਖਣ ਦੀ ਵੀ ਲੋੜ ਹੈ।

**ਇਸ ਬਾਰੇ ਨਾਰੀਵਾਦੀ ਬੋਲਣ**

ਹਰ ਵਿਚਾਰਧਾਰਾ ਵਾਲੇ ਬੋਲਣ ਬਿਨਾਂ ਕੋਈ ਪੂਣੀ ’ਚੋਂ ਪੁਣਿਆਂ ਇਹ ਵਹਿਸ਼ੀ ਕਾਰਾ ਹੈ। ਜਿਨਾਂ ਇਹ ਕੀਤਾ ਉਹ ਵਹਿਸ਼ੀ ਅਤੇ ਜ਼ਾਲਮ ਹਨ। ਉਨਾਂ ਨੂੰ ਆਪਣੀ ਕਰਤੂਤ ’ਤੇ ਸ਼ਰਮਸਾਰ ਹੋਣਾ ਚਾਹੀਦਾ ਹੈ। ਦਿੱਲੀ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ। ਇਸ ਵਰਤਾਰੇ ਬਾਰੇ ਗੱਲ ਕਰਦਿਆਂ ਇਸਦੀ ਹੋਸ਼ ਰੱਖਣ ਦੀ ਲੋੜ ਹੈ ਕਿ ਪੀੜਤ ਨੂੰ ਹੀ ਕਟਹਿਰੇ ਵਿੱਚ ਨਾ ਖੜਾ ਕਰਨ ਲੱਗ ਪਿਓ।

ਖ਼ੈਰ, ਸ਼ਹਾਦਰਾ ਦਿੱਲੀ ’ਚ ਜਿਹੜਾ ਹਾਲ ਕੁੜੀ ਦਾ ਹੋਇਆ ਉਸ ਬਾਰੇ ਜੋ ਵੀ ਸਿਆਸੀ ਆਗੂ ਬੋਲੇਗਾ ਉਹਦਾ ਭਾਵ ਕੁੜੀ ਬਾਰੇ ਨਹੀਂ ਆਪਣੇ ਬਣਾਏ ਸਿਸਟਮ ਨੂੰ ਸੁਰਖ਼ਰੂ ਕਰਨ ਅਤੇ ਦੂਜੇ ’ਤੇ ਉਂਗਲ ਚੁੱਕਣ ਦਾ ਹੋਵੇਗਾ। ਪਰ ਇਹ 26 ਜਨਵਰੀ ਤੋਂ ਚਾਰ ਦਿਨ ਬਾਅਦ ਹੀ ਜੌਂਬੀ ਯੁੱਗ ਦੀ ਮਿਸਾਲ ਹੈ। ਕਮਾਲ ਹੈ ਅਸੀਂ ਕਹਿੰਦੇ ਹਾਂ ਕਿ ਇਸ ਸਾਲ ਭਾਰਤ ਆਪਣੀ ਅਜ਼ਾਦੀ ਦੀ 75ਵੀਂ ਵਰੇਗੰਢ ਮਨਾਵੇਗਾ।

## ਅਧੂਰਾ ਪਿਆਰ

ਫੇਰ ਉਸਨੇ ਕਿਹਾ ਕਿ ਜੇ ਉਹ ਦੁਬਾਰਾ ਜਜ਼ਬਾਤ ਵਿੱਚ ਆ ਕੇ ਅਜਿਹਾ ਦੁਬਾਰਾ ਵੀ ਕਹਿੰਦੀ ਹੈ ਤਾਂ ਤੂੰ ਸਾਫ਼ ਮਨਾ ਕਰ ਦੇਣਾ। ਉਸ ਦਿਨ ਵੀ ਤੁਸੀਂ ਵਾਅਦਾ ਕੀਤਾ ਸੀ ਕਿ ਜੇਕਰ ਘਰ ਵਸਾਇਆ ਤਾਂ ਇੱਕ ਦੂਜੇ ਨਾਲ, ਨਹੀਂ ਤਾਂ ਸਾਰੀ ਉਮਰ ਕੁਆਰੇ ਰਹਾਂਗੇ। ਫੇਰ ਕੁਝ ਦਿਨਾਂ ਬਾਅਦ ਜਿਵੇਂ ਤੁਹਾਡੇ ਪਿਆਰ ਨੂੰ ਨਜ਼ਰ ਲੱਗ ਗਈ ਸੀ। ਉਹ ਤੈਨੂੰ ਦੇਖਕੇ ਖ਼ੁਸ਼ ਨਹੀਂ ਸੀ। ਸ਼ਾਇਦ ਉਹ ਬੰਦਿਸ਼ ਵਿੱਚ ਨਹੀਂ ਰਹਿਣਾ ਚਾਹੁੰਦੀ ਸੀ ਜਾਂ ਉਸਦੇ ਘਰਦਿਆਂ ਦੀਆਂ ਸਖ਼ਤੀਆਂ। ਹੁਣ ਤੁਸੀਂ ਇੱਕ ਦੂਜੇ ਨੂੰ ਦੇਖਣ ਨੂੰ ਵੀ ਰਾਜ਼ੀ ਨਹੀਂ ਸੀ। ਪਤਾ ਨਹੀਂ ਕੀ ਗੱਲ ਸੀ, ਮੈਨੂੰ ਹਾਲੇ ਤੱਕ ਨਹੀਂ ਪਤਾ ਲੱਗਾ। ਸ਼ਾਇਦ ਹੁਣ ਤੁਸੀਂ ਉਮਰ ਦੇ ਆਖ਼ਰੀ ਪੜਾਅ ਵਿੱਚ ਹੋਵੋਗੇ।

ਫੇਰ ਤੁਸੀਂ ਇੱਕ ਦਿਨ ਸਬੱਬ ਨਾਲ਼ 30 ਸਾਲਾਂ ਬਾਅਦ ਮਿਲੇ। ਬਹੁਤ ਕੁਝ ਬਦਲ ਚੁੱਕਾ ਸੀ। ਮੈਨੂੰ ਨਹੀਂ ਪਤਾ ਕਿ ਹੁਣ ਵੀ ਤੁਹਾਡੇ ਵਿੱਚ ਉਹ ਪਿਆਰ ਹੋਵੇਗਾ ਜਾਂ ਨ਼ਫ਼ਰਤ। ਪਰ ਮੈਂ ਹਮੇਸ਼ਾ ਤੁਹਾਡੀ ਉਸ ਪਾਕ ਮੁਹੱਬਤ ਦੀ ਕਦਰ ਕਰਦੀ ਰਹੀ ਅਤੇ ਚਾਹੁੰਦੀ ਰਹੀ ਸੀ ਕਿ ਤੁਸੀਂ ਇੱਕ ਹੋ ਜਾਵੋ, ਪਰ ਉੱਪਰ ਵਾਲੇ ਨੂੰ ਕੁਝ ਹੋਰ ਮਨਜ਼ੂਰ ਸੀ। ਪਰ ਮੈਨੂੰ ਅੱਜ ਤੱਕ ਸਮਝ ਨਹੀਂ ਲੱਗੀ ਕਿ ਤੁਸੀਂ ਅਲੱਗ ਕਿਉਂ ਹੋਏ? ਸ਼ਾਇਦ ਘਰਦਿਆਂ ਦੀਆਂ ਜ਼ੋਰ ਜਬਰਦਸਤੀਆਂ, ਕਿਉਂਕਿ ਤੁਹਾਡੇ ਦੋਵਾਂ ਦੇ ਘਰਦਿਆਂ ਨੂੰ ਤੁਹਾਡੇ ਇਸ ਰਿਸ਼ਤੇ ਬਾਰੇ ਪਤਾ ਲੱਗ ਚੁੱਕਾ ਸੀ।

ਮੈਂ ਤਾਰੀ ਹਾਂ, ਉਸ ਜਗਾ ਨੂੰ ਕਿਵੇਂ ਦੱਸਾਂ ਕਿ ਮੈਂ ਹੁਣ ਵੀ ਉਹੀ ਪੁਰਾਣਾ ਤਾਰੀ ਹਾਂ, ਜੋ ਬਚਪਨ ਤੋਂ ਜਵਾਨੀ ਤੱਕ ਸੀ। ਮੈਂ ਅੱਜ ਵੀ ਉਸ ਨੂੰ ਉਸ ਸ਼ਿੱਦਤ ਨਾਲ਼ ਹੀ ਚਾਹੁੰਦਾ ਹਾਂ, ਪਰ ਹੁਣ ਸਮਾਜ ਨੇ ਪੈਰਾਂ ਵਿੱਚ ਬੇੜੀਆਂ ਪਾ ਦਿੱਤੀਆਂ ਹਨ। ਮੈਨੂੰ ਵੀ ਅੱਜ ਤੱਕ ਇਹ ਪਤਾ ਨਹੀਂ ਲੱਗਾ ਕਿ ਉਹ ਮੇਰੇ ਕੋਲ਼ੋਂ ਦੂਰ ਕਿਸ ਕਾਰਨ ਹੋਈ, ਅਸੀਂ ਅਲੱਗ ਕਿਉਂ ਹੋਏ। ਸ਼ਾਇਦ ਮੈਂ ਆਪਣੇ ਘਰਦਿਆਂ ਤੋਂ ਡਰ ਗਿਆ ਸੀ ਜਾਂ ਸ਼ਾਇਦ ਉਹ ਆਪਣੇ ਘਰਦਿਆਂ ਤੋਂ ਡਰ ਗਈ ਹੋਵੇਗੀ। ਸਿਰਫ਼ ਕਾਸਟ ਸਿਸਟਮ ਕਰਕੇ, ਜਦੋਂ ਕਿ ਅਸੀਂ ਦੋਵਾਂ ਦੀ ਕਾਸਟ ਨੀਵੀਂ ਨਹੀਂ ਸੀ। ਪਰ ਪਤਾ ਨਹੀਂ ਇਹ ਕਾਸਟ ਸਿਸਟਮ ਕਦ ਖ਼ਤਮ ਹੋਵੇਗਾ ਅਤੇ ਪਤਾ ਨਹੀਂ ਹੋਰ ਕਿੰਨੇ ਇੱਕ ਦੂਜੇ ਨੂੰ ਸੱਚੇ ਦਿਲੋਂ ਚਾਹੁਣ ਵਾਲੇ ਇੱਕ ਦੂਜੇ ਤੋਂ ਦੂਰ ਹੁੰਦੇ ਰਹਿਣਗੇ। ਮੈਨੂੰ ਅੱਜ ਵੀ ਉਸਨੂੰ ਮਿਲਣ ਦੀ ਤਾਂਘ ਲੱਗੀ ਰਹਿੰਦੀ ਹੈ। ਹੁਣ ਕਦੇ ਕਦੇ ਫ਼ੋਨ ਤੇ ਉਸ ਨਾਲ਼ ਗੱਲ ਹੋ ਜਾਂਦੀ ਹੈ, ਉਹ ਵੀ ਨਾਰਮਲ।

ਭਾਵੇਂ ਮੈਂ ਉਸਨੂੰ ਕਦੇ ਜ਼ਾਹਿਰ ਨਹੀਂ ਹੋਣ ਦਿੱਤਾ ਕਿ ਮੈਂ ਹਮੇਸ਼ਾ ਤੋਂ ਹੀ ਉਸਨੂੰ ਪਿਆਰ ਕਰਦਾ ਰਿਹਾ ਹਾਂ, ਪਰ ਦੁਬਾਰਾ ਉਸ ਅੱਗੇ ਕਦੇ ਜ਼ਾਹਿਰ ਨਹੀਂ ਕੀਤਾ।

ਮੈਂ ਅੱਜ ਇਸ ਜਗਾ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਉਹ ਕਦੇ ਵੀ ਮੇਰੇ ਦਿਲ, ਦਿਮਾਗ਼ ਤੋਂ ਦੂਰ ਨਹੀਂ ਹੋਈ, ਜਿਸਦਾ ਸਬੂਤ ਹੈ ਕਿ ਇਨਾਂ 30 ਸਾਲਾਂ ਵਿੱਚ ਕੋਈ ਵੀ ਹ਼ਫ਼ਤਾ ਅਜਿਹਾ ਨਹੀਂ ਗਿਆ ਜਦੋਂ ਉਹ ਮੇਰੇ ਸੁਫ਼ਨੇ ਵਿੱਚ ਨਹੀਂ ਆਈ। ਪਰ ਕੁਦਰਤ ਨੂੰ ਪਤਾ ਨਹੀਂ ਕੀ ਮਨਜ਼ੂਰ ਸੀ ਕਿ ਹੁਣ ਜਦੋਂ ਤੋਂ ਉਸ ਨਾਲ਼ ਦੁਬਾਰਾ ਮੁਲਾਕਾਤ ਹੋਈ ਅਤੇ ਫ਼ੋਨ ਤੇ ਗੱਲ ਹੋਈ, ਉਹ ਮੇਰੇ ਸੁਫ਼ਨੇ ਵਿੱਚ ਆਉਣੀ ਹੱਟ ਗਈ, ਜਿਸ ਨੂੰ ਮੈਂ ਬਹੁਤ ਮਿੱਸ ਕਰਦਾ ਹਾਂ।

ਮੇਰੀ ਸ਼ਰੀਕ–ਏ–ਹਯਾਤ ਯਾਨੀ ਕਿ ਮੇਰੀ ਪਤਨੀ ਨੂੰ ਮੇਰੀ ਇਹ ਸਾਰੀ ਕਹਾਣੀ ਪਤਾ ਹੈ। ਮੈਂ ਆਪਣੇ ਵਿਆਹ ਵਾਲੇ ਦਿਨ ਹੀ ਉਸਨੂੰ ਸਾਰੀ ਗੱਲ ਦੱਸ ਦਿੱਤੀ ਸੀ। ਉਸਨੂੰ ਪਤਾ ਹੈ ਕਿ ਜਦੋਂ ਮੈਂ ਆਪਣੀ ਪਤਨੀ ਨਾਲ਼ ਉਸ ਦੀਆਂ ਗੱਲਾਂ ਕਰਦਾ ਹਾਂ ਤਾਂ ਮੇਰਾ ਚਿਹਰਾ ਖਿੜ ਜਾਂਦਾ ਹੈ। ਅਲੱਗ ਹੀ ਖ਼ੁਸ਼ੀ ਮਹਿਸੂਸ ਹੁੰਦੀ ਹੈ। ਇਸ ਲਈ ਜਦੋਂ ਮੈਂ ਘਰ ਵਿੱਚ ਉਦਾਸ ਜਾਂ ਨਿਰਾਸ਼ ਹੋਵਾਂ, ਉਹ ਆਪ ਹੀ ਉਸ ਦੀਆਂ ਗੱਲਾਂ ਛੇੜ ਲੈਂਦੀ ਹੈ ਅਤੇ ਮੇਰਾ ਮੂਡ ਠੀਕ ਹੋ ਜਾਂਦਾ ਹੈ। ਬਸ ਹੁਣ, ਉਸਨੂੰ ਇੱਕ ਆਖ਼ਰੀ ਵਾਰ ਮਿਲਣ ਦੀ ਇੱਛਾ ਹੈ। ਉਸਨੇ ਵਾਅਦਾ ਵੀ ਕੀਤਾ ਹੈ ਮਿਲਣ ਦਾ, ਪਰ ਪਰਮਾਤਮਾ ਪਤਾ ਨਹੀਂ ਮਰਨ ਤੋਂ ਪਹਿਲਾਂ ਇਹ ਇੱਛਾ ਪੂਰੀ ਕਰੇਗਾ ਜਾਂ ਨਹੀਂ। ਸ਼ਾਇਦ ਉਹ ਹੁਣ ਮੈਨੂੰ ਮਿਲਣਾ ਨਹੀਂ ਚਾਹੁੰਦੀ, ਇਸ ਲਈ ਇਹ ਗੱਲ ਅੱਗੇ ਤੋਂ ਅੱਗੇ ਟਾਲੀ ਜਾਂਦੀ ਹੈ।

ਮੇਰੀ ਇਹ ਗੱਲ ਸੁਣ ਕੇ ਉਹ ਜਗਾ ਉਦਾਸ ਹੀ ਗਈ ਅਤੇ ਮੈਨੂੰ ਕਿਹਾ ਕਿ ਜੇਕਰ ਤੇਰਾ ਪਿਆਰ ਸੱਚਾ ਹੈ ਤਾਂ ਉਹ ਆਖ਼ਰੀ ਵਾਰ ਜ਼ਰੂਰ ਤੈਨੂੰ ਮਿਲਣ ਆਵੇਗੀ। ਬਸ ਹੁਣ ਪਰਮਾਤਮਾ ਅੱਗੇ ਮੇਰੀ ਏਹੀ ਅਰਦਾਸ ਹੈ ਕਿ ਮਰਨ ਤੋਂ ਪਹਿਲਾਂ ਇੱਕ ਵਾਰ ਉਸ ਨਾਲ਼ ਜੀ ਭਰ ਕੇ ਗੱਲਾਂ ਕਰਾਂ।

ਏਨੀ ਗੱਲ ਕਰ ਕੇ ਮੈਂ ਉਸ ਪਾਕ ਜਗਾ ਤੋਂ ਵਾਪਸ ਆਪਣੇ ਘਰ ਨੂੰ ਚੱਲ ਪਿਆ। ਮੈਨੂੰ ਵਾਪਸ ਜਾਂਦੇ ਨੂੰ ਏਹੀ ਮਹਿਸੂਸ ਹੋਇਆ ਕਿ ਸ਼ਾਇਦ ਉਹ ਮੈਨੂੰ ਮੇਰੀ ਪਿੱਠ ਪਿੱਛੋਂ ਦੇਖ ਰਹੀ ਹੈ।

# ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD — sling™

CREDIBILITY — RELIABILITY

**Minute to Minute Coverage of Punjab Elections**

## Punjabi Super Pack

20 channels for only $25/month on sling™

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com